Golden State Realty
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Harmit S Toor
Bay East Brokers, Inc.
BEB BAY EAST BROKERS
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 16; April 22, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਨਸ਼ਿਆਂ ਵਾਲੀਆਂ ਫਾਈਲਾਂ ਖੁੱਲ੍ਹਣ ਲੱਗੀਆਂ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਾ ਤਸਕਰੀ ਦੀ ਜਾਂਚ ਨਾਲ ਜੁੜੀਆਂ ਫਾਈਲਾਂ ਆਖਰਕਾਰ ਖੁੱਲ੍ਹਣ ਲੱਗੀਆਂ ਹਨ। ਵਿਸ਼ੇਸ਼ ਜਾਂਚ ਟੀਮ (ਸਿਟ) ਦੀਆਂ ਇਹ ਰਿਪੋਰਟਾਂ ਸੀਲਬੰਦ ਲਿਫਾਫੇ ਵਿਚ ਤਕਰੀਬਨ ਪੰਜ ਸਾਲ ਹਾਈ ਕੋਰਟ ਕੋਲ ਪਈਆਂ ਰਹੀਆਂ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨਸ਼ਿਆਂ ਬਾਰੇ ਤਿੰਨ ਵਿਸ਼ੇਸ਼ ਜਾਂਚ ਰਿਪੋਰਟਾਂ ਪੰਜਾਬ ਸਰਕਾਰ ਨੂੰ ਸੌਂਪੀਆਂ ਹਨ।

ਸਿਟ ਦੀਆਂ ਇਨ੍ਹਾਂ ਰਿਪੋਰਟਾਂ ਨੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਗਿਆ ਹੈ ਕਿ ਕਿਵੇਂ ਬੇਕਸੂਰ ਲੋਕਾਂ ਨੂੰ ਨਸ਼ਾ ਤਸਕਰੀ ਮਾਮਲੇ ਵਿਚ ਫਸਾ ਕੇ ਫਿਰੌਤੀਆਂ ਵਸੂਲੀਆਂ ਜਾਂਦੀਆਂ ਸਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਵਿਚ ਅਜਿਹੇ ਕੇਸ ਸ਼ਾਮਲ ਸਨ ਜਿੱਥੇ ਅਸਲੀਅਤ ਵਿਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਪਰ ਪੁਲਿਸ ਜਾਂਚ ਵਿਚ ਕੁਝ ਤਕਨੀਕੀ ਖਾਮੀਆਂ ਰਾਹੀਂ ਮੁਲਜ਼ਮਾਂ ਦੀ ਕਾਨੂੰਨੀ ਮਦਦ ਕੀਤੀ ਗਈ। ਇਕ ਵਾਰ ਨਸ਼ਾ ਤਸਕਰ ਫੜੇ ਜਾਣ 'ਤੇ ਐਫ.ਆਈ.ਆਰ. ਵਿਚ 15-20 ਹੋਰ ਵਿਅਕਤੀਆਂ ਦੇ ਨਾਮ ਦਰਜ ਕਰ ਕੇ ਉਨ੍ਹਾਂ ਕੋਲੋਂ ਪੈਸੇ ਵਸੂਲਣਾ ਆਮ ਗੱਲ ਸੀ।

ਇਧਰ, ਰਿਪੋਰਟਾਂ ਹੱਥ ਲੱਗਦੇ ਹੀ ਸਰਕਾਰ ਕਾਰਵਾਈ ਦੇ ਮੂਡ ਵਿਚ ਜਾਪ ਰਹੀ ਹੈ। ਮਾਨ ਸਰਕਾਰ ਨੇ ਵੱਡੀ ਕਾਰਵਾਈ ਕਰਦੇ ਹੋਏ ਪੀ.ਪੀ.ਐਸ. ਅਧਿਕਾਰੀ ਤੇ ਸਾਬਕਾ ਐਸ.ਐਸ.ਪੀ. ਰਾਜਜੀਤ ਸਿੰਘ ਹੁੰਦਲ ਨੂੰ ਨਸ਼ਿਆਂ ਦੀ ਤਸਕਰੀ ਮਾਮਲੇ ਵਿਚ ਨਾਮਜ਼ਦ ਕਰ ਕੇ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਹੈ। ਪੰਜਾਬ ਵਿਜੀਲੈਂਸ ਬਿਊਰੋ ਨੂੰ ਇਸ ਵਿਵਾਦਤ ਪੁਲਿਸ ਅਧਿਕਾਰੀ ਵੱਲੋਂ ਨੌਕਰੀ 'ਤੇ ਹੁੰਦੇ ਹੋਏ ਜਾਇਦਾਦਾਂ ਦੀ ਖਰੀਦ ਦੇ ਮਾਮਲੇ ਵਿਚ ਸਰੋਤਾਂ ਤੋਂ ਵੱਧ ਆਮਦਨ ਦੇ ਮਾਮਲੇ ਦੀ ਜਾਂਚ ਵੀ ਅਰੰਭ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਿਛਲੇ ਲੰਮੇ ਸਮੇਂ ਤੋਂ ਲਿਫਾਫੇ ਵਿਚ ਬੰਦ ਰਿਪੋਰਟਾਂ 'ਤੇ ਅਮਲ ਕਰਦਿਆਂ ਇਸ ਪੁਲਿਸ ਅਧਿਕਾਰੀ ਖਿਲਾਫ਼ ਕਾਰਵਾਈ ਕੀਤੀ ਗਈ ਹੈ।



## ਪੁਲਿਸ ਦੀ ਵਸੂਲੀ ਬਾਰੇ ਹੈਰਾਨੀਜਨਕ ਖੁਲਾਸੇ

**ਚੰਡੀਗੜ੍ਹ:** ਵਿਸ਼ੇਸ਼ ਜਾਂਚ ਟੀਮ ਦੀ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ ਪੰਜਾਬ ਦਾ ਬਰਖ਼ਾਸਤ ਇੰਸਪੈਕਟਰ ਇੰਦਰਜੀਤ ਸਿੰਘ ਨਸ਼ਾ ਤਸਕਰਾਂ ਦੇ ਨਾਲ ਨਾਲ ਭੋਲੇ-ਭਾਲੇ ਲੋਕਾਂ 'ਤੇ ਨਸ਼ਾ ਤਸਕਰੀ ਦੇ ਕੇਸ ਪਾ ਕੇ ਉਨ੍ਹਾਂ ਕੋਲੋਂ ਮੋਟੀ ਰਕਮ ਵਸੂਲਦਾ ਸੀ। ਇਹ ਜ਼ਿਆਦਾਤਰ ਮਾਮਲੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਵੇਲੇ ਦੇ ਹਨ। ਉਸ ਸਮੇਂ ਪੰਜਾਬ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੇਸਾਂ ਤੇ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਦੇ ਮਾਮਲੇ ਵਿਚ ਦੇਸ਼ ਵਿਚੋਂ ਮੋਹਰੀ ਸੀ। ਇਹ ਅਜਿਹਾ ਦੌਰ ਸੀ ਜਦੋਂ ਪੰਜਾਬ 'ਚ ਨਸ਼ਾ ਤਸਕਰੀ ਜਾਂ ਕਬਜ਼ਿਆਂ ਦੇ ਮਾਮਲੇ 'ਚ ਰੋਜ਼ 35-40 ਜਣਿਆਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਸੀ।

ਪੰਜਾਬ ਵਿਚ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਸਮੇਂ ਰਾਜਜੀਤ ਸਿੰਘ ਹੁੰਦਲ ਤਰਨ ਤਾਰਨ, ਹੁਸ਼ਿਆਰਪੁਰ, ਮੋਗਾ, ਖੰਨਾ ਆਦਿ ਪੁਲਿਸ ਜ਼ਿਲ੍ਹਿਆਂ ਦਾ ਐਸ.ਐਸ.ਪੀ. ਅਤੇ ਪੰਜਾਬ ਵਿਜੀਲੈਂਸ ਬਿਊਰੋ ਵਿਚ ਵੀ ਤਾਇਨਾਤ ਰਿਹਾ ਹੈ। ਇਹ ਪੁਲਿਸ ਅਧਿਕਾਰੀ ਭਾਜਪਾ ਦੀ ਮਹਿਲਾ ਆਗੂ ਅਤੇ ਕਾਂਗਰਸ ਦੇ ਇਕ ਸਾਬਕਾ ਮੰਤਰੀ ਦਾ ਕਰੀਬੀ ਰਿਸ਼ਤੇਦਾਰ ਹੈ। ਸਿਟ ਦੀ ਰਿਪੋਰਟ ਮੁਤਾਬਕ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਦੀ ਤਾਇਨਾਤੀ ਰਾਜਜੀਤ ਸਿੰਘ ਵੱਲੋਂ ਉਸੇ ਜ਼ਿਲ੍ਹੇ ਵਿਚ ਕਰਵਾਈ ਜਾਂਦੀ ਸੀ ਜਿੱਥੇ ਉਹ ਖੁਦ ਐਸ.ਐਸ.ਪੀ. ਵਜੋਂ ਤਾਇਨਾਤ ਹੁੰਦਾ ਸੀ; ਇੱਥੋਂ ਤੱਕ ਕਿ ਇੰਦਰਜੀਤ ਦੀ ਤਰੱਕੀ ਲਈ ਵੀ ਸਿਫਾਰਸ਼ਾਂ ਕੀਤੀਆਂ ਗਈਆਂ ਜੋ ਵੱਡੇ ਸਵਾਲ ਖੜ੍ਹੇ ਕਰਦੀਆਂ ਹਨ।

ਗ੍ਰਿਹਿ ਵਿਭਾਗ ਦਾ ਇਹ ਵੀ ਦੱਸਣਾ ਹੈ ਕਿ ਐਸ.ਟੀ.ਐਫ. ਦੇ ਤਤਕਾਲੀ ਮੁਖੀ ਹਰਪ੍ਰੀਤ ਸਿੰਘ ਸਿੱਧੂ ਵੱਲੋਂ ਇੰਸਪੈਕਟਰ (ਬਰਖ਼ਾਸਤ) ਇੰਦਰਜੀਤ ਸਿੰਘ ਖਿਲਾਫ ਦਰਜ ਕੇਸ ਵਿਚ ਵੀ ਰਾਜਜੀਤ ਸਿੰਘ ਨੂੰ ਨਾਮਜ਼ਦ ਕੀਤਾ ਜਾਵੇਗਾ। ਮੁੱਖ ਮੰਤਰੀ ਦੀ ਇਸ ਕਾਰਵਾਈ ਨਾਲ ਪੁਲਿਸ ਵਿਭਾਗ ਵਿਚ ਭਾਰੀ ਹਲਚਲ ਪੈਦਾ ਹੋ ਗਈ ਹੈ। ਰਾਜਜੀਤ ਸਿੰਘ ਖਿਲਾਫ ਕਾਰਵਾਈ ਤੋਂ ਬਾਅਦ ਪੁਲਿਸ ਦੇ ਹੋਰਨਾਂ ਅਧਿਕਾਰੀਆਂ ਵਿਚ ਸਹਿਮ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦੂਹਰੇ ਬੈਂਚ ਨੇ ਕੁਝ ਹਫਤੇ ਪਹਿਲਾਂ ਸੇਵਾ ਮੁਕਤ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸੌਂਪੀਆਂ ਗਈਆਂ ਤਿੰਨ ਰਿਪੋਰਟਾਂ ਜਨਤਕ ਕਰਦਿਆਂ ਅਗਲੀ ਕਾਰਵਾਈ ਲਈ ਰਾਜ ਸਰਕਾਰ ਨੂੰ ਭੇਜ ਦਿੱਤੀਆਂ ਸਨ। ਰਿਪੋਰਟਾਂ ਮਿਲਣ ਮਗਰੋਂ ਮੁੱਖ ਮੰਤਰੀ ਨੇ ਨਸ਼ਾ ਤਸਕਰੀ ਵਿਚ ਸ਼ਾਮਲ ਵਿਅਕਤੀਆਂ ਖਿਲਾਫ਼ ਕਾਰਵਾਈ ਦਾ ਐਲਾਨ ਕੀਤਾ ਸੀ। ਮੁੱਖ ਮੰਤਰੀ ਵੱਲੋਂ ਰਿਪੋਰਟਾਂ ਦੇ ਆਧਾਰ 'ਤੇ ਰਾਜਜੀਤ ਸਿੰਘ ਖਿਲਾਫ਼ ਕੀਤੀ ਗਈ ਪਹਿਲੀ ਕਾਰਵਾਈ ਹੈ। ਸੂਤਰਾਂ ਦਾ ਦੱਸਣਾ ਹੈ ਕਿ ਆਉਂਦੇ ਦਿਨਾਂ ਦੌਰਾਨ ਹੋਰਨਾਂ ਅਧਿਕਾਰੀਆਂ ਖਿਲਾਫ਼ ਵੀ ਕਾਰਵਾਈ ਹੋ ਸਕਦੀ ਹੈ। ਇਸ ਸਬੰਧੀ ਡੀ.ਜੀ.ਪੀ. ਤੋਂ ਰਿਪੋਰਟ ਮੰਗੀ ਗਈ ਹੈ।

ਪੰਜਾਬ ਪੁਲਿਸ ਦਾ ਅਧਿਕਾਰੀ ਰਾਜਜੀਤ ਸਿੰਘ ਇਸ ਸਮੇਂ ਐਨ.ਆਈ.ਆਈ. ਵਿੰਗ ਵਿਚ ਤਾਇਨਾਤ ਸੀ। ਇਹ ਪੁਲਿਸ ਅਧਿਕਾਰੀ ਉਸ ਸਮੇਂ ਚਰਚਾ ਵਿਚ ਆਇਆ ਸੀ ਜਦੋਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੱਤਾ 'ਚ ਆਉਂਦਿਆਂ

*(ਬਾਕੀ ਸਫਾ 6 'ਤੇ)*

# ਗੁਰਦੁਆਰਿਆਂ ਨੇੜੇ ਪੁਲਿਸ ਤਾਇਨਾਤੀ 'ਤੇ ਇਤਰਾਜ਼



**ਅੰਮ੍ਰਿਤਸਰ:** ਖਾਲਸਾ ਸਾਜਨਾ ਦਿਵਸ ਅਤੇ ਇਸ ਤੋਂ ਬਾਅਦ ਪੰਜਾਬ ਵਿਚ ਗੁਰਦੁਆਰਿਆਂ ਦੁਆਲੇ ਪੁਲਿਸ ਅਤੇ ਨੀਮ ਬਲਾਂ ਦੀ ਤਾਇਨਾਤੀ ਦੇ ਮੁੱਦੇ ਉਤੇ ਸਿੱਖ ਜਥੇਬੰਦੀਆਂ ਅਤੇ ਵਿਰੋਧੀ ਧਿਰਾਂ ਨੇ ਪੰਜਾਬ ਸਰਕਾਰ ਨੂੰ ਘੇਰਿਆ ਹੈ। ਖਾਲਸਾ ਦੇ ਜਨਮ ਦਿਹਾੜੇ 'ਤੇ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਤਖਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੁਲਿਸ ਵੱਲੋਂ ਸ਼ਰਧਾਲੂਆਂ ਦੀ ਤਲਾਸ਼ੀ ਲੈ ਕੇ ਅੰਦਰ ਜਾਣ ਦੇਣ ਬਾਰੇ ਕਈ ਵੀਡੀਓ ਸਾਹਮਣੇ ਆਈਆਂ ਹਨ। ਇਸ ਤੋਂ ਬਾਅਦ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਸਣੇ ਸਿੱਖ ਜਥੇਬੰਦੀਆਂ ਦੇ ਸਖਤ ਇਤਰਾਜ਼ ਜਿਤਾਉਂਦਿਆਂ ਸਰਕਾਰ ਦੀ ਨੀਅਤ ਉਤੇ ਸਵਾਲ ਚੁੱਕੇ ਹਨ। ਜਥੇਬੰਦੀਆਂ ਨੇ ਮੰਗ ਕੀਤੀ ਕਿ ਪੁਲਿਸ ਵੱਲੋਂ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਦੀ ਘੇਰਾਬੰਦੀ ਤੁਰਤ ਖਤਮ ਕੀਤੀ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸਾਹਿਬਾਨ ਦੇ ਅੰਦਰ ਤੇ ਬਾਹਰ ਪੰਜਾਬ ਪੁਲਿਸ ਵੱਲੋਂ ਕੀਤੇ ਸਖ਼ਤ ਸੁਰੱਖਿਆ ਪ੍ਰਬੰਧਾਂ

*(ਬਾਕੀ ਸਫਾ 6 'ਤੇ)*

Medicare COVERED CALIFORNIA
Life & Health Insurance
Call: 510-459-7537
MEHAR INSURANCE
Bhupinder Singh Dev
bdev_99@yahoo.com
Lic# 0F86916
We do not offer every plan available in your area. Any information we provide is limited to those plans we offer in your area. Please contact Medicare.gov or 1-800-Medicare to get information on all of your options.


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloода Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience

Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 2411 Bentley Lane, Tracy CA 95376
2. 150 Yolo Ct, San Bruno CA 94066
3. 5079 Brett Court, CA, 94538
4. 1379 Michael Dr, Tracy, CA, 95337
5. 3055 Bernard Ave, San Ramon, CA, 94583
6. 380 cardona Cir, Pleasanton CA 94583
7. 5788 Arlene way, Livermore CA 94550
8. 2569 Bennett ct, Tracy CA 95377
9. 3055 Bernard Ave, San Ramon, CA, 94583
10. 1693 Corpsman St, Manteca, CA, 95337
11. 5177 Roycroft Way, Fremont, CA, 94538
12. 2925 Mabury Rd, San Jose, CA, 95133
13. 105 Machado Ct, Tracy, CA, 95376
14. 3315 Mount Everest dr, San Jose ca 95127
15. 16765 oak view Cir, Morgan hill ca 95037
16. 225 Lock Court, Stockto, CA, 95210

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

# ਯੂਨਾਈਟਡ ਸਪੋਰਟਸ ਕਲੱਬ ਦਾ ਕਬੱਡੀ ਮੇਲਾ 17 ਸਤੰਬਰ ਨੂੰ

ਯੂਨੀਅਨ ਸਿਟੀ*: ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਸ੍ਰ. ਅਮੋਲਕ ਸਿੰਘ ਗਾਖਲ ਦੀ ਅਗਵਾਈ ਹੇਠ 15ਵਾਂ ਵਿਸ਼ਵ ਕਬੱਡੀ ਕੱਪ 17 ਸਤੰਬਰ 2023 ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਵਿਚ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।




ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਵਿਸ਼ਵ ਕਬੱਡੀ ਕੱਪ 'ਚ ਦੁਨੀਆਂ ਭਰ ਦੇ ਨਾਮੀ ਕਬੱਡੀ ਖਿਡਾਰੀ ਆਪਣੀ ਖੇਡ ਦੇ ਜੌਹਰ ਦਿਖਾਉਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਕਰੋਨਾ ਮਹਾਂਮਾਰੀ ਕਰ ਕੇ ਇਹ ਕੱਪ ਪਿਛਲੇ ਤਿੰਨ ਸਾਲਾਂ ਦੌਰਾਨ ਕਰਵਾਇਆ ਨਹੀਂ ਸੀ ਜਾ ਸਕਿਆ। ਇਸ 15ਵੇਂ ਵਿਸ਼ਵ ਕਬੱਡੀ ਕੱਪ ਵਿਚ ਸੰਦੀਪ ਨੰਗਲ ਅੰਬੀਆਂ ਕਬੱਡੀ ਕਲੱਬ ਬੇਏਰੀਆ ਸਮੇਤ 4 ਪ੍ਰਮੁੱਖ ਅੰਤਰਰਾਸ਼ਟਰੀ ਕਬੱਡੀ ਟੀਮਾਂ ਭਾਗ ਲੈਣਗੀਆਂ।

ਹਮੇਸ਼ਾ ਵਾਂਗ ਇਸ ਕਬੱਡੀ ਕੱਪ ਦੇ ਤਕਨੀਕੀ ਪ੍ਰਬੰਧਾਂ ਦੀ ਦੇਖ ਰੇਖ ਸਾਬਕਾ ਕਬੱਡੀ ਖਿਡਾਰੀ ਤੀਰਥ ਸਿੰਘ ਗਾਖਲ ਤੇ ਉਘੇ ਕਾਰੋਬਾਰੀ ਮੱਖਣ ਸਿੰਘ ਧਾਲੀਵਾਲ ਕਰਨਗੇ। ਸ. ਗਾਖਲ ਨੇ ਇਹ ਵੀ ਕਿਹਾ ਕਿ ਪਹਿਲਾਂ ਵਾਂਗ ਰਾਜਾ ਸਵੀਟਸ, ਗੁਰਦੁਆਰਾ ਸਾਹਿਬ ਫਰੀਮਾਂਟ ਤੇ ਸੈਨਹੋਜ਼ੇ ਵਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ। ਯੂਨਾਈਟਡ ਸਪੋਰਟਸ ਕਲੱਬ ਦੀ ਹੋਈ ਇਕ ਅਹਿਮ ਮੀਟਿੰਗ ਵਿਚ ਚੇਅਰਮੈਨ ਮੱਖਣ ਸਿੰਘ ਬੈਂਸ, ਵਾਈਸ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਜੁਗਰਾਜ ਸਿੰਘ ਸਹੋਤਾ, ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਅਤੇ ਜਨਰਲ ਸਕੱਤਰ ਐਸ.ਅਸ਼ੋਕ ਭੌਰਾ ਸਮੇਤ ਕਲੱਬ ਦੇ ਪਮੁੱਖ ਅਹੁਦੇਦਾਰ ਸ਼ਾਮਿਲ ਸਨ।

# ਕੈਲੀਫੋਰਨੀਆਂ ਦੇ ਬੌਰਨ ਤੋ ਗੰਨ ਪੁਆਇੰਟ ਤੇ ਪੰਜਾਬੀ ਡਰਾਈਵਰ ਤੋਂ ਟਰੱਕ ਖੋਹਿਆ

ਬੌਰਨ (ਕੈਲੀਫੋਰਨੀਆ): ਲੰਘੀ 12 ਅਪ੍ਰੈਲ ਨੂੰ ਕਲੀਵੀਲੈਂਡ ਓਹਾਇ" ਦੀ ਜਸ ਟਰੱਕਿੰਗ ਦੇ ਮਾਲਕ ਅਤੇ ਡਰਾਈਵਰ ਕੋਲੋਂ ਬੌਰਨ ਕੈਲੀਫੋਰਨੀਆ ਦੇ ਪਾਇਲਟ ਟਰੱਕ ਸਟਾਪ ਤੋਂ ਸ਼ਾਮੀਂ 5.30 ਵਜੇ ਦਿਨ ਦਿਹਾੜੇ, ਗੰਨ ਪੁਆਇੰਟ 'ਤੇ ਟਰੱਕ ਖੋਹਣ ਦੀ ਘਟਨਾ ਸਾਹਮਣੇ ਆਈ। ਸਤਨਾਮ ਸਿੰਘ ਜੋ ਕਿ ਫਰਿਜ਼ਨੋ ਏਰੀਏ 'ਚੋਂ ਟਰੱਕ ਲੋਡ ਕਰਕੇ ਓਹਾਇ" ਵੱਲ ਜਾ ਰਿਹਾ ਸੀ ਕਿ ਬੌਰਨ ਟਾਊਨ ਦੇ ਪਾਈਲਟ ਟਰੱਕ ਸਟਾਪ 'ਤੇ ਤੇਲ ਪਾਉਣ ਲਈ ਰੁਕਿਆ, ਓਥੇ ਇੱਕ ਮੈਕਸੀਕਨ ਮੂਲ ਦੇ ਬੰਦੇ ਨੇ ਉਸ ਤੋਂ ਰਾਈਡ ਮੰਗੀ, ਤਾਂ ਉਸਨੇ ਆਪਣੀ ਸੇਫਟੀ ਲਈ ਟੀਮ ਡਰਾਈਵਰ ਦਾ ਬਹਾਨਾ ਲਾ ਕੇ ਉਸਨੂੰ ਮਨਾ ਕਰ ਦਿੱਤਾ, ਜਦੋਂ ਉਹ ਤੇਲ ਭਰਾ ਰਿਹਾ ਸੀ ਅਤੇ ਸ਼ੀਸ਼ੇ ਸਾਫ਼ ਕਰ ਰਿਹਾ ਸੀ, ਟਰੱਕ ਉਸ ਸਮੇਂ ਆਮ ਤੌਰ 'ਤੇ ਸਟਾਰਟ ਅਤੇ ਅਨਲਾਕ ਹੀ ਹੁੰਦੇ ਨੇ। ਮੌਕਾ ਤਾੜ ਕੇ ਦੋਸ਼ੀ ਟਰੱਕ ਵਿੱਚ ਡਰਾਈਵਰ ਸੀਟ 'ਤੇ ਬੈਠ ਗਿਆ, ਜਦੋਂ ਸਤਨਾਮ ਸਿੰਘ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਗੰਨ ਕੱਢ ਲਈ ਅਤੇ ਗੰਨ ਪੁਆਇੰਟ 'ਤੇ ਟਰੱਕ ਅਗਵਾ ਕਰਕੇ ਲੈ ਗਿਆ, ਜਦੋਂ ਉਸਨੇ ਵੇਖਿਆ ਕਿ ਟਰੱਕ ਲੋਡਿਡ ਹੋਣ ਕਰਕੇ ਬਹੁਤਾ ਭੱਜ ਨਹੀਂ ਰਿਹਾ ਤਾਂ ਹਾਈਵੇਅ 58 ਈਸਟ ਬੌਡ ਤੇ ਉਸਨੇ ਬਗੈਰ ਲੈਡਿੰਗ ਗੇਅਰ ਡਾਊਨ ਕੀਤਿਆਂ ਟਰੇਲਰ ਸ਼ੋਲਡਰ 'ਤੇ ਛੱਡ ਦਿੱਤਾ ਤੇ ਇਕੱਲਾ ਬਾਬ ਟੇਲ ਟਰੱਕ ਲੈ ਕੇ ਫਰਾਰ ਹੋ ਗਿਆ, ਪੁਲਿਸ ਕਾਲ ਕੀਤੀ ਗਈ। ਟਰੱਕ ਵਿੱਚ ਜੀ. ਪੀ. ਐਸ. ਲੱਗਿਆ ਹੋਣ ਕਰਕੇ ਪੁਲਿਸ ਨੇ ਵਾਲਵੋ ਟਰੱਕ ਨੂੰ ਮੁਲਜ਼ਮ ਸਮੇਤ ਬਾਰਸਟੋ ਏਰੀਏ ਤੋਂ ਫਰੀਵੇਅ 15 ਤੋ ਲੱਭਿਆ ਅਤੇ ਦੋਸ਼ੀ ਨੂੰ ਗੰਨ ਸਮੇਤ ਗ੍ਰਿਫਤਾਰ ਕਰਕੇ ਮਾਮਲੇ ਜਾਂਚ ਸ਼ੁਰੂ ਕਰ ਦਿਤੀ ਹੈ।



SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency Call anytime at 847-673-3825



EARLY BIRD SALE!!!!
Etihad, Air India, KLM, Lufthansa, Delta, Qatar Airlines.
Domestic fares available

# Matrimonials

## ਲੜਕੀ ਦੀ ਲੋੜ ਹੈ

Jatt Sikh family looking for a suitable match for their handsome son, 31 years, 5'11'', USA green card holder, well settled. Girl in Canada or USA on study visa, F1B visa, or visitor visa will be preffered. Please contact and send biodata/ picture @ whatsapp : 559 944 9597.
15-18

Jatt Sikh family looking for a suitable Jatt Sikh match for their USA born and raised (1990) 5'10" handsome son. Bachelor in Cyber Security (Information Technology). Currently working. Prefer girl in USA or Canada. A girl on study visa or H1B visa holder can also be considered. Well educated family with liberal values. Please contact and send Bio-data/pic at WhatsApp no +919041452784.
14-17

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only. Please Contact us at: +15103968812

Sikh Arora family looking for a suitable match for their 5'-8" B.tech. PMIM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949



UMA TRAVELS
2535 West Devon Ave.,
Chicago, IL 60659
For Delhi-Bombay Ahmedabad, Hydrabad-Madra
Call For Special Sale Fares
Call: 773-338-5603

ਪੈਨਸਲਵੇਨੀਆ ਵਿਚ ਗੇਸ ਸਟੇਸ਼ਨ ਵਿਕਾਊ ਹੈ
ਹੈਰਿਸ ਬਰਗ (ਪੈਨਸਲਵੇਨੀਆ) ਵਿਚ ਵੈਰੀ ਹਾਈ ਸੇਲ ਗੈਸ ਸਟੇਸ਼ਨ ਵਿਦ ਪ੍ਰਾਪਰਟੀ ਵਿਕਾਊ ਹੈ
ਚਾਹਵਾਨ ਸੰਪਰਕ ਕਰਨ: 717-525-1543

# ਤਲਵੰਡੀ ਸਾਬੋ: ਬੰਦਿਸ਼ਾਂ ਦੇ ਬਾਵਜੂਦ ਵੱਡੀ ਗਿਣਤੀ ਸ਼ਰਧਾਲੂਆਂ ਨੇ ਹਾਜ਼ਰੀ ਭਰੀ



**ਤਲਵੰਡੀ ਸਾਬੋ:** ਤਖਤ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਚ ਚਾਰ ਦਿਨਾਂ ਤੋਂ ਚੱਲ ਰਿਹਾ ਵਿਸਾਖੀ ਮੇਲਾ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਨਿਹੰਗ ਜਥੇਬੰਦੀਆਂ ਵੱਲੋਂ ਕੱਢੇ ਗਏ ਰਵਾਇਤੀ ਮਹੱਲੇ ਨਾਲ ਸਮਾਪਤ ਹੋ ਗਿਆ ਹੈ। ਮੇਲੇ ਦੇ ਆਖਰੀ ਦਿਨ ਵੱਡੀ ਗਿਣਤੀ ਸ਼ਰਧਾਲੂਆਂ ਨੇ ਪਵਿੱਤਰ ਸਰੋਵਰਾਂ ਵਿਚ ਇਸ਼ਨਾਨ ਕਰਕੇ ਤਖ਼ਤ ਸਾਹਿਬ ਸਮੇਤ ਇਥੋਂ ਦੇ ਹੋਰ ਗੁਰਦੁਆਰਿਆਂ ਵਿਚ ਮੱਥਾ ਟੇਕਿਆ।

ਸਰਕਾਰ ਵੱਲੋਂ ਹਾਲਾਂਕਿ ਸੁਰੱਖਿਆ ਪ੍ਰਬੰਧਾਂ ਦੇ ਨਾਮ ਹੇਠ ਗੁਰੂ ਘਰਾਂ ਨੇੜੇ ਵੱਡੀ ਗਿਣਤੀ ਵਿਚ ਫੋਰਸ ਤਾਇਨਾਤ ਕੀਤੀ ਗਈ ਸੀ ਅਤੇ ਸੂਬੇ ਵਿਚ ਥਾਂ-ਥਾਂ ਨਾਕੇਬੰਦੀ ਕਰਕੇ ਤਲਾਸ਼ੀ ਵੀ ਲਈ ਜਾ ਰਹੀ ਸੀ ਪਰ ਇਨ੍ਹਾਂ ਸਰਕਾਰੀ ਬੰਦਿਸ਼ਾਂ ਦੇ ਬਾਵਜੂਦ ਸੰਗਤਾਂ ਨੇ ਜੋੜ ਮੇਲੇ ਵਿਚ ਹਾਜ਼ਰੀ ਭਰੀ। ਇਸ ਮੇਲੇ ਦੌਰਾਨ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਤੇ ਨਿਹੰਗ ਸਿੰਘ ਧਾਰਮਿਕ ਜਥੇਬੰਦੀ ਬੁੱਢਾ ਦਲ ਨੇ ਅੰਮ੍ਰਿਤ ਸੰਚਾਰ ਕਰ ਕੇ ਵੱਡੀ ਗਿਣਤੀ ਸੰਗਤ ਨੂੰ ਗੁਰੂ ਵਾਲੇ ਬਣਾਇਆ। ਮੇਲੇ ਮੌਕੇ ਬੁੱਢਾ ਦਲ ਵੱਲੋਂ ਗਤਕਾ ਮੁਕਾਬਲੇ ਕਰਵਾਏ ਗਏ ਤੇ ਤਰਕਸ਼ੀਲ ਸੁਸਾਇਟੀ ਨੇ ਦੋ ਦਿਨ ਕੀਤੇ ਪ੍ਰੋਗਰਾਮ ਵਿਚ ਲੋਕਾਂ ਨੂੰ ਵਹਿਮ ਭਰਮ ਛੱਡਣ ਲਈ ਪ੍ਰੇਰਿਆ। ਮੇਲੇ ਦੇ ਆਖਰੀ ਦਿਨ ਸ਼੍ਰੋਮਣੀ ਕਮੇਟੀ ਨੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਮਹੱਲਾ ਕੱਢਿਆ, ਜਿਸ ਵਿਚ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮਗਰੋਂ ਬਾਅਦ ਦੁਪਹਿਰ ਨਿਹੰਗ ਸਿੰਘ ਜਥੇਬੰਦੀਆਂ ਨੇ ਮਹੱਲਾ ਕੱਢਿਆ। ਨਿਹੰਗ ਜਥੇਬੰਦੀਆਂ ਸ਼ਿੰਗਾਰੇ ਹੋਏ ਘੋੜਿਆਂ, ਊਠਾਂ ਤੇ ਹਾਥੀਆਂ 'ਤੇ ਸਵਾਰ ਹੋ ਕੇ ਗੁਰਦੁਆਰਾ ਦੇਗਸਰ ਬੇਰ ਸਾਹਿਬ ਇਕੱਠੀਆਂ ਹੋਈਆਂ। ਇੱਥੋਂ ਬੁੱਢਾ ਦਲ ਦੇ ਮੁੱਖ ਜਥੇਦਾਰ ਬਾਬਾ ਬਲਬੀਰ ਸਿੰਘ ਦੀ ਅਗਵਾਈ ਹੇਠ ਅਰਦਾਸ ਕਰਨ ਮਗਰੋਂ ਨਗਾੜਿਆਂ ਦੀਆਂ ਚੋਟਾਂ ਅਤੇ ਖਾਲਸਾਈ ਜੈਕਾਰਿਆਂ ਦੀ ਗੂੰਜ ਨਾਲ ਮਹੱਲਾ ਰਵਾਨਾ ਹੋਇਆ।

ਇਸ ਤੋਂ ਪਹਿਲਾਂ ਸਮਾਗਮਾਂ ਵਿਚ ਸ਼ਿਰਕਤ ਕਰਦਿਆਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸਾਹਿਬ ਦੀ ਫਸੀਲ ਤੋਂ ਸਿੱਖ ਕੌਮ ਦੇ ਨਾਂ ਸੰਦੇਸ਼ ਦਿੱਤਾ ਅਤੇ ਸੰਗਤ ਨੂੰ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਗੁਰੂ ਸਾਹਿਬਾਨ ਦੇ ਪਾਵਨ ਸ਼ਸਤਰਾਂ ਦੇ ਦਰਸ਼ਨ ਦੀਦਾਰੇ ਕਰਵਾਏ। ਇਸ ਉਪਰੰਤ ਤਖ਼ਤ ਸਾਹਿਬ ਦੇ ਗੁਰਦੁਆਰਾ ਦਮਦਮਾ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਦੇਹਧਾਰੀ ਗੁਰੂ ਦਾ ਤਿਆਗ ਕਰਕੇ ਖੰਡੇ ਬਾਟੇ ਦੀ ਪਾਹੁਲ ਛਕ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੌਜੂਦਾ ਸਮੇਂ ਸਿੱਖਾਂ ਨੂੰ ਕਈ ਮੁਸ਼ਕਲਾਂ ਦਰਪੇਸ਼ ਹਨ ਅਤੇ ਇਨ੍ਹਾਂ ਦੇ ਹੱਲ ਲਈ ਸਿੱਖਾਂ ਨੂੰ ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਇਕ ਪਲੇਟਫਾਰਮ 'ਤੇ ਇਕੱਠੇ ਹੋਣਾ ਪਵੇਗਾ। ਭੋਗ ਉਪਰੰਤ ਤਖ਼ਤ ਸਾਹਿਬ ਦੇ ਦੀਵਾਨ ਹਾਲ ਵਿਚ ਧਾਰਮਿਕ ਸਮਾਗਮ ਹੋਏ। ਇਸ ਮੌਕੇ ਪੰਥ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਕੀਰਤਨ ਕੀਤਾ ਗਿਆ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕੌਮ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਪੰਥ ਨੂੰ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਪ੍ਰਗਟ ਕੀਤਾ ਗਿਆ ਸੀ, ਇਸ ਕਰ ਕੇ ਇਸ ਧਰਤੀ ਦੀ ਵਿਸ਼ੇਸ਼ ਮਹਾਨਤਾ ਹੈ ਪਰ ਮੁਗਲਾਂ ਸਣੇ ਕੇਂਦਰ ਦੀਆਂ ਸਰਕਾਰਾਂ ਵੱਲੋਂ ਸਮੇਂ-ਸਮੇਂ 'ਤੇ ਸਿੱਖ ਕੌਮ ਦੇ ਮਹਾਨ ਤਖਤਾਂ 'ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਵਾਰ ਵਿਸਾਖੀ ਮੌਕੇ ਤਖਤ ਸਾਹਿਬਾਨਾਂ ਵਿਖੇ ਪੁਲਿਸ ਦੀ ਤਾਇਨਾਤੀ ਹੋਈ ਹੋਵੇ।

ਹਾਲਾਂਕਿ, ਸੰਗਤ ਦੀ ਆਮਦ ਲਗਾਤਾਰ ਬਣੀ ਰਹੀ ਹੈ ਪਰ ਜਿੰਨੀ ਉਮੀਦ ਸੀ ਉਸ ਦੇ ਮੁਕਾਬਲੇ ਸੰਗਤ ਦੀ ਆਮਦ ਵਿਚ ਕਮੀ ਦਰਜ ਕੀਤੀ ਗਈ ਹੈ।

## ਦਲ ਖਾਲਸਾ ਤੇ ਹੋਰ ਜਥੇਬੰਦੀਆਂ ਨੇ ਸਿੱਖ ਰਾਜ ਦਾ ਝੰਡਾ ਝੁਲਾਇਆ

**ਤਖਤ ਸ੍ਰੀ ਕੇਸਗੜ੍ਹ** ਸਾਹਿਬ ਦੇ ਸਾਹਮਣੇ ਖੁੱਲ੍ਹੇ ਮੈਦਾਨ ਵਿਚ ਦਲ ਖਾਲਸਾ ਦੇ ਆਗੂਆਂ ਵੱਲੋਂ ਕੁਝ ਹੋਰ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮਿਲ ਕੇ ਸਿੱਖ ਰਾਜ ਦਾ ਝੰਡਾ ਝੁਲਾਇਆ ਗਿਆ। ਤਿੰਨ ਨੌਜਵਾਨਾਂ ਨੇ ਸ੍ਰੀ ਸਾਹਿਬ ਨਾਲ ਇਸ ਝੰਡੇ ਨੂੰ ਸਲਾਮੀ ਦਿੱਤੀ। ਇਸ ਮੌਕੇ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਦੀ ਤੰਦਰੁਸਤੀ ਅਤੇ ਰਿਹਾਈ ਲਈ ਅਰਦਾਸ ਵੀ ਕੀਤੀ ਗਈ। ਇਸ ਮੌਕੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਇਕ ਵਿਸ਼ਾਲ ਦਸਤਾਰ ਸਜਾਓ ਮਾਰਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਦੀ ਅਗਵਾਈ ਹੇਠ ਸਜਾਇਆ ਗਿਆ। ਇਸ ਮਾਰਚ ਦੀ ਆਰੰਭਤਾ ਦੀ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੀ ਗਈ।

## ਵਿਸਾਖੀ ਦੇ ਜਸ਼ਨਾਂ ਦੌਰਾਨ ਪੁਲ ਡਿਗਿਆ, 40 ਫੱਟੜ

**ਊਧਮਪੁਰ (ਜੰਮੂ ਕਸ਼ਮੀਰ):** ਜੰਮੂ ਤੇ ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਵਿਚ ਪੁਲ ਡਿੱਗਣ ਕਾਰਨ ਕਈ ਬੱਚਿਆਂ ਸਣੇ 40 ਵਿਅਕਤੀ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਵਿਸਾਖੀ ਦੇ ਜਸ਼ਨਾਂ ਦੌਰਾਨ ਚੇਨਾਨੀ ਬਲਾਕ ਦੇ ਪਿੰਡ ਬੇਨ ਵਿਚ ਬੇਨੀ ਸੰਗਮ ਵਿਚ ਵਾਪਰੀ। ਡਿਵੀਜ਼ਨਲ ਕਮਿਸ਼ਨਰ (ਜੰਮੂ) ਰਮੇਸ਼ ਕੁਮਾਰ ਨੇ ਦੱਸਿਆ ਕਿ ਵੱਡੀ ਗਿਣਤੀ ਲੋਕਾਂ ਦੇ ਇਕੱਠੇ ਹੋਣ ਕਾਰਨ ਪੁਲ ਡਿੱਗ ਗਿਆ। ਪੁਲਿਸ ਤੇ ਰਾਹਤ ਟੀਮਾਂ ਮੌਕੇ 'ਤੇ ਪੁੱਜੀਆਂ ਅਤੇ ਬਚਾਅ ਕਾਰਜ ਸ਼ੁਰੂ ਕੀਤੇ। ਉਨ੍ਹਾਂ ਦੱਸਿਆ ਕਿ ਹਾਦਸੇ ਵਿਚ ਕਿਸੇ ਦੀ ਮੌਤ ਨਹੀਂ ਹੋਈ ਹੈ। ਜ਼ਖ਼ਮੀ ਨੂੰ ਚੇਨਾਨੀ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ ਹੈ।

# ਪੰਜਾਬ ਦੇ ਸ਼ਾਂਤ ਪਾਣੀਆਂ 'ਚ ਪੱਥਰ ਮਾਰਿਆ ਜਾ ਰਿਹੈ: ਗਿਆਨੀ ਹਰਪ੍ਰੀਤ ਸਿੰਘ



**ਤਲਵੰਡੀ ਸਾਬੋ:** ਖਾਲਸਾ ਸਾਜਨਾ ਦਿਵਸ ਵਿਸਾਖੀ ਜੋੜ ਮੇਲੇ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਸਵੇਰੇ ਦੀਵਾਨਾਂ ਦੀ ਸਮਾਪਤੀ ਸਮੇਂ ਸਿੱਖ ਕੌਮ ਦੇ ਨਾਂ ਆਪਣੇ ਸੰਦੇਸ਼ ਵਿਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਗੜਬੜੀ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਾ ਤਾਂ ਕਦੇ ਦੋ ਭਾਈਚਾਰਿਆਂ 'ਚ ਦੰਗਾ-ਫਸਾਦ ਜਾਂ ਖ਼ੂਨ-ਖਰਾਬਾ ਹੋਇਆ ਅਤੇ ਨਾ ਹੀ ਲੋਕਾਂ ਦਾ ਸਰਕਾਰ ਨਾਲ ਕੋਈ ਟਕਰਾਅ ਹੋਇਆ। ਫਿਰ ਵੀ ਇਹ ਦਰਸਾ ਦਿੱਤਾ ਗਿਆ ਕਿ ਪੰਜਾਬ ਵਿਚ ਹਾਲਾਤ ਵਿਗੜ ਗਏ ਹਨ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲਾਂ ਵਿਸਾਖੀ ਜੋੜ ਮੇਲਿਆਂ ਉਤੇ ਪੁੱਜਣ ਵਾਲੀਆਂ ਸੰਗਤਾਂ ਲਈ ਸਵਾਗਤੀ ਬੈਨਰ ਲਗਦੇ ਸਨ ਤੇ ਲੰਗਰ ਲਗਾਏ ਜਾਂਦੇ ਸਨ ਪਰ ਇਸ ਵਾਰ ਜੋੜ ਮੇਲੇ ਉਤੇ ਪੁੱਜਣ ਵਾਲੀਆਂ ਸੰਗਤਾਂ ਦੀ ਤਲਾਸ਼ੀ ਲਈ ਗਈ। ਫਿਰ ਵੀ ਕੌਮ ਵਧਾਈ ਦੀ ਪਾਤਰ ਹੈ ਕਿ ਵੱਡੀ ਗਿਣਤੀ ਵਿਚ ਦਮਦਮਾ ਸਾਹਿਬ ਪੁੱਜ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸ਼ਾਂਤ ਪਾਣੀਆਂ 'ਚ ਪੱਥਰ ਮਾਰਿਆ ਜਾ ਰਿਹੈ।

ਤਖ਼ਤ ਦਮਦਮਾ ਸਾਹਿਬ ਦੀ ਫਸੀਲ ਤੋਂ ਆਪਣੇ ਸੰਬੋਧਨ ਵਿਚ ਸਿੰਘ ਸਾਹਿਬ ਨੇ ਕਿਹਾ ਕਿ ਚਾਹੇ ਹੋਰਨਾਂ ਕਈ ਸੂਬਿਆਂ ਵਿਚ ਦੋ ਫਿਰਕਿਆਂ 'ਚ ਟਕਰਾਅ ਹੋਏ, ਪਰ ਉਥੇ ਕੋਈ ਗੜਬੜ ਨਹੀਂ ਦਿਖਾਈ ਗਈ। ਉਨ੍ਹਾਂ ਵਿਸਾਖੀ ਜੋੜ ਮੇਲੇ ਮੌਕੇ ਪੰਜਾਬ ਪੁਲਿਸ ਦੇ ਬੰਦੋਬਸਤ 'ਤੇ ਨਾਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਅੱਗੇ ਜਦੋਂ ਜੋੜ ਮੇਲਿਆਂ 'ਤੇ ਦੇਸ਼ ਵਿਦੇਸ਼ 'ਚੋਂ ਸੰਗਤ ਆਉਂਦੀ ਸੀ ਤਾਂ ਉਨ੍ਹਾਂ ਦੇ ਸਵਾਗਤ ਲਈ ਸਵਾਗਤੀ ਗੇਟ ਲੱਗਦੇ ਸਨ ਅਤੇ ਵੱਖ-ਵੱਖ ਪਦਾਰਥਾਂ ਦੇ ਲੰਗਰ ਲਗਾਏ ਜਾਂਦੇ ਸਨ ਪਰ ਐਤਕੀਂ ਪਹਿਲੀ ਵਾਰ ਸੰਗਤ ਦੀ ਤਲਾਸ਼ੀ ਲਈ ਗਈ। ਉਨ੍ਹਾਂ ਖਦਸ਼ਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਦੇ ਪਿੱਛੇ ਸਰਕਾਰ ਦੀ ਕੋਈ ਮਜਬੂਰੀ ਹੋ ਸਕਦੀ ਹੈ। ਪਰ ਫਿਰ ਵੀ ਸੰਗਤ ਵਧਾਈ ਦੀ ਹੱਕਦਾਰ ਹੈ ਕਿ ਸਰਕਾਰੀ ਬੰਦਿਸ਼ਾਂ ਦੇ ਬਾਵਜੂਦ ਉਨ੍ਹਾਂ ਜੋੜ ਮੇਲੇ ਵਿਚ ਹਾਜ਼ਰੀ ਭਰੀ। ਸਿੰਘ ਸਾਹਿਬ ਨੇ ਮਹਾਰਾਸ਼ਟਰ ਵਿਚ ਘਰਾਂ ਵਿਚ ਕਿਰਪਾਨਾਂ ਰੱਖਣ ਕਰ ਕੇ ਕੁਝ ਸਿੱਖਾਂ 'ਤੇ ਮਾਮਲੇ ਦਰਜ ਹੋਣ ਦੀ ਨਿਖੇਧੀ ਕੀਤੀ।

## ਪੰਜਾਬ ਸਭ ਤੋਂ ਸ਼ਾਂਤ ਸੂਬਿਆਂ ਵਿਚੋਂ ਇਕ: ਭਗਵੰਤ ਮਾਨ

**ਪਟਿਆਲਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸਾਖੀ ਮੌਕੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਮੱਥਾ ਟੇਕਿਆ ਅਤੇ ਸੂਬੇ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਭਗਵੰਤ ਮਾਨ ਨੇ ਕਿਹਾ ਪੰਜਾਬ ਅੱਜ ਦੇਸ ਦੇ ਸਭ ਤੋਂ ਸ਼ਾਂਤ ਰਾਜਾਂ ਵਿਚੋਂ ਇਕ ਹੈ, ਜਿਸ ਕਾਰਨ ਦੇਸ ਦੇ ਵੱਡੇ ਉਦਯੋਗਪਤੀ ਸੂਬੇ ਵਿਚ ਨਿਵੇਸ਼ ਕਰਨ ਲਈ ਤਿਆਰ ਹਨ। ਉਨ੍ਹਾਂ ਨੇ ਲੋਕਾਂ ਨੂੰ ਕੁਝ ਅਨਸਰਾਂ ਵੱਲੋਂ ਸੂਬੇ ਦੀ ਸਖਤ ਘਾਲਣਾ ਨਾਲ ਹਾਸਲ ਕੀਤੀ ਸ਼ਾਂਤੀ ਨੂੰ ਭੰਗ ਕਰਨ ਲਈ ਕੀਤੇ ਜਾ ਰਹੇ ਗੁਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

# ਬੰਦੀ ਸਿੱਖਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਦੀ ਦਸਤਖਤ ਮੁਹਿੰਮ ਸਮਾਪਤ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੀ ਗਈ ਦਸਤਖ਼ਤ ਮੁਹਿੰਮ ਖਾਲਸਾ ਸਾਜਨਾ ਦਿਵਸ ਮੌਕੇ ਸਮਾਪਤ ਹੋ ਗਈ। ਇਸ ਮੁਹਿੰਮ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਲਗਭਗ 25 ਲੱਖ ਤੋਂ ਵੱਧ ਲੋਕਾਂ ਕੋਲੋਂ ਫਾਰਮ ਭਰਵਾਏ ਗਏ ਹਨ ਜਿਨ੍ਹਾਂ ਰਾਹੀਂ ਲੋਕਾਂ ਵੱਲੋਂ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਬੰਦੀ ਸਿੰਘਾਂ ਨੂੰ ਤੁਰਤ ਰਿਹਾਅ ਕੀਤਾ ਜਾਵੇ।

ਸਿੱਖ ਸੰਸਥਾ ਵੱਲੋਂ ਲੋਕਾਂ ਦੇ ਦਸਤਖ਼ਤ ਕੀਤੇ ਹੋਏ ਇਹ ਫਾਰਮ ਰਾਜਪਾਲ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਸਤਖ਼ਤ ਮੁਹਿੰਮ ਪਹਿਲੀ ਦਸੰਬਰ 2022 ਨੂੰ ਸ਼ੁਰੂ ਕੀਤੀ ਗਈ ਸੀ ਜਿਸ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰਿਆਂ ਤੇ ਹੋਰ ਅਹਿਮ ਥਾਵਾਂ 'ਤੇ ਸਟਾਲ ਲਾਏ ਗਏ ਸਨ ਜਿੱਥੇ ਆਉਣ-ਜਾਣ ਵਾਲੇ ਸਰਧਾਲੂਆਂ ਤੇ ਯਾਤਰੀਆਂ ਵੱਲੋਂ ਇਸ ਮੰਗ ਸਬੰਧੀ ਫਾਰਮ ਭਰੇ ਗਏ ਸਨ। ਇਸ ਮੁਹਿੰਮ ਤਹਿਤ ਦੇਸ਼ ਭਰ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਆਨਲਾਈਨ ਵਿਧੀ ਰਾਹੀਂ ਫਾਰਮ ਭਰੇ ਗਏ ਹਨ। ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧੀ ਇਕ ਸੂਚੀ ਵੀ ਕੇਂਦਰ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਪੰਜਾਬ ਦੇ ਰਾਜਪਾਲ ਨੂੰ ਇਕ ਪੱਤਰ ਭੇਜ ਕੇ ਇਸ ਮੰਗ ਸਬੰਧੀ ਮੁਲਾਕਾਤ ਦਾ ਸਮਾਂ ਮੰਗਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਵਕਤਾ ਨੇ ਦੱਸਿਆ ਕਿ ਰਾਜਪਾਲ ਕੋਲੋਂ ਮੁਲਾਕਾਤ ਦਾ ਸਮਾਂ ਮਿਲਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ 11 ਮੈਂਬਰ ਅਤੇ ਚਾਰ ਅਹੁਦੇਦਾਰ ਦਾ ਇਕ ਵਫ਼ਦ ਰਾਜਪਾਲ ਨਾਲ ਮੁਲਾਕਾਤ ਲਈ ਜਾਵੇਗਾ। ਉਨ੍ਹਾਂ ਦੱਸਿਆ ਕਿ ਰਾਜਪਾਲ ਨਾਲ ਮੁਲਾਕਾਤ ਕਰਨ ਲਈ ਜਾਣ ਤੋਂ ਇਕ ਦਿਨ ਪਹਿਲਾਂ ਸ੍ਰੀ ਅਕਾਲ ਤਖਤ ਵਿਖੇ ਇਸ ਸਬੰਧੀ ਅਰਦਾਸ ਸਮਾਗਮ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਭੇਜੀ ਗਈ ਸੂਚੀ ਵਿਚ 22 ਬੰਦੀ ਸਿੰਘਾਂ ਦੇ ਨਾਮ ਸ਼ਾਮਲ ਹਨ ਜਿਨ੍ਹਾਂ ਵਿਚੋਂ 9 ਬੰਦੀ ਸਿੰਘ 25 ਤੋਂ 30 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ ਅਤੇ ਬਾਕੀ 6 ਤੋਂ 10 ਸਾਲ ਤੋਂ ਸਲਾਖਾਂ ਪਿੱਛੇ ਬੰਦ ਹਨ। ਇਨ੍ਹਾਂ ਵਿਚ ਵਧੇਰੇ ਸਜਾ ਕੱਟਣ ਵਾਲਿਆਂ ਵਿਚ ਗੁਰਦੀਪ ਸਿੰਘ ਖੈੜਾ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਬਲਵੰਤ ਸਿੰਘ ਰਾਜੋਆਣਾ, ਲਖਵਿੰਦਰ ਸਿੰਘ, ਗੁਰਮੀਤ ਸਿੰਘ, ਸ਼ਮਸ਼ੇਰ ਸਿੰਘ, ਜਗਤਾਰ ਸਿੰਘ ਹਵਾਰਾ, ਪਰਮਜੀਤ ਸਿੰਘ ਭਿਓਰਾ ਤੇ ਜਗਤਾਰ ਸਿੰਘ ਤਾਰਾ ਦੇ ਨਾਂ ਸ਼ਾਮਲ ਹਨ। ਦੱਸਣਯੋਗ ਹੈ ਕਿ ਇਸ ਮੁਹਿੰਮ ਦੀ ਸ਼ੁਰੂਆਤ ਤੋਂ ਪਹਿਲਾਂ ਕਮੇਟੀ ਵੱਲੋਂ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਹੋਰਨਾਂ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਪੱਤਰ ਭੇਜ ਕੇ ਇਸ ਮਾਮਲੇ ਸਬੰਧੀ ਮੁਲਾਕਾਤ ਵਾਸਤੇ ਸਮਾਂ ਮੰਗਿਆ ਗਿਆ ਸੀ ਪਰ ਹੁਣ ਤੱਕ ਕਿਸੇ ਵੱਲੋਂ ਵੀ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਭਰ ਵਿਚ ਰੋਸ ਪ੍ਰਦਰਸ਼ਨ ਕੀਤੇ ਗਏ ਸਨ।



## ਰਾਜਸਥਾਨ 'ਚ ਸਿੱਖ ਭਾਈਚਾਰੇ ਲਈ ਭਲਾਈ ਬੋਰਡ ਬਣੇਗਾ

**ਜੈਪੁਰ:** ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸਿੱਖ ਭਾਈਚਾਰੇ ਦੀ ਭਲਾਈ ਲਈ ਬੋਰਡ ਬਣਾਉਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਅਧਿਕਾਰਿਤ ਤੌਰ ਉਤੇ ਜਾਰੀ ਬਿਆਨ ਮੁਤਾਬਕ ਸ੍ਰੀ ਗੁਰੂ ਨਾਨਕ ਦੇਵ ਸਿੱਖ ਵੈਲਫੇਅਰ ਬੋਰਡ ਦਾ ਚੇਅਰਮੈਨ, ਵਾਈਸ ਚੇਅਰਮੈਨ ਤੇ ਪੰਜ ਮੈਂਬਰ ਹੋਣਗੇ। ਘੱਟ ਗਿਣਤੀਆਂ ਸਬੰਧੀ ਵਿਭਾਗ ਵੱਲੋਂ ਇਸ ਦੀ ਕਾਇਮੀ ਕੀਤੀ ਜਾਵੇਗੀ। ਬੋਰਡ ਵੱਲੋਂ ਸਿੱਖ ਭਾਈਚਾਰੇ ਨਾਲ ਸਬੰਧਿਤ ਸਮਾਜਿਕ ਤੇ ਆਰਥਿਕ ਕੰਮ ਕੀਤੇ ਜਾਣਗੇ।

# ਅੰਮ੍ਰਿਤਪਾਲ ਸਿੰਘ ਮਾਮਲੇ ਵਿਚ ਨੌਜਵਾਨਾਂ ਦੀ ਫੜੋ-ਫੜਾਈ ਜਾਰੀ

**ਹੁਸ਼ਿਆਰਪੁਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਮਾਮਲੇ ਵਿਚ ਪੰਜਾਬੀ ਨੌਜਵਾਨਾਂ ਦੀ ਫੜੋ-ਫੜੀ ਦਾ ਸਿਲਸਲਾ ਜਾਰੀ ਹੈ। ਅੰਮ੍ਰਿਤਪਾਲ ਦੀ ਮਦਦ ਕਰਨ ਦੇ ਦੋਸ਼ ਹੇਠ ਪੁਲਿਸ ਨੇ ਚਾਰ ਵਿਅਕਤੀਆਂ ਰਾਜਦੀਪ ਸਿੰਘ, ਓਂਕਾਰ ਨਾਥ, ਸਰਬਜੀਤ ਸਿੰਘ ਅਤੇ ਜੋਗਾ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚੋਂ ਰਾਜਦੀਪ ਹੁਸ਼ਿਆਰਪੁਰ ਦੇ ਪਿੰਡ ਬਾਬਕ ਦਾ ਵਾਸੀ ਹੈ ਅਤੇ ਪੇਸ਼ੇ ਵਜੋਂ ਵਕੀਲ ਹੈ ਜਦਕਿ ਓਂਕਾਰ ਨਾਥ ਤੇ ਸਰਬਜੀਤ ਸਿੰਘ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਹਨ। ਅਦਾਲਤ ਵਿਚ ਪੇਸ਼ ਕਰਨ ਮਗਰੋਂ ਓਂਕਾਰ ਨਾਥ ਨੂੰ ਨਿਆਇਕ ਹਿਰਾਸਤ ਜਦਕਿ ਰਾਜਦੀਪ ਸਿੰਘ ਤੇ ਸਰਬਜੀਤ ਸਿੰਘ ਨੂੰ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।



ਜੋਗਾ ਸਿੰਘ ਨੂੰ ਸਰਹਿੰਦ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਬਾਰਡਰ ਰੇਂਜ ਦੇ ਡੀ.ਆਈ.ਜੀ. ਨਰਿੰਦਰ ਭਾਰਗਵ ਨੇ ਦੱਸਿਆ ਕਿ ਜੋਗਾ ਸਿੰਘ ਜਦੋਂ ਕਾਰ ਰਾਹੀਂ ਹਰਿਆਣਾ ਤੋਂ ਪੰਜਾਬ ਵਿਚ ਦਾਖਲ ਹੋਇਆ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਕਾਰਵਾਈ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਅਤੇ ਹੁਸ਼ਿਆਰਪੁਰ ਦੀ ਪੁਲਿਸ ਵੱਲੋਂ ਸਾਂਝੇ ਰੂਪ ਵਿਚ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੋਗਾ ਸਿੰਘ 18 ਤੋਂ 28 ਮਾਰਚ ਤੱਕ ਪਪਲਪ੍ਰੀਤ ਅਤੇ ਅੰਮ੍ਰਿਤਪਾਲ ਸਿੰਘ ਦੇ ਨਾਲ ਸੀ। ਉਨ੍ਹਾਂ ਨਾਲ ਡਰਾਈਵਰ ਗੁਰਵੰਤ ਸਿੰਘ ਵੀ ਸੀ। ਡੀ.ਆਈ.ਜੀ. ਨੇ ਦੱਸਿਆ ਕਿ ਜੋਗਾ ਸਿੰਘ ਨੇ ਅੰਮ੍ਰਿਤਪਾਲ ਦੇ ਪੀਲੀਭੀਤ ਵਿਚ ਠਹਿਰਾਅ ਦਾ ਪ੍ਰਬੰਧ ਕੀਤਾ ਸੀ। ਉਸ ਨੇ ਵਾਹਨ ਵੀ ਮੁਹੱਈਆ ਕਰਵਾਇਆ ਸੀ। ਜ਼ਿਲ੍ਹਾ ਦਿਹਾਤੀ ਪੁਲਿਸ ਦੇ ਐਸ.ਐਸ.ਪੀ. ਸਤਿੰਦਰ ਸਿੰਘ ਨੇ ਦੱਸਿਆ ਕਿ ਜੋਗਾ ਸਿੰਘ ਮੂਲ ਰੂਪ ਵਿਚ ਲੁਧਿਆਣਾ ਦਾ ਰਹਿਣ ਵਾਲਾ ਹੈ ਅਤੇ ਉਹ ਉਥੋਂ ਦੇ ਇਕ ਗੁਰਦੁਆਰੇ ਵਿਚ ਕਾਰ ਸੇਵਾ ਕਰਦਾ ਸੀ, ਜਿਥੋਂ ਉਸ ਨੂੰ ਪੀਲੀਭੀਤ ਭੇਜ ਦਿੱਤਾ ਗਿਆ ਸੀ। ਵਕੀਲ ਰਾਜਦੀਪ ਦੇ ਪਿਤਾ ਚਰਨਜੀਤ ਸਿੰਘ ਨੇ ਕਿਹਾ ਕਿ ਉਸ ਦੇ ਪੁੱਤਰ ਨੂੰ ਨਾਜਾਇਜ਼ ਫੜਿਆ ਗਿਆ ਹੈ। ਰਾਜਦੀਪ ਦੇ ਵਕੀਲ ਤਨਹੀਰ ਸਿੰਘ ਬਰਿਆਣਾ ਨੇ ਬਾਰ ਕੌਂਸਲ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਮੰਗ ਕੀਤੀ ਹੈ ਕਿ ਕਿਸੇ ਵਕੀਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਚੀਫ਼ ਜੁਡੀਸ਼ਲ ਮੈਜਿਸਟ੍ਰੇਟ ਦੀ ਆਗਿਆ ਲਈ ਜਾਣੀ ਜਰੂਰੀ ਕੀਤੀ ਜਾਵੇ। ਇਸ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਨੂੰ ਪਨਾਹ ਦੇਣ ਦੇ ਦੋਸ਼ ਹੇਠ ਪੁਲਿਸ ਨੇ ਹੁਸ਼ਿਆਰਪੁਰ 'ਚ ਦੋ ਜਣਿਆਂ ਨੂੰ ਗ੍ਰਿਫਤਾਰ ਕੀਤਾ। ਪੁਲਿਸ ਸੂਤਰਾਂ ਨੇ ਦੱਸਿਆ ਕਿ ਪੁਲਿਸ ਨੇ ਪਿੰਡ ਰਾਜਪੁਰ ਭਾਈਆਂ ਦੇ ਦੋ ਭਰਾਵਾਂ ਹਰਦੀਪ ਸਿੰਘ (22) ਤੇ ਕੁਲਦੀਪ ਸਿੰਘ (30) ਨੂੰ ਗ੍ਰਿਫਤਾਰ ਕੀਤਾ। ਪੁਲਿਸ ਨੇ ਪੇਸ਼ੇ ਤੋਂ ਮਜ਼ਦੂਰ ਦੋਵੇਂ ਭਰਾਵਾਂ ਨੂੰ ਅੰਮ੍ਰਿਤਪਾਲ ਨੂੰ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ। ਪੁਲਿਸ ਨੇ ਕਿਹਾ ਕਿ 28 ਮਾਰਚ ਨੂੰ ਜਦੋਂ ਅੰਮ੍ਰਿਤਪਾਲ ਪੁਲਿਸ ਦੀ ਗ੍ਰਿਫਤ 'ਚੋਂ ਬਚ ਨਿਕਲਿਆ ਸੀ ਤਾਂ ਉਹ ਦੋਵਾਂ ਭਰਾਵਾਂ ਨੂੰ ਮਿਲਿਆ ਸੀ। ਉਹ ਦੋਵੇਂ ਕਥਿਤ ਤੌਰ 'ਤੇ ਅੰਮ੍ਰਿਤਪਾਲ ਨੂੰ ਆਪਣੇ ਘਰ ਲੈ ਗਏ ਜਿੱਥੇ ਉਸ ਨੂੰ ਰੋਟੀ ਖੁਆਈ ਤੇ ਕੱਪੜੇ ਵੀ ਦਿੱਤੇ।

## ਸਰਕਾਰ ਨੌਜਵਾਨਾਂ ਨੂੰ ਤੰਗ ਕਰਨਾ ਬੰਦ ਕਰੇ: ਸਿਮਰਨਜੀਤ

**ਤਲਵੰਡੀ ਸਾਬੋ:** ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਖਾਲਸਾ ਸਾਜਨਾ ਦਿਵਸ ਮੌਕੇ ਤਲਵੰਡੀ ਸਾਬੋ ਵਿਚ ਸਿਆਸੀ ਕਾਨਫਰੰਸ ਕੀਤੀ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਨਿਯੁਕਤੀ ਅਤੇ ਉਨ੍ਹਾਂ ਵਲੋਂ ਜਾਰੀ ਆਦੇਸ਼ਾਂ 'ਤੇ ਸਖ਼ਤ ਟਿੱਪਣੀਆਂ ਕੀਤੀਆਂ। ਸ੍ਰੀ ਮਾਨ ਨੇ ਕਿਹਾ ਕਿ ਜਥੇਦਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯੁਕਤ ਕੀਤਾ ਹੈ ਅਤੇ ਕਮੇਟੀ ਦੀ ਮਿਆਦ ਖਤਮ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ 12 ਸਾਲ ਤੋਂ ਸ਼੍ਰੋਮਣੀ ਕਮੇਟੀ ਦੀ ਚੋਣ ਨਹੀਂ ਹੋਈ ਜਦਕਿ ਇਹ ਚੋਣ ਜਲਦੀ ਹੋਣੀ ਚਾਹੀਦੀ ਹੈ। ਉਨ੍ਹਾਂ ਪਿਛਲੇ ਦਿਨੀਂ ਗ੍ਰਿਫਤਾਰ ਵਿਅਕਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਸਾਰਿਆਂ 'ਤੇ ਐਨ.ਐਸ.ਏ. ਨਾਜਾਇਜ਼ ਲਗਾਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਤੇ ਪੁਲਿਸ ਸਿੱਖ ਨੌਜਵਾਨਾਂ ਨੂੰ ਤੰਗ ਕਰਨਾ ਬੰਦ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਜਾਣਬੁੱਝ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ।

## ਕਾਲੇ ਦੌਰ ਵਰਗਾ ਮਾਹੌਲ ਸਿਰਜ ਰਹੀ ਹੈ ਸਰਕਾਰ: ਸੁਖਬੀਰ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗ ਕੀਤੀ ਕਿ ਲੋਕਤੰਤਰ ਵਿਰੋਧੀ ਤੇ ਦਮਨਕਾਰੀ ਸਾਰੇ ਕਾਲੇ ਕਾਨੂੰਨ ਜਿਵੇਂ ਐਨ.ਐਸ.ਏ, ਯੂ.ਏ.ਪੀ.ਏ ਆਦਿ ਨੂੰ ਤੁਰਤ ਖਾਰਜ ਕੀਤਾ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਇਨ੍ਹਾਂ ਕਾਨੂੰਨਾਂ ਨੂੰ ਖਾਰਜ ਕਰਨ ਤੱਕ ਪੰਜਾਬ ਵਿਚ 'ਆਪ' ਸਰਕਾਰ ਵੱਲੋਂ ਇਨ੍ਹਾਂ ਦੀ ਦੁਰਵਰਤੋਂ 'ਤੇ ਤੁਰਤ ਰੋਕ ਲਗਾਈ ਜਾਵੇ। ਸ੍ਰੀ ਬਾਦਲ ਨੇ ਕਿਹਾ ਕਿ ਇਹ ਦੁਰਵਰਤੋਂ ਦੇਸ ਭਗਤ ਸਿੱਖਾਂ ਦੇ ਖਿਲਾਫ ਆਮ ਆਦਮੀ ਪਾਰਟੀ ਦੇ ਕੌਮੀ ਆਗੂਆਂ ਦੀ ਨਫਰਤ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ 'ਆਪ' ਸਰਕਾਰ ਵੱਲੋਂ ਕੀਤੇ ਵਾਅਦੇ ਪੂਰੇ ਕਰਨ ਵਿਚ ਨਾਕਾਮ ਰਹਿਣ 'ਤੇ ਲੋਕਾਂ ਦਾ ਧਿਆਨ ਹਟਾਉਣ ਦਾ ਵੀ ਇਕ ਯਤਨ ਹੈ। ਸੁਖਬੀਰ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਸਬੰਧੀ ਪੱਤਰ ਲਿਖ ਕੇ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਉਨ੍ਹਾਂ ਦੇ ਦਖਲ ਦੀ ਮੰਗ ਕੀਤੀ ਹੈ।

# ਇਕ ਮਹੀਨੇ ਪਿੱਛੋਂ ਵੀ ਅੰਮ੍ਰਿਤਪਾਲ ਸਿੰਘ ਦੀ ਭਾਲ ਲਈ ਛਾਪੇ ਜਾਰੀ

**ਮੋਗਾ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਮੁਖੀ ਅੰਮ੍ਰਿਤਪਾਲ ਸਿੰਘ ਪਿਛਲੇ ਇਕ ਮਹੀਨੇ ਤੋਂ ਉਪਰ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ। ਵਿਸਾਖੀ ਮੌਕੇ ਅੰਮ੍ਰਿਤਪਾਲ ਦੇ ਤਲਵੰਡੀ ਸਾਬੋ ਵਿਚ ਹੋਣ ਦੀ ਸੰਭਾਵਨਾ ਦੇ ਮੱਦੇਨਜ਼ਰ ਪੰਜਾਬ ਪੁਲਿਸ ਨੇ ਇਥੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਇਸ ਦੌਰਾਨ ਪੁਲਿਸ ਵੱਲੋਂ ਹਰ ਇਲਾਕੇ ਵਿਚ ਵਾਹਨਾਂ ਤੇ ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਜਾ ਰਹੀ ਹੈ। 18 ਮਾਰਚ ਤੋਂ ਸ਼ੁਰੂ ਕੀਤਾ ਗਿਆ 'ਅਪਰੇਸ਼ਨ ਅੰਮ੍ਰਿਤਪਾਲ' ਹਾਲੇ ਵੀ ਜਾਰੀ ਹੈ। ਵਿਸਾਖੀ ਸਬੰਧੀ ਸਮਾਗਮਾਂ ਦੇ ਮੱਦੇਨਜ਼ਰ ਤਲਵੰਡੀ ਸਾਬੋ ਵਿਚ ਅਕਾਲੀ ਦਲ (ਅੰਮ੍ਰਿਤਸਰ) ਦੇ ਕਈ ਸਮਰਥਕ ਵੀ ਘਰਾਂ ਵਿਚ ਨਜ਼ਰਬੰਦ ਕੀਤੇ ਗਏ ਹਨ।



ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਨੂੰ ਲੈ ਕੇ ਪੰਜਾਬ ਪੁਲਿਸ ਅਤੇ ਕੇਂਦਰੀ ਟੀਮਾਂ ਵੱਲੋਂ ਸ਼ੱਕੀ ਥਾਵਾਂ ਉੱਤੇ ਛਾਪਿਆਂ ਦਾ ਸਿਲਸਲਾ ਜਾਰੀ ਹੈ। ਬੀਤੀ 19 ਮਾਰਚ ਨੂੰ ਇੰਗਲੈਂਡ ਵਿਖੇ ਭਾਰਤੀ ਦੂਤਘਰ ਵਿਚ ਲੱਗੇ ਤਿਰੰਗੇ ਝੰਡੇ ਨੂੰ ਉਤਾਰਨ ਵਾਲੇ ਨੌਜਵਾਨ ਅਵਤਾਰ ਸਿੰਘ ਦੀ ਮਾਂ ਅਤੇ ਭੈਣ ਅਤੇ ਹਰਦੀਪ ਸਿੰਘ ਉਰਫ਼ ਦੀਪਾ ਨਾਮ ਦੇ ਨੌਜਵਾਨ ਨੂੰ ਕਾਊਂਟਰ ਇੰਟੈਲੀਜੈਂਸ ਪੁਲਿਸ ਵੱਲੋਂ ਹਿਰਾਸਤ ਵਿਚ ਲਿਆ। ਇਸ ਮਾਮਲੇ ਨੂੰ ਅੰਮ੍ਰਿਤਪਾਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅੰਮ੍ਰਿਤਪਾਲ ਦੇ ਰਾਜਸਥਾਨ ਵਿਚ ਲੁਕੇ ਹੋਣ ਦੇ ਸ਼ੱਕ ਵਿਚ ਸਰਗਰਮ ਹੋਈ ਪੰਜਾਬ ਪੁਲਿਸ ਨੇ ਨਾਕਾਬੰਦੀ ਕਰਕੇ ਟਰੱਕਾਂ, ਕੰਬਾਈਨਾਂ ਦੀ ਤਲਾਸ਼ੀ ਲਈ, ਪਰ ਹਾਲੇ ਤੱਕ ਸਫਲਤਾ ਨਹੀਂ ਮਿਲ ਸਕੀ। ਰਾਜਸਥਾਨ 'ਚ ਅੰਮ੍ਰਿਤਪਾਲ ਦੇ ਹੋਣ ਦੀ ਕਥਿਤ ਸੂਚਨਾ ਤੋਂ ਬਾਅਦ ਪੰਜਾਬ ਅਤੇ ਦਿੱਲੀ ਪੁਲਿਸ ਦੀਆਂ ਟੀਮਾਂ ਉਨ੍ਹਾਂ ਦੀ ਭਾਲ 'ਚ ਜੁੱਟ ਗਈਆਂ ਹਨ।

## ਅੰਮ੍ਰਿਤਸਰ 'ਚ ਅੰਮ੍ਰਿਤਪਾਲ ਦੀ ਭਾਲ ਲਈ ਪੋਸਟਰ

**ਅੰਮ੍ਰਿਤਸਰ:** ਜਥੇਬੰਦੀ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਵਾਸਤੇ ਗੁਰਦਾਸਪੁਰ ਅਤੇ ਪਠਾਨਕੋਟ ਦੇ ਰੇਲਵੇ ਸਟੇਸ਼ਨਾਂ ਉਤੇ ਪੋਸਟਰ ਲਾਉਣ ਮਗਰੋਂ ਹੁਣ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਵੀ ਉਸ ਦੀ ਗ੍ਰਿਫਤਾਰੀ ਦੀ ਸੂਚਨਾ ਦੇਣ ਸਬੰਧੀ ਪੋਸਟਰ ਲਾਏ ਗਏ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ 18 ਮਾਰਚ ਤੋਂ ਰੂਪੋਸ਼ ਹੈ ਅਤੇ ਪੁਲਿਸ ਉਸ ਦੀ ਗ੍ਰਿਫਤਾਰੀ ਲਈ ਲਗਾਤਾਰ ਯਤਨ ਕਰ ਰਹੀ ਹੈ। ਜਾਣਕਾਰੀ ਅਨੁਸਾਰ ਅੰਮ੍ਰਿਤਪਾਲ ਦੀ ਗ੍ਰਿਫਤਾਰੀ ਲਈ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦੇ ਮੁੱਖ ਗੇਟ ਸਮੇਤ ਹੋਰਨਾਂ ਥਾਵਾਂ ਪੋਸਟਰ ਲਾਏ ਗਏ ਹਨ। ਪੋਸਟਰਾਂ ਰਾਹੀਂ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਅੰਮ੍ਰਿਤਪਾਲ ਸਿੰਘ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਹੇਠਾਂ ਦਿੱਤੇ ਗਏ ਨੰਬਰਾਂ ਉਪਰ ਪੁਲਿਸ ਨੂੰ ਸੂਚਿਤ ਕਰਨ।

## ਖਾਲਸਾ ਸਾਜਨਾ ਦਿਵਸ 'ਤੇ ਧਾਰਾ 144 ਲਗਾਉਣਾ ਵੱਡੀ ਗਲਤੀ: ਹਰਸਿਮਰਤ

**ਸਰਦੂਲਗੜ੍ਹ:** ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸੂਬੇ ਵਿਚ ਬਣੀ 'ਆਪ' ਦੀ ਭਗਵੰਤ ਮਾਨ ਸਰਕਾਰ ਲੋਕਾਂ ਨਾਲ ਝੂਠ ਬੋਲ ਕੇ ਸੱਤਾ 'ਚ ਆਈ ਹੈ।



ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਸ਼ਹਿ 'ਤੇ ਹੀ ਸਿੱਖ ਨੌਜਵਾਨਾਂ 'ਤੇ ਝੂਠੇ ਕੇਸ ਪਾਏ ਜਾ ਰਹੇ ਹਨ। ਖਾਲਸੇ ਦੇ ਸਾਜਨਾ ਦਿਹਾੜੇ ਅਤੇ ਵਿਸਾਖੀ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਪਹੁੰਚਣ ਵਾਲੀ ਸੰਗਤ ਦੀ ਤਲਾਸ਼ੀ ਲੈ ਕੇ ਤੰਗ ਪਰੇਸ਼ਾਨ ਕਰਨਾ ਅਤੇ ਧਾਰਾ 144 ਲਗਾਉਣਾ 'ਆਪ' ਦੀ ਸਰਕਾਰ ਦੀ ਵੱਡੀ ਗਲਤੀ ਸੀ। ਬੀਬੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਭ ਤੋਂ ਵੱਡਾ ਝੂਠ ਤੇ ਕੋਝਾ ਮਜ਼ਾਕ ਸੂਬੇ ਦੇ ਕਿਸਾਨਾਂ ਤੇ ਔਰਤਾਂ ਨਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਭਗਵੰਤ ਮਾਨ ਨੇ ਸੂਬਾ ਵਾਸੀਆਂ ਨਾਲ ਵਾਅਦਾ ਕੀਤਾ ਸੀ ਕਿ ਸੂਬੇ ਵਿਚ 'ਆਪ' ਦੀ ਸਰਕਾਰ ਬਣਨ 'ਤੇ ਹਰ ਔਰਤ ਦੇ ਖਾਤੇ ਵਿਚ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਪਾਇਆ ਜਾਵੇਗਾ ਅਤੇ ਕੁਦਰਤੀ ਆਫਤਾਂ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਕਿਸਾਨਾਂ ਨੂੰ ਤੁਰਤ ਦਿੱਤਾ ਜਾਵੇਗਾ ਪਰ 'ਆਪ' ਸਰਕਾਰ ਦੌਰਾਨ ਕਿਸਾਨਾਂ ਦੀਆਂ ਦੋ ਫਸਲਾਂ ਦਾ ਕੁਦਰਤੀ ਆਫਤ ਕਾਰਨ ਨੁਕਸਾਨ ਹੋ ਚੁੱਕਿਆ ਹੈ ਪਰ ਅਜੇ ਤੱਕ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ।

# ਪੰਜਾਬ ਸਰਕਾਰ ਵੱਲੋਂ 'ਪਰਿਵਰਤਨ' ਸਕੀਮ ਅਧੀਨ ਮੁਫਤ ਦਿੱਤੀ ਜਾਵੇਗੀ ਹੁਨਰ ਸਿਖਲਾਈ

**ਚੰਡੀਗੜ੍ਹ:** ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਨੌਜਵਾਨਾਂ ਨੂੰ ਹੁਨਰਮੰਦ ਬਣਾ ਕੇ ਨੌਕਰੀਆਂ ਦੇ ਯੋਗ ਬਣਾਉਣ ਲਈ 'ਪਰਿਵਰਤਨ' ਸਕੀਮ ਦੀ ਸ਼ੁਰੂਆਤ ਕੀਤੀ। ਇਸ ਸਕੀਮ ਤਹਿਤ ਵਿਦਿਆਰਥੀਆਂ ਨੂੰ ਜ਼ਿਆਦਾ ਮੰਗ ਵਾਲੇ ਚੋਣਵੇਂ ਸੱਤ ਕੋਰਸਾਂ (ਜੌਬ ਰੋਲਜ਼) ਲਈ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੰਤਵ ਲਈ ਪਲਾਟ ਨੰਬਰ 1-15, ਸੈਕਟਰ-101, ਅਲਫਾ ਆਈ.ਟੀ. ਸਿਟੀ, ਮੁਹਾਲੀ ਵਿਖੇ ਸਿਖਲਾਈ ਦੇਣ ਲਈ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਕੇਂਦਰ ਸਥਾਪਤ ਕੀਤਾ ਗਿਆ ਹੈ।

ਸਕੀਮ ਦੀ ਸ਼ੁਰੂਆਤ ਕਰਨ ਤੋਂ ਬਾਅਦ ਸ੍ਰੀ ਅਰੋੜਾ ਨੇ ਇਸ ਸੈਂਟਰ ਦਾ ਨਿਰੀਖਣ ਕੀਤਾ ਅਤੇ ਉਥੇ ਸਿਖਲਾਈ ਪ੍ਰਾਪਤ ਕਰ ਰਹੇ ਨੌਜਵਾਨਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ ਜੋਰ ਦੇ ਕੇ ਕਿਹਾ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਲਈ ਇਸ ਤਰ੍ਹਾਂ ਦੀਆਂ ਸਕੀਮਾਂ ਸਮੇਂ ਦੀ ਲੋੜ ਹਨ। ਇਹ ਉਦਯੋਗਾਂ ਨੂੰ ਹੁਨਰਮੰਦ ਮਨੁੱਖੀ ਸ਼ਕਤੀ ਪ੍ਰਦਾਨ ਕਰਨ ਵਿਚ ਵੀ ਸਹਾਈ ਸਿੱਧ ਹੋਵੇਗਾ। ਡਾਇਰੈਕਟਰ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਸ੍ਰੀਮਤੀ ਦੀਪਤੀ ਉੱਪਲ ਨੇ ਦੱਸਿਆ ਕਿ ਨੌਜਵਾਨਾਂ ਨੂੰ ਸੱਤ ਸਿਖਲਾਈ ਕੋਰਸਾਂ ਵਿਚ ਸਿਖਲਾਈ ਦਿੱਤੀ ਜਾਵੇਗੀ, ਜਿਸ ਵਿਚ ਜਨਰਲ ਡਿਊਟੀ ਅਸਿਸਟੈਂਟ, ਮੈਡੀਕਲ ਲੈਬ ਟੈਕਨੀਸ਼ੀਅਨ, ਹਸਪਤਾਲ ਫਰੰਟ ਡੈਸਕ ਐਗਜੀਕਿਊਟਿਵ, ਰਿਟੇਲ ਸੇਲਜ ਐਸੋਸੀਏਟ-ਕਮ-ਕੈਸ਼ੀਅਰ, ਅਕਾਊਂਟ ਐਗਜੀਕਿਊਟਿਵ, ਜੂਨੀਅਰ ਸਾਫਟਵੇਅਰ ਡਿਵੈੱਲਪਰ, ਸਰਚ ਇੰਜਣ ਮਾਰਕੀਟਿੰਗ ਐਗਜੀਕਿਊਟਿਵ ਸ਼ਾਮਲ ਹਨ। 10ਵੀਂ ਅਤੇ 12ਵੀਂ ਪਾਸ (ਕੋਰਸ ਅਨੁਸਾਰ) ਵਿਦਿਆਰਥੀ ਇਸ ਸਕੀਮ ਅਧੀਨ ਆਪਣੇ ਆਪ ਨੂੰ ਰਜਿਸਟਰ ਅਤੇ ਸਰਟੀਫਾਈਡ ਕਰਵਾ ਸਕਦੇ ਹਨ। ਪੀ.ਐਸ.ਡੀ.ਐਮ. ਦੀ ਸੀ.ਐਸ.ਆਰ. ਸਕੀਮ ਤਹਿਤ ਸੂਬੇ ਭਰ ਦੇ 2100 ਵਿਦਿਆਰਥੀਆਂ ਨੂੰ ਇਹ ਸਿਖਲਾਈ ਮੁਫਤ ਦਿੱਤੀ ਜਾਵੇਗੀ।

ਸਿਖਲਾਈ ਤੋਂ ਬਾਅਦ ਉਮੀਦਵਾਰਾਂ ਨੂੰ ਉਨ੍ਹਾਂ ਦੇ ਕੋਰਸ ਲਈ ਕੌਮੀ ਹੁਨਰ ਵਿਕਾਸ ਨਿਗਮ (ਐਨ.ਐਸ.ਡੀ.ਸੀ.) ਤਹਿਤ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਕੋਰਸ ਦਾ ਪਾਠਕ੍ਰਮ ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫਰੇਮਵਰਕ (ਐਨ.ਐਸ.ਕਿਊ.ਐਫ.) ਅਨੁਸਾਰ ਹੋਵੇਗਾ। ਵਿਭਾਗ ਹੁਨਰ ਵਿਕਾਸ ਸਕੀਮਾਂ ਬਣਾਉਣ ਅਤੇ ਚਲਾਉਣ ਲਈ ਇਸ ਮਿਸ਼ਨ ਨੂੰ ਸਰਕਾਰ ਲਈ ਸੰਪਰਕ ਦਾ ਸਿੰਗਲ ਪੁਆਇੰਟ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ।

# ਜ਼ਿਮਨੀ ਚੋਣ ਤੋਂ ਪਹਿਲਾਂ ਇਕਜੁਟ ਨਜ਼ਰ ਆਈ ਪੰਜਾਬ ਕਾਂਗਰਸ

**ਜਲੰਧਰ:** ਜਲੰਧਰ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਭਰਨ ਦੇ ਪਹਿਲੇ ਦਿਨ ਕਾਂਗਰਸ ਦੀ ਉਮੀਦਵਾਰ ਕਰਮਜੀਤ ਕੌਰ ਵੱਲੋਂ ਕਾਗਜ਼ ਭਰਨ ਸਮੇਂ ਕਾਂਗਰਸ ਇੱਕਜੁਟ ਨਜ਼ਰ ਆਈ। ਕਾਂਗਰਸ ਦੀ ਸੂਬਾਈ ਲੀਡਰਸ਼ਿਪ ਦੇ ਸਾਰੇ ਆਗੂ ਨਾਮਜ਼ਦਗੀਆਂ ਮੌਕੇ ਹਾਜ਼ਰ ਰਹੇ। ਇਸ ਮੌਕੇ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਾਂਗਰਸ ਇਕ ਝੰਡੇ ਹੇਠ ਇਕੱਠੀ ਹੋਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਰੁੱਸੇ ਆਗੂਆਂ ਨੂੰ ਮਨਾਉਣ ਲਈ ਉਹ ਨੀਵੇਂ ਹੋ ਕੇ ਹਰ ਆਗੂ ਦੇ ਘਰ ਜਾਣਗੇ।

ਸਿੱਧੂ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਕਹਿੰਦੇ ਕਹਾਉਂਦੇ ਕਾਂਗਰਸੀ ਆਗੂ ਇਕ ਮੰਚ 'ਤੇ ਦੇਖਣ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸੱਤੇ ਸਾਬਕਾ ਪ੍ਰਧਾਨ, ਸਾਬਕਾ ਮੁੱਖ ਮੰਤਰੀ, ਸਾਰੇ ਵਿਧਾਇਕ ਤੇ ਹੋਰ ਆਗੂ ਇੱਕਜੁਟ ਹੋ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਹਰ ਪਾਰਟੀ ਵਰਕਰ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਨੂੰ ਕਿਸੇ ਅਹੁਦੇ ਦੀ ਲੋੜ ਨਹੀਂ ਉਹ ਪੰਜਾਬ ਦੀ ਖਾਤਰ ਲੜਨਗੇ।



ਦੱਸ ਦਈਏ ਕਿ ਨਵਜੋਤ ਸਿੱਧੂ ਵੱਲੋਂ ਕਾਂਗਰਸੀ ਆਗੂਆਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਹੈ। ਉਨ੍ਹਾਂ ਨੇ ਰਾਹੁਲ ਇੰਦਰ ਸਿੱਧੂ ਦੀ ਪਟਿਆਲਾ ਸਥਿਤ ਰਿਹਾਇਸ਼ 'ਤੇ ਕਾਂਗਰਸ ਦੇ ਟਕਸਾਲੀ ਆਗੂ ਲਾਲ ਸਿੰਘ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਅਤੇ ਮਹਿੰਦਰ ਸਿੰਘ ਕੇਪੀ ਸਮੇਤ ਕਈ ਹੋਰ ਆਗੂਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਨਵਜੋਤ ਸਿੱਧੂ ਨੇ ਉਨ੍ਹਾਂ ਨਾਲ ਸੂਬੇ ਵਿਚ ਪਾਰਟੀ ਨੂੰ ਮਜ਼ਬੂਤ ਕਰਨ ਸਮੇਤ ਹੋਰ ਮਾਮਲੇ ਵੀ ਵਿਚਾਰੇ।

ਨਵਜੋਤ ਸਿੱਧੂ ਨੇ ਕਿਹਾ ਕਿ ਸਾਰਿਆਂ ਦਾ ਇਕੋ ਮਕਸਦ ਹੈ ਕਿ ਪੰਜਾਬ ਕਾਂਗਰਸ ਨੂੰ ਮੁੜ ਪੈਰਾਂ ਸਿਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਵੀ ਚੰਗੇ ਕਾਰਜ ਲਈ ਵੱਡਿਆਂ ਦਾ ਆਸ਼ੀਰਵਾਦ ਜਰੂਰੀ ਹੁੰਦਾ ਹੈ। ਇਸੇ ਲਈ ਉਨ੍ਹਾਂ ਟਕਸਾਲੀ ਆਗੂਆਂ ਤੋਂ ਮੁਲਾਕਾਤ ਕਰਕੇ ਅਸ਼ੀਰਵਾਦ ਲਿਆ ਹੈ ਤਾਂ ਜੋ ਉਹ ਸਾਰਿਆਂ ਦੇ ਸਹਿਯੋਗ ਨਾਲ ਪੰਜਾਬ ਕਾਂਗਰਸ ਨੂੰ ਮੁੜ ਤੋਂ ਪੈਰਾਂ ਸਿਰ ਕੀਤਾ ਜਾ ਸਕੇ। ਦੂਜੇ ਪਾਸੇ ਕਾਂਗਰਸ ਦੇ ਉਕਤ ਆਗੂਆਂ ਨੇ ਵੀ ਨਵਜੋਤ ਸਿੱਧੂ ਦੀ ਸ਼ਲਾਘਾ ਕੀਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਵਕਤ ਪੰਜਾਬ ਨੂੰ ਬਚਾਉਣ ਲਈ ਅਜਿਹੇ ਆਗੂਆਂ ਦੀ ਵਧੇਰੇ ਲੋੜ ਹੈ, ਜੋ ਵਿਰੋਧੀਆਂ ਨਾਲ ਲੜਨ ਦੀ ਸਮਰੱਥਾ ਰੱਖਦੇ ਹੋਣ। ਪਿਛਲੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਪਾਰਟੀ ਲਈ ਨੁਕਸਾਨਦੇਹ ਆਖਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਕਾਰਨ ਹੀ ਪਾਰਟੀ ਨੂੰ ਚੋਣਾ ਦੌਰਾਨ ਨੁਕਸਾਨ ਝੱਲਣਾ ਪਿਆ ਹੈ। ਉਨ੍ਹਾਂ ਦਾ ਇਹ ਵੀ ਕਿਹਾ ਨਵਜੋਤ ਸਿੱਧੂ ਦੇ ਜ਼ਿਹਨ 'ਚ ਪੰਜਾਬ ਪ੍ਰਤੀ ਦਰਦ ਹੈ। ਇਸ ਲਈ ਪੰਜਾਬ ਨੂੰ ਬਚਾਉਣ ਲਈ ਸਿੱਧੂ ਵਰਗੇ ਆਗੂਆਂ ਨਾਲ ਮਿਲ ਕੇ ਲੜਾਈ ਲੜਨ ਦੀ ਲੋੜ ਹੈ।

# ਤਿਰੰਗੇ ਦੇ ਸਟਿੱਕਰ ਵਾਲੀ ਕੁੜੀ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਮੂੰਹ 'ਤੇ ਤਿਰੰਗੇ ਦਾ ਸਟਿੱਕਰ ਲਾਈ ਇਕ ਕੁੜੀ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਜਾਣ ਤੋਂ ਰੋਕੇ ਜਾਣ ਦਾ ਮਾਮਲਾ ਸੋਸ਼ਲ ਮੀਡੀਆ 'ਤੇ ਭਖ ਗਿਆ ਹੈ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਇਸ ਸਬੰਧੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ।

ਇਹ ਕੁੜੀ ਅਟਾਰੀ 'ਚ ਰੀਟਰੀਟ ਰਸਮ ਦੇਖਣ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਪੁੱਜੀ। ਉਸ ਦੇ ਮੂੰਹ 'ਤੇ ਤਿਰੰਗੇ ਵਾਲਾ ਸਟਿੱਕਰ ਲੱਗਾ ਹੋਇਆ ਸੀ। ਵਾਇਰਲ ਹੋਈ ਵੀਡੀਓ 'ਚ ਸ੍ਰੀ ਦਰਬਾਰ ਸਾਹਿਬ ਵਿਖੇ ਖੜ੍ਹਾ ਸੇਵਾਦਾਰ ਉਸ ਕੁੜੀ ਨੂੰ ਰੋਕਦਾ ਹੈ ਅਤੇ ਇਹ ਕੁੜੀ ਆਪਣੇ ਕਿਸੇ ਸਮਰਥਕ ਨੂੰ ਨਾਲ ਲੈ ਕੇ ਆਉਂਦੀ ਹੈ। ਇਹ ਵਿਅਕਤੀ ਸੇਵਾਦਾਰ ਨੂੰ ਪੁੱਛਦਾ ਹੈ ਕਿ ਉਸ ਨੇ ਇਸ ਕੁੜੀ ਨੂੰ ਅੰਦਰ ਜਾਣ ਤੋਂ ਕਿਉਂ ਰੋਕਿਆ ਗਿਆ ਹੈ। ਸੇਵਾਦਾਰ ਉਸ ਦੇ ਮੂੰਹ 'ਤੇ ਬਣੇ ਤਿਰੰਗੇ 'ਤੇ ਇਤਰਾਜ਼ ਕਰਦਾ ਹੈ ਤਾਂ ਇਹ ਵਿਅਕਤੀ ਉਸ ਨੂੰ ਪੁੱਛਦਾ ਹੈ ਕਿ ਕੀ ਇਹ ਭਾਰਤ ਨਹੀਂ ਹੈ ਤਾਂ ਸੇਵਾਦਾਰ ਕਹਿੰਦਾ ਹੈ ਕਿ ਇਹ ਪੰਜਾਬ ਹੈ।

ਇਸ ਤੋਂ ਬਾਅਦ ਦੋਵਾਂ ਧਿਰਾਂ ਵਿਚ ਤਕਰਾਰ ਵਧ ਜਾਂਦਾ ਹੈ। ਬਾਅਦ ਵਿਚ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਅਪਲੋਡ ਕਰ ਦਿੱਤਾ ਜਾਂਦਾ ਹੈ, ਜਿਸ ਵਿਚ ਲਿਖਿਆ ਹੈ ਕਿ ਖਾਲਿਸਤਾਨੀਆਂ ਨੇ ਗੋਲਡਨ ਟੈਂਪਲ 'ਤੇ ਕਬਜ਼ਾ ਕਰ ਲਿਆ ਹੈ। ਇਸ ਤੋਂ ਬਾਅਦ ਉਕਤ ਸੇਵਾਦਾਰ ਵੱਲੋਂ ਵੀ ਆਪਣੀ ਇਕ ਵੀਡੀਓ ਸੋਸ਼ਲ ਮੀਡੀਆ ਤੇ ਅਪਲੋਡ ਕੀਤੀ ਗਈ ਜਿਸ ਵਿਚ ਉਸ ਨੇ ਆਪਣਾ ਨਾਂ ਸਰਬਜੀਤ ਸਿੰਘ ਸੇਵਾਦਾਰ ਪਰਿਕਰਮਾ ਵਜੋਂ ਦੱਸਿਆ ਹੈ।

ਉਸ ਨੇ ਦਾਅਵਾ ਕੀਤਾ ਕਿ ਇਹ ਸਰਧਾਲੂ ਕੁੜੀ ਨੂੰ ਛੋਟੀ ਸਕਰਟ ਪਾ ਕੇ ਅੰਦਰ ਜਾਣ ਤੋਂ ਰੋਕਿਆ ਗਿਆ ਸੀ ਜਿਸ ਨੇ ਇਸ ਮਾਮਲੇ ਨੂੰ ਗਲਤ ਰੰਗਤ ਦਿੱਤੀ ਹੈ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੋਸ਼ਲ ਮੀਡੀਆ 'ਤੇ ਸਿੱਖਾਂ ਵਿਰੁੱਧ ਸਿਰਜੇ ਜਾ ਰਹੇ ਬਿਰਤਾਂਤ ਦੀ ਨਿੰਦਾ ਕਰਦਿਆਂ ਕਿਹਾ ਕਿ ਇਥੇ ਹਰ ਧਰਮ ਦੇ ਸ਼ਰਧਾਲੂਆਂ ਦਾ ਸਤਿਕਾਰ ਕੀਤਾ ਜਾਂਦਾ ਹੈ।

## ਖਾਲਿਸਤਾਨ ਪ੍ਰਦਰਸ਼ਨ ਦਾ ਮਾਮਲਾ ਐਨ.ਆਈ.ਏ. ਹਵਾਲੇ ਕੀਤਾ

**ਨਵੀਂ ਦਿੱਲੀ:** 19 ਮਾਰਚ ਨੂੰ ਲੰਡਨ 'ਚ ਭਾਰਤੀ ਹਾਈ ਕਮਿਸ਼ਨ 'ਤੇ ਖਾਲਿਸਤਾਨ ਪੱਖੀ ਪ੍ਰਦਰਸ਼ਨਕਾਰੀਆਂ ਵਾਲਾ ਕੇਸ ਐਨ.ਆਈ.ਏ. ਨੇ ਆਪਣੇ ਹੱਥ 'ਚ ਲੈ ਲਿਆ ਹੈ। ਏਜੰਸੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਹ ਮਾਮਲਾ ਪਹਿਲਾਂ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਕੋਲ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਕੇਸ ਨੂੰ ਐਨ.ਆਈ.ਏ. ਨੂੰ ਸੌਂਪਣ ਦੀ ਮਨਜ਼ੂਰੀ ਦੇ ਦਿੱਤੀ ਸੀ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ 19 ਮਾਰਚ ਨੂੰ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਵਿਖੇ ਖਾਲਿਸਤਾਨੀ ਸਮਰਥਕ ਕਾਰਕੁਨਾਂ ਵੱਲੋਂ ਕੀਤੇ ਪ੍ਰਦਰਸ਼ਨ ਸਬੰਧੀ ਐਫ.ਆਈ.ਆਰ. ਦਰਜ ਕੀਤੀ ਸੀ, ਜਿਸ ਦੌਰਾਨ ਤਿਰੰਗੇ ਨੂੰ ਇਮਾਰਤ ਤੋਂ ਹੇਠਾਂ ਉਤਾਰ ਦਿੱਤਾ ਗਿਆ ਸੀ।

# ਕੇਂਦਰ ਨੇ ਪੰਜਾਬ ਦੀ ਕਣਕ ਸਿੱਧੀ ਦੂਜੇ ਸੂਬਿਆਂ 'ਚ ਭੇਜਣ ਬਾਰੇ ਫੈਸਲਾ ਬਦਲਿਆ

**ਚੰਡੀਗੜ੍ਹ:** ਕੇਂਦਰੀ ਖੁਰਾਕ ਮੰਤਰਾਲੇ ਨੇ ਕਣਕ ਦੀ ਭਰਪੂਰ ਫਸਲ ਦੇ ਮੱਦੇਨਜ਼ਰ ਪੰਜਾਬ ਨੂੰ ਖੁੱਲ੍ਹੇ ਗੁਦਾਮਾਂ ਵਿਚ ਕਣਕ ਭੰਡਾਰਨ ਦੀ ਖੁੱਲ੍ਹ ਦੇ ਦਿੱਤੀ ਹੈ। ਭਾਰਤੀ ਖੁਰਾਕ ਨਿਗਮ ਨੇ ਜੂਨ ਤੱਕ ਕਣਕ ਦੀ ਨਵੀਂ ਫਸਲ ਖੁੱਲ੍ਹੇ ਗੁਦਾਮਾਂ ਵਿਚ ਭੰਡਾਰ ਕਰਨ ਦੀ ਪ੍ਰਵਾਨਗੀ ਦਿੱਤੀ ਹੈ ਤਾਂ ਜੋ ਖਰੀਦ ਕੇਂਦਰਾਂ ਵਿਚ ਕਣਕ ਦੇ ਅੰਬਾਰ ਨਾ ਲੱਗਣ। ਪੰਜਾਬ ਸਰਕਾਰ ਨੇ ਵੀ ਇਸ ਨਾਲ ਸੁੱਖ ਦਾ ਸਾਹ ਲਿਆ ਹੈ ਕਿਉਂਕਿ ਮੰਡੀਆਂ ਵਿਚ ਫਸਲ ਦੀ ਆਮਦ ਇਕਦਮ ਤੇਜ਼ ਹੋ ਗਈ ਹੈ ਅਤੇ ਉਪਰੋਂ ਦੂਸਰੇ ਸੂਬਿਆਂ ਵਿਚ ਮੰਡੀਆਂ 'ਚੋਂ ਫਸਲ ਲਿਜਾਣ ਵਾਸਤੇ ਸਪੈਸ਼ਲ ਟਰੇਨਾਂ ਦੀ ਕਮੀ ਵੀ ਮਹਿਸੂਸ ਕੀਤੀ ਜਾ ਰਹੀ ਸੀ।

ਭਾਰਤੀ ਖੁਰਾਕ ਨਿਗਮ ਨੇ ਪਹਿਲਾਂ ਹਦਾਇਤ ਕੀਤੀ ਸੀ ਕਿ ਮੰਡੀਆਂ 'ਚੋਂ ਕਣਕ ਦੀ ਫਸਲ ਚੁੱਕ ਕੇ ਸਿੱਧੀ ਦੂਸਰੇ ਸੂਬਿਆਂ ਵਿਚ ਭੇਜੀ ਜਾਵੇਗੀ ਅਤੇ ਫਸਲ ਨੂੰ ਇੱਥੇ ਸਿਰਫ ਕਵਰਡ ਗੁਦਾਮਾਂ ਵਿਚ ਭੰਡਾਰ ਕਰਨ ਵਾਸਤੇ ਕਿਹਾ ਸੀ। ਹੁਣ ਤੇਜ਼ ਰਫਤਾਰੀ ਨਾਲ ਮੰਡੀਆਂ ਵਿਚ ਫ਼ਸਲ ਪੁੱਜਣ ਲੱਗ ਪਈ ਹੈ ਅਤੇ ਕਣਕ ਦਾ ਚੰਗਾ ਝਾੜ ਵੀ ਸਾਹਮਣੇ ਆ ਰਿਹਾ ਹੈ।

ਕੇਂਦਰ ਸਰਕਾਰ ਨੇ ਵੀ ਮਹਿਸੂਸ ਕੀਤਾ ਕਿ ਮੰਡੀਆਂ 'ਚੋਂ ਫ਼ੌਰੀ ਸਿੱਧੀ ਫ਼ਸਲ ਦੂਸਰੇ ਸੂਬਿਆਂ ਨੂੰ ਭੇਜਣ ਵਾਸਤੇ ਵੱਡੀ ਗਿਣਤੀ ਵਿਚ ਰੇਲਵੇ ਰੈਕਾਂ ਦੀ ਲੋੜ ਪਵੇਗੀ ਜੋ ਸੰਭਵ ਨਹੀਂ ਜਾਪਦੀ। ਭਾਰਤੀ ਖੁਰਾਕ ਨਿਗਮ ਕੋਲ ਪੰਜਾਬ ਵਿਚ 7.50 ਲੱਖ ਮੀਟਰਿਕ ਟਨ ਸਮਰੱਥਾ ਦੀ ਸਟੋਰੇਜ ਖੁੱਲ੍ਹੇ ਗੁਦਾਮਾਂ ਵਾਲੀ ਹੈ ਅਤੇ ਖੁਰਾਕ ਨਿਗਮ ਨੇ ਇਹ ਗੁਦਾਮ 2024 ਤੱਕ ਹਾਇਰ ਕੀਤੇ ਹੋਏ ਹਨ। ਭਾਰਤੀ ਖੁਰਾਕ ਨਿਗਮ ਦੇ ਖੇਤਰੀ ਜਨਰਲ ਮੈਨੇਜਰ ਬੀ ਸ੍ਰੀਨਿਵਾਸਨ ਨੇ ਪੁਸ਼ਟੀ ਕੀਤੀ ਕਿ ਖੁੱਲ੍ਹੇ ਗੁਦਾਮਾਂ ਵਿਚ ਵੀ ਕਣਕ ਭੰਡਾਰ ਕੀਤੀ ਜਾ ਸਕਦੀ ਹੈ। ਜਾਣਕਾਰੀ ਅਨੁਸਾਰ ਪੰਜਾਬ 'ਚੋਂ ਹੁਣ ਤੱਕ 50 ਹਜ਼ਾਰ ਮੀਟਰਿਕ ਟਨ ਕਣਕ ਦੂਸਰੇ ਸੂਬਿਆਂ ਵਿਚ ਸਿੱਧੀ ਟਰੇਨਾਂ ਜ਼ਰੀਏ ਜਾ ਚੁੱਕੀ ਹੈ। ਪੰਜਾਬ ਨੂੰ ਅੱਜ 22 ਸਪੈਸ਼ਲ ਟਰੇਨਾਂ ਰੇਲਵੇ ਨੇ ਦਿੱਤੀਆਂ ਹਨ ਜਦੋਂ ਕਿ ਲੰਘੇ ਕੱਲ੍ਹ ਡੇਢ ਦਰਜਨ ਸਪੈਸ਼ਲ ਟਰੇਨਾਂ 'ਚ ਫਸਲ ਲੋਡ ਹੋਈ ਹੈ।

# ਡਿਬਰੂਗੜ੍ਹ ਜੇਲ੍ਹ 'ਚ ਪਰਿਵਾਰਾਂ ਦੇ ਜੀਅ ਨੌਜਵਾਨਾਂ ਨੂੰ ਮਿਲਣਗੇ

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਗ੍ਰਿਫਤਾਰ ਕਰਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਭੇਜੇ ਨੌਜਵਾਨਾਂ ਦੇ ਪਰਿਵਾਰਾਂ ਦੀ ਸਾਰ ਲੈਣ ਲਈ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ ਦੀ ਅਗਵਾਈ ਹੇਠ ਸਬ-ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਕੌਮੀ ਸੁਰੱਖਿਆ ਐਕਟ ਤਹਿਤ ਗ੍ਰਿਫਤਾਰ ਕੀਤੇ ਇਨ੍ਹਾਂ ਨੌਜਵਾਨਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਮਿਲਾਉਣ ਲਈ ਕਾਰਵਾਈ ਆਰੰਭ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਨੌਜਵਾਨਾਂ ਦੇ ਕੇਸਾਂ ਦੀ ਪੈਰਵੀ ਲਈ ਬਣਾਈ ਗਈ ਕਾਨੂੰਨੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਦੱਸਿਆ ਕਿ 10 ਅਪਰੈਲ ਨੂੰ ਡਿਬਰੂਗੜ੍ਹ ਜੇਲ੍ਹ 'ਚ ਬੰਦ ਨੌਜਵਾਨਾਂ ਨਾਲ ਮੁਲਾਕਾਤਾਂ ਮਗਰੋਂ ਸ਼੍ਰੋਮਣੀ ਕਮੇਟੀ ਦੇ ਯਤਨਾਂ ਨਾਲ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਮਿਲ ਗਈ ਹੈ। ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਨੌਜਵਾਨਾਂ ਵਿਚ ਕੁਲਵੰਤ ਸਿੰਘ ਧਾਲੀਵਾਲ, ਵਰਿੰਦਰ ਸਿੰਘ ਜੌਹਲ, ਗੁਰਮੀਤ ਸਿੰਘ ਬੁੱਕਨਵਾਲਾ, ਹਰਜੀਤ ਸਿੰਘ ਜੱਲੂਪੁਰ ਖੈੜਾ, ਭਗਵੰਤ ਸਿੰਘ ਬਾਜੇਕੇ, ਦਲਜੀਤ ਸਿੰਘ ਕਲਸੀ, ਬਸੰਤ ਸਿੰਘ, ਗੁਰਇੰਦਰਪਾਲ ਸਿੰਘ ਔਜਲਾ ਤੇ ਪਪਲਪ੍ਰੀਤ ਸਿੰਘ ਸ਼ਾਮਲ ਹਨ।

## ਸਾਬਕਾ ਡਿਪਟੀ ਸਪੀਕਰ ਫਫੜੇ ਭਾਈਕੇ ਦਾ ਦੇਹਾਂਤ

**ਮਾਨਸਾ:** ਪੰਜਾਬ ਵਿਚ ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਵੇਲੇ 1985 ਵਿਚ ਡਿਪਟੀ ਸਪੀਕਰ ਰਹੇ ਜਸਵੰਤ ਸਿੰਘ ਫਫੜੇ ਭਾਈਕੇ ਦਾ ਦੇਹਾਂਤ ਹੋ ਗਿਆ। ਉਹ 83 ਵਰ੍ਹਿਆਂ ਦੇ ਸਨ ਅਤੇ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ। ਉਨ੍ਹਾਂ ਨੇ 1985 ਵਿਚ ਮਾਨਸਾ ਵਿਧਾਨ ਸਭਾ ਹਲਕੇ ਤੋਂ ਚੋਣ ਲੜੀ ਸੀ ਅਤੇ ਉਹ ਪੌਣੇ ਦੋ ਦਹਾਕੇ ਬਠਿੰਡਾ (ਮਾਨਸਾ ਦੇ ਜ਼ਿਲ੍ਹਾ ਬਣਨ ਤੋਂ ਪਹਿਲਾਂ) ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਹੇ। ਬਾਅਦ ਵਿਚ ਉਨ੍ਹਾਂ ਦੇ ਸ਼੍ਰੋਮਣੀ ਅਕਾਲੀ ਦਲ ਨਾਲ ਮਤਭੇਦ ਪੈਦਾ ਹੋ ਗਏ ਅਤੇ ਉਹ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਕਾਂਗਰਸ ਵਿਚ ਚਲੇ ਗਏ।

# ਨਸ਼ਿਆਂ ਵਾਲੀਆਂ ਫਾਈਲਾਂ ਖੁੱਲ੍ਹਣ ਲੱਗੀਆਂ

*(ਪਹਿਲੇ ਸਫੇ ਦੀ ਬਾਕੀ)*

ਹੀ 2017 ਵਿਚ ਨਸ਼ਿਆਂ ਦੀ ਤਸਕਰੀ ਲਈ ਕਾਇਮ ਕੀਤੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਨੇ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਖਿਲਾਫ ਕੇਸ ਦਰਜ ਕਰ ਕੇ ਰਾਜਜੀਤ ਸਿੰਘ ਦੇ ਖਿਲਾਫ ਵੀ ਤਫਤੀਸ਼ ਆਰੰਭ ਦਿੱਤੀ ਸੀ। ਰਾਜਜੀਤ ਸਿੰਘ ਨੂੰ ਸੀਨੀਅਰ ਪੁਲਿਸ ਅਧਿਕਾਰੀਆਂ ਦਾ ਥਾਪੜਾ ਹਾਸਲ ਦੱਸਿਆ ਜਾਂਦਾ ਸੀ। ਉਸੇ ਸਮੇਂ ਜਦੋਂ ਇਸ ਵਿਵਾਦਤ ਪੁਲਿਸ ਅਧਿਕਾਰੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਨਸ਼ਾ ਤਸਕਰੀ ਮਾਮਲੇ ਦੀ ਨਿਰਪੱਖ ਜਾਂਚ ਮੰਗੀ ਤੇ ਹਰਪ੍ਰੀਤ ਸਿੰਘ ਸਿੱਧੂ 'ਤੇ ਖੁੰਦਕ 'ਚ ਕਾਰਵਾਈ ਕਰਨ ਦੇ ਦੋਸ਼ ਵੀ ਲਾਏ।

ਹਾਈ ਕੋਰਟ ਵੱਲੋਂ ਹੀ ਸਿਧਾਰਥ ਚਟੋਪਾਧਿਆਏ ਦੀ ਅਗਵਾਈ ਹੇਠ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਗਿਆ ਸੀ। ਇਸ ਜਾਂਚ ਟੀਮ ਵੱਲੋਂ ਸਾਲ 2018 ਵਿਚ ਉਚ ਅਦਾਲਤ ਨੂੰ ਸੌਂਪੀਆਂ ਰਿਪੋਰਟਾਂ ਹੁਣ ਤੱਕ ਸੀਲਬੰਦ ਲਿਫਾਫੇ ਵਿਚ ਹੀ ਬੰਦ ਰਹੀਆਂ। ਇਨ੍ਹਾਂ ਰਿਪੋਰਟਾਂ ਵਿਚ ਜਾਂਚ ਦਾ ਅਧਾਰ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਨੂੰ ਬਣਾ ਕੇ ਰਾਜਜੀਤ ਸਿੰਘ ਹੁੰਦਲ ਨੂੰ ਪੂਰੀ ਤਰ੍ਹਾਂ ਕਟਹਿਰੇ ਵਿਚ ਖੜ੍ਹਾ ਕੀਤਾ ਗਿਆ ਹੈ। ਸਿਟ ਵੱਲੋਂ ਆਪਣੀਆਂ ਰਿਪੋਰਟਾਂ ਵਿਚ ਇਸ ਪੁਲਿਸ ਅਧਿਕਾਰੀ ਵੱਲੋਂ ਬਣਾਈ ਚੱਲ-ਅਚੱਲ ਸੰਪਤੀ ਬਾਰੇ ਵੀ ਸਵਾਲ ਖੜ੍ਹੇ ਕੀਤੇ ਗਏ ਸਨ।

ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਲੰਮੇ ਸਮੇਂ ਤੋਂ ਨਸ਼ਿਆਂ ਦੀ ਤਸਕਰੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਤਕਰੀਬਨ ਦੋ ਦਹਾਕੇ ਪਹਿਲਾਂ ਪਾਕਿਸਤਾਨ ਨਾਲ ਲੱਗਦੀ ਸਰਹੱਦ 'ਤੇ ਕੰਡਿਆਲੀ ਤਾਰ ਲੱਗਣ ਨਾਲ ਭਾਵੇਂ ਤਸਕਰੀ ਨੂੰ ਕੁਝ ਠੱਲ੍ਹ ਤਾਂ ਪਈ ਪਰ ਇਹ ਖਤਮ ਨਹੀਂ ਹੋਈ। ਇਸ ਵੇਲੇ ਸਿੰਥੈਟਿਕ ਨਸ਼ਿਆਂ ਦੀ ਤਸਕਰੀ ਵਧੇਰੇ ਚਿੰਤਾ ਵਾਲੀ ਗੱਲ ਹੈ। ਸੂਬੇ 'ਚ ਨਸ਼ਾ ਕੇਵਲ ਪਾਕਿਸਤਾਨ ਨਾਲ ਲੱਗਦੀ ਸਰਹੱਦ ਤੋਂ ਹੀ ਨਹੀਂ ਆਉਂਦਾ ਸਗੋਂ ਪਿਛਲੇ ਦੋ ਸਾਲਾਂ ਦੌਰਾਨ ਗੁਜਰਾਤ ਦੀ ਮੁੰਦਰਾ ਬੰਦਰਗਾਹ ਤੋਂ 42.69 ਅਰਬ ਰੁਪਏ ਦੇ ਨਸ਼ੀਲੇ ਪਦਾਰਥ ਫੜੇ ਜਾ ਚੁੱਕੇ ਹਨ। ਇਸ ਸਬੰਧ ਵਿਚ ਕੁਝ ਗ੍ਰਿਫਤਾਰੀਆਂ ਹੋਈਆਂ ਹਨ ਅਤੇ ਬੰਦਰਗਾਹ ਰਾਹੀਂ ਨਸ਼ਿਆਂ ਦੀ ਤਸਕਰੀ ਦੇ ਤਾਰ ਪੰਜਾਬ ਨਾਲ ਵੀ ਜੁੜੇ ਹਨ ਪਰ ਲੋਕਾਂ ਦੇ ਮਨਾਂ ਵਿਚ ਇਹ ਪ੍ਰਭਾਵ ਹੈ ਕਿ 'ਅਸਲ ਮੁਲਜ਼ਮ' ਪਰਦੇ ਪਿੱਛੇ ਹੀ ਰਹਿ ਗਏ ਹਨ।

# ਗੁਰਦੁਆਰਿਆਂ ਨੇੜੇ ਪੁਲਿਸ ਤਾਇਨਾਤੀ 'ਤੇ ਇਤਰਾਜ਼

*(ਪਹਿਲੇ ਸਫੇ ਦੀ ਬਾਕੀ)*

'ਤੇ ਨਾਰਾਜ਼ਗੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਪਹਿਲੀ ਵਾਰ ਸੂਬੇ ਅੰਦਰ ਅਜਿਹੇ ਸੁਰੱਖਿਆ ਪ੍ਰਬੰਧ ਦੇਖੇ ਹਨ। ਪੰਜਾਬ 'ਚ ਕੋਈ ਮਸਲਾ ਨਹੀਂ ਹੈ ਪਰ ਛੋਟੀ ਜਿਹੀ ਗੱਲ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਲੱਗਦਾ ਹੈ, ਪੰਜਾਬ ਦਾ ਅਕਸ ਧੁੰਦਲਾ ਕਰ ਕੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਰਾਜਨੀਤਕ ਫਾਇਦਾ ਲੈਣ ਦੀ ਕੋਸ਼ਿਸ਼ ਵਿਚ ਅਜਿਹਾ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਸਰਕਾਰਾਂ ਨੂੰ ਅਪੀਲ ਕੀਤੀ ਕਿ ਪੰਜਾਬ ਨੂੰ ਦੁਬਾਰਾ ਕਾਲੇ ਦੌਰ ਵੱਲ ਧੱਕਣ ਦੀਆਂ ਕੋਸ਼ਿਸ਼ਾਂ ਨਾ ਕੀਤੀਆਂ ਜਾਣ। ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਸਾਖੀ ਮੌਕੇ ਗੁਰੂ ਘਰਾਂ ਦੁਆਲੇ ਸੀ.ਆਰ.ਪੀ.ਐਫ. ਦੀਆਂ ਟੁਕੜੀਆਂ ਅਤੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਜਾਣਾ ਮੰਦਭਾਗੀ ਗੱਲ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਸ਼ਾਂਤ ਪਾਣੀਆਂ 'ਚ ਪੱਥਰ ਮਾਰ ਕੇ ਗੜਬੜ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ।

# ਸਿਮਰਨਜੀਤ ਮਾਨ ਵੱਲੋਂ ਚੰਨੀ ਦੇ ਹੱਕ ਵਿਚ ਹਾਅ ਦਾ ਨਾਅਰਾ

**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਸਾਬਕਾ ਮੁੱਖ ਮੰਤਰੀਆਂ ਨੂੰ ਕੇਸਾਂ ਵਿਚ ਉਲਝਾ ਕੇ ਸਿਆਸਤ ਕਰਨਾ ਮਾੜਾ ਰੁਝਾਨ ਹੈ ਜਦਕਿ ਮੁੱਖ ਮੰਤਰੀ ਨੇ ਲੋਕਾਂ ਨੂੰ ਅਮਨ-ਚੈਨ ਤੇ ਸਦਭਾਵਨਾ ਦਾ ਸੁਨੇਹਾ ਦੇਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਮੇਂ ਦੇ ਮੁੱਖ ਮੰਤਰੀ ਅਕਸਰ ਹੀ ਸਾਬਕਾ ਮੁੱਖ ਮੰਤਰੀਆਂ ਨੂੰ ਨਿਸ਼ਾਨਾ ਬਣਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਉਣਾ ਤੇ ਜ਼ਲੀਲ ਕਰਨਾ ਸ਼ੋਭਾ ਨਹੀਂ ਦਿੰਦਾ ਤੇ ਨਾ ਹੀ ਇਸ ਪਾਈ ਜਾ ਰਹੀ ਪਿਰਤ ਦਾ ਕੋਈ ਅੰਤ ਹੈ। ਸਰਕਾਰਾਂ ਨੂੰ ਸਾਫ ਸਿਆਸਤ ਕਰਨੀ ਚਾਹੀਦੀ ਹੈ ਤੇ ਸਾਬਕਾ ਮੁੱਖ ਮੰਤਰੀਆਂ ਨੂੰ ਨਿਸ਼ਾਨਾ ਬਣਾਉਣ ਤੇ ਉਨ੍ਹਾਂ ਦੀ ਦਿੱਖ ਨੂੰ ਗੰਧਲਾ ਕਰਨ ਵਾਲੀਆਂ ਕਾਰਵਾਈਆਂ ਬੰਦ ਹੋਣੀਆਂ ਚਾਹੀਦੀਆਂ ਹਨ।


**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ। ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**



## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਹੁਣ ਇਕੋ ਸਰਕਾਰੀ ਰਿਹਾਇਸ਼ ਦੀ ਸਹੂਲਤ ਦੇ ਹੱਕਦਾਰ ਹੋਣਗੇ ਵਜ਼ੀਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਹੁਣ ਨਿਯਮਾਂ ਵਿਚ ਸੋਧ ਕੀਤੀ ਹੈ, ਜਿਨ੍ਹਾਂ ਤਹਿਤ ਹੁਣ ਕੈਬਨਿਟ ਮੰਤਰੀ ਸਿਰਫ ਸਰਕਾਰੀ ਕੋਠੀ ਹੀ ਰੱਖ ਸਕਣਗੇ। ਪਹਿਲਾਂ ਅਜਿਹਾ ਹੁੰਦਾ ਸੀ ਕਿ ਵਜ਼ੀਰ ਸਰਕਾਰੀ ਕੋਠੀ ਵੀ ਲੈ ਲੈਂਦੇ ਸਨ ਅਤੇ ਨਾਲੋਂ ਨਾਲ ਐੱਮ.ਐਲ.ਏ. ਫਲੈਟ ਵੀ ਰੱਖ ਲੈਂਦੇ ਸਨ। ਹੁਣ ਜਿਉਂ ਹੀ ਕੈਬਨਿਟ ਮੰਤਰੀ ਨੂੰ ਕੋਠੀ ਮਿਲ ਜਾਵੇਗੀ ਤਾਂ ਉਸ ਨੂੰ ਫੌਰੀ ਫਲੈਟ ਖਾਲੀ ਕਰਨਾ ਪਵੇਗਾ।

ਪੰਜਾਬ ਵਿਧਾਨ ਸਭਾ ਸਕੱਤਰੇਤ ਤਰਫੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਵਿਧਾਨ ਸਭਾ ਦੇ ਸਪੀਕਰ ਵੱਲੋਂ ਪੰਜਾਬ ਲੈਜਿਸਲੇਟਿਵ ਅਸੈਂਬਲੀ (ਅਲਾਟਮੈਂਟ ਆਫ ਐਮ.ਐਲ.ਏਜ਼ ਫਲੈਟਸ, ਸਰਵੈਂਟ ਕੁਆਰਟਰ ਐਂਡ ਮੋਟਰ ਗੈਰਾਜ) ਰੂਲਜ਼ 1971 'ਚ ਸੋਧ ਕਰਕੇ ਨਵੇਂ ਨਿਯਮ ਬਣਾਏ ਗਏ ਹਨ। ਨੋਟੀਫਿਕੇਸ਼ਨ ਅਨੁਸਾਰ ਜਦੋਂ ਕਿਸੇ ਵੀ ਵਜ਼ੀਰ ਨੂੰ ਸਰਕਾਰੀ ਕੋਠੀ ਅਲਾਟ ਹੋ ਜਾਵੇਗੀ ਤਾਂ ਉਸ ਨੂੰ 15 ਦਿਨਾਂ ਦੇ ਅੰਦਰ ਮੌਜੂਦਾ ਫਲੈਟ ਖਾਲੀ ਕਰਨਾ ਹੋਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਅਗਲੇ 15 ਦਿਨ ਡਬਲ ਕਿਰਾਇਆ ਤਾਰਨਾ ਹੋਵੇਗਾ।



ਨਵੇਂ ਨਿਯਮਾਂ ਅਨੁਸਾਰ ਅਗਰ ਵਜ਼ੀਰ ਵੱਲੋਂ ਇਕ ਮਹੀਨੇ ਦੇ ਮਗਰੋਂ ਵੀ ਫਲੈਟ ਖਾਲੀ ਨਹੀਂ ਕੀਤਾ ਜਾਂਦਾ ਤਾਂ ਉਸ ਨੂੰ ਨਿਰਧਾਰਿਤ ਕਿਰਾਏ ਦਾ 160 ਗੁਣਾ ਕਿਰਾਇਆ ਭਰਨਾ ਹੋਵੇਗਾ। ਵੇਰਵਿਆਂ ਅਨੁਸਾਰ ਫਲੈਟ ਦਾ ਪ੍ਰਤੀ ਮਹੀਨਾ ਕਰੀਬ 250 ਰੁਪਏ ਕਿਰਾਇਆ ਬਣਦਾ ਹੈ। ਜੇਕਰ ਵਜ਼ੀਰ ਇਕ ਮਹੀਨੇ ਤੋਂ ਬਾਅਦ ਵੀ ਫਲੈਟ ਖਾਲੀ ਨਹੀਂ ਕਰਦਾ ਤਾਂ ਉਸ ਨੂੰ ਪ੍ਰਤੀ ਮਹੀਨਾ ਕਰੀਬ 40 ਹਜ਼ਾਰ ਰੁਪਏ ਕਿਰਾਇਆ ਤਾਰਨਾ ਪਵੇਗਾ। ਦੱਸਣਯੋਗ ਹੈ ਕਿ ਸਾਬਕਾ ਵਿਧਾਇਕਾਂ ਲਈ ਇਹ ਨਿਯਮ ਪਹਿਲਾਂ ਹੀ ਮੌਜੂਦ ਸਨ ਪਰ ਕੈਬਨਿਟ ਵਜ਼ੀਰਾਂ ਵੱਲੋਂ ਫਲੈਟ ਰੱਖਣ ਦੀ ਸੂਰਤ ਵਿਚ ਕੋਈ ਨਿਯਮ ਨਹੀਂ ਸਨ। ਹੁਣ ਕੈਬਨਿਟ ਵਜ਼ੀਰ ਸਿਰਫ ਸਰਕਾਰੀ ਕੋਠੀ ਜਾਂ ਫਲੈਟ ਹੀ ਰੱਖ ਸਕਣਗੇ। ਇਕੋ ਸਮੇਂ ਦੋ ਸਹੂਲਤਾਂ ਨਹੀਂ ਮਾਣ ਸਕਣਗੇ। ਪੰਜਾਬ ਵਿਧਾਨ ਸਭਾ ਦੀ ਹਾਊਸ ਕਮੇਟੀ ਵੱਲੋਂ ਇਸ ਦੀ ਸਿਫਾਰਸ਼ ਕੀਤੀ ਗਈ ਸੀ। ਪੰਜਾਬ ਦੇ ਵਿਧਾਇਕਾਂ ਲਈ 64 ਫਲੈਟ ਮੌਜੂਦ ਹਨ ਜਿਨ੍ਹਾਂ 'ਚੋਂ 26 ਫਲੈਟ ਪੰਜਾਬ ਸਰਕਾਰ ਦੇ ਹਨ ਜਦੋਂ ਕਿ 38 ਫਲੈਟ ਯੂਟੀ ਦੇ ਹਨ। ਬਾਕੀ ਵਿਧਾਇਕਾਂ ਨੂੰ ਐਮ.ਐਲ.ਏ ਹੋਸਟਲ ਵਿਚ ਕਮਰੇ ਅਲਾਟ ਕੀਤੇ ਹੋਏ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਕਹਿਣਾ ਸੀ ਕਿ ਅਸਲ ਵਿਚ ਪਹਿਲਾਂ ਵਜ਼ੀਰ ਇਕੋ ਵੇਲੇ ਦੋ ਦੋ ਰਿਹਾਇਸ਼ਾਂ ਰੱਖ ਲੈਂਦੇ ਸਨ ਜਿਸ ਕਰਕੇ ਬਹੁਤੇ ਵਿਧਾਇਕ ਫਲੈਟ ਤੋਂ ਵਾਂਝੇ ਰਹਿ ਜਾਂਦੇ ਸਨ। ਉਨ੍ਹਾਂ ਕਿਹਾ ਕਿ ਹੁਣ ਨਵੇਂ ਨਿਯਮਾਂ ਅਨੁਸਾਰ ਵਜ਼ੀਰ ਇਕੋ ਰਿਹਾਇਸ਼ ਦੀ ਸਹੂਲਤ ਦਾ ਹੱਕਦਾਰ ਹੋਵੇਗਾ ਅਤੇ ਉਹ ਬਤੌਰ ਵਜ਼ੀਰ ਸਰਕਾਰੀ ਕੋਠੀ ਤੋਂ ਇਲਾਵਾ ਫਲੈਟ ਨਹੀਂ ਰੱਖ ਸਕੇਗਾ।

## ਸਾਬਕਾ ਵਿਧਾਇਕਾਂ ਤੋਂ ਫਲੈਟ ਖਾਲੀ ਕਰਾਉਣ ਲਈ ਜ਼ੋਰ ਅਜ਼ਮਾਈ ਕਰਨੀ ਪਈ

**ਚੰਡੀਗੜ੍ਹ:** ਜਦੋਂ ਪੰਜਾਬ ਵਿਚ 'ਆਪ' ਹਕੂਮਤ ਬਣੀ ਤਾਂ ਬਹੁਤੇ ਸਾਬਕਾ ਵਿਧਾਇਕਾਂ ਨੇ ਫਲੈਟ ਖਾਲੀ ਨਹੀਂ ਕੀਤੇ ਸਨ ਜਿਨ੍ਹਾਂ ਨੂੰ ਵਾਰ ਵਾਰ ਤਾੜਨਾ ਵੀ ਕੀਤੀ ਗਈ ਸੀ। ਬਹੁਤੇ ਵਿਧਾਇਕਾਂ ਨੂੰ ਜੁਰਮਾਨੇ ਤੇ ਵੱਧ ਕਿਰਾਏ ਵੀ ਤਾਰਨੇ ਪਏ ਸਨ। ਪਿਛਲੇ ਸਮੇਂ ਦੌਰਾਨ ਇਹ ਰੁਝਾਨ ਰਿਹਾ ਹੈ ਕਿ ਵਿਧਾਇਕਾਂ ਵੱਲੋਂ ਆਪਣੇ ਨੇੜਲਿਆਂ ਨੂੰ ਹੀ ਫਲੈਟ ਦਿੱਤੇ ਹੋਏ ਸਨ ਜਦੋਂ ਕਿ ਉਨ੍ਹਾਂ ਦੀ ਖੁਦ ਦੀ ਰਿਹਾਇਸ਼ ਕਿਤੇ ਹੋਰ ਹੁੰਦੀ ਸੀ। ਲੰਘੇ ਸਮੇਂ ਦੌਰਾਨ ਸਾਬਕਾ ਵਿਧਾਇਕਾਂ ਤੋਂ ਫਲੈਟ ਖਾਲੀ ਕਰਾਉਣ ਲਈ ਸਰਕਾਰ ਨੂੰ ਕਾਫੀ ਜੋਰ ਅਜ਼ਮਾਇਸ਼ ਕਰਨੀ ਪਈ ਹੈ।

# ਜਲ੍ਹਿਆਂਵਾਲਾ ਬਾਗ ਸਾਕਾ: ਸ਼ਹੀਦਾਂ ਦੀ ਗਿਣਤੀ ਬਾਰੇ ਭੰਬਲਭੂਸਾ




**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਵਿਚ 13 ਅਪਰੈਲ 1919 ਨੂੰ ਵਾਪਰੇ ਸਾਕੇ ਨੂੰ 104 ਸਾਲ ਬੀਤ ਚੁੱਕੇ ਹਨ ਪਰ ਹੁਣ ਤੱਕ ਸਰਕਾਰ ਵੱਲੋਂ ਇਸ ਸਾਕੇ ਵਿਚ ਸ਼ਹੀਦ ਹੋਏ ਲੋਕਾਂ ਦੀ ਸਹੀ ਗਿਣਤੀ ਅਤੇ ਉਨ੍ਹਾਂ ਦੀ ਪ੍ਰਮਾਣਿਕਤਾ ਦਾ ਪਤਾ ਨਹੀਂ ਲਾਇਆ ਜਾ ਸਕਿਆ। ਤਤਕਾਲੀ ਕੈਪਟਨ ਸਰਕਾਰ ਵੱਲੋਂ ਇਸ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਇੱਥੇ ਰਣਜੀਤ ਐਵੇਨਿਊ ਨੇੜੇ ਆਨੰਦ ਪਾਰਕ ਵਿਚ ਸ਼ਤਾਬਦੀ ਯਾਦਗਾਰੀ ਪਾਰਕ ਦੀ ਉਸਾਰੀ ਕਰਵਾਈ ਗਈ ਸੀ। ਉਸ ਵੇਲੇ ਇਸ ਸਬੰਧੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਜਲ੍ਹਿਆਂਵਾਲਾ ਬਾਗ ਯਾਦਗਾਰੀ ਚੇਅਰ ਵੀ ਸਥਾਪਤ ਕੀਤੀ ਸੀ ਅਤੇ ਉਨ੍ਹਾਂ ਨੂੰ ਸ਼ਹੀਦਾਂ ਦੀ ਗਿਣਤੀ ਤੇ ਪ੍ਰਮਾਣਿਕਤਾ ਦਾ ਕੰਮ ਵੀ ਸੌਂਪਿਆ ਸੀ।

19 ਜਨਵਰੀ 2021 ਨੂੰ ਅੰਮ੍ਰਿਤਸਰ ਜ਼ਿਲਾ ਪ੍ਰਸ਼ਾਸਨ ਵੱਲੋਂ ਆਪਣੀ ਵੈੱਬ-ਸਾਈਟ 'ਤੇ ਸ਼ਹੀਦਾਂ ਦੀ ਗਿਣਤੀ 492 ਦੱਸੀ ਗਈ ਸੀ। ਇਸ ਸਾਕੇ ਸਬੰਧੀ ਹੋਰ ਵੀ ਕਈ ਸੰਸਥਾਵਾਂ ਦੀਆਂ ਸੂਚੀਆਂ ਵਿਚ ਸ਼ਹੀਦਾਂ ਦੀ ਗਿਣਤੀ ਵੱਖ-ਵੱਖ ਦੱਸੀ ਗਈ ਹੈ। ਇਸ ਕਾਰਨ ਸ਼ਹੀਦਾਂ ਦੀ ਗਿਣਤੀ ਨੂੰ ਲੈ ਕੇ ਸਥਿਤੀ ਅੱਜ ਵੀ ਭੰਬਲਭੂਸੇ ਵਾਲੀ ਬਣੀ ਹੋਈ ਹੈ। ਯੂਨੀਵਰਸਿਟੀ ਵਿਚ ਸਥਾਪਿਤ ਜਲ੍ਹਿਆਂਵਾਲਾ ਬਾਗ ਚੇਅਰ ਦੀ ਖੋਜ ਟੀਮ ਦੀ ਮੁਖੀ ਡਾਕਟਰ ਅਮਨਦੀਪ ਬੱਲ ਨੇ ਦੱਸਿਆ ਕਿ ਸ਼ਹੀਦਾਂ ਦੀ ਪਰਮਾਣਿਕ ਸੂਚੀ ਤਿਆਰ ਕਰਨ ਦਾ ਕੰਮ ਜਾਰੀ ਹੈ, ਜੋ ਕਿ ਅਗਲੇ ਸਾਲ ਤੱਕ ਮੁਕੰਮਲ ਹੋ ਜਾਵੇਗਾ।

## ਪ੍ਰਧਾਨ ਮੰਤਰੀ ਨੇ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 1919 ਦੇ ਜਲ੍ਹਿਆਂਵਾਲਾ ਬਾਗ ਸਾਕੇ ਦੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਸਾਨੂੰ ਮਜ਼ਬੂਤ ਅਤੇ ਵਿਕਸਤ ਭਾਰਤ ਦੇ ਨਿਰਮਾਣ ਲਈ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਪੰਜਾਬ ਵਿਚ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਦਾ ਸਾਕਾ ਵਾਪਰਿਆ ਸੀ। ਇਹ ਭਾਰਤ ਦੇ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਕਾਲਾ ਦਿਨ ਮੰਨਿਆ ਜਾਂਦਾ ਹੈ।

# ਕਾਂਗਰਸ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਦਾ ਬਚਾਅ ਕੀਤਾ: ਸਿਰਸਾ

**ਨਵੀਂ ਦਿੱਲੀ:** ਭਾਜਪਾ ਆਗੂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਦੋਂ ਯੂ.ਪੀ.ਏ. ਸਰਕਾਰ ਦੇ ਰਾਜ ਵਿਚ ਸੀ.ਬੀ.ਆਈ. ਨੇ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇ ਦਿੱਤੀ ਸੀ ਤਾਂ ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤਰ ਹੁੰਦਿਆਂ ਅਦਾਲਤ ਵਿਚ ਅਰਜ਼ੀ ਦਾਇਰ ਕੀਤੀ ਸੀ ਕਿ ਉਨ੍ਹਾਂ ਕੋਲ ਟਾਈਟਲਰ ਖਿਲਾਫ ਹੋਰ ਵੀ ਗਵਾਹ ਹਨ। ਉਨ੍ਹਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਇਕ ਪ੍ਰਮੁੱਖ ਗਵਾਹ ਨੇ ਅਦਾਲਤ ਵਿਚ ਪੇਸ਼ ਹੋ ਕੇ ਧਾਰਾ 164 ਤਹਿਤ ਆਪਣੇ ਬਿਆਨ ਦਰਜ ਕਰਵਾਏ ਹਨ ਤੇ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਵੇਲੇ ਜਗਦੀਸ਼ ਟਾਈਟਲਰ ਪੁਲ ਬੰਗਸ਼ ਵਿਖੇ ਆਇਆ ਸੀ ਤੇ ਉਸ ਨੇ ਖੜ੍ਹੇ ਹੋ ਕੇ ਸਿੱਖਾਂ ਦਾ ਕਤਲੇਆਮ ਕਰਵਾਇਆ।

ਉਨ੍ਹਾਂ ਦੱਸਿਆ ਕਿ ਹੁਣ ਸੀ.ਬੀ.ਆਈ. ਇਸ ਕੇਸ 'ਤੇ ਕੰਮ ਕਰ ਰਹੀ ਹੈ ਤੇ ਉਸ ਨੇ ਜਗਦੀਸ਼ ਟਾਈਟਲਰ ਨੂੰ ਆਪਣੀ ਆਵਾਜ਼ ਦੇ ਨਮੂਨੇ ਲੈਣ ਵਾਸਤੇ ਸੀ.ਐਫ.ਐਸ.ਐਲ. ਲੈਬ ਵਿਚ ਤਲਬ ਕੀਤਾ ਹੈ। ਸਿਰਸਾ ਨੇ ਕਿਹਾ ਕਿ ਉਨ੍ਹਾਂ ਕੋਲ ਟਾਈਟਲਰ ਖਿਲਾਫ ਹੋਰ ਵੀ ਗਵਾਹ



ਹਨ। ਸ੍ਰੀ ਸਿਰਸਾ ਨੇ ਕਿਹਾ ਕਿ ਕੇਂਦਰ ਵਿਚ ਸਰਕਾਰ ਹੋਣ ਵੇਲੇ ਕਾਂਗਰਸ ਨੇ ਆਪਣੇ ਉਨ੍ਹਾਂ ਆਗੂਆਂ ਦਾ ਬਚਾਅ ਕੀਤਾ ਜਿਨ੍ਹਾਂ ਨੇ ਭੀੜ ਦੀ ਅਗਵਾਈ ਕਰਦਿਆਂ ਦਿੱਲੀ ਤੇ ਦੇਸ਼ ਦੇ ਹੋਰ ਭਾਗਾਂ ਵਿਚ ਹਜ਼ਾਰਾਂ ਮਾਸੂਮ ਤੇ ਨਿਰਦੋਸ਼ ਸਿੱਖਾਂ ਦਾ ਕਤਲ ਕੀਤਾ। ਉਨ੍ਹਾਂ ਕਿਹਾ ਕਿ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਐਨ.ਡੀ.ਏ. ਸਰਕਾਰ ਇਹ ਯਕੀਨੀ ਬਣਾਵੇਗੀ ਕਿ ਸਾਰੇ ਦੋਸ਼ੀਆਂ ਨੂੰ ਸਜ਼ਾਵਾਂ ਹੋਣ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਨਿਆਂ ਦੇਣ ਦੀ ਥਾਂ ਕਾਂਗਰਸ ਪਾਰਟੀ ਨੇ ਟਾਈਟਲਰ ਤੇ ਹੋਰਨਾਂ ਨੂੰ ਪਾਰਟੀ ਤੇ ਸਰਕਾਰ ਵਿਚ ਅਹੁਦੇ ਦੇ ਕੇ ਸਨਮਾਨਿਆ।

# ਕੈਲੀਫੋਰਨੀਆ ਅਸੈਂਬਲੀ ਵੱਲੋਂ ਸਿੱਖ ਵਿਰੋਧੀ ਦੰਗਿਆਂ ਨੂੰ ਨਸਲਕੁਸ਼ੀ ਕਰਾਰ ਦੇਣ ਬਾਰੇ ਮਤਾ ਪਾਸ

**ਵਾਸ਼ਿੰਗਟਨ:** ਕੈਲੀਫੋਰਨੀਆ ਵਿਧਾਨ ਸਭਾ ਨੇ ਮਤਾ ਪਾਸ ਕਰਕੇ ਅਮਰੀਕੀ ਸੰਸਦ ਤੋਂ ਮੰਗ ਕੀਤੀ ਹੈ ਕਿ ਉਹ ਭਾਰਤ 'ਚ ਹੋਏ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦੇਵੇ। ਇਹ ਮਤਾ ਵਿਧਾਨ ਸਭਾ ਮੈਂਬਰ ਜਸਮੀਤ ਕੌਰ ਬੈਂਸ ਵੱਲੋਂ ਪੇਸ਼ ਕੀਤਾ ਗਿਆ ਜੋ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।

ਮਤੇ ਨੂੰ ਇਕਲੌਤੀ ਹਿੰਦੂ ਮੈਂਬਰ ਐਸ਼ ਕਾਲਰਾ ਨੇ ਵੀ ਹਮਾਇਤ ਦਿੱਤੀ। ਬੈਂਸ ਪਹਿਲੀ ਸਿੱਖ ਮੈਂਬਰ ਹੈ ਜੋ ਵਿਧਾਨ ਸਭਾ ਲਈ ਚੁਣੀ ਗਈ ਹੈ। ਮਤੇ 'ਚ ਕਿਹਾ ਗਿਆ ਹੈ ਕਿ ਅਮਰੀਕਾ 'ਚ ਸਿੱਖ ਭਾਈਚਾਰਾ ਦੰਗਿਆਂ ਦੇ ਸਰੀਰਕ ਅਤੇ ਮਾਨਸਿਕ ਸਦਮੇ ਤੋਂ ਨਹੀਂ ਉੱਭਰ ਸਕਿਆ ਹੈ ਅਤੇ ਅਮਰੀਕੀ ਕਾਂਗਰਸ ਸਿੱਖ ਦੰਗਿਆਂ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੰਦਿਆਂ ਇਸ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰੇ।

ਮਤੇ 'ਚ ਕਿਹਾ ਗਿਆ ਹੈ ਕਿ ਦਿੱਲੀ 'ਚ ਅਜੇ ਵੀ 'ਵਿਧਵਾ ਕਾਲੋਨੀ' ਹੈ ਜਿਥੇ ਨਸਲਕੁਸ਼ੀ ਦਾ ਦਰਦ ਆਪਣੇ ਪਿੰਡੇ 'ਤੇ ਹੰਢਾਉਣ ਵਾਲੀਆਂ ਸਿੱਖ ਔਰਤਾਂ ਰਹਿੰਦੀਆਂ ਹਨ ਅਤੇ ਉਹ ਇਨਸਾਫ ਦੀ ਉਡੀਕ ਕਰ ਰਹੀਆਂ ਹਨ। ਅਮਰੀਕੀ ਸਿੱਖ ਕੌਕਸ ਕਮੇਟੀ ਦੇ ਤਾਲਮੇਲ ਅਧਿਕਾਰੀ ਪ੍ਰਿਤਪਾਲ ਸਿੰਘ ਅਤੇ ਹੋਰ ਅਮਰੀਕੀ ਸਿੱਖ ਜਥੇਬੰਦੀਆਂ ਨੇ ਇਕ ਬਿਆਨ ਜਾਰੀ ਕਰਕੇ ਮਤਾ ਪਾਸ ਕਰਨ ਲਈ ਕੈਲੀਫੋਰਨੀਆ ਵਿਧਾਨ ਸਭਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਹੈ।



# ਬਰਤਾਨੀਆ ਨੇ ਭਾਰਤੀ ਸਿੱਖ ਫੌਜੀਆਂ ਦੇ ਚਿੱਤਰ ਦੇਸ਼ ਤੋਂ ਬਾਹਰ ਲਿਜਾਉਣ 'ਤੇ ਪਾਬੰਦੀ ਲਾਈ

**ਲੰਡਨ:** ਬਰਤਾਨਵੀ ਸਰਕਾਰ ਨੇ ਪਹਿਲੇ ਵਿਸ਼ਵ ਯੁੱਧ ਵਿਚ ਹਿੱਸਾ ਲੈਣ ਵਾਲੇ ਦੋ ਭਾਰਤੀ ਸਿੱਖ ਫੌਜੀਆਂ ਦੇ ਐਂਗਲੋ-ਹੰਗਰੀ ਚਿੱਤਰਕਾਰ ਫਿਲਿਪ ਡੀ ਲਾਜਲੋ ਵੱਲੋਂ ਬਣਾਏ ਚਿੱਤਰ ਦੀ ਬਰਾਮਦ ਉਤੇ ਅਸਥਾਈ ਤੌਰ 'ਤੇ ਪਾਬੰਦੀ ਲਾ ਦਿੱਤੀ ਹੈ ਤਾਂ ਜੋ ਇਸ ਨੂੰ ਦੇਸ ਤੋਂ ਬਾਹਰ ਨਾ ਲਿਜਾਇਆ ਜਾ ਸਕੇ। ਸਰਕਾਰ ਨੇ ਇਹ ਪਾਬੰਦੀ ਦੇਸ ਦੀ ਇਕ ਸੰਸਥਾ ਨੂੰ ਇਸ ਸ਼ਾਨਦਾਰ ਅਤੇ ਸੰਵੇਦਨਸ਼ੀਲ ਪੇਂਟਿੰਗ ਨੂੰ ਖਰੀਦਣ ਲਈ ਸਮਾਂ ਦੇਣ ਲਈ ਲਾਈ ਹੈ। ਤਕਰੀਬਨ 6.5 ਕਰੋੜ ਰੁਪਏ ਦੀ ਇਸ ਪੇਂਟਿੰਗ ਵਿਚ ਘੋੜਸਵਾਰ ਅਫਸਰ ਰਿਸਾਲਦਾਰ ਜਗਤ ਸਿੰਘ ਅਤੇ ਰਿਸਾਲਦਾਰ ਮਾਨ ਸਿੰਘ, ਬ੍ਰਿਟਿਸ਼-ਭਾਰਤੀ ਫੌਜ ਦੀ ਫੋਰਸ ਦੇ ਜੂਨੀਅਰ ਕਮਾਂਡਰ, ਜਿਨ੍ਹਾਂ ਨੇ ਫਰਾਂਸ ਵਿਚ ਸੋਮੇ ਦੀ ਲੜਾਈ ਵਿਚ ਸੇਵਾ ਕੀਤੀ ਸੀ, ਨੂੰ ਦਰਸਾਇਆ ਗਿਆ ਹੈ। ਮੰਨਿਆ ਜਾਂਦਾ ਹੈ ਕਿ ਦੋਵਾਂ ਨੇ ਯੁੱਧ ਦੌਰਾਨ ਹੀ ਸ਼ਹੀਦੀ ਪ੍ਰਾਪਤ ਕੀਤੀ ਸੀ।

ਇਹ ਤਸਵੀਰ ਕਾਫੀ ਦੁਰਲੱਭ ਹੈ, ਜੋ ਪਹਿਲੇ ਵਿਸ਼ਵ ਯੁੱਧ ਵਿਚ ਭਾਰਤੀਆਂ ਦੀ ਸਰਗਰਮ ਹਿੱਸੇਦਾਰੀ ਨੂੰ ਦਰਸਾਉਂਦੀ ਹੈ। ਬਰਤਾਨੀਆ ਦੇ ਕਲਾ ਅਤੇ ਵਿਰਾਸਤ ਮੰਤਰੀ ਲਾਰਡ ਸਟੀਫਨ ਪਾਰਕਿੰਸਨ ਨੇ ਕਿਹਾ, ''ਇਹ ਸ਼ਾਨਦਾਰ ਅਤੇ ਸੰਵੇਦਨਸ਼ੀਲ ਪੇਂਟਿੰਗ ਸਾਡੇ ਇਤਿਹਾਸ ਦੇ ਮਹੱਤਵਪੂਰਨ ਪਲ ਨੂੰ ਦਰਸਾਉਂਦੀ ਹੈ, ਜਦੋਂ ਪਹਿਲੇ ਵਿਸ਼ਵ ਯੁੱਧ 'ਚ ਲੜਨ ਵਾਸਤੇ ਮਦਦ ਲਈ ਦੁਨੀਆਂ ਭਰ ਤੋਂ ਫੌਜਾਂ ਨੂੰ ਲਿਆਂਦਾ ਗਿਆ ਸੀ।'' ਦੱਸਣਯੋਗ ਹੈ ਕਿ ਪਹਿਲੇ ਵਿਸ਼ਵ ਯੁੱਧ ਦੌਰਾਨ 15 ਲੱਖ ਭਾਰਤੀ ਫੌਜੀ ਤਾਇਨਾਤ ਕੀਤੇ ਗਏ ਸਨ ਅਤੇ ਰਿਕਾਰਡ ਅਨੁਸਾਰ ਤਸਵੀਰ ਵਿਚਲੇ ਦੋ ਸੈਨਿਕ ਫਰਾਂਸ ਵਿਚ ਲੜਨ ਲਈ ਭੇਜੇ



ਜਾਣ ਤੋਂ ਦੋ ਮਹੀਨੇ ਪਹਿਲਾਂ ਲੰਡਨ ਵਿਚ ਫਿਲਿਪ ਡੀ ਲਾਜਲੋ ਦੇ ਸਾਹਮਣੇ ਬੈਠੇ ਸਨ ਤਾਂ ਜੋ ਉਹ ਉਨ੍ਹਾਂ ਦੇ ਚਿੱਤਰ ਬਣਾ ਸਕੇ। ਮੰਨਿਆ ਜਾਂਦਾ ਹੈ ਕਿ ਡੀ ਲਾਜਲੋ ਨੇ ਇਹ ਪੇਂਟਿੰਗ ਆਪਣੇ ਸੰਗ੍ਰਹਿ ਲਈ ਬਣਾਈ ਸੀ ਅਤੇ ਇਸ ਨੂੰ 1937 ਵਿਚ ਉਸ ਦੀ ਮੌਤ ਤੱਕ ਉਸ ਦੇ ਸਟੂਡੀਓ ਵਿਚ ਰੱਖਿਆ ਗਿਆ ਸੀ। ਬਰਤਾਨੀਆ ਸਰਕਾਰ ਨੇ ਇਕ ਕਮੇਟੀ ਦੀ ਸਲਾਹ 'ਤੇ ਇਸ ਤਸਵੀਰ ਦੀ ਬਰਾਮਦ ਪਾਬੰਦੀ ਲਾਈ ਹੈ।

## 'ਜਨਵਰੀ' ਦੀ ਲੰਡਨ ਫਿਲਮ ਫੈਸਟੀਵਲ ਲਈ ਚੋਣ

**ਮੁਹਾਲੀ:** ਪੰਜਾਬ ਦੇ ਨੋਰਾ ਰਿਚਰਡਜ ਰੰਗਮੰਚ ਅਤੇ ਸਿਰਜਣਾ ਦੇ ਸਾਂਝੇ ਯਤਨਾਂ ਹੇਠ ਬਣੀ ਅੰਗਰੇਜ਼ੀ ਫਿਲਮ 'ਜਨਵਰੀ' ਦੀ ਚੋਣ ਕੌਮਾਂਤਰੀ ਲੰਡਨ ਲਿਫਟ-ਆਫ ਫਿਲਮ ਫੈਸਟੀਵਲ ਲਈ ਹੋਈ ਹੈ। ਇਹ ਫਿਲਮ ਦੁਨੀਆਂ ਭਰ ਵਿਚੋਂ ਚੁਣੀਆਂ ਗਈਆਂ 28 ਫਿਲਮਾਂ ਵਿਚ ਸ਼ਾਮਲ ਹੈ, ਜਿਸ ਦਾ ਪ੍ਰਦਰਸ਼ਨ ਫੈਸਟੀਵਲ ਦੌਰਾਨ ਕੀਤਾ ਜਾਵੇਗਾ। ਇਹ ਫਿਲਮ ਵਿਦੇਸ਼ ਵਿਚ ਰਹਿ ਰਹੀ ਇਕ ਭਾਰਤੀ ਬੱਚੀ ਦੀ ਕਹਾਣੀ ਹੈ, ਜੋ ਸਭਿਆਚਾਰਕ ਵਖਰੇਵਿਆਂ ਕਰਕੇ ਮਾਨਸਿਕ ਸੰਤਾਪ ਹੰਢਾਉਂਦੀ ਹੈ। ਇਹ ਕਿਰਦਾਰ ਮਹਿਕ ਸਿੰਘ ਨੇ ਨਿਭਾਇਆ ਹੈ। ਇਸ ਫਿਲਮ ਦਾ ਨਿਰਦੇਸ਼ਨ ਅਰਵਿੰਦ ਦਮਨ ਨੇ ਕੀਤਾ ਹੈ, ਜਦਕਿ ਇਸ ਦੀ ਪਟਕਥਾ ਅਤੇ ਸੰਵਾਦ ਨਾਟਕਕਾਰ ਦਵਿੰਦਰ ਦਮਨ ਵੱਲੋਂ ਲਿਖੇ ਗਏ ਹਨ। ਇਸ ਤੋਂ ਬਿਨਾਂ ਫਿਲਮ ਵਿਚ ਅਦਾਕਾਰਾ ਜਸਵੰਤ ਦਮਨ, ਕੁਮਾਰ ਪਵਨ, ਐਮੀ ਅਲੈਗਜੈਂਡਰ, ਡਰਯੂ ਮੇਗ, ਫਤਹਿਬੀਰ ਸਿੰਘ ਤੇ ਸਟੈਫਨੀ ਵੱਲੋਂ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਗਈਆਂ ਹਨ।

# ਪੰਜਾਬ ਸਰਕਾਰ ਨੇ ਕਣਕ ਮੁੱਲ 'ਚ ਕਟੌਤੀ ਦਾ ਭਾਰ ਆਪਣੇ ਮੋਢਿਆਂ 'ਤੇ ਲਿਆ

## ਕੇਂਦਰ ਵੱਲੋਂ ਲਾਏ ਕੱਟ ਦੇ ਬਾਵਜੂਦ ਕਿਸਾਨਾਂ ਨੂੰ ਮਿਲੇਗਾ ਪੂਰਾ ਮੁੱਲ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਬੇਮੌਸਮੀ ਬਾਰਸ਼ ਤੇ ਝੱਖੜ ਕਾਰਨ ਹੋਏ ਨੁਕਸਾਨ ਦੇ ਮੱਦੇਨਜ਼ਰ ਕਣਕ ਦੀ ਖਰੀਦ ਲਈ ਨਿਸ਼ਚਿਤ ਮਾਪਦੰਡਾਂ 'ਚ ਢਿੱਲ ਦਿੱਤੀ ਹੈ ਪਰ ਨਾਲ ਹੀ ਮਾਪਦੰਡਾਂ 'ਤੇ ਖਰੇ ਨਾ ਉਤਰਨ ਵਾਲੇ ਅਨਾਜ ਦੇ ਮੁੱਲ ਵਿਚ ਕਟੌਤੀ ਵੀ ਕੀਤੀ ਹੈ। ਕੇਂਦਰ ਸਰਕਾਰ ਦੁਆਰਾ ਜਾਰੀ ਕੀਤੇ ਗਏ ਪੱਤਰ ਅਨੁਸਾਰ ਉਹ ਸਮੁੱਚੀ ਫਸਲ ਤਾਂ ਖਰੀਦ ਲਵੇਗੀ ਪਰ ਸੁੰਗੜੇ ਤੇ ਟੁੱਟੇ ਦਾਣਿਆਂ ਵਾਲੀ ਫਸਲ ਦੀ ਖਰੀਦ 'ਤੇ 5.31 ਰੁਪਏ ਤੋਂ ਲੈ ਕੇ 31.87 ਰੁਪਏ ਪ੍ਰਤੀ ਕੁਇੰਟਲ ਤਕ ਦੀ ਕਟੌਤੀ ਹੋਵੇਗੀ। ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਕੇਂਦਰ ਸਰਕਾਰ ਦੁਆਰਾ ਕੀਤੀ ਗਈ ਕਟੌਤੀ ਦੀ ਭਰਪਾਈ ਪੰਜਾਬ ਸਰਕਾਰ ਕਰੇਗੀ।

ਪੰਜਾਬ ਸਰਕਾਰ ਦੇ ਅਨੁਮਾਨਾਂ ਅਨੁਸਾਰ ਸੂਬੇ ਦੇ ਕਿਸਾਨਾਂ ਦੀ ਫਸਲ 'ਤੇ ਕਰੀਬ 75 ਕਰੋੜ ਦਾ ਵੈਲਿਊ ਕੱਟ ਲੱਗਣ ਦੀ ਸੰਭਾਵਨਾ ਹੈ ਜਿਸ ਦੀ ਭਰਪਾਈ ਸੂਬਾ ਸਰਕਾਰ ਕਰੇਗੀ। ਪੰਜਾਬ ਵਿਚ ਐਤਕੀਂ 132 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਤੈਅ ਕੀਤਾ ਗਿਆ ਸੀ ਪਰ ਸਰਕਾਰ ਨੂੰ ਹੁਣ 120 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਹੋਣ ਦਾ ਅਨੁਮਾਨ ਹੈ। ਪੰਜਾਬ ਸਰਕਾਰ ਮੁਤਾਬਕ ਕਰੀਬ 40 ਲੱਖ ਮੀਟਰਿਕ ਟਨ ਕਣਕ ਬੇਮੌਸਮੀ ਬਾਰਸ਼ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਅਤੇ ਇਸੇ ਲਿਹਾਜ਼ ਨਾਲ 75 ਕਰੋੜ ਦੇ ਵੈਲਿਊ ਕੱਟ ਦਾ ਨੁਕਸਾਨ ਸੰਭਾਵਿਤ ਹੈ। ਗੈਰ ਸਰਕਾਰੀ ਅੰਦਾਜ਼ੇ ਅਨੁਸਾਰ ਵੈਲਿਊ ਕੱਟ ਦਾ ਅੰਕੜਾ 200 ਕਰੋੜ ਨੂੰ ਪਾਰ ਕਰ ਸਕਦਾ ਹੈ।

ਸੁੰਗੜੇ ਤੇ ਟੁੱਟੇ ਦਾਣੇ ਵਾਲੀ ਫਸਲ 'ਤੇ ਛੇ ਫੀਸਦੀ ਤਕ ਕੋਈ ਕਟੌਤੀ ਨਹੀਂ ਹੋਵੇਗੀ ਜਦੋਂਕਿ 16-18 ਫੀਸਦੀ ਤਕ ਨੁਕਸਾਨੇ ਗਏ ਦਾਣਿਆਂ ਵਾਲੀ ਫਸਲ 'ਤੇ 31.87 ਰੁਪਏ ਪ੍ਰਤੀ ਕੁਇੰਟਲ ਕਟੌਤੀ ਹੋਵੇਗੀ। ਬਦਰੰਗ ਹੋਣ ਦੇ ਆਧਾਰ 'ਤੇ 10 ਫੀਸਦੀ ਤੱਕ ਬਦਰੰਗ ਹੋਈ ਫਸਲ ਦੇ ਖਰੀਦ ਮੁੱਲ 'ਤੇ ਕੋਈ ਕਟੌਤੀ ਨਹੀਂ ਹੋਵੇਗੀ ਜਦੋਂਕਿ 10 ਫੀਸਦੀ ਤੋਂ 80 ਫੀਸਦੀ ਤਕ ਬਦਰੰਗ ਹੋਈ ਜਿਣਸ ਦੇ ਭਾਅ ਵਿਚ 25 ਫੀਸਦੀ ਕਟੌਤੀ ਕੀਤੀ ਜਾਵੇਗੀ।

ਉਧਰ, ਪੰਜਾਬ ਸਰਕਾਰ ਵੱਲੋਂ ਖਰੀਦ ਏਜੰਸੀਆਂ ਦੇ ਅਫਸਰਾਂ-ਮੁਲਾਜ਼ਮਾਂ ਨੂੰ ਤਾੜਨਾ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਕਣਕ ਖਰੀਦ ਦੇ ਮੁੱਲ 'ਚ ਹਕੀਕਤ ਨਾਲੋਂ ਵਾਧੂ ਕਟੌਤੀ ਕੀਤੀ ਤਾਂ ਅਜਿਹਾ ਕਰਨ ਵਾਲਿਆਂ ਖਿਲਾਫ ਕਾਰਵਾਈ ਹੋਵੇਗੀ। ਜ਼ਿਕਰਯੋਗ ਹੈ ਕਿ ਜਦੋਂ ਕੇਂਦਰ ਸਰਕਾਰ ਨੇ ਖਰੀਦ ਮਾਪਦੰਡਾਂ 'ਚ ਢਿੱਲ ਦੇ ਕੇ ਕਟੌਤੀ ਫਾਰਮੂਲਾ ਐਲਾਨ ਦਿੱਤਾ ਸੀ ਤਾਂ ਇਸ ਕਟੌਤੀ ਵਜੋਂ ਕਿਸਾਨਾਂ ਨੂੰ ਹੋਣ ਵਾਲੇ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਵੱਲੋਂ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦਾ ਮਤਲਬ ਹੈ ਕਿ ਜਿੰਨੀ ਮੁੱਲ 'ਚ ਕਟੌਤੀ ਹੋਵੇਗੀ, ਉਹ ਪੈਸਾ ਪੰਜਾਬ ਸਰਕਾਰ ਕਿਸਾਨਾਂ ਨੂੰ ਤਾਰੇਗੀ। ਪੰਜਾਬ ਸਰਕਾਰ ਦੇ ਇਸ ਫੈਸਲੇ ਮਗਰੋਂ ਸੂਬੇ ਦੇ ਖਰੀਦ ਕੇਂਦਰਾਂ ਵਿਚ ਜੋ ਫਸਲ ਕੇਂਦਰੀ ਮਾਪਦੰਡਾਂ ਹੇਠਾਂ ਪੁੱਜ ਰਹੀ ਸੀ, ਉਸ 'ਤੇ ਖਰੀਦ ਏਜੰਸੀਆਂ ਨੇ ਵੱਧ ਤੋਂ ਵੱਧ 'ਵੈਲਿਊ ਕੱਟ' ਲਾਉਣਾ ਸ਼ੁਰੂ ਕਰ ਦਿੱਤਾ ਸੀ।

ਖਰੀਦ ਏਜੰਸੀਆਂ ਦੇ ਅਫਸਰਾਂ ਨੂੰ ਡਰ ਸੀ ਕਿ ਜੇ ਕਿਤੇ ਉਨ੍ਹਾਂ 'ਵੈਲਿਊ ਕੱਟ' ਘੱਟ ਲਾਇਆ ਅਤੇ ਭਾਰਤੀ ਖੁਰਾਕ ਨਿਗਮ ਨੇ ਵੱਧ 'ਵੈਲਿਊ ਕੱਟ' ਦਾ ਮੁਲਾਂਕਣ ਕੀਤਾ ਤਾਂ ਉਨ੍ਹਾਂ ਨੂੰ (ਖਰੀਦ ਏਜੰਸੀਆਂ) ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਣਾ ਪਵੇਗਾ। ਸੂਤਰ ਦੱਸਦੇ ਹਨ ਕਿ ਅਧਿਕਾਰੀ ਭਾਰਤੀ ਖੁਰਾਕ ਨਿਗਮ ਦੇ ਡਰੋਂ ਵੀ ਵੱਧ ਤੋਂ ਵੱਧ ਵੈਲਿਊ ਕੱਟ ਲਾਉਣ ਦੇ ਰਾਹ ਪੈ ਗਏ ਸਨ। ਵੱਧ ਵੈਲਿਊ ਕੱਟ ਲੱਗਣ ਨਾਲ ਪੰਜਾਬ ਸਰਕਾਰ ਦੇ ਖਜ਼ਾਨੇ 'ਤੇ ਵਿੱਤੀ ਬੋਝ ਹੋਰ ਵਧਣ ਦਾ ਖਦਸ਼ਾ ਸੀ। ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਨੇ ਖਰੀਦ ਏਜੰਸੀਆਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਜੇ ਏਜੰਸੀਆਂ ਵੱਲੋਂ ਨਿਰਧਾਰਿਤ ਕਟੌਤੀ ਤੋਂ ਵੱਧ ਕਟੌਤੀ ਕੀਤੀ ਗਈ ਤਾਂ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਕਿਉਂਕਿ ਇਸ ਨਾਲ ਸਿੱਧੇ ਤੌਰ 'ਤੇ ਪੰਜਾਬ ਦੇ ਖਜ਼ਾਨੇ ਨੂੰ ਨੁਕਸਾਨ ਹੋਵੇਗਾ। ਇਕ ਅਧਿਕਾਰੀ ਨੇ ਦੱਸਿਆ ਕਿ ਕਈ ਮਾਮਲੇ ਸਾਹਮਣੇ ਆਏ ਸਨ; ਜਿਵੇਂ ਹਕੀਕਤ ਵਿਚ ਸੁੰਗੜੇ ਤੇ ਟੁੱਟੇ ਦਾਣੇ ਦੀ ਮਾਤਰਾ 10% ਨਿਕਲੀ ਹੈ ਪਰ ਖਰੀਦ ਏਜੰਸੀ ਨੇ ਇਸ ਨੂੰ ਵੱਧ ਤੋਂ ਵੱਧ ਨੁਕਸਾਨੀ ਲਿਖ ਦਿੱਤਾ ਜਿਸ ਕਰ ਕੇ ਵੈਲਿਊ ਕੱਟ ਦੀ ਸਭ ਤੋਂ ਉੱਪਰਲੀ ਸਲੈਬ ਲਾਗੂ ਹੋ ਗਈ ਜਿਸ ਦੀ ਭਰਪਾਈ ਸੂਬਾ ਸਰਕਾਰ ਨੇ ਕਰਨੀ ਹੈ।



### ਕਣਕ ਦੀ ਕੀਮਤ ਵਿਚ ਕਟੌਤੀ ਖਿਲਾਫ ਕਿਸਾਨਾਂ ਵੱਲੋਂ ਧਰਨੇ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੀ ਅਗਵਾਈ ਹੇਠ ਬੇਮੌਸਮੇ ਮੀਂਹ ਤੇ ਗੜੇਮਾਰੀ ਨਾਲ ਕਣਕ ਦੇ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਣ ਦੀ ਬਜਾਏ ਬਦਰੰਗ ਦਾਣਿਆਂ ਦੇ ਬਹਾਨੇ ਸਮਰਥਨ ਮੁੱਲ ਵਿਚ ਕੇਂਦਰ ਵੱਲੋਂ ਕੀਤੀ ਗਈ ਕਟੌਤੀ ਵਿਰੁੱਧ ਕਿਸਾਨਾਂ ਨੇ ਰੋਸ ਪ੍ਰਗਟਾਇਆ। ਕਿਸਾਨਾਂ ਵੱਲੋਂ ਸੰਗਰੂਰ, ਤਰਨ ਤਾਰਨ, ਲੁਧਿਆਣਾ, ਮੁਕਤਸਰ, ਫਾਜ਼ਿਲਕਾ, ਫਰੀਦਕੋਟ, ਗੁਰਦਾਸਪੁਰ ਜ਼ਿਲ੍ਹਿਆਂ ਵਿਚ ਡੀ.ਸੀ. ਅਤੇ ਐਸ.ਡੀ.ਐਮ. ਦਫਤਰਾਂ ਅੱਗੇ ਰੋਸ ਧਰਨੇ ਦੇ ਕੇ ਅਧਿਕਾਰੀਆਂ ਰਾਹੀਂ ਪ੍ਰਧਾਨ ਮੰਤਰੀ ਦੇ ਨਾਂ ਮੰਗ ਪੱਤਰ ਭੇਜੇ ਗਏ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੱਸਿਆ ਕਿ ਧਰਨਿਆਂ ਦੌਰਾਨ ਬੁਲਾਰਿਆਂ ਨੇ ਮੰਗ ਕੀਤੀ ਕਿ ਕਟੌਤੀ ਕਰਨ ਦਾ ਫੈਸਲਾ ਵਾਪਸ ਲਿਆ ਜਾਵੇ ਤੇ ਭਾਰੀ ਮੀਂਹ ਨੂੰ ਕੌਮੀ ਆਫਤ ਮੰਨ ਕੇ ਫਸਲੀ ਨੁਕਸਾਨ ਦੀ ਪੂਰੀ ਅਦਾਇਗੀ ਕਾਸ਼ਤਕਾਰਾਂ ਤੇ ਖੇਤ ਮਜ਼ਦੂਰਾਂ ਨੂੰ ਕੀਤੀ ਜਾਵੇ।

### ਮੁੱਖ ਮੰਤਰੀ ਨੇ ਕਿਸਾਨਾਂ ਨੂੰ ਮੁਆਵਜ਼ੇ ਦੇ ਚੈੱਕ ਵੰਡੇ

**ਅਬੋਹਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਕਿਸਾਨਾਂ ਨੂੰ ਮੁਆਵਜ਼ਾ ਵੰਡਣ ਦੀ ਪ੍ਰਕਿਰਿਆ ਸ਼ੁਰੂ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲੇ ਦਿਨ 40 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡ ਕੇ ਸਾਰੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਇੱਥੇ ਮੀਂਹ ਕਾਰਨ ਹੋਏ ਫਸਲਾਂ ਅਤੇ ਘਰਾਂ ਦੇ ਨੁਕਸਾਨ ਲਈ ਮੁਆਵਜ਼ਾ ਵੰਡਣ ਦੀ ਮੁਹਿੰਮ ਦੀ ਸ਼ੁਰੂਆਤ ਕਰਨ ਉਪਰੰਤ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਫਾਜ਼ਿਲਕਾ ਜ਼ਿਲ੍ਹੇ ਦੇ 362 ਪਿੰਡਾਂ ਨੂੰ ਮੁਆਵਜ਼ੇ ਵਜੋਂ ਕੁੱਲ 12.94 ਕਰੋੜ ਰੁਪਏ ਵਿਚੋਂ 6 ਕਰੋੜ ਰੁਪਏ ਖੁਦ ਵੰਡੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਸਰਕਾਰਾਂ ਵੱਲੋਂ ਸਿਰਫ ਫੋਕੇ ਦਾਅਵੇ ਹੀ ਕੀਤੇ ਜਾਂਦੇ ਸਨ ਅਤੇ ਜ਼ਮੀਨੀ ਪੱਧਰ ਉਤੇ ਲੋਕਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਂਦਾ ਸੀ ਪਰ ਇਸ ਵਾਰ ਵੱਡਾ ਬਦਲਾਅ ਲਿਆਉਂਦਾ ਗਿਆ ਹੈ।

### ਮੁਆਵਜ਼ੇ ਬਾਰੇ ਕਿਸਾਨਾਂ ਨਾਲ ਧੋਖਾ ਕੀਤਾ: ਸੁਖਬੀਰ



**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਥੇ ਪਾਰਟੀ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਦਫਤਰ ਦਾ ਉਦਘਾਟਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਮੁਆਵਜ਼ਾ ਦੇਣ ਦੇ ਨਾਂ 'ਤੇ ਲੱਖਾਂ ਕਿਸਾਨਾਂ ਨਾਲ ਧੋਖਾ ਕਰ ਰਹੇ ਹਨ। ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿਰਫ 127 ਕਿਸਾਨਾਂ ਨੂੰ ਚੈੱਕ ਵੰਡ ਕੇ ਮੁੱਖ ਮੰਤਰੀ ਨੇ ਸ਼ੋਹਰਤ ਹਾਸਲ ਕਰਨ ਦਾ ਯਤਨ ਕੀਤਾ ਹੈ। ਸ੍ਰੀ ਬਾਦਲ ਨੇ ਕਿਹਾ ਕਿ 'ਆਪ' ਸਰਕਾਰ ਨੇ ਪਹਿਲਾਂ ਵੀ ਦੋ ਵਾਰੀ ਕਿਸਾਨਾਂ ਨੂੰ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਹੁਣ ਜਦੋਂ ਕਿਸਾਨਾਂ ਨੂੰ ਫਸਲ ਦਾ ਨੁਕਸਾਨ ਝੱਲਣਾ ਪਿਆ ਹੈ ਤਾਂ ਮੁੱਖ ਮੰਤਰੀ ਸਿਰਫ ਕੁਝ ਕਿਸਾਨਾਂ ਨਾਲ ਮੁਆਵਜ਼ਾ ਦੇਣ ਦੀਆਂ ਤਸਵੀਰਾਂ ਖਿਚਵਾ ਕੇ ਗੁਮਰਾਹ ਕਰ ਰਹੇ ਹਨ।

## ਚੌਧਰੀ ਸੁਰਿੰਦਰ ਸਿੰਘ ਦੀ ਕਾਂਗਰਸ ਵਿਚ ਵਾਪਸੀ

**ਜਲੰਧਰ:** ਜ਼ਿਮਨੀ ਚੋਣ ਤੋਂ ਪਹਿਲਾਂ ਦਲ ਬਦਲਣ ਦੀਆਂ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਕਰਤਾਰਪੁਰ ਵਿਧਾਨ ਸਭਾ ਹਲਕੇ ਦਾ ਕਾਂਗਰਸੀ ਆਗੂ ਚੌਧਰੀ ਸੁਰਿੰਦਰ ਸਿੰਘ ਆਪਣੇ ਪਰਿਵਾਰ ਦੀ ਵਿਰਾਸਤ ਨੂੰ ਛੱਡ ਕੇ ਕੁਝ ਦਿਨ ਪਹਿਲਾਂ 'ਆਪ' ਵਿਚ ਸ਼ਾਮਲ ਹੋ ਗਿਆ ਸੀ ਤਾਂ ਸਿਆਸੀ ਹਲਕਿਆਂ ਵਿਚ ਇਸ ਨੂੰ ਵੱਡਾ ਝਟਕਾ ਕਰਾਰ ਦਿੱਤਾ ਗਿਆ ਸੀ। ਚੌਧਰੀ ਸੁਰਿੰਦਰ ਸਿੰਘ ਨੂੰ 'ਆਪ' ਵਿਚ ਸ਼ਾਮਲ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਖੁਦ ਆਪ ਕਰਤਾਰਪੁਰ ਰੈਲੀ ਵਿਚ ਗਏ ਸਨ। ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਚੌਧਰੀ ਸੁਰਿੰਦਰ ਸਿੰਘ ਨੂੰ 'ਆਪ' ਵਾਲਿਆਂ ਨੇ ਗੁੰਮਰਾਹ ਕਰ ਲਿਆ ਸੀ। ਜਦੋਂ ਉਸ ਨੂੰ ਪਿਤਾ ਤੇ ਦਾਦੇ ਦੀ



ਵਿਰਾਸਤ ਬਾਰੇ ਯਾਦ ਕਰਵਾਇਆ ਤਾਂ ਉਸ ਦਾ ਮਨ ਬਦਲ ਗਿਆ। ਉਸ ਨੂੰ ਆਪਣੀ ਇਸ ਪਹਿਲੀ ਭੁੱਲ ਦਾ ਅਹਿਸਾਸ ਹੋ ਗਿਆ ਤੇ ਉਹ ਮੁੜ ਆਪਣੇ ਕਾਂਗਰਸ ਦੇ ਘਰ ਪਰਤ ਆਇਆ ਜਿੱਥੇ ਉਸ ਦੇ ਦਾਦੇ ਤੇ ਪਿਤਾ ਦੀ ਵਿਰਾਸਤ ਦੇ ਨਾਲ-ਨਾਲ ਚਾਚੇ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਵੀ ਨਿੱਘੀ ਯਾਦ ਜੁੜੀ ਹੋਈ ਹੈ।

## ਅਦਾਲਤ 'ਚ ਪੇਸ਼ ਨਾ ਹੋਏ ਬਾਦਲ, ਸੈਣੀ ਤੇ ਉਮਰਾਨੰਗਲ

**ਫਰੀਦਕੋਟ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਡੀ.ਆਈ.ਜੀ. ਅਮਰ ਸਿੰਘ ਚਾਹਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਅਤੇ ਸੁਖਮਿੰਦਰ ਸਿੰਘ ਮਾਨ ਕੋਟਕਪੂਰਾ ਗੋਲੀ ਕਾਂਡ ਮਾਮਲੇ 'ਚ ਅਦਾਲਤ ਵਿਚ ਪੇਸ਼ ਨਹੀਂ ਹੋਏ।

ਉਮਰਾਨੰਗਲ ਨੇ ਹਾਜ਼ਰੀ ਮੁਆਫ਼ੀ ਲਈ ਅਰਜ਼ੀ ਦੇ ਕੇ ਕਿਹਾ ਕਿ ਖਾਲਿਸਤਾਨੀ ਕਾਰਕੁਨਾਂ





ਤੋਂ ਉਸ ਦੀ ਜਾਨ ਨੂੰ ਖਤਰਾ ਹੈ ਅਤੇ ਉਹ ਸੁਰੱਖਿਆ ਕਾਰਨਾਂ ਕਰਕੇ ਅਦਾਲਤ ਵਿਚ ਪੇਸ਼ ਨਹੀਂ ਹੋ ਸਕਦਾ। ਇਸੇ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਮੇਧ ਸੈਣੀ ਨੇ ਵੀ ਆਪਣੀ ਸਿਹਤ ਦਾ ਹਵਾਲਾ ਦੇ ਕੇ ਪੇਸ਼ੀ ਤੋਂ ਛੋਟ ਮੰਗੀ ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ। ਅਦਾਲਤ ਨੇ ਅਗਲੀ ਪੇਸ਼ੀ 'ਤੇ ਸਾਰੇ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਦੌਰਾਨ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇੱਥੇ ਅਦਾਲਤ ਵਿਚ ਨਿੱਜੀ ਤੌਰ 'ਤੇ ਹਾਜ਼ਰ ਹੋਏ।

ਉਨ੍ਹਾਂ ਦੀ ਪੇਸ਼ੀ ਮੌਕੇ ਇਸ ਵਾਰ ਵਰਕਰਾਂ ਤੇ ਆਗੂਆਂ ਦਾ ਇਕੱਠ ਨਹੀਂ ਹੋਇਆ। ਕੇਸ ਦੀ ਅਗਲੀ ਸੁਣਵਾਈ 25 ਅਪਰੈਲ ਨੂੰ ਹੈ। ਕੇਸ ਦੇ ਸਾਰੇ ਮੁਲਜ਼ਮਾਂ ਨੂੰ ਜ਼ਮਾਨਤ ਮਿਲ ਚੁੱਕੀ ਹੈ ਤੇ ਜ਼ਮਾਨਤਨਾਮੇ ਵੀ ਭਰੇ ਜਾ ਚੁੱਕੇ ਹਨ। ਡੀ.ਆਈ.ਜੀ ਅਮਰ ਸਿੰਘ ਚਾਹਲ ਹਾਈ ਕੋਰਟ ਵੱਲੋਂ ਜ਼ਮਾਨਤ ਮਿਲਣ ਮਗਰੋਂ ਵੀ ਇੱਥੇ ਅਦਾਲਤ ਵਿਚ ਪੇਸ਼ ਨਹੀਂ ਹੋਏ। ਅਦਾਲਤ ਨੇ ਉਨ੍ਹਾਂ ਨੂੰ ਪੇਸ਼ ਹੋਣ ਲਈ ਦੁਬਾਰਾ ਸੰਮਨ ਜਾਰੀ ਕੀਤੇ ਹਨ।

## ਹੁਣ ਪੰਜਾਬੀ ਸਣੇ 13 ਖੇਤਰੀ ਭਾਸ਼ਾਵਾਂ 'ਚ ਹੋਵੇਗੀ ਸੀ.ਏ.ਪੀ.ਐਫ. ਕਾਂਸਟੇਬਲਾਂ ਦੀ ਪ੍ਰੀਖਿਆ



**ਨਵੀਂ ਦਿੱਲੀ:** ਗ੍ਰਹਿ ਮੰਤਰਾਲੇ ਨੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (ਸੀ.ਏ.ਪੀ.ਐਫ.) ਦੇ ਕਾਂਸਟੇਬਲ (ਜਨਰਲ ਡਿਊਟੀ) ਦੀ ਪ੍ਰੀਖਿਆ ਪੰਜਾਬੀ ਸਣੇ 13 ਖੇਤਰੀ ਭਾਸ਼ਾਵਾਂ ਵਿਚ ਲੈਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਚੇਤੇ ਰਹੇ ਪਹਿਲਾਂ ਇਹ ਪ੍ਰੀਖਿਆ ਸਿਰਫ ਅੰਗਰੇਜ਼ੀ ਤੇ ਹਿੰਦੀ ਵਿਚ ਲਈ ਜਾਂਦੀ ਸੀ। ਅਧਿਕਾਰਤ ਬਿਆਨ ਮੁਤਾਬਕ ਇਹ ਇਤਿਹਾਸਕ ਫੈਸਲਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪਹਿਲਕਦਮੀ 'ਤੇ ਕੀਤਾ ਗਿਆ ਹੈ ਤਾਂ ਜੋ ਸਥਾਨਕ ਨੌਜਵਾਨਾਂ ਦੀ ਸੀ.ਏ.ਪੀ.ਐਫ. ਵਿਚ ਸ਼ਮੂਲੀਅਤ ਵਧਾਈ ਜਾ ਸਕੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਫੈਸਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਟਵੀਟ ਕੀਤਾ, 'ਇਸ ਫੈਸਲੇ ਨਾਲ ਨੌਜਵਾਨਾਂ ਦੀਆਂ ਉਮੀਦਾਂ ਨੂੰ ਖੰਭ ਲੱਗਣਗੇ।' ਜ਼ਿਕਰਯੋਗ ਹੈ ਕਿ ਸੀ.ਏ.ਪੀ.ਐਫ. ਅਧੀਨ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀ.ਆਰ.ਪੀ.ਐਫ.), ਸਰਹੱਦੀ ਸੁਰੱਖਿਆ ਬਲ (ਬੀ.ਐਸ.ਐਫ.), ਕੇਂਦਰੀ ਇੰਡਸਟੀਅਲ ਸੁਰੱਖਿਆ ਬਲ (ਸੀ.ਆਈ.ਐਸ.ਐਫ.), ਇੰਡੋ ਤਿੱਬਤੀਅਨ ਸਰਹੱਦੀ ਪੁਲਿਸ (ਆਈ.ਟੀ.ਬੀ.ਪੀ.), ਸਸ਼ਤਰ ਸੀਮਾ ਬਲ (ਐਸ.ਐਸ.ਬੀ.) ਤੇ ਕੌਮੀ ਸੁਰੱਖਿਆ ਗਾਰਡ (ਐਨ.ਐਸ.ਜੀ) ਆਦਿ ਸ਼ਾਮਲ ਹਨ। ਖੇਤਰੀ ਭਾਸ਼ਾਵਾਂ ਵਿਚ ਇਹ ਪ੍ਰੀਖਿਆ ਪਹਿਲੀ ਜਨਵਰੀ 2024 ਨੂੰ ਕਰਵਾਈ ਜਾਵੇਗੀ।

## ਅਕਾਲੀਆਂ ਵੱਲੋਂ ਲੋਕਪਾਲ ਦੀ ਨਿਯੁਕਤੀ 'ਚ ਦੇਰੀ 'ਤੇ ਸਵਾਲ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਵਿਸਾਖੀ ਮੌਕੇ ਤਖਤ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੇ ਅਤੇ ਉਨ੍ਹਾਂ ਸੰਸਾਰ ਭਰ ਦੀ ਸੰਗਤ ਨੂੰ ਵਿਸਾਖੀ ਦੀ ਵਧਾਈ ਦਿੱਤੀ।

ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਗੁਰੂ ਘਰਾਂ ਵਿਚ ਸਿਵਲ ਤੇ ਵਰਦੀਧਾਰੀ ਪੁਲਿਸ ਦੀ ਤਾਇਨਾਤੀ ਕਰ ਕੇ ਸੰਗਤ ਵਿਚ ਡਰ ਵਾਲਾ ਮਾਹੌਲ ਪੈਦਾ ਕੀਤਾ ਗਿਆ ਹੈ। ਸਰਕਾਰ ਵੱਲੋਂ ਮੀਡੀਆ ਅਦਾਰਿਆਂ 'ਤੇ ਪਾਬੰਦੀਆਂ ਨਿੰਦਣਯੋਗ ਹਨ। ਉਨ੍ਹਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵਿਜੀਲੈਂਸ ਵੱਲੋਂ ਪੜਤਾਲ ਲਈ ਬੁਲਾਉਣ ਬਾਰੇ ਕਿਹਾ ਕਿ ਵਿਜੀਲੈਂਸ ਹਰ ਰੋਜ਼ ਅਜਿਹੀਆਂ ਕਾਰਵਾਈਆਂ ਕਰ ਹੀ ਹੈ ਪਰ ਵਿਸਾਖੀ ਵਾਲੇ ਦਿਨ ਉਨ੍ਹਾਂ ਨੂੰ ਬੁਲਾਉਣਾ ਗਲਤ ਹੈ। ਅਸਲ ਵਿਚ, ਸੱਤਾਧਾਰੀ ਧਿਰ ਚਾਹੁੰਦੀ ਹੈ ਕਿ ਸਮੁੱਚੇ ਮੀਡੀਆ 'ਤੇ ਇਹੀ ਖਬਰ ਚੱਲੇ ਤਾਂ ਜੋ ਉਨ੍ਹਾਂ ਨੂੰ ਜਲੰਧਰ ਦੀ ਜ਼ਿਮਨੀ ਚੋਣ ਵਿਚ ਲਾਭ ਮਿਲ ਸਕੇ। ਪੰਜਾਬ ਅੰਦਰ ਲੋਕਪਾਲ ਦੀ ਨਿਯੁਕਤੀ ਬਾਰੇ ਉਨ੍ਹਾਂ ਕਿਹਾ ਕਿ ਸੱਤਾ 'ਚ ਆਉਣ ਤੋਂ ਪਹਿਲਾਂ 'ਆਪ' ਦਾ ਦਾਅਵਾ ਸੀ ਕਿ ਲੋਕਪਾਲ ਦੀ ਨਿਯੁਕਤੀ ਹੋਵੇਗੀ ਪਰ ਅਜ ਤੱਕ ਅਜਿਹਾ ਨਹੀਂ ਹੋ ਸਕਿਆ; ਲੋਕਪਾਲ ਦੀ ਨਿਯੁਕਤੀ ਜਲਦੀ ਤੋਂ ਜਲਦੀ ਹੋਣੀ ਚਾਹੀਦੀ ਹੈ।

## ਘਰੇਲੂ ਖਪਤ 'ਚ ਸੁਸਤੀ ਕਾਰਨ ਭਾਰਤ ਦੀ ਵਿਕਾਸ ਦਰ 'ਚ ਗਿਰਾਵਟ

**ਵਾਸ਼ਿੰਗਟਨ:** ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ.) ਦੇ ਇਕ ਸੀਨੀਅਰ ਅਧਿਕਾਰੀ ਕਿਹਾ ਕਿ ਭਾਰਤ ਦੀ ਵਿਕਾਸ ਦਰ ਦਾ ਅਨੁਮਾਨ 6.1 ਫੀਸਦ ਤੋਂ ਘਟਾ ਕੇ 5.9 ਫੀਸਦ ਕਰਨ ਪਿੱਛੇ ਮੁੱਖ ਕਾਰਨ ਘਰੇਲੂ ਖਪਤ ਵਿਚ ਆ ਰਹੀ ਮੰਦੀ ਅਤੇ ਅੰਕੜਿਆਂ ਵਿਚ ਸੋਧ ਹੈ।




ਕੌਮਾਂਤਰੀ ਮੁਦਰਾ ਫੰਡ ਦੇ ਏਸ਼ੀਆ ਅਤੇ ਪ੍ਰਸ਼ਾਂਤ ਵਿਭਾਗ ਦੇ ਡਾਇਰੈਕਟਰ ਕ੍ਰਿਸ਼ਨਾ ਸ੍ਰੀਨਿਵਾਸਨ ਨੇ ਕਿਹਾ ਕਿ ਭਾਰਤ ਦੀ ਵਾਧਾ ਦਰ ਵਿਚ ਸੋਧ 6.1 ਫੀਸਦ ਤੋਂ ਘਟਾ ਕੇ 5.9 ਫੀਸਦ ਤੱਕ ਕਰਨਾ ਬਹੁਤ ਮਾਮੂਲੀ ਹੈ ਅਤੇ ਇਸ ਕਟੌਤੀ ਪਿੱਛੇ ਮੁੱਖ ਤੌਰ 'ਤੇ ਦੋ ਕਾਰਕ ਹਨ। ਉਨ੍ਹਾਂ ਕਿਹਾ, "ਇਕ ਕਾਰਨ ਘਰੇਲੂ ਖਪਤ ਦੇ ਵਾਧੇ ਵਿਚ ਆ ਰਹੀ ਹਲਕੀ ਮੰਦੀ ਹੈ। ਜਦਕਿ ਦੂਜਾ ਕਾਰਕ 2019 ਤੋਂ 2020 ਵਿਚ ਅੰਕੜਿਆਂ ਦੀ ਸੋਧ ਹੈ ਜਿਸ ਨਾਲ ਆਰਥਿਕ ਸਥਿਤੀ ਦਾ ਪਤਾ ਲੱਗਦਾ ਹੈ। ਮਹਾਮਾਰੀ ਤੋਂ ਪਹਿਲਾਂ ਸਥਿਤੀ ਕਿਤੇ ਬਿਹਤਰ ਸੀ। ਹਾਲਾਂਕਿ ਭਾਰਤੀ ਅਰਥਵਿਵਸਥਾ 'ਤੇ ਮਹਾਮਾਰੀ ਦਾ ਅਸਰ ਸਾਡੀ ਸੋਚ ਤੋਂ ਕਿਤੇ ਜ਼ਿਆਦਾ ਘੱਟ ਸੀ ਅਤੇ ਸੁਧਾਰ ਵੱਧ ਮਜ਼ਬੂਤ ਰਿਹਾ ਹੈ।"

ਉਧਰ, ਭਾਰਤ ਦਾ ਵਿਦੇਸ਼ੀ ਮੁਦਰਾ ਭੰਡਾਰ 7 ਅਪਰੈਲ ਨੂੰ ਸਮਾਪਤ ਹਫਤੇ ਵਿਚ 6.306 ਅਰਬ ਡਾਲਰ ਵਧ ਕੇ 584.75 ਅਰਬ ਡਾਲਰ ਤੱਕ ਪਹੁੰਚ ਗਿਆ। ਭਾਰਤੀ ਰਿਜ਼ਰਵ ਬੈਂਕ ਨੇ ਇਹ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਪਿਛਲੇ ਦੋ ਹਫਤਿਆਂ ਤੋਂ ਜਾਰੀ ਗਿਰਾਵਟ ਰੁਕ ਗਈ ਹੈ। ਇਸ ਤੋਂ ਪਿਛਲੇ ਹਫਤੇ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 32.9 ਕਰੋੜ ਡਾਲਰ ਘਟ ਕੇ 578.42 ਅਰਬ ਡਾਲਰ ਰਿਹਾ ਸੀ।

# ਭ੍ਰਿਸ਼ਟਾਚਾਰ ਮਾਮਲਾ: ਵਿਜੀਲੈਂਸ ਵੱਲੋਂ ਚੰਨੀ ਤੋਂ ਸੱਤ ਘੰਟੇ ਪੁੱਛ-ਪੜਤਾਲ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਤੋਂ ਸੱਤ ਘੰਟੇ ਪੁੱਛ ਪੜਤਾਲ ਦੌਰਾਨ ਕਾਂਗਰਸ ਸਰਕਾਰ ਦੇ ਸਮੇਂ ਚਰਚਿਤ ਭ੍ਰਿਸ਼ਟਾਚਾਰ ਮਾਮਲਿਆਂ ਅਤੇ ਗੈਰ ਕਾਨੂੰਨੀ ਗਤੀਵਿਧੀਆਂ ਬਾਰੇ ਸਵਾਲ ਕੀਤੇ।

ਐਸ.ਐਸ.ਪੀ. ਵਿਜੀਲੈਂਸ ਦਲਜੀਤ ਸਿੰਘ ਰਾਣਾ ਦੀ ਅਗਵਾਈ ਹੇਠਲੀ ਵਿਜੀਲੈਂਸ ਟੀਮ ਨੇ 100 ਦੇ ਕਰੀਬ ਸਵਾਲ ਪੁੱਛੇ। ਚੰਨੀ ਸਵੇਰੇ 11 ਵਜੇ ਦੇ ਕਰੀਬ ਵਿਜੀਲੈਂਸ ਭਵਨ ਪਹੁੰਚੇ ਤੇ ਦੇਰ ਸ਼ਾਮ ਤੱਕ ਵਿਜੀਲੈਂਸ ਦੀ ਤਫਤੀਸ਼ ਦਾ ਸਾਹਮਣਾ ਕਰਦੇ ਰਹੇ। ਇਸ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਵਿਜੀਲੈਂਸ ਦੀ ਜਾਂਚ 'ਸਿਆਸੀ ਖੇਡ' ਹੈ। ਹੁਣ ਜਦੋਂ ਜਲੰਧਰ ਦੀ ਜ਼ਿਮਨੀ ਚੋਣ ਦਾ ਐਲਾਨ ਹੋ ਚੁੱਕਾ ਹੈ ਤਾਂ ਸਰਕਾਰ ਨੇ ਵਿਰੋਧੀਆਂ ਨੂੰ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ, "ਮੇਰੇ ਖਿਲਾਫ ਡੂੰਘੀ ਸਾਜ਼ਿਸ਼ ਰਚੀ ਜਾ ਰਹੀ ਹੈ।" ਨਾਲ ਹੀ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਕਿਸੇ ਤੋਂ ਡਰਨ ਵਾਲੇ ਨਹੀਂ ਅਤੇ ਹਰ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ। ਚੰਨੀ ਨੇ ਕਿਹਾ ਕਿ ਉਨ੍ਹਾਂ ਨੂੰ ਜਾਨ ਤੋਂ ਵੀ ਮਾਰਿਆ ਜਾ ਸਕਦਾ ਹੈ। ਚੰਨੀ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਦੀ ਕੁਰਕੀ ਹੋਣ ਦੇ ਆਰਡਰ ਹੋਏ ਹਨ। ਇਸ ਸਬੰਧੀ ਉਨ੍ਹਾਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਸਟੇਅ ਲਈ ਹੋਈ ਹੈ।



ਸੂਤਰਾਂ ਅਨੁਸਾਰ ਸਰੋਤਾਂ ਤੋਂ ਜ਼ਿਆਦਾ ਆਮਦਨ ਅਤੇ ਭ੍ਰਿਸ਼ਟਾਚਾਰ ਨਾਲ ਜੁੜੇ ਇਸ ਮਾਮਲੇ ਨੂੰ ਲੈ ਕੇ ਕੀਤੀ ਗਈ ਤਫਤੀਸ਼ ਦੌਰਾਨ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਸਰਕਾਰ ਸਮੇਂ ਰੇਤ ਮਾਫੀਆ ਨਾਲ ਸਬੰਧਾਂ, ਨਾਜਾਇਜ਼ ਕਲੋਨੀਆਂ ਕੱਟਣ, ਸਰਕਾਰੀ ਗਰਾਂਟਾਂ 'ਚ ਬੇਨਿਯਮੀਆਂ, ਸਾਲੀ ਦੇ ਪੁੱਤ ਤੋਂ ਈਡੀ ਵੱਲੋਂ 10 ਕਰੋੜ ਰੁਪਏ ਦੀ ਰਕਮ ਬਰਾਮਦ ਹੋਣ, ਵਿਦੇਸ਼ ਦੌਰੇ ਸਮੇਂ ਕੀਤੇ ਖਰਚ, ਦੇਸ਼ ਅਤੇ ਵਿਦੇਸ਼ 'ਚ ਨਿਵੇਸ਼, ਗੋਆ ਵਿਚ ਰਿਜ਼ੋਰਟ ਲੀਜ਼ 'ਤੇ ਦੇਣ, ਸੱਭਿਆਚਾਰਕ ਮਾਮਲੇ ਅਤੇ ਪ੍ਰਾਹੁਣਚਾਰੀ ਵਿਭਾਗ ਵਿਚ ਹੋਈਆਂ ਬੇਨਿਯਮੀਆਂ ਨਾਲ ਜੁੜੇ ਸਵਾਲ ਕੀਤੇ ਗਏ ਹਨ। ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਦਿਨੀਂ ਖਰੜ ਖੇਤਰ 'ਚ ਸਰਗਰਮ ਇਕ ਪਰਵੀਨ ਨਾਮੀ ਬਿਲਡਰ ਨੂੰ ਗ੍ਰਿਫਤਾਰ ਕਰਨ ਮਗਰੋਂ ਕਈ ਵੱਡੇ ਖੁਲਾਸੇ ਹੋਏ ਸਨ। ਇਹ ਬਿਲਡਰ ਸਾਬਕਾ ਮੁੱਖ ਮੰਤਰੀ ਦੇ ਕਰੀਬੀ ਮੰਨਿਆ ਜਾਂਦਾ ਹੈ। ਇਸ ਕਰਕੇ ਉਨ੍ਹਾਂ ਨੂੰ ਖਰੜ ਅਤੇ ਨੇੜਲੇ ਖੇਤਰਾਂ ਵਿਚ ਨਾਜਾਇਜ਼ ਕਲੋਨੀਆਂ ਕੱਟਣ ਦੇ ਮਾਮਲੇ ਵਿਚ ਤਫਤੀਸ਼ ਕੀਤੀ ਗਈ ਤੇ ਬਿਲਡਰ ਨਾਲ ਸਬੰਧਾਂ ਬਾਰੇ ਜਾਣਕਾਰੀ ਦੇਣ ਲਈ ਕਿਹਾ। ਇਸ ਦੌਰਾਨ ਮਾਈਨਿੰਗ ਦੇ ਦੋਸ਼ਾਂ 'ਚ ਗ੍ਰਿਫਤਾਰ ਕੀਤੇ ਸਰਪੰਚ ਜਸਪਾਲ ਸਿੰਘ ਨਾਲ ਸਬੰਧਾਂ ਬਾਰੇ ਵੀ ਸਵਾਲ ਕੀਤੇ ਗਏ। ਸਾਬਕਾ ਮੁੱਖ ਮੰਤਰੀ ਨੂੰ ਇਹ ਵੀ ਪੁੱਛਿਆ ਗਿਆ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਈਡੀ ਵੱਲੋਂ ਗ੍ਰਿਫਤਾਰ ਕੀਤੇ ਗਏ ਕਰੀਬੀ ਰਿਸ਼ਤੇਦਾਰ ਕੋਲੋਂ ਬਰਾਮਦ ਹੋਏ 10 ਕਰੋੜ ਰੁਪਏ ਕਿਸ ਦੇ ਹਨ ਅਤੇ ਉਸ ਨੂੰ ਪੰਜਾਬ ਪੁਲੀਸ ਦੀ ਸੁਰੱਖਿਆ ਛਤਰੀ ਕਿਵੇਂ ਦਿੱਤੀ ਗਈ।

ਵਿਜੀਲੈਂਸ ਨੇ ਉਨ੍ਹਾਂ ਨੂੰ ਪੁੱਛਿਆ ਕਿ ਵਿਧਾਨ ਸਭਾ ਚੋਣਾਂ ਤੋਂ ਤੁਰਤ ਬਾਅਦ ਵਿਦੇਸ਼ ਦੌਰੇ ਦੌਰਾਨ ਉਹ ਕਿੱਥੇ ਰਹੇ ਅਤੇ ਇਸ ਦੌਰੇ ਦਾ ਖਰਚ ਕਿੰਨਾ ਤੇ ਕਿਸ ਵੱਲੋਂ ਕੀਤਾ ਗਿਆ। ਜੇ ਵਿਦੇਸ਼ ਵਿਚ ਇਲਾਜ ਕਰਾਇਆ ਤਾਂ ਕਿਸ ਬੀਮਾਰੀ ਦਾ ਕਰਵਾਇਆ ਤੇ ਡਾਕਟਰੀ ਇਲਾਜ ਦਾ ਸਬੂਤ ਪੇਸ਼ ਕੀਤਾ ਜਾਵੇ। ਵਿਜੀਲੈਂਸ ਨੇ ਚੰਨੀ ਤੋਂ ਮੁੱਖ ਮੰਤਰੀ ਹੁੰਦੇ ਹੋਏ ਮਹੱਤਵਪੂਰਨ ਫੈਸਲਿਆਂ ਬਾਰੇ ਵੀ ਜਾਣਕਾਰੀ ਮੰਗੀ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਤੋਂ ਸਿਆਸਤ ਵਿਚ ਆਉਣ ਤੋਂ ਬਾਅਦ ਹੁਣ ਤੱਕ ਜਾਇਦਾਦ ਬਣਾਉਣ ਸਬੰਧੀ ਵੀ ਜਾਣਕਾਰੀ ਮੰਗੀ ਗਈ ਅਤੇ ਭਵਿੱਖ ਵਿਚ ਦਸਤਾਵੇਜ਼ ਮੰਗੇ ਜਾਣਗੇ। ਇਸੇ ਤਰ੍ਹਾਂ ਪਰਿਵਾਰਕ ਮੈਂਬਰਾਂ ਦੇ ਨਾਮ 'ਤੇ ਜੇ ਜਾਇਦਾਦ ਦੀ ਖਰੀਦ ਕੀਤੀ ਗਈ ਤਾਂ ਉਸ ਬਾਰੇ ਵੀ ਜਾਣਕਾਰੀ ਮੰਗੀ ਜਾਵੇਗੀ।

### ਚੰਨੀ ਨੂੰ ਨਿਸ਼ਾਨਾ ਬਣਾਉਣ ਖਿਲਾਫ ਸੰਘਰਸ਼ ਵਿੱਢੇਗੀ ਕਾਂਗਰਸ

**ਜਲੰਧਰ:** ਪੰਜਾਬ ਕਾਂਗਰਸ ਦੇ ਮੁੱਖ ਬੁਲਾਰੇ ਤੇ ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ 'ਆਪ' ਸਰਕਾਰ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਵਿਜੀਲੈਂਸ ਕੋਲੋਂ ਪਰੇਸ਼ਾਨ ਕਰਵਾਉਣਾ ਬੰਦ ਨਾ ਕੀਤਾ ਤਾਂ ਪੰਜਾਬ ਵਿਚ ਵੱਡਾ ਅੰਦੋਲਨ ਛੇੜਿਆ ਜਾਵੇਗਾ। ਉਨ੍ਹਾਂ ਕਿਹਾ ਕਿ 14 ਅਪਰੈਲ ਨੂੰ ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਚਰਨਜੀਤ ਸਿੰਘ ਚੰਨੀ ਨੂੰ ਵਿਜੀਲੈਂਸ ਵੱਲੋਂ ਪੁੱਛ-ਪੜਤਾਲ ਲਈ ਸੱਦਿਆ ਜਾਣਾ ਨਿੰਦਣਯੋਗ ਹੈ। ਕਾਂਗਰਸੀ ਆਗੂ ਕੋਟਲੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਾਂਗਰਸ ਸਰਕਾਰੀ ਜਬਰ ਤੋਂ ਡਰੇਗੀ ਨਹੀਂ, ਸਗੋਂ ਇਸ ਖਿਲਾਫ ਡਟ ਕੇ ਲੜੇਗੀ।

### ਮਗਰਮੱਛ ਦੇ ਹੰਝੂ ਵਹਾ ਰਿਹੈ ਚੰਨੀ: ਹਰਪਾਲ ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਚਰਨਜੀਤ ਚੰਨੀ ਮਗਰਮੱਛ ਦੇ ਹੰਝੂ ਵਹਾ ਰਿਹਾ ਹੈ ਅਤੇ ਇਨ੍ਹਾਂ ਹੰਝੂਆਂ ਨਾਲ ਉਨ੍ਹਾਂ ਦਾ ਭ੍ਰਿਸ਼ਟਾਚਾਰ ਧੋਤਾ ਨਹੀਂ ਜਾਵੇਗਾ। ਜੇਕਰ ਉਹ ਅਸਲ ਵਿਚ ਐਸ.ਸੀ. ਐਸ.ਟੀ. ਲੋਕਾਂ ਦੀ ਪਰਵਾਹ ਕਰਦੇ ਹੁੰਦੇ ਤਾਂ ਉਹ ਐਸ.ਸੀ. ਸਕਾਲਰਸ਼ਿਪ ਦੇ ਪੈਸੇ ਗਬਨ ਕਰਨ ਵਾਲੇ ਲੋਕਾਂ ਖਿਲਾਫ ਕਾਰਵਾਈ ਕਰਦੇ। ਹੁਣ ਜਦੋਂ ਉਨ੍ਹਾਂ ਦੇ ਭ੍ਰਿਸ਼ਟਾਚਾਰ ਦੇ ਨਤੀਜੇ ਸਾਹਮਣੇ ਆ ਰਹੇ ਹਨ ਤਾਂ ਉਹ ਸਿਰਫ ਲੋਕਾਂ ਦੀ ਹਮਦਰਦੀ ਲਈ ਇਹ ਸਭ ਬੋਲ ਰਹੇ ਹਨ।

# ਕੋਚੇਲਾ 'ਚ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇਕ ਬਣਿਆ ਦਿਲਜੀਤ

**ਲਾਂਸ ਏਂਜਲਸ:** ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਅਮਰੀਕਾ ਵਿਚ ਪੰਜਾਬੀ ਸੰਗੀਤ ਦੇ ਝੰਡੇ ਗੱਡ ਦਿੱਤੇ ਹਨ। ਉਹ ਕੋਚੇਲਾ ਸੰਗੀਤ ਸਮਾਗਮ ਵਿਚ ਪੇਸ਼ਕਾਰੀ ਦੇਣ ਵਾਲਾ ਪਹਿਲਾ ਪੰਜਾਬੀ ਗਾਇਕ ਬਣ ਗਿਆ ਹੈ। ਦਿਲਜੀਤ ਦੇ ਜਿਵੇਂ ਹੀ ਅਮਰੀਕਾ ਦੇ ਕੋਚੇਲਾ ਸੰਗੀਤ ਸਮਾਗਮ ਵਿਚ ਪੇਸ਼ਕਾਰੀ ਦੇਣ ਦੀਆਂ ਖਬਰਾਂ ਆਈਆਂ ਤਾਂ ਸੋਸ਼ਲ ਮੀਡੀਆ 'ਤੇ ਬੌਲੀਵੁਡ ਅਦਾਕਾਰਾਂ ਤੋਂ ਇਲਾਵਾ ਉਸ ਦੇ ਵੱਡੀ ਗਿਣਤੀ ਪ੍ਰਸ਼ੰਸਕਾਂ ਨੇ ਉਸ ਦੀ ਤੁਲਨਾ ਮਹਾਨ ਕਲਾਕਾਰ ਵਜੋਂ ਕੀਤੀ ਹੈ।

ਇਹ ਸਮਾਗਮ ਕੈਲੀਫੋਰਨੀਆ ਦੇ ਇੰਡੀਓ ਦੀ ਕੋਚੇਲਾ ਵੈਲੀ ਵਿਚ ਹੋ ਰਿਹਾ ਹੈ। ਇਸ ਵਿਚ ਬਲੈਕਪਿੰਕ, ਚਾਰਲੀ, ਲੈਬ੍ਰਿੰਥ ਅਤੇ ਕਿਡ ਲਾਰੋਈ ਵਰਗੇ ਗਲੋਬਲ ਸੰਗੀਤ ਸਿਤਾਰਿਆਂ ਨੇ ਵੀ ਆਪਣੀ ਪੇਸ਼ਕਾਰੀ ਦਿੱਤੀ। ਪੰਜਾਬੀ ਗਾਇਕ ਦਿਲਜੀਤ ਨੇ ਕਾਲੇ ਕੱਪੜਿਆਂ ਨਾਲ ਕਾਲੇ ਦਸਤਾਨੇ ਤੇ ਕਾਲੀਆਂ ਐਨਕਾਂ ਪਹਿਨ ਕੇ ਆਪਣੇ ਸੁਪਰ ਹਿੱਟ ਗੀਤ ਗਾਏ। ਉਸ ਨੇ ਜਦੋਂ 'ਪਟਿਆਲਾ ਪੈੱਗ' ਗੀਤ ਸੁਣਾਇਆ ਤਾਂ ਅਮਰੀਕੀ ਸੰਗੀਤ ਨਿਰਮਾਤਾ ਡੀਜੇ ਡਿਪਲੋ ਵੀ ਨੱਚਣੋਂ ਨਾ ਰੁਕ ਸਕਿਆ। ਇਸ ਦੀ ਵੀਡੀਓ ਵੀ ਦਿਲਜੀਤ ਦੋਸਾਂਝ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਹੈ।

ਦੋਸਾਂਝ ਨੇ ਪੰਜਾਬੀ ਵਿਚ ਸਟੇਜ 'ਤੇ ਕਿਹਾ, 'ਹੁਣ ਇਹ ਇਤਿਹਾਸ ਵਿਚ ਲਿਖਿਆ ਗਿਆ ਹੈ। ਪੰਜਾਬੀ ਆ ਗਏ ਹਮ ਕੋਚੇਲਾ (ਪੰਜਾਬੀ ਕੋਚੇਲਾ ਪਹੁੰਚ ਗਏ ਹਨ)। ਜੋ ਮੇਰੇ ਗੀਤਾਂ ਨੂੰ ਨਹੀਂ ਸਮਝਦੇ, ਉਨ੍ਹਾਂ ਨੂੰ ਵੀ ਮਿਊਜ਼ਿਕ ਤੇ ਗੀਤ ਵਧੀਆ ਲੱਗਣਗੇ।'



ਇਸ ਤੋਂ ਬਾਅਦ ਦਿਲਜੀਤ ਨੇ 'ਜੱਟ ਦਾ ਪਿਆਰ' 'ਪਟਿਆਲਾ ਪੈੱਗ', 'ਪ੍ਰਾਪਰ ਪਟੋਲਾ', 'ਰਾਤ ਦੀ ਗੇੜੀ' ਆਦਿ ਗੀਤਾਂ ਨਾਲ ਸਰੋਤਿਆਂ ਨੂੰ ਖੂਬ ਨਚਾਇਆ। ਦਿਲਜੀਤ ਨੇ ਇੱਥੇ ਕਰੀਬ 45 ਮਿੰਟ ਆਪਣੇ ਲਾਈਵ ਬੈਂਡ ਅਤੇ ਭੰਗੜੇ ਨਾਲ ਅਮਰੀਕਾ ਵਾਸੀਆਂ ਦਾ ਮਨੋਰੰਜਨ ਕੀਤਾ। ਉੱਘੇ ਪੰਜਾਬੀ ਗਾਇਕ ਗੁਰਦਾਸ ਮਾਨ ਨੇ ਦੋਸਾਂਝ ਨੂੰ ਅਮਰੀਕੀ ਸੰਗੀਤ ਸਮਾਰੋਹ ਵਿਚ ਪੇਸ਼ਕਾਰੀ ਕਰਨ ਵਾਲੇ ਪਹਿਲੇ ਪੰਜਾਬੀ ਕਲਾਕਾਰ ਬਣਨ ਲਈ ਵਧਾਈ ਦਿੱਤੀ।

ਰੈਪਰ ਬਾਦਸ਼ਾਹ ਅਤੇ ਦੋਸਾਂਝ ਦੀ "ਉੜਤਾ ਪੰਜਾਬ" ਦੀ ਸਹਿ-ਅਦਾਕਾਰਾ ਕਰੀਨਾ ਕਪੂਰ ਖਾਨ ਨੇ ਵੀ ਉਸ ਨੂੰ ਵਧਾਈ ਦਿੱਤੀ। ਇਸ ਤੋਂ ਇਲਾਵਾ ਅਰਜੁਨ ਰਾਮਪਾਲ ਨੇ ਵੀ ਦਿਲਜੀਤ ਨੂੰ ਮਹਾਨ ਕਲਾਕਾਰ ਤੇ ਸੱਚਾ ਰੌਕ ਸਟਾਰ ਆਖਿਆ।

# ਭਾਜਪਾ ਆਗੂ ਮਹਿੰਦਰ ਭਗਤ ਪੁੱਤਰ ਸਮੇਤ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਜਲੰਧਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਭਗਤ ਚੁੰਨੀ ਲਾਲ ਦੇ ਪੁੱਤਰ ਮਹਿੰਦਰ ਭਗਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਇਸ ਮੌਕੇ ਮਹਿੰਦਰ ਭਗਤ ਦਾ ਪੁੱਤਰ ਅਤੁਲ ਭਗਤ ਵੀ 'ਆਪ' ਵਿਚ ਸ਼ਾਮਲ ਹੋ ਗਿਆ ਹੈ। ਦੋਵੇਂ ਆਗੂਆਂ ਦੀ ਪਾਰਟੀ ਵਿਚ ਸ਼ਮੂਲੀਅਤ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ



ਜਲੰਧਰ ਪੱਛਮੀ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਅਤੇ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਵੀ ਹਾਜ਼ਰ ਸਨ। ਜਲੰਧਰ ਪੱਛਮੀ ਦੀ ਸਿਆਸਤ 'ਚ ਭਗਤ ਪਰਿਵਾਰ ਭਾਜਪਾ ਦੇ ਸਰਗਰਮ ਆਗੂਆਂ 'ਚੋਂ ਸਭ ਤੋਂ ਅੱਗੇ ਸੀ, ਜਿਸ ਕਰਕੇ ਮਹਿੰਦਰ ਤੇ ਅਤੁਲ ਭਗਤ ਦੀ 'ਆਪ' ਵਿਚ ਸ਼ਮੂਲੀਅਤ ਨਾਲ ਭਾਜਪਾ ਨੂੰ ਵੱਡਾ ਝਟਕਾ ਲੱਗਿਆ ਹੈ। ਇਸ ਤੋਂ ਪਹਿਲਾਂ ਹਲਕਾ ਪੱਛਮੀ ਦੇ ਸਾਬਕਾ ਕਾਂਗਰਸੀ ਵਿਧਾਇਕ ਸੁਸ਼ੀਲ ਰਿੰਕੂ, ਡਿਪਟੀ ਮੇਅਰ ਹਰਸਿਮਰਨਜੀਤ ਸਿੰਘ ਬੰਟੀ, ਕਾਂਗਰਸ ਤੇ ਭਾਜਪਾ ਦੇ ਕਈ ਕੌਂਸਲਰ, ਕਈ ਵੱਡੇ ਅਕਾਲੀ ਆਗੂ ਵੀ ਪਿਛਲੇ ਦਿਨੀਂ 'ਆਪ' ਵਿਚ ਸ਼ਾਮਲ ਹੋਏ ਹਨ।

ਇਸ ਬਾਰੇ ਸਾਬਕਾ ਮੰਤਰੀ ਭਗਤ ਚੁੰਨੀ ਲਾਲ ਨੇ ਕਿਹਾ ਕਿ ਮਹਿੰਦਰ ਦੇ 'ਆਪ' ਵਿਚ ਜਾਣ ਦੇ ਫੈਸਲੇ ਨਾਲ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਲੜਕੇ ਵਿਰੋਧੀਆਂ ਦੀਆਂ ਗੱਲਾਂ ਵਿਚ ਆ ਗਏ ਹਨ। ਚੁੰਨੀ ਲਾਲ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਸਦਾ ਭਾਜਪਾ ਨਾਲ ਰਿਹਾ ਹੈ ਤੇ ਅੱਗੋਂ ਵੀ ਰਹੇਗਾ।

# ਸ਼੍ਰੋਮਣੀ ਕਮੇਟੀ ਦੇ ਹਰਿਆਣਾ ਵਿਚ ਤਾਇਨਾਤ ਮੁਲਾਜ਼ਮਾਂ ਨੂੰ ਨੌਕਰੀਆਂ ਖੁੱਸਣ ਦਾ ਖਦਸ਼ਾ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਨ ਮਗਰੋਂ ਉਥੋਂ ਦੇ ਗੁਰਦੁਆਰਿਆਂ ਵਿਚ ਸੇਵਾ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਨੌਕਰੀਆਂ ਖੁੱਸਣ ਦਾ ਖਦਸ਼ਾ ਹੈ। ਪੰਚਕੂਲਾ ਦੇ ਗੁਰਦੁਆਰਾ ਨਾਢਾ ਸਾਹਿਬ ਵਿਚ ਗ੍ਰੰਥੀ, ਕੀਰਤਨੀਏ ਕਥਾਵਾਚਕ ਤੇ ਸੇਵਾਦਾਰਾਂ ਵਜੋਂ ਸੇਵਾ ਨਿਭਾਉਣ ਵਾਲੇ ਸ਼੍ਰੋਮਣੀ ਕਮੇਟੀ ਦੇ ਲਗਭਗ 25 ਪੰਜਾਬ ਆਧਾਰਿਤ ਪੱਕੇ ਮੁਲਾਜ਼ਮ ਹਰਿਆਣਾ ਵਿਚ ਬਣੀ ਵੱਖਰੀ ਕਮੇਟੀ ਦੀ ਥਾਂ ਸ਼੍ਰੋਮਣੀ ਕਮੇਟੀ ਦੇ ਅਧੀਨ ਹੀ ਨੌਕਰੀ ਕਰਨਾ ਚਾਹੁੰਦੇ ਹਨ ਤੇ ਇਸ ਮੰਗ ਤਹਿਤ ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਦਫਤਰ ਅੱਗੇ ਧਰਨਾ ਵੀ ਲਾਇਆ ਹੋਇਆ ਹੈ।

ਧਰਨਾਕਾਰੀਆਂ ਵਿਚ ਸ਼ਾਮਲ ਕਥਾਵਾਚਕ ਚਰਨਜੀਤ ਸਿੰਘ ਨੇ ਦੱਸਿਆ ਕਿ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਲਗਭਗ 70 ਮੁਲਾਜ਼ਮਾਂ ਦਾ ਤਬਾਦਲਾ ਹਰਿਆਣਾ ਸਥਿਤ ਗੁਰਧਾਮਾਂ ਅਤੇ ਸੰਸਥਾਵਾਂ ਵਿਚ ਕੀਤਾ ਗਿਆ ਸੀ। ਭਾਵੇਂ ਹਰਿਆਣਾ ਵਿਚ ਬਣੀ ਵੱਖਰੀ ਕਮੇਟੀ ਵੱਲੋਂ ਉਨ੍ਹਾਂ ਨੂੰ ਨੌਕਰੀ ਤੋਂ ਹਟਾਇਆ ਨਹੀਂ ਗਿਆ, ਪਰ ਨਵੀਂ ਬਣੀ ਕਮੇਟੀ ਦੇ ਪ੍ਰਬੰਧਕਾਂ ਨੇ ਅਜਿਹੇ ਕਰਮਚਾਰੀਆਂ ਤੋਂ ਪਹਿਲੀ ਅਪਰੈਲ ਤੱਕ ਸ਼੍ਰੋਮਣੀ ਕਮੇਟੀ ਵਿਚ ਰਹਿਣ ਜਾਂ ਹਰਿਆਣਾ ਦੀ ਨਵੀਂ ਕਮੇਟੀ ਵਿਚ ਸ਼ਾਮਲ ਹੋਣ ਸਬੰਧੀ ਸਹਿਮਤੀ ਮੰਗੀ ਸੀ। ਇਨ੍ਹਾਂ ਕਰਮਚਾਰੀਆਂ ਨੇ ਹੁਣ ਤੱਕ ਹਰਿਆਣਾ ਕਮੇਟੀ ਨੂੰ ਕੋਈ ਜਵਾਬ ਨਹੀਂ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਦੀਆਂ ਤਨਖਾਹਾਂ ਰੋਕੀਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਹਰਿਆਣਾ ਦੇ ਰਹਿਣ ਵਾਲੇ ਕਰਮਚਾਰੀਆਂ ਨੇ ਆਪਣਾ ਘਰ ਤੇ ਪਰਿਵਾਰ ਉੱਥੇ ਹੋਣ ਕਾਰਨ ਖੁਸ਼ੀ ਨਾਲ ਹਰਿਆਣਾ ਵਿਚ ਬਣੀ ਨਵੀਂ ਕਮੇਟੀ ਨਾਲ ਕੰਮ ਕਰਨ ਦੀ ਚੋਣ ਕੀਤੀ ਹੈ, ਪਰ ਜੋ ਕਰਮਚਾਰੀ ਪੰਜਾਬ ਨਾਲ ਸਬੰਧਤ ਹਨ ਤੇ ਪੰਜਾਬ ਦੇ ਰਹਿਣ ਵਾਲੇ ਹਨ, ਉਹ ਦੁਚਿੱਤੀ ਵਿਚ ਹਨ। ਧਰਨੇ 'ਤੇ ਬੈਠੇ ਕਰਮਚਾਰੀਆਂ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਸ਼੍ਰੋਮਣੀ ਕਮੇਟੀ ਉਨ੍ਹਾਂ ਨੂੰ ਪੰਜਾਬ ਦੇ ਗੁਰਦੁਆਰਿਆਂ ਵਿਚ ਵਾਪਸ ਸੱਦੇ।



ਇਸ ਮੌਕੇ ਗੁਰਦੁਆਰਾ ਨਾਢਾ ਸਾਹਿਬ ਵਿਚ ਕਲਰਕ ਬਲਵਿੰਦਰ ਸਿੰਘ ਵਾਸੀ ਫਤਿਹਗੜ੍ਹ ਸਾਹਿਬ ਨੇ ਕਿਹਾ ਕਿ ਉਨ੍ਹਾਂ ਦੇ ਸਾਰੇ ਫੰਡ ਸ਼੍ਰੋਮਣੀ ਕਮੇਟੀ ਕੋਲ ਹਨ, ਇਸ ਲਈ ਉਹ ਹੁਣ ਹਰਿਆਣਾ ਕਮੇਟੀ ਨਾਲ ਕਿਵੇਂ ਜੁੜ ਸਕਦੇ ਹਨ। ਬੇਅੰਤ ਸਿੰਘ ਨੇ ਦੱਸਿਆ ਕਿ ਉਹ ਦਿਲ ਦੇ ਰੋਗ ਤੋਂ ਪੀੜਤ ਹੈ ਤੇ ਆਪਣੇ ਪਰਿਵਾਰ ਦੇ ਨੇੜੇ ਰਹਿਣਾ ਚਾਹੁੰਦਾ ਹੈ। ਇਕ ਹੋਰ ਕਰਮਚਾਰੀ ਨੇ ਦੱਸਿਆ ਕਿ ਉਸ ਦੀ ਉਮਰ ਹੁਣ ਸੇਵਾਮੁਕਤੀ ਨੇੜੇ ਹੈ, ਜੇਕਰ ਉਹ ਹਰਿਆਣਾ ਵਿਚ ਬਣੀ ਨਵੀਂ ਕਮੇਟੀ ਅਧੀਨ ਸੇਵਾ ਕਰਦਾ ਹੈ ਤਾਂ ਉਸ ਦਾ ਤਬਾਦਲਾ ਹਰਿਆਣਾ ਵਿਚ ਕਿਸੇ ਹੋਰ ਥਾਂ 'ਤੇ ਕੀਤਾ ਜਾਵੇਗਾ, ਜਦਕਿ ਉਹ ਪੰਜਾਬ ਵਿਚ ਆਪਣੇ ਪਰਿਵਾਰ ਨਾਲ ਰਹਿਣਾ ਚਾਹੁੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਬੀਤੇ ਦਿਨੀਂ ਹਰਿਆਣਾ ਭੇਜੇ ਕਰਮਚਾਰੀਆਂ ਨੂੰ ਮੁੜ ਪੰਜਾਬ ਸੱਦਣ ਸਬੰਧੀ ਮਤਾ ਵੀ ਪਾਸ ਕੀਤਾ ਸੀ, ਪਰ ਹਾਲੇ ਇਸ ਸਬੰਧੀ ਕੋਈ ਠੋਸ ਕਾਰਵਾਈ ਨਹੀਂ ਹੋਈ ਹੈ।

# ਕਣਕ ਦੇ ਝਾੜ ਨੇ ਕਿਸਾਨਾਂ ਨੂੰ ਦਿੱਤਾ ਵੱਡਾ ਵਿੱਤੀ ਝਟਕਾ

**ਚੰਡੀਗੜ੍ਹ:** ਪੰਜਾਬ ਦੇ ਵੱਡੇ ਹਿੱਸੇ ਵਿਚ ਕਣਕ ਦੇ ਝਾੜ ਨੇ ਕਿਸਾਨਾਂ ਨੂੰ ਵੱਡਾ ਵਿੱਤੀ ਝਟਕਾ ਦਿੱਤਾ ਹੈ, ਜਿਸ ਖੇਤਰ ਵਿਚ ਗੜੇਮਾਰੀ ਹੋਈ ਹੈ, ਉੱਥੇ ਕਣਕ ਦਾ ਝਾੜ ਚਾਰ ਤੋਂ ਸੱਤ ਕੁਇੰਟਲ ਤੱਕ ਘਟ ਗਿਆ ਹੈ। ਖੇਤੀਬਾੜੀ ਵਿਭਾਗ ਐਤਕੀਂ ਕਣਕ ਦਾ ਝਾੜ ਕਰੀਬ 10 ਲੱਖ ਮੀਟਰਕ ਟਨ ਘੱਟ ਨਿਕਲਣ ਦਾ ਅਨੁਮਾਨ ਲਗਾ ਰਿਹਾ ਹੈ। ਮੋਟੇ ਅੰਦਾਜ਼ੇ ਅਨੁਸਾਰ ਕਿਸਾਨਾਂ ਨੂੰ ਕਰੀਬ 2200 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋਵੇਗਾ।

ਕਿਸਾਨ ਆਖਦੇ ਹਨ ਕਿ ਇਹ ਨੁਕਸਾਨ ਚਾਰ ਹਜ਼ਾਰ ਕਰੋੜ ਨੂੰ ਵੀ ਪਾਰ ਕਰੇਗਾ ਅਤੇ ਕਿਸਾਨੀ ਦੇ ਲਾਗਤ ਖ਼ਰਚਿਆਂ 'ਚ ਵੀ ਵਾਧਾ ਹੋਵੇਗਾ। ਪੰਜਾਬ ਵਿਚ ਐਤਕੀਂ 34.90 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਂਦ ਸੀ ਅਤੇ ਮੁੱਢਲੇ ਟੀਚਿਆਂ ਅਨੁਸਾਰ 170 ਲੱਖ ਮੀਟਰਿਕ ਟਨ ਕਣਕ ਦੀ ਪੈਦਾਵਾਰ ਹੋਣ ਦੀ ਸੰਭਾਵਨਾ ਸੀ। ਲੰਘੇ ਵਰ੍ਹੇ ਤਾਪਮਾਨ ਦੇ ਵਾਧੇ ਕਰਕੇ ਕਣਕ ਦੀ ਫਸਲ ਦਾ ਝਾੜ 15 ਤੋਂ 20 ਫ਼ੀਸਦੀ ਘਟ ਗਿਆ ਸੀ। ਪੰਜਾਬ ਸਰਕਾਰ ਦੇ



ਸਰਵੇ ਅਨੁਸਾਰ ਕਰੀਬ 40 ਫ਼ੀਸਦੀ ਕਣਕ ਦੀ ਫਸਲ ਇਸ ਵਾਰ ਪ੍ਰਭਾਵਿਤ ਹੋਈ ਹੈ। ਖੇਤੀ ਮਹਿਕਮੇ ਨੇ ਹਾਲ ਹੀ ਵਿਚ ਜ਼ਿਲ੍ਹਾ ਸੰਗਰੂਰ ਵਿਚ ਕਣਕ ਦੇ ਝਾੜ ਦਾ ਜਾਇਜ਼ਾ ਲਿਆ ਹੈ, ਜਿਸ 'ਚ ਤੇਜ਼ ਹਵਾਵਾਂ ਕਾਰਨ ਡਿੱਗੀਆਂ ਫਸਲ ਦਾ ਝਾੜ 40 ਤੋਂ 45 ਮਣ ਆਇਆ ਹੈ, ਜਦੋਂ ਕਿ ਝੱਖੜ ਤੋਂ ਬਚੀ ਫਸਲ ਦਾ ਝਾੜ 53 ਮਣ ਤੱਕ ਨਿਕਲਿਆ ਹੈ।

ਪੰਜਾਬ ਭਰ ਵਿਚ ਕਰੀਬ ਸਵਾ ਲੱਖ ਏਕੜ ਫਸਲ ਦਾ ਸੌ ਫ਼ੀਸਦੀ ਨੁਕਸਾਨ ਹੋਇਆ ਹੈ। ਜ਼ਿਲ੍ਹਾ ਫ਼ਾਜ਼ਿਲਕਾ ਵਿਚ ਵੱਡੀ ਮਾਰ ਪਈ ਹੈ। ਕੰਬਾਈਨ ਮਾਲਕਾਂ ਨੇ ਡਿੱਗੀ ਫਸਲ ਦੀ ਕਟਾਈ ਦਾ ਰੇਟ ਵਧਾ ਕੇ ਤਿੰਨ ਹਜ਼ਾਰ ਰੁਪਏ ਪ੍ਰਤੀ ਏਕੜ ਕਰ ਦਿੱਤਾ ਹੈ। ਚੇਤੇ ਰਹੇ ਕਿ ਪਿਛਲੇ ਸਾਲ 96.45 ਲੱਖ ਮੀਟਰਿਕ ਟਨ ਕਣਕ ਮੰਡੀਆਂ ਵਿਚ ਖਰੀਦੀ ਗਈ ਸੀ, ਜਦੋਂ ਕਿ ਉਸ ਤੋਂ ਪਿਛਲੇ ਸਾਲ 127.14 ਲੱਖ ਮੀਟਰਿਕ ਟਨ ਕਣਕ ਦੀ ਖ਼ਰੀਦ ਹੋਈ ਸੀ। ਮਲੋਟ ਇਲਾਕੇ ਦੇ ਪਿੰਡਾਂ ਵਿਚ ਫ਼ਸਲ ਦਾ ਜ਼ਿਆਦਾ ਨੁਕਸਾਨ ਹੋਇਆ ਹੈ। ਗਿੱਦੜਬਾਹਾ ਦੇ ਕਈ ਪਿੰਡਾਂ ਦੇ ਖੇਤਾਂ ਵਿਚ ਪਾਣੀ ਹਾਲੇ ਵੀ ਖੜ੍ਹਾ ਹੈ। ਦੱਸਣਯੋਗ ਹੈ ਕਿ ਐਤਕੀਂ ਕਣਕ ਦੇ ਦਾਣੇ ਬਦਰੰਗ ਹੋਏ ਹਨ ਅਤੇ ਪਿਚਕੇ ਵੀ ਹਨ। ਕੇਂਦਰ ਸਰਕਾਰ ਨੇ ਖ਼ਰੀਦ ਮਾਪਦੰਡਾਂ ਵਿਚ ਢਿੱਲ ਦਿੱਤੀ ਹੈ।

ਪੰਜਾਬ ਸਰਕਾਰ ਵੱਲੋਂ ਖ਼ਰਾਬੇ ਵਾਲੀ ਫ਼ਸਲ ਦੀ ਗਿਰਦਾਵਰੀ ਵੀ ਕਰਵਾਈ ਜਾ ਰਹੀ ਹੈ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਗੁਰਬਿੰਦਰ ਸਿੰਘ ਨੇ ਕਿਹਾ ਕਿ ਮੁੱਢਲੇ ਪੜਾਅ 'ਤੇ ਜਿੰਨਾ ਨੁਕਸਾਨ ਦਿਸ ਰਿਹਾ ਸੀ, ਉਨਾ ਹਕੀਕਤ ਵਿਚ ਸਾਹਮਣੇ ਨਹੀਂ ਆ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਰੀਬ 10 ਲੱਖ ਮੀਟਰਿਕ ਟਨ ਦੀ ਪੈਦਾਵਾਰ ਘਟਣ ਦਾ ਅਨੁਮਾਨ ਹੈ। ਡਾਇਰੈਕਟਰ ਨੇ ਦੱਸਿਆ ਕਿ ਸੌ ਫ਼ੀਸਦੀ ਪ੍ਰਭਾਵਿਤ ਫ਼ਸਲ ਦਾ ਰਕਬਾ ਕਾਫ਼ੀ ਘੱਟ ਹੈ ਅਤੇ ਪਿਛਲੇ ਸਾਲ ਨਾਲੋਂ ਪੈਦਾਵਾਰ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ।

## ਸਿੱਧੂ ਦੀ ਰਿਹਾਇਸ਼ 'ਤੇ ਦਿਖਾਈ ਦਿੱਤਾ ਸ਼ੱਕੀ ਵਿਅਕਤੀ

**ਚੰਡੀਗੜ੍ਹ:** ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਪਟਿਆਲਾ ਸਥਿਤ ਰਿਹਾਇਸ਼ ਵਿਚ ਸ਼ਾਮ ਇਕ ਸ਼ੱਕੀ ਵਿਅਕਤੀ ਦਾਖਲ ਹੋ ਗਿਆ। ਉਨ੍ਹਾਂ ਇਸ ਘਟਨਾ ਨੂੰ ਸੁਰੱਖਿਆ ਪ੍ਰਬੰਧਾਂ ਵਿਚ ਕੁਤਾਹੀ ਕਰਾਰ ਦਿੱਤਾ ਹੈ। ਸਿੱਧੂ ਨੇ ਕਿਹਾ ਕਿ ਉਨ੍ਹਾਂ ਮਾਮਲਾ ਪੰਜਾਬ ਪੁਲਿਸ ਮੁਖੀ ਦੇ ਧਿਆਨ ਵਿਚ ਲਿਆ ਦਿੱਤਾ ਹੈ।

ਕਾਂਗਰਸੀ ਆਗੂ ਨੇ ਟਵੀਟ ਕੀਤਾ, ''ਸ਼ਾਮ ਕਰੀਬ ਸੱਤ ਵਜੇ ਮੇਰੀ ਰਿਹਾਇਸ਼ ਦੀ ਛੱਤ 'ਤੇ ਸਲੇਟੀ ਕੰਬਲ ਲਪੇਟੀ ਇਕ ਅਣਪਛਾਤਾ ਸ਼ੱਕੀ ਵਿਅਕਤੀ ਦੇਖਿਆ ਗਿਆ। ਜਦੋਂ ਨੌਕਰ ਨੇ ਮਦਦ ਲਈ ਅਲਾਰਮ ਵਜਾਇਆ ਤਾਂ ਉਹ ਤੁਰਤ ਮੌਕੇ ਤੋਂ ਫਰਾਰ ਹੋ ਗਿਆ। ਇਸ ਸਬੰਧੀ ਡੀ.ਜੀ.ਪੀ. ਪੰਜਾਬ ਪੁਲਿਸ ਨਾਲ ਗੱਲਬਾਤ ਹੋ ਗਈ ਹੈ ਅਤੇ ਐਸ.ਐਸ.ਪੀ. ਪਟਿਆਲਾ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਸੁਰੱਖਿਆ ਵਿਚ ਕੁਤਾਹੀ ਮੈਨੂੰ ਪੰਜਾਬ ਲਈ ਆਵਾਜ਼ ਉਠਾਉਣ ਤੋਂ ਨਹੀਂ ਰੋਕ ਸਕੇਗੀ।'' ਇਸ ਮਗਰੋਂ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਸਿੱਧੂ ਦੀ ਰਿਹਾਇਸ਼ ਦਾ ਦੌਰਾ ਕੀਤਾ।

# ਬੇਗੁਨਾਹਾਂ ਨੂੰ ਅਸਾਮ ਜੇਲ੍ਹ ਭੇਜਿਆ ਜਾ ਰਿਹਾ ਹੈ: ਬਲਕੌਰ ਸਿੰਘ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਗੈਂਗਸਟਰਾਂ ਖ਼ਿਲਾਫ਼ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਗੈਂਗਸਟਰਾਂ ਨੂੰ ਵੀ.ਆਈ.ਪੀ. ਸੁਰੱਖਿਆ ਦੇ ਰਹੀ ਹੈ, ਉਥੇ ਯੂਪੀ ਦੀ ਸਰਕਾਰ ਵੱਲੋਂ ਅਪਰਾਧੀ ਅਨਸਰਾਂ ਖ਼ਿਲਾਫ਼ ਸਖਤ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਜੋਰ ਦੇ ਕਿਹਾ ਕਿ ਉਹ ਮਰਹੂਮ ਸਿੱਧੂ ਮੂਸੇਵਾਲਾ ਲਈ ਇਨਸਾਫ ਦੀ ਲੜਾਈ ਲੜਦੇ ਰਹਿਣਗੇ।



ਉਨ੍ਹਾਂ ਕਿਹਾ ਕਿ ਪੰਜਾਬ ਵਿਚ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਵਿਚੋਂ ਹੋਈ ਇੰਟਰਵਿਊ ਦੇ ਮਾਮਲੇ 'ਚ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਜਦੋਂਕਿ ਪੰਜਾਬ ਦੇ ਨੌਜਵਾਨਾਂ 'ਤੇ ਐਨ.ਐਸ.ਏ. ਵਰਗੇ ਕਾਨੂੰਨ ਲਾ ਕੇ ਅਸਾਮ ਦੀਆਂ ਜੇਲ੍ਹਾਂ ਵਿਚ ਭੇਜਿਆ ਜਾ ਰਿਹਾ ਹੈ। ਪਿੰਡ ਮੂਸਾ ਵਿਚ ਪੰਜਾਬੀ ਗਾਇਕ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਿਹੜੇ ਗੈਂਗਸਟਰਾਂ ਨੇ ਸਿੱਧੂ ਮੂਸੇਵਾਲਾ ਸਮੇਤ ਹੋਰਨਾਂ ਨੂੰ ਫਿਰੌਤੀਆਂ ਲਈ ਮਾਰ ਮੁਕਾਇਆ ਹੈ, ਉਨ੍ਹਾਂ ਨੂੰ ਅਸਾਮ ਦੀਆਂ ਜੇਲ੍ਹਾਂ ਵਿਚ ਭੇਜਣ ਦੀ ਲੋੜ ਸੀ ਜਦੋਂਕਿ ਬੇਗੁਨਾਹਾਂ ਨੂੰ ਅਸਾਮ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਰੋਧੀਆਂ ਅਤੇ ਗੈਂਗਸਟਰਾਂ ਵੱਲੋਂ ਵੱਡੇ-ਵੱਡੇ ਵਕੀਲ ਖੜ੍ਹੇ ਕਰਕੇ ਤੇ ਕੁਝ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਮਾਣਹਾਨੀ ਦਾ ਕੇਸ ਕਰਨ ਦੇ ਡਰਾਵੇ ਦਿੱਤੇ ਜਾ ਰਹੇ ਹਨ ਪਰ ਉਹ ਝੁਕਣ ਅਤੇ ਡਰਨ ਵਾਲੇ ਨਹੀਂ ਹਨ ਅਤੇ ਉਹ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਲੜਾਈ ਆਪ ਲੜਨਗੇ।

# ਦਿੱਲੀ 'ਚ 46 ਲੱਖ ਪਰਿਵਾਰਾਂ ਦੀ ਬਿਜਲੀ ਸਬਸਿਡੀ ਖਤਮ

**ਨਵੀਂ ਦਿੱਲੀ:** ਦਿੱਲੀ ਦੀ ਊਰਜਾ ਮੰਤਰੀ ਆਤਿਸ਼ੀ ਨੇ ਕਿਹਾ ਹੈ ਕਿ ਦਿੱਲੀ ਦੇ 46 ਲੱਖ ਪਰਿਵਾਰਾਂ ਦੀ ਬਿਜਲੀ ਸਬਸਿਡੀ ਖਤਮ ਹੋ ਗਈ ਹੈ ਤੇ ਹੁਣ ਤੋਂ ਬਗੈਰ ਸਬਸਿਡੀ ਵਾਲੇ ਵਧੇ ਬਿਜਲੀ ਦੇ ਬਿੱਲ ਮਿਲਣਗੇ ਕਿਉਂਕਿ ਬਿਜਲੀ ਸਬਸਿਡੀ ਵਧਾਉਣ ਦਾ ਕੈਬਨਿਟ ਦਾ ਫੈਸਲਾ ਉਪ ਰਾਜਪਾਲ ਕੋਲ ਪਿਆ ਹੈ।

ਉਨ੍ਹਾਂ ਕਿਹਾ ਕਿ ਬਿਜਲੀ ਸਬਸਿਡੀ ਮਾਮਲੇ 'ਤੇ ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਤੋਂ ਮੁਲਾਕਾਤ ਲਈ 5 ਮਿੰਟ ਦਾ ਸਮਾਂ ਮੰਗਿਆ ਸੀ ਪਰ ਉਨ੍ਹਾਂ ਅੱਗੋਂ ਇਸ ਦਾ ਕੋਈ ਜੁਆਬ ਨਹੀਂ ਦਿੱਤਾ।

ਉਨ੍ਹਾਂ ਸਪਸ਼ਟ ਕੀਤਾ ਕਿ ਦਿੱਲੀ ਸਰਕਾਰ ਨੇ ਬਿਜਲੀ ਸਬਸਿਡੀ ਲਈ ਬਜਟ ਅਲਾਟ ਕੀਤਾ ਹੈ, ਇਹ ਰਕਮ ਉਦੋਂ ਤੱਕ ਜਾਰੀ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਉਪ ਰਾਜਪਾਲ ਇਸ ਨਾਲ ਸਬੰਧਤ ਫਾਈਲ ਵਾਪਸ ਨਹੀਂ ਕਰ ਦਿੰਦੇ। ਇਸੇ ਦੌਰਾਨ ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ 2016-17 ਤੋਂ ਬਿਜਲੀ ਵੰਡ ਕੰਪਨੀਆਂ (ਡਿਸਕਾਮ) ਨੂੰ ਬਿਜਲੀ ਸਬਸਿਡੀ ਰਾਸ਼ੀ ਦੇ ਵਿਸ਼ੇਸ਼ ਆਡਿਟ ਲਈ ਕੇਜਰੀਵਾਲ ਸਰਕਾਰ ਨੂੰ ਸਹਿਮਤੀ



ਦੇ ਦਿੱਤੀ ਹੈ। ਉਪ ਰਾਜਪਾਲ ਦਫਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਇਸ 'ਤੇ ਹੁਣ ਤੱਕ ਹੋਈ ਦੇਰੀ ਲਈ ਹੈਰਾਨੀ ਪ੍ਰਗਟਾਈ ਹੈ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਭੇਜੇ ਗਏ ਇਕ ਨੋਟ ਵਿਚ ਸਕਸੈਨਾ ਨੇ ਪਿਛਲੇ ਛੇ ਸਾਲਾਂ ਵਿਚ ਡਿਸਕਾਮ ਨੂੰ ਦਿੱਤੇ ਗਏ 13,549 ਕਰੋੜ ਰੁਪਏ ਦੇ ਆਡਿਟ ਨਾ ਕਰਨ ਦੇ ਚਲਦਿਆਂ ਸਰਕਾਰ ਦੀ ਆਲੋਚਨਾ ਕੀਤੀ ਹੈ। ਉਪ ਰਾਜਪਾਲ ਨੇ ਦੁਹਰਾਇਆ ਕਿ ਗਰੀਬਾਂ ਨੂੰ ਬਿਜਲੀ ਸਬਸਿਡੀ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਕੈਗ ਦੇ ਸੂਚੀਬੱਧ ਆਡੀਟਰਾਂ ਰਾਹੀਂ ਆਡਿਟ ਕਰਵਾਉਣ ਦੇ ਸਰਕਾਰ ਦੇ ਮਤੇ ਨੂੰ ਮਨਜ਼ੂਰੀ ਦਿੰਦੇ ਹੋਏ ਉਪ ਰਾਜਪਾਲ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਜਨਤਕ ਧਨ ਦੀ ਵੱਡੀ ਰਕਮ ਦਾ ਆਡਿਟ ਕੈਗ ਦੁਆਰਾ ਕੀਤਾ ਜਾਣਾ ਚਾਹੀਦਾ ਹੈ।

# ਇਟਲੀ ਤੇ ਯੂਰਪੀ ਯੂਨੀਅਨ ਦੇ ਸਫੀਰ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਇਟਲੀ ਦੇ ਸਫ਼ੀਰ ਵਿਨਸਿਨਜੋ ਡੀ ਲੁਕਾ ਅਤੇ ਯੂਰਪੀ ਯੂਨੀਅਨ ਦੇ ਸਫ਼ੀਰ ਉਗੋ ਅਸਤੂਤੋ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਜਾਣਕਾਰੀ ਮੁਤਾਬਕ ਇਟਲੀ ਵਿਚ ਵਸਦਾ ਸਿੱਖ ਭਾਈਚਾਰਾ ਉਥੇ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਰਜਿਸਟਰਡ ਕਰਵਾਉਣਾ ਚਾਹੁੰਦਾ ਹੈ ਅਤੇ ਇਸ ਸਬੰਧੀ ਯਤਨ ਵੀ ਕੀਤੇ ਜਾ ਰਹੇ ਹਨ। ਇਟਲੀ ਅਤੇ ਯੂਰਪੀ ਯੂਨੀਅਨ ਦੇ ਸਫ਼ੀਰਾਂ ਦੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਨਾਲ ਮੁਲਾਕਾਤ ਨੂੰ ਵੀ ਇਸੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਆਸਟਰੀਆ ਵਿਚ ਸਿੱਖ ਧਰਮ ਨੂੰ ਮਾਨਤਾ ਮਿਲ ਚੁੱਕੀ ਹੈ। ਇਨ੍ਹਾਂ ਦੋਵਾਂ ਸਫ਼ੀਰਾਂ ਨੇ ਲਗਭਗ ਇਕ ਘੰਟਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਨ੍ਹਾਂ ਨਾਲ ਇੰਡੀਅਨ ਸਿੱਖ ਕਮਿਊਨਿਟੀ ਇਟਲੀ ਜਥੇਬੰਦੀ ਦੇ ਪ੍ਰਧਾਨ ਸੁਖਦੇਵ ਸਿੰਘ ਕੰਗ, ਕੁਲਦੀਪ ਸਿੰਘ ਭੰਡਾਲ, ਹਰਜਿੰਦਰ ਸਿੰਘ, ਸਤਪਾਲ ਸਿੰਘ ਨਾਗੀ, ਜਥੇਦਾਰ ਗੁਰਦਿਆਲ ਸਿੰਘ ਢਿੱਲਵਾਂ ਅਤੇ ਅਮਨਪ੍ਰੀਤ ਕੌਰ ਭੰਡਾਲ ਮੌਜੂਦ ਸਨ।

ਮੀਡੀਆ ਨਾਲ ਗੱਲਬਾਤ ਕਰਦਿਆਂ ਇਟਲੀ ਦੇ ਸਫ਼ੀਰ ਨੇ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਇਟਲੀ ਦੇ ਲੋਕਾਂ ਅਤੇ ਸਿੱਖ ਭਾਈਚਾਰੇ ਵਿਚਾਲੇ ਆਪਸੀ ਸਬੰਧ ਹੋਰ ਵੀ ਮਜ਼ਬੂਤ ਬਣਨ। ਇਸ ਰੂਹਾਨੀ ਅਸਥਾਨ 'ਤੇ ਆ ਕੇ ਮਨ ਨੂੰ ਸਕੂਨ ਮਿਲਿਆ ਹੈ।

ਇਸ ਤੋਂ ਪਹਿਲਾਂ ਦੋਵਾਂ ਸਫ਼ੀਰਾਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਸਫ਼ੀਰਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ, ਸਿੱਖ ਧਰਮ ਅਤੇ ਲੰਗਰ ਪ੍ਰਥਾ ਬਾਰੇ ਵੀ ਜਾਣਕਾਰੀ ਦਿੱਤੀ ਗਈ।

# ਪੰਜਾਬ ਦੇ ਚਾਰ ਖਿਡਾਰੀਆਂ ਦੀ ਜੀਵਨੀ ਸਿਲੇਬਸ 'ਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਨਾਲ ਸਬੰਧਤ ਚਾਰ ਮਹਾਨ ਖਿਡਾਰੀਆਂ ਦੀ ਜੀਵਨੀ ਸਿਲੇਬਸ ਵਿਚ ਸ਼ਾਮਲ ਕੀਤੀ ਗਈ ਹੈ। ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਸਿਲੇਬਸ ਵਿਚ ਪੰਜਾਬ ਨਾਲ ਸਬੰਧਤ ਚਾਰ ਮਹਾਨ ਖਿਡਾਰੀਆਂ ਦੀ ਜੀਵਨੀ ਪੜ੍ਹਾਈ ਜਾਵੇਗੀ ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦੀ ਸਿੱਖਿਆ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿਚ ਵੀ ਆਪਣੀ ਤਾਕਤ ਨੂੰ ਸਾਬਤ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਵਾਰ ਪੰਜਾਬ ਦੇ ਚਾਰ ਮਹਾਨ ਖਿਡਾਰੀਆਂ ਦੀ ਸੰਖੇਪ ਜੀਵਨੀ ਸਰੀਰਕ ਸਿੱਖਿਆ ਵਿਸ਼ੇ ਦੀਆਂ ਪਾਠ ਪੁਸਤਕਾਂ ਵਿਚ ਸ਼ਾਮਲ ਕੀਤੀ ਗਈ ਹੈ ਜਿਨ੍ਹਾਂ ਖਿਡਾਰੀਆਂ ਦੀ ਜੀਵਨੀ ਸਕੂਲ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਨੇ ਪੰਜਾਬੀਆਂ ਦਾ ਝੰਡਾ ਪੂਰੀ ਦੁਨੀਆ ਵਿਚ ਬੁਲੰਦ ਕੀਤਾ। ਸਿੱਖਿਆ ਮੰਤਰੀ ਨੇ ਦੱਸਿਆ ਕਿ ਇਸ ਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਰੀਰਕ ਵਿਸ਼ੇ ਦੀ ਨੌਂਵੀਂ ਕਿਤਾਬ ਦੀ ਪਾਠ ਪੁਸਤਕ ਵਿਚ ਤਿੰਨ ਵਾਰ ਦੇ




ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ, ਉੱਡਣਾ ਸਿੱਖ ਵਜੋਂ ਮਸ਼ਹੂਰ ਹੋਏ ਮਹਾਨ ਅਥਲੀਟ ਮਿਲਖਾ ਸਿੰਘ, ਏਸ਼ੀਅਨ ਚੈਂਪੀਅਨ ਮੁੱਕੇਬਾਜ਼ ਕੌਰ ਸਿੰਘ ਅਤੇ ਸਰੀਰਕ ਸਿੱਖਿਆ ਦੀ ਦਸਵੀਂ ਕਿਤਾਬ ਦੀ ਪਾਠ ਪੁਸਤਕ ਵਿਚ ਭਾਰਤ ਦੇ ਪਹਿਲੇ ਅਰਜੁਨ ਐਵਾਰਡੀ ਓਲੰਪੀਅਨ ਅਥਲੀਟ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ ਸ਼ਾਮਲ ਕੀਤੀ ਗਈ ਹੈ।

# ਹਲਵਾਰਾ ਹਵਾਈ ਅੱਡੇ ਦੇ ਨਿਰਮਾਣ ਕਾਰਜ ਜੁਲਾਈ ਤੱਕ ਮੁਕੰਮਲ ਹੋਣਗੇ

**ਗੁਰੂਸਰ ਸੁਧਾਰ:** ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦਾਅਵਾ ਕੀਤਾ ਕਿ ਇਸ ਹਵਾਈ ਅੱਡੇ ਦੇ ਜੁਲਾਈ ਦੇ ਅੰਤ ਤੱਕ ਨਿਰਮਾਣ ਕਾਰਜ ਮੁਕੰਮਲ ਕਰ ਲਏ ਜਾਣਗੇ। ਹਾਲਾਂਕਿ ਹਵਾਈ ਅੱਡੇ ਦੀਆਂ ਅੰਦਰੂਨੀ ਸੜਕਾਂ, ਟੈਕਸੀਵੇਅ ਅਤੇ ਕੈਂਪਸ ਵਿਚ ਰੋਸ਼ਨੀ ਦਾ ਇੰਤਜ਼ਾਮ ਕਰਨ ਵਾਲੀ ਕੰਪਨੀ ਸੀਗਲ ਇੰਡੀਆ ਆਪਣਾ ਕੰਮ ਅਧੂਰਾ ਛੱਡ ਕੇ ਤੇ ਆਪਣਾ ਸਾਜੋ-ਸਾਮਾਨ ਸਮੇਟ ਕੇ ਲੈ ਗਈ ਸੀ। ਦੂਜੇ ਪਾਸੇ 13 ਅਪਰੈਲ ਨੂੰ ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਕਬੀਰ ਇਨਫਰਾ ਪ੍ਰਾਈਵੇਟ ਲਿਮਿਟਡ ਨੂੰ ਟੈਂਡਰ ਅਲਾਟ ਕੀਤੇ ਗਏ ਹਨ ਅਤੇ ਇਸ ਕਾਰਜ ਲਈ 15 ਕਰੋੜ 44 ਲੱਖ ਰੁਪਏ ਦੀ ਰਾਸ਼ੀ ਵੀ ਦਿੱਤੀ ਗਈ ਹੈ।



ਕੰਪਨੀ ਨੂੰ ਇਹ ਕੰਮ ਨੇਪਰੇ ਚਾੜ੍ਹਨ ਲਈ ਪੰਜ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਹਵਾਈ ਅੱਡੇ ਦੇ ਮੁੱਖ ਗੇਟ ਨੂੰ ਪਹੁੰਚ ਮਾਰਗ ਨਾਲ ਜੋੜਨ ਲਈ ਬਣਨ ਵਾਲੇ ਪੁਲ ਅਤੇ ਸੜਕ ਦਾ ਟੈਂਡਰ ਹਾਲੇ ਮੁੱਢਲੇ ਪੜਾਅ 'ਤੇ ਹੈ। ਇਸ ਸਵਾਲ ਦਾ ਜਵਾਬ ਦਿੰਦਿਆਂ ਮੰਤਰੀ ਹਰਭਜਨ ਸਿੰਘ ਨੇ ਦਾਅਵਾ ਕੀਤਾ ਕਿ ਨੀਅਤ ਸਾਫ ਹੋਵੇ ਤਾਂ ਮਿਥੇ ਸਮੇਂ ਵਿਚ ਕੰਮ ਪੂਰਾ ਕਰਨ ਵਿੱਚ ਕੋਈ ਦਿੱਕਤ ਨਹੀਂ ਆਵੇਗੀ ਕਿਉਂਕਿ ਸੂਬਾ ਸਰਕਾਰ ਵੱਲੋਂ ਸਾਰੇ ਫੰਡ ਸਮੇਂ ਸਿਰ ਜਾਰੀ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਹਵਾਈ ਅੱਡੇ ਦੇ ਕੁਝ ਨਿਰਮਾਣ ਕਾਰਜਾਂ ਦਾ ਨੀਂਹ ਪੱਥਰ ਰੱਖਣਾ ਸੀ ਪਰ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸੀ.ਬੀ.ਆਈ. ਅੱਗੇ ਪੇਸ਼ੀ ਖ਼ਿਲਾਫ਼ 'ਆਪ' ਵਲੋਂ ਰੋਸ ਪ੍ਰਦਰਸ਼ਨ ਕੀਤੇ ਗਏ ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ਿਰਕਤ ਕੀਤੀ ਗਈ ਜਿਸ ਕਾਰਨ ਉਹ ਨਿਰਮਾਣ ਕਾਰਜਾਂ ਦਾ ਉਦਘਾਟਨ ਨਾ ਕਰ ਸਕੇ।

## ਹਵਾਈ ਉਡਾਣਾਂ ਦੀ ਸਮਾਂ ਸਾਰਨੀ ਬਣਾਉਣ ਦੀ ਮੰਗ

**ਗੁਰੂਸਰ ਸੁਧਾਰ:** ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਇਸੇ ਸਾਲ ਜੂਨ ਮਹੀਨੇ ਦੇ ਅੰਤ ਤੱਕ ਮੁਕੰਮਲ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਵਿਸਤਾਰਾ, ਏਅਰ ਇੰਡੀਆ, ਇੰਡੀਗੋ, ਏਅਰ ਇੰਡੀਆ ਐਕਸਪ੍ਰੈੱਸ, ਸਪਾਈਸ ਜੈੱਟ, ਅਲੀਅਨਜ ਏਅਰਲਾਈਨਜ, ਗੋ-ਏਅਰ ਅਤੇ ਗੋ-ਫਸਟ ਦੇ ਪ੍ਰਬੰਧਕੀ ਮੁਖੀਆਂ ਨੂੰ ਇਸ ਹਵਾਈ ਅੱਡੇ ਤੋਂ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਲਈ ਉਡਾਣਾਂ ਸ਼ੁਰੂ ਕਰਨ ਸਬੰਧੀ ਲਈ ਪੱਤਰ ਲਿਖਿਆ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਟਰਮੀਨਲ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਨਿਰਮਾਣ ਅਧੀਨ ਹਵਾਈ ਅੱਡੇ ਦੀ ਹਵਾਈ ਪੱਟੀ ਵੱਡੇ ਆਕਾਰ ਦੇ ਜਹਾਜ਼ਾਂ ਨੂੰ ਉਤਾਰੇ ਜਾਣ ਦੇ ਵੀ ਸਮਰੱਥ ਹੋਵੇਗੀ।

# ਆਬਕਾਰੀ ਨੀਤੀ: ਕੇਜਰੀਵਾਲ ਤੋਂ ਨੌਂ ਘੰਟੇ ਪੁੱਛ-ਪੜਤਾਲ

**ਨਵੀਂ ਦਿੱਲੀ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਨੌਂ ਘੰਟਿਆਂ ਦੀ ਪੁੱਛ-ਪੜਤਾਲ ਮਗਰੋਂ ਆਪਣੀ ਰਿਹਾਇਸ਼ 'ਤੇ ਮੀਡੀਆ ਨੂੰ ਦੱਸਿਆ ਕਿ ਸੀ.ਬੀ.ਆਈ. ਨੇ ਉਨ੍ਹਾਂ ਨੂੰ ਆਬਕਾਰੀ ਨੀਤੀ ਬਾਰੇ 56 ਸਵਾਲ ਪੁੱਛੇ ਅਤੇ ਸਾਰਿਆਂ ਦਾ ਉਨ੍ਹਾਂ ਜਵਾਬ ਦਿੱਤਾ ਹੈ। ਉਨ੍ਹਾਂ ਅਨੁਸਾਰ ਅਧਿਕਾਰੀਆਂ ਦਾ ਵਤੀਰਾ ਦੋਸਤਾਨਾ ਸੀ।

ਕੇਜਰੀਵਾਲ ਨੇ ਨਾਲ ਹੀ ਕਿਹਾ ਕਿ ਸ਼ਰਾਬ ਘੁਟਾਲਾ ਕੇਸ ਝੂਠਾ ਹੈ, ਇਹ ਗੰਦੀ ਸਿਆਸਤ ਦਾ ਨਤੀਜਾ ਹੈ। ਉਨ੍ਹਾਂ ਕੋਲ 'ਆਪ' ਦੇ ਗਲਤ ਹੋਣ ਬਾਰੇ ਕੋਈ ਸਬੂਤ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਉਹ ਆਮ ਆਦਮੀ ਪਾਰਟੀ ਨੂੰ ਖਤਮ ਕਰਨਾ ਚਾਹੁੰਦੇ ਹਨ ਕਿਉਂਕਿ ਉਹ ਸਕੂਲ-ਹਸਪਤਾਲ ਨਹੀਂ ਬਣਵਾ ਸਕਦੇ ਜਿਵੇਂ 'ਆਪ' ਨੇ ਦਿੱਲੀ ਵਿਚ ਬਣਾਏ ਹਨ।' ਮੁੱਖ ਮੰਤਰੀ ਨੇ ਦੱਸਿਆ ਕਿ ਏਜੰਸੀ ਵੱਲੋਂ ਆਬਕਾਰੀ ਨੀਤੀ ਬਾਰੇ ਸਵਾਲ ਪੁੱਛੇ ਗਏ। ਇਨ੍ਹਾਂ ਵਿਚ ਨੀਤੀ ਦੇ ਸ਼ੁਰੂ ਹੋਣ ਦੇ ਸਮੇਂ ਤੋਂ ਇਸ ਨੂੰ ਸ਼ੁਰੂ ਕਰਨ ਪਿਛਲੇ ਕਾਰਨਾਂ ਜਿਹੇ ਸਵਾਲ ਸ਼ਾਮਲ ਸਨ। ਸੀ.ਬੀ.ਆਈ. ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੋਸਤਾਨਾ ਅਤੇ ਸੁਖਾਵੇਂ ਮਾਹੌਲ 'ਚ ਸਵਾਲ ਪੁੱਛੇ, ਜਿਨ੍ਹਾਂ ਦੇ ਉਨ੍ਹਾਂ ਨੇ ਸਾਰੇ ਜਵਾਬ ਦਿੱਤੇ।



ਇਸੇ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਕਈ ਥਾਈਂ ਰੋਸ ਮੁਜ਼ਾਹਰੇ ਕੀਤੇ ਗਏ ਜਿਨ੍ਹਾਂ ਕੇਂਦਰੀ ਏਜੰਸੀ 'ਤੇ ਭਾਜਪਾ ਦੇ ਇਸ਼ਾਰਿਆਂ ਉਤੇ ਕੰਮ ਕਰਨ ਦਾ ਦੋਸ਼ ਲਾਇਆ। ਕੇਂਦਰੀ ਜਾਂਚ ਏਜੰਸੀ ਦੇ ਹੈੱਡਕੁਆਰਟਰ ਪੁੱਜਣ ਤੋਂ ਪਹਿਲਾਂ ਟਵਿੱਟਰ ਉਤੇ ਕੇਜਰੀਵਾਲ ਨੇ ਇਕ ਵੀਡੀਓ ਸੁਨੇਹਾ ਪੋਸਟ ਕਰਦਿਆਂ ਦਾਅਵਾ ਕੀਤਾ ਕਿ ਭਾਜਪਾ ਨੇ ਸ਼ਾਇਦ ਏਜੰਸੀ ਨੂੰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਹੈ। ਕੇਜਰੀਵਾਲ ਨੇ ਕਿਹਾ, 'ਉਹ ਲੋਕ ਬਹੁਤ ਤਾਕਤਵਰ ਹਨ। ਉਹ ਕਿਸੇ ਨੂੰ ਵੀ ਜੇਲ੍ਹ ਭੇਜ ਸਕਦੇ ਹਨ, ਫਰਕ ਨਹੀਂ ਪੈਂਦਾ ਕਿ ਕਿਸੇ ਵਿਅਕਤੀ ਨੇ ਅਪਰਾਧ ਕੀਤਾ ਹੈ ਜਾਂ ਨਹੀਂ। ਉਨ੍ਹਾਂ ਦੇ ਸਾਰੇ ਆਗੂ ਚੀਕ-ਚੀਕ ਕੇ ਕਹਿ ਰਹੇ ਹਨ ਕਿ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਤੇ ਅਜਿਹਾ ਜਾਪਦਾ ਹੈ ਕਿ ਭਾਜਪਾ ਨੇ ਸੀ.ਬੀ.ਆਈ. ਨੂੰ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ ਹਨ। ਸੀ.ਬੀ.ਆਈ. ਹੈੱਡਕੁਆਰਟਰ 'ਤੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਤੇ ਕੇਜਰੀਵਾਲ ਸਵੇਰੇ ਕਰੀਬ 11 ਵਜੇ ਏਜੰਸੀ ਦੇ ਦਫਤਰ ਪੁੱਜੇ। 'ਆਪ' ਸੁਪਰੀਮੋ ਨਾਲ ਵਿਰੋਧੀ ਧਿਰਾਂ ਦੇ ਕਈ ਆਗੂਆਂ ਨੇ ਇਕਜੁੱਟਤਾ ਜ਼ਾਹਿਰ ਕੀਤੀ। ਕੇਜਰੀਵਾਲ ਨੇ ਕਿਹਾ ਕਿ ਉਹ ਏਜੰਸੀ ਵੱਲੋਂ ਆਬਕਾਰੀ ਨੀਤੀ ਕੇਸ ਵਿਚ ਪੁੱਛੇ ਜਾਣ ਵਾਲੇ ਸਾਰੇ ਸਵਾਲਾਂ ਦੇ ਈਮਾਨਦਾਰੀ ਨਾਲ ਜਵਾਬ ਦੇਣਗੇ ਕਿਉਂਕਿ ਉਨ੍ਹਾਂ ਕੋਲ ਲੁਕਾਉਣ ਲਈ ਕੁਝ ਨਹੀਂ ਹੈ। ਕੇਜਰੀਵਾਲ ਤੋਂ ਜਦ ਪੁੱਛ-ਪੜਤਾਲ ਕੀਤੀ ਜਾ ਰਹੀ ਸੀ ਤਾਂ ਬਾਹਰ ਸੜਕ ਉਤੇ ਧਰਨੇ 'ਤੇ ਬੈਠੇ 'ਆਪ' ਦੇ ਕਈ ਆਗੂਆਂ ਨੂੰ ਦਿੱਲੀ ਪੁਲਿਸ ਨੇ 'ਹਿਰਾਸਤ' ਵਿਚ ਲੈ ਲਿਆ। ਹਿਰਾਸਤ ਵਿਚ ਲਏ ਜਾਣ ਵਾਲਿਆਂ ਵਿਚ ਰਾਜ ਸਭਾ ਮੈਂਬਰ ਸੰਜੇ ਸਿੰਘ ਤੇ ਰਾਘਵ ਚੱਢਾ, ਦਿੱਲੀ ਦੇ ਮੰਤਰੀ ਸੌਰਭ ਭਾਰਦਵਾਜ, ਆਤਿਸ਼ੀ ਤੇ ਕੈਲਾਸ਼ ਗਹਿਲੋਤ, 'ਆਪ' ਦੇ ਬੁਲਾਰੇ ਆਦਿਲ ਅਹਿਮਦ ਖਾਨ, ਪਾਰਟੀ ਜਨਰਲ ਸਕੱਤਰ ਪੰਕਜ ਗੁਪਤਾ ਤੇ ਪੰਜਾਬ ਸਰਕਾਰ ਦੇ ਕਈ ਮੰਤਰੀ ਸ਼ਾਮਲ ਸਨ। ਇਸ ਤੋਂ ਪਹਿਲਾਂ ਇਨ੍ਹਾਂ ਆਗੂਆਂ ਨੇ ਸੀ.ਬੀ.ਆਈ. ਦਫਤਰ ਦੇ ਬਾਹਰ ਪ੍ਰਧਾਨ ਮੰਤਰੀ ਖਿਲਾਫ ਨਾਅਰੇਬਾਜ਼ੀ ਵੀ ਕੀਤੀ।

## ਕੇਜਰੀਵਾਲ ਨੂੰ ਸੱਦੇ ਜਾਣ ਵਿਰੁੱਧ ਸੜਕਾਂ 'ਤੇ ਉੱਤਰੀ 'ਆਪ'

**ਚੰਡੀਗੜ੍ਹ:** ਸੀ.ਬੀ.ਆਈ. ਵੱਲੋਂ ਦਿੱਲੀ ਦੀ ਆਬਕਾਰੀ ਨੀਤੀ ਸਬੰਧੀ ਪੁੱਛ ਪੜਤਾਲ ਲਈ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੱਦੇ ਜਾਣ ਤੋਂ ਨਾਰਾਜ਼ 'ਆਪ' ਦੇ ਵਰਕਰ ਸੜਕਾਂ 'ਤੇ ਉੱਤਰ ਆਏ ਹਨ। ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਚ ਵੱਡਾ ਇਕੱਠ ਕੀਤਾ ਗਿਆ, ਜਿਸ 'ਚ ਵਿਧਾਇਕਾ ਜੀਵਨਜੋਤ ਕੌਰ ਵੀ ਮੌਜੂਦ ਰਹੇ। ਇਸੇ ਤਰ੍ਹਾਂ ਜਲੰਧਰ ਅਤੇ ਰਾਜਧਾਨੀ ਚੰਡੀਗੜ੍ਹ ਵਿਚ ਵੀ 'ਆਪ' ਵਰਕਰਾਂ ਨੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। 'ਆਪ' ਵਰਕਰਾਂ ਨੇ ਕੇਂਦਰ ਸਰਕਾਰ 'ਤੇ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਨ ਦੇ ਦੋਸ਼ ਲਗਾਏ ਗਏ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਵਿੱਚੋਂ ਵਿਰੋਧੀ ਪਾਰਟੀਆਂ ਨੂੰ ਖਤਮ ਕਰਨ ਲਈ ਕੰਮ ਕਰ ਰਹੀ ਹੈ।

## ਭਗਵੰਤ ਮਾਨ ਤੋਂ ਵੀ ਪੁੱਛ ਪੜਤਾਲ ਹੋਵੇ: ਸੁਖਬੀਰ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੀ.ਬੀ.ਆਈ. ਨੇ ਜਿਸ ਤਰੀਕੇ ਨਾਲ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਦਿੱਲੀ ਆਬਕਾਰੀ ਮਾਮਲੇ ਵਿਚ ਪੁੱਛ-ਪੜਤਾਲ ਕੀਤੀ ਹੈ, ਉਸੇ ਤਰੀਕੇ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਵੀ ਕੀਤੀ ਜਾਵੇ। ਪ੍ਰਧਾਨ ਨੇ ਕਿਹਾ ਕਿ ਜੇਕਰ ਭਗਵੰਤ ਮਾਨ ਤੋਂ ਪੁੱਛ-ਪੜਤਾਲ ਹੁੰਦੀ ਹੈ ਤਾਂ ਉਹ ਵੀ ਜਲਦੀ ਹੀ ਸਲਾਖਾਂ ਪਿੱਛੇ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਬਕਾਰੀ ਨੀਤੀ ਵੀ ਦਿੱਲੀ ਆਬਕਾਰੀ ਨੀਤੀ ਦੀ ਤਰਜ਼ 'ਤੇ ਬਣਾਈ ਗਈ ਹੈ।

## ਹਾਦਸੇ 'ਚ ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਦੀ ਮੌਤ

**ਇਸਲਾਮਾਬਾਦ:** ਪਾਕਿਸਤਾਨ ਦੇ ਧਾਰਮਿਕ ਮਾਮਲਿਆਂ ਨਾਲ ਸਬੰਧਤ ਮੰਤਰੀ ਮੁਫਤੀ ਅਬਦੁਲ ਸ਼ਕੂਰ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਇਸਲਾਮਾਬਾਦ ਪੁਲਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਮੁਤਾਬਕ ਜਦੋਂ ਸ਼ਕੂਰ ਮੈਰੀਅਟ ਤੋਂ ਸਕੱਤਰੇਤ ਚੌਕ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਨੂੰ ਹਿਲਕਸ ਰੇਵੋ ਵੱਲੋਂ ਟੱਕਰ ਮਾਰ ਦਿੱਤੀ ਗਈ। ਮੰਤਰੀ ਨੂੰ ਪੋਲੀਕਲੀਨਿਕ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਹਾਦਸੇ ਵਿਚ ਸ਼ਾਮਲ ਵਾਹਨ ਸਵਾਰਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸਲਾਮਾਬਾਦ ਦੇ ਆਈ.ਜੀ.ਪੀ. ਅਕਬਰ ਨਸੀਰ ਖਾਨ ਨੇ ਮੀਡੀਆ ਨੂੰ ਦੱਸਿਆ ਕਿ ਜਦੋਂ ਟੱਕਰ ਹੋਈ ਤਾਂ ਮੰਤਰੀ ਖੁਦ ਆਪਣੀ ਕਾਰ ਚਲਾ ਰਹੇ ਸਨ। ਸਿਰ ਵਿਚ ਸੱਟ ਵੱਜਣ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਵਿਦੇਸ਼ ਮੰਤਰੀ ਰਾਣਾ ਸਨਾਉਲ੍ਹਾ ਨੇ ਹਾਦਸੇ ਦੀ ਜਾਂਚ ਦਾ ਹੁਕਮ ਦੇ ਦਿੱਤਾ ਹੈ।

# ਪੁਲਿਸ ਹਿਰਾਸਤ 'ਚ ਗੋਲੀਆਂ ਮਾਰ ਕੇ ਅਤੀਕ ਅਹਿਮਦ ਤੇ ਅਸ਼ਰਫ ਦੀ ਹੱਤਿਆ

**ਪ੍ਰਯਾਗਰਾਜ:** ਗੈਂਗਸਟਰ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ ਦੀ ਇਥੇ ਇਕ ਮੈਡੀਕਲ ਕਾਲਜ ਨੇੜੇ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਅਤੀਕ ਦੇ ਵਕੀਲ ਮੁਤਾਬਕ ਦੋਵੇਂ ਭਰਾਵਾਂ ਨੂੰ ਮੈਡੀਕਲ ਲਈ ਹਸਪਤਾਲ ਲਿਆਂਦਾ ਗਿਆ ਸੀ। ਇਸ ਦੌਰਾਨ ਜਦੋਂ ਉਹ ਹਸਪਤਾਲ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਤਿੰਨ ਵਿਅਕਤੀਆਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਹਮਲੇ ਦੀ ਇਹ ਸਾਰੀ ਘਟਨਾ ਕੈਮਰਿਆਂ 'ਚ ਰਿਕਾਰਡ ਹੋ ਗਈ ਹੈ। ਹਮਲੇ ਮਗਰੋਂ ਇਲਾਕੇ 'ਚ ਤਣਾਅ ਫੈਲ ਗਿਆ ਹੈ।

ਅਤੀਕ ਦੇ ਵਕੀਲ ਅਨੁਸਾਰ ਦੋਵਾਂ ਨੂੰ 10 ਤੋਂ ਵੱਧ ਗੋਲੀਆਂ ਲੱਗੀਆਂ ਹਨ। ਪੀ.ਟੀ.ਆਈ. ਦੇ ਪੱਤਰਕਾਰਾਂ ਨੇ ਦੇਖਿਆ ਕਿ ਪੁਲਿਸ ਅਤੀਕ ਤੇ ਅਸ਼ਰਫ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਮੌਕੇ ਤੋਂ ਲਿਜਾ ਰਹੀ ਸੀ। ਦੋਵਾਂ ਨੂੰ ਉਮੇਸ਼ ਪਾਲ ਹੱਤਿਆ ਕੇਸ ਸਬੰਧੀ ਇਥੇ ਇਕ ਅਦਾਲਤ 'ਚ ਚੱਲ ਰਹੀ ਸੁਣਵਾਈ ਲਈ ਗੁਜਰਾਤ ਤੋਂ ਪ੍ਰਯਾਗਰਾਜ ਲਿਆਂਦਾ ਗਿਆ ਸੀ। ਅਤੀਕ ਦਾ ਪੁੱਤਰ ਤੇ ਉਸ ਦਾ ਸਾਥੀ 13 ਅਪਰੈਲ ਨੂੰ ਮੁਕਾਬਲੇ 'ਚ ਮਾਰੇ ਗਏ ਸਨ।



ਉਧਰ, ਅਤੀਕ ਅਹਿਮਦ (60) ਅਤੇ ਉਸ ਦੇ ਭਰਾ ਖਾਲਿਦ ਅਜ਼ੀਮ ਉਰਫ ਅਸ਼ਰਫ ਦੀ ਹੱਤਿਆ ਦੇ ਮਾਮਲੇ ਦੀ ਜਾਂਚ ਲਈ ਉੱਤਰ ਪ੍ਰਦੇਸ਼ ਸਰਕਾਰ ਨੇ ਤਿੰਨ ਮੈਂਬਰੀ ਜੁਡੀਸ਼ਲ ਕਮਿਸ਼ਨ ਬਣਾਇਆ ਹੈ। ਅਤੀਕ ਅਤੇ ਅਸ਼ਰਫ ਦੀ ਹੱਤਿਆ ਦੇ ਦੋਸ਼ੀ ਤਿੰਨੋਂ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਜਿਥੋਂ ਉਨ੍ਹਾਂ ਨੂੰ 14 ਦਿਨ ਦੀ ਨਿਆਇਕ ਹਿਰਾਸਤ 'ਚ ਭੇਜ ਦਿੱਤਾ ਗਿਆ।

ਜਾਂਚ ਕਮਿਸ਼ਨ ਦੀ ਅਗਵਾਈ ਹਾਈ ਕੋਰਟ ਦੇ ਸੇਵਾਮੁਕਤ ਜੱਜ ਅਰਵਿੰਦ ਕੁਮਾਰ ਤ੍ਰਿਪਾਠੀ ਕਰਨਗੇ ਜਦਕਿ ਸੇਵਾਮੁਕਤ ਜੱਜ ਬ੍ਰਿਜੇਸ਼ ਕੁਮਾਰ ਸੋਨੀ ਅਤੇ ਸਾਬਕਾ ਡੀ.ਜੀ.ਪੀ. ਸੁਬੇਸ਼ ਕੁਮਾਰ ਸਿੰਘ ਇਸ ਦੇ ਮੈਂਬਰ ਹੋਣਗੇ। ਅਧਿਕਾਰੀਆਂ ਨੇ ਕਿਹਾ ਕਿ ਕਮਿਸ਼ਨ ਸਰਕਾਰ ਨੂੰ ਦੋ ਮਹੀਨਿਆਂ ਦੇ ਅੰਦਰ ਰਿਪੋਰਟ ਸੌਂਪੇਗਾ।

## ਦੁਬਈ: ਇਮਾਰਤ 'ਚ ਲੱਗੀ ਅੱਗ ਕਾਰਨ ਚਾਰ ਭਾਰਤੀਆਂ ਸਣੇ 16 ਦੀ ਮੌਤ

**ਦੁਬਈ:** ਦੁਬਈ ਦੀ ਇਕ ਰਿਹਾਇਸ਼ੀ ਇਮਾਰਤ ਵਿਚ ਅੱਗ ਲੱਗਣ ਕਾਰਨ ਚਾਰ ਭਾਰਤੀਆਂ ਸਣੇ 16 ਵਿਅਕਤੀਆਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿਚ ਕੇਰਲਾ ਨਾਲ ਸਬੰਧਤ ਇਕ ਜੋੜਾ ਵੀ ਸ਼ਾਮਲ ਹੈ। ਹਾਦਸੇ ਵਿਚ ਨੌਂ ਹੋਰ ਵਿਅਕਤੀ ਜ਼ਖਮੀ ਵੀ ਹੋਏ ਹਨ। ਵੇਰਵਿਆਂ ਮੁਤਾਬਕ ਅੱਗ ਅਲ-ਰਾਸ ਇਲਾਕੇ ਵਿਚ ਸਥਿਤ ਇਮਾਰਤ ਦੀ ਚੌਥੀ ਮੰਜ਼ਿਲ ਉਤੇ ਲੱਗੀ ਜੋ ਕਿ ਦੁਬਈ ਦੇ ਸਭ ਤੋਂ ਪੁਰਾਣੇ ਇਲਾਕਿਆਂ ਵਿਚੋਂ ਇਕ ਹੈ। ਬਾਅਦ ਵਿਚ ਅੱਗ ਹੋਰ ਹਿੱਸਿਆਂ ਵਿਚ ਵੀ ਫੈਲ ਗਈ। ਦੁਬਈ ਸਥਿਤ ਭਾਰਤੀ ਦੂਤਾਵਾਸ ਨੇ ਪੁਸ਼ਟੀ ਕੀਤੀ ਹੈ ਕਿ ਮ੍ਰਿਤਕਾਂ ਵਿਚ ਚਾਰ ਭਾਰਤੀ



ਸ਼ਾਮਲ ਹਨ। ਮ੍ਰਿਤਕਾਂ ਦੀ ਸ਼ਨਾਖਤ ਰਿਜੇਸ਼ ਕਾਲੰਗਦਨ (38) ਉਸ ਦੀ ਪਤਨੀ ਜੇਸ਼ੀ ਕੰਡਾਮੰਗਲਥ (32), ਗੁੱਡੂ ਸਲਿਆਕੁੰਡੂ (49) ਤੇ ਇਮਾਮਕਾਸਿਮ ਅਬਦੁਲ ਖਾਦਰ (43) ਵਜੋਂ ਹੋਈ ਹੈ। ਭਾਰਤੀ ਦੂਤਾਵਾਸ ਦੇ ਅਧਿਕਾਰੀ ਬ੍ਰਿਜੇਂਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮ੍ਰਿਤਕਾਂ ਦੀਆਂ ਪਾਸਪੋਰਟ ਕਾਪੀਆਂ ਮਿਲ ਗਈਆਂ ਹਨ। ਭਾਰਤੀ ਦੂਤਾਵਾਸ ਨੇ ਪੀੜਤ ਪਰਿਵਾਰਾਂ ਨਾਲ ਡੂੰਘੀ ਸੰਵੇਦਨਾ ਜ਼ਾਹਿਰ ਕਰਦਿਆਂ ਮਦਦ ਲਈ ਅੱਗੇ ਆਉਣ ਵਾਲੇ ਸਮਾਜਿਕ ਕਾਰਕੁਨਾਂ ਤੇ ਹੋਰਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਦੇਹਾਂ ਨੂੰ ਵਾਪਸ ਭੇਜਣ ਲਈ ਸਥਾਨਕ ਅਥਾਰਿਟੀ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਮ੍ਰਿਤਕ ਜੋੜਾ ਕੇਰਲਾ ਨਾਲ ਸਬੰਧਤ ਹੈ ਜਦਕਿ ਦੋ ਹੋਰ ਵਿਅਕਤੀ ਤਾਮਿਲਨਾਡੂ ਤੋਂ ਹਨ। ਮ੍ਰਿਤਕਾਂ ਵਿਚ ਤਿੰਨ ਪਾਕਿਸਤਾਨੀ ਭਰਾ ਤੇ ਨਾਇਜੀਰੀਆ ਨਾਲ ਸਬੰਧਤ ਇਕ ਔਰਤ ਵੀ ਸ਼ਾਮਲ ਹੈ।

# ਜ਼ਿਮਨੀ ਚੋਣ ਮੌਕੇ ਸਰਕਾਰ ਦੀ ਪੋਲ ਖੋਲ੍ਹਣਗੇ ਕੱਚੇ ਮੁਲਾਜ਼ਮ

**ਮੁਹਾਲੀ:** ਪੰਜਾਬ ਭਰ ਦੇ ਕੱਚੇ ਮੁਲਾਜ਼ਮਾਂ ਨੇ ਪੰਜਾਬ ਦੀ 'ਆਪ' ਸਰਕਾਰ ਅਤੇ ਸੀਨੀਅਰ ਲੀਡਰਸ਼ਿਪ ਦਾ ਵਾਰ-ਵਾਰ ਝੂਠ ਬੋਲ ਕੇ ਲੋਕਾਂ ਨੂੰ ਗੁਮਰਾਹ ਦਾ ਸੱਚ ਸਾਹਮਣੇ ਲਿਆਉਣ ਦਾ ਬੀੜਾ ਚੁੱਕ ਕੇ ਹੁਕਮਰਾਨਾਂ ਦੀ ਨੀਂਦ ਉਡਾ ਦਿੱਤੀ ਹੈ। ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਮੁੱਖ ਆਗੂ ਆਸ਼ੀਸ਼ ਜੁਲਾਹਾ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਦੌਰਾਨ ਸੂਬਾ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਪੋਸਟਰ ਅਤੇ ਇਸ਼ਤਿਹਾਰ ਲਗਾਏ ਗਏ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ 13000 ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ 14417 ਹੋਰ ਪੱਕੇ ਕੀਤੇ ਜਾਣ ਦਾ ਐਲਾਨ ਕੀਤਾ ਹੈ ਪਰ ਜ਼ਮੀਨੀ ਹਕੀਕਤ ਕੋਹਾਂ ਦੂਰ ਹੈ। ਇਸ ਸਿਲਸਿਲੇ ਵਜੋਂ ਕੱਚੇ ਮੁਲਾਜ਼ਮਾਂ ਨੇ 'ਆਪ' ਵਾਲੰਟੀਅਰਾਂ, ਵਿਧਾਇਕਾਂ ਅਤੇ ਮੰਤਰੀਆਂ ਲਈ ਨਵੀਂ ਸਕੀਮ 'ਤਰੀਕ ਦੱਸੋ ਇਨਾਮ ਪਾਓ' ਸ਼ੁਰੂ ਕੀਤੀ ਹੈ ਜਿਸ ਵਿਚ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਡਿਟੇਲ ਦੱਸਣ ਦੀ ਗੱਲ ਕਹੀ ਗਈ ਹੈ। ਇਹ ਸੱਚ ਦੱਸਣ ਵਾਲੇ ਵਾਲੰਟੀਅਰ ਨੂੰ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਐਲਾਨਾਂ ਅਨੁਸਾਰ ਹੁਣ ਤੱਕ ਇਕ ਵੀ ਕੱਚਾ ਮੁਲਾਜ਼ਮ ਪੱਕਾ ਨਹੀਂ ਕੀਤਾ ਗਿਆ। ਮੁਲਾਜ਼ਮਾਂ ਨੂੰ ਪੱਕਾ ਕਰਨਾ ਤਾਂ ਦੂਰ ਜਿਨ੍ਹਾਂ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਸਰਕਾਰ ਨੋਟੀਫਿਕੇਸ਼ਨ ਕਰ ਚੁੱਕੀ ਹੈ, ਉਨ੍ਹਾਂ ਨੂੰ ਵੀ ਹੁਣ ਤੱਕ ਆਰਡਰ ਨਹੀਂ ਦਿੱਤੇ ਜਾ ਰਹੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੀ ਬਾਕੀ ਪਾਰਟੀਆਂ ਵਾਂਗ ਕੱਚੇ ਮੁਲਾਜ਼ਮਾਂ ਦੇ ਹਿੱਤਾਂ ਨਾਲ ਖੇਡ ਰਹੀ ਹੈ। ਇਸ ਕਰ ਕੇ ਸਰਕਾਰ ਦੇ ਦਾਅਵੇ ਨੂੰ ਝੂਠਾ ਸਾਬਤ ਕਰਦਾ ਪੋਸਟਰ ਤਿਆਰ ਕੀਤਾ ਗਿਆ ਹੈ ਜੋ ਸੋਸ਼ਲ ਮੀਡੀਆ ਰਾਹੀਂ ਆਮ ਲੋਕਾਂ ਤੱਕ ਪੁੱਜਦਾ ਕੀਤਾ ਜਾਵੇਗਾ।



# ਪੁਲਵਾਮਾ ਹਮਲਾ: ਜਵਾਨਾਂ ਨੂੰ ਜਹਾਜ਼ ਦੇਣ ਤੋਂ ਇਨਕਾਰ ਕਰਨ 'ਤੇ ਉਠੇ ਸੁਆਲ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਵੱਲੋਂ ਪੁਲਵਾਮਾ ਹਮਲੇ ਬਾਰੇ ਕੀਤੇ ਖੁਲਾਸਿਆਂ ਪਿੱਛੋਂ ਵਿਰੋਧੀ ਧਿਰਾਂ ਨੇ ਭਾਜਪਾ ਨੂੰ ਘੇਰ ਲਿਆ ਹੈ। ਕਾਂਗਰਸ ਨੇ 2019 ਦੇ ਪੁਲਵਾਮਾ ਕਾਂਡ ਦੀ ਜਾਂਚ ਦੇ ਨਤੀਜਿਆਂ ਸਬੰਧੀ ਕੇਂਦਰ ਤੋਂ ਜਵਾਬ ਮੰਗਿਆ। ਚੇਤੇ ਰਹੇ ਹਮਲੇ ਵਿਚ ਸੀ.ਆਰ.ਪੀ.ਐਫ. ਦੇ 40 ਜਵਾਨ ਮਾਰੇ ਗਏ ਸਨ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਪੁੱਛਿਆ ਕਿ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਦਹਿਸ਼ਤੀ ਹਮਲੇ ਦੇ ਖਤਰੇ ਦੇ ਬਾਵਜੂਦ ਹਵਾਈ ਜਹਾਜ਼ ਦੇਣ ਤੋਂ ਇਨਕਾਰ ਕਿਉਂ ਕੀਤਾ ਗਿਆ ਅਤੇ ਸੜਕ ਰਾਹੀਂ ਜਾਣ ਲਈ ਕਿਹਾ ਗਿਆ।

ਉਨ੍ਹਾਂ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ 'ਸ਼ਾਸਨ ਘੱਟ ਕਰਨ ਤੇ ਚੁੱਪੀ ਵੱਧ ਸਾਧਣ' ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇਸ ਹਮਲੇ ਬਾਰੇ ਜੰਮੂ ਤੇ ਕਸ਼ਮੀਰ ਦੇ ਸਾਬਕਾ ਰਾਜਪਾਲ ਸਤਿਆਪਾਲ ਮਲਿਕ ਵੱਲੋਂ ਕੀਤੇ ਗਏ ਖੁਲਾਸਿਆਂ ਬਾਰੇ ਜਵਾਬ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵੱਲੋਂ ਚੁੱਕੇ ਜਾਂਦੇ ਸਵਾਲਾਂ ਦੇ ਜਵਾਬ ਦੇਣੇ ਸਰਕਾਰ ਦੀ ਜ਼ਿੰਮੇਵਾਰੀ ਹੈ ਅਤੇ ਕਾਂਗਰਸ ਲਗਾਤਾਰ ਕੌਮੀ ਸੁਰੱਖਿਆ ਨਾਲ ਜੁੜੇ ਮਸਲਿਆਂ ਬਾਰੇ ਸਵਾਲ ਚੁੱਕਦੀ ਰਹੇਗੀ। ਪਾਰਟੀ ਆਗੂਆਂ ਪਵਨ ਖੇੜਾ ਤੇ ਸੁਪ੍ਰਿਯਾ ਸ੍ਰੀਨੇਤ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਜਮਹੂਰੀਅਤ ਦੇ ਪ੍ਰਤੀਕ ਵਜੋਂ ਇਮਾਰਤਾਂ ਤਾਂ ਉਸਾਰ ਦਿੱਤੀਆਂ ਪਰ ਜਮਹੂਰੀਅਤ ਗਾਇਬ ਹੈ। ਉਨ੍ਹਾਂ ਕਿਹਾ, 'ਵਿਸ਼ਵ ਗੁਰੂ ਨੇ



ਜਮਹੂਰੀਅਤ ਦਾ ਨਵਾਂ ਮਾਡਲ ਪੇਸ਼ ਕੀਤਾ ਹੈ ਜਿੱਥੇ ਜਮਹੂਰੀਅਤ ਦੇ ਪ੍ਰਤੀਕ ਤੇ ਇਮਾਰਤਾਂ ਤਾਂ ਮੌਜੂਦ ਹਨ ਪਰ ਜਮਹੂਰੀਅਤ ਦੀ ਆਤਮਾ ਗਾਇਬ ਹੈ।' ਸ੍ਰੀਨੇਤ ਨੇ ਪੁੱਛਿਆ, 'ਸੀ.ਆਰ.ਪੀ.ਐਫ. ਜਵਾਨਾਂ ਨੂੰ ਜਹਾਜ਼ ਦੇਣ ਤੋਂ ਕਿਉਂ ਇਨਕਾਰ ਕੀਤਾ ਗਿਆ ਸੀ? ਹਮਲੇ ਦੇ ਖਤਰਿਆਂ ਦੀ ਅਣਦੇਖੀ ਕਿਉਂ ਕੀਤੀ ਗਈ?' ਉਨ੍ਹਾਂ ਪੁੱਛਿਆ ਕਿ ਦਹਿਸ਼ਤਗਰਦਾਂ ਨੇ 300 ਕਿਲੋ ਗ੍ਰਾਮ ਆਰ.ਡੀ.ਐਕਸ. ਕਿਵੇਂ ਹਾਸਲ ਕੀਤੀ ? ਉਨ੍ਹਾਂ ਇਹ ਵੀ ਪੁੱਛਿਆ ਕਿ ਚਾਰ ਸਾਲਾਂ ਤੋਂ ਵੱਧ ਦਾ ਸਮਾਂ ਗੁਜ਼ਰ ਚੁੱਕਾ ਹੈ ਤੇ ਇਸ ਮਾਮਲੇ ਦੀ ਜਾਂਚ ਹੁਣ ਤੱਕ ਕਿਥੇ ਪੁੱਜੀ ਹੈ। ਇਸ ਮਾਮਲੇ ਵਿਚ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਤੇ ਉਸ ਵੇਲੇ ਦੇ ਰੱਖਿਆ ਮੰਤਰੀ ਰਾਜਨਾਥ ਦੀ ਜਵਾਬਦੇਹੀ ਕੌਣ, ਕਿੱਥੇ, ਕਦੋਂ ਅਤੇ ਕਿਵੇਂ ਤੈਅ ਕਰੇਗਾ?'

ਪੰਜਾਬ ਟਾਈਮਜ਼

ਸ਼ਨਿਚਰਵਾਰ, 22 ਅਪਰੈਲ, 2023

# ਨਿਆਂ-ਅਨਿਆਂ ਦੇ ਮਸਲੇ

ਇਸ ਹਫਤੇ ਆਈਆਂ ਦੋ ਖਬਰਾਂ ਨੇ ਸਭ ਦਾ ਧਿਆਨ ਖਿੱਚਿਆ ਹੈ। ਪਹਿਲੀ ਖਬਰ ਉਤਰ ਪ੍ਰਦੇਸ਼ ਤੋਂ ਆਈ ਹੈ ਜਿਸ ਵਿਚ ਗੈਂਗਸਟਰ ਤੋਂ ਸਿਆਸਤਦਾਨ ਬਣੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਅਸ਼ਰਫ਼ ਨੂੰ ਉਸਵਕਤ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਜਦੋਂ ਪੁਲਿਸ ਦੇ ਮੁਲਾਜ਼ਮ ਦੋਹਾਂ ਨੂੰ ਪ੍ਰਯਾਗਰਾਜ (ਅਲਾਹਾਬਾਦ) ਦੇ ਮੈਡੀਕਲ ਕਾਲਜ ਵਿਚ ਮੈਡੀਕਲ ਮੁਆਇਨੇ ਲਈ ਲਿਜਾ ਰਹੇ ਸਨ। ਦੂਜੀ ਖਬਰ ਸੁਪਰੀਮ ਕੋਰਟ ਦੀ ਹੈ ਜੋ ਗੁਜਰਾਤ ਦੇ ਬਿਲਕੀਸ ਬਾਨੋ ਕੇਸ ਨਾਲ ਸਬੰਧਿਤ ਹੈ। ਇਸ ਕੇਸ ਵਿਚ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦੀ ਝਾੜ-ਝੰਬ ਕੀਤੀ ਹੈ। ਪਹਿਲੀ ਖਬਰ ਅਨੁਸਾਰ, ਜਿਸ ਤਰ੍ਹਾਂ ਹਮਲਾਵਰਾਂ ਨੇ ਅਸਾਨੀ ਨਾਲ ਦੋਹਾਂ ਦੇ ਐਨ ਨੇੜੇ ਪਹੁੰਚ ਕੇ ਵਾਰਦਾਤ ਕੀਤੀ, ਉਸ ਤੋਂ ਸਾਫਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਲਿਜਾ ਰਹੇ ਸੁਰੱਖਿਆ ਮੁਲਾਜ਼ਮਾਂ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਕੋਤਾਹੀ ਕੀਤੀ ਹੈ। ਵਾਰਦਾਤ ਦੀ ਵੀਡੀਓ ਦੇਖ ਕੇ ਕੁੱਝ ਲੋਕਸਵਾਲ ਉਠਾ ਰਹੇ ਹਨ ਕਿ ਵਾਰਦਾਤ ਰੋਕੀ ਜਾ ਸਕਦੀ ਸੀ। ਸਵਾਲ ਇਹ ਵੀ ਹੈ ਕਿ ਜਦੋਂ ਹਤਿਆਰੇ ਗੋਲੀ ਚਲਾ ਰਹੇ ਸਨ ਤਾਂ ਪੁਲਿਸ ਕਰਮਚਾਰੀ ਕੀ ਕਰ ਰਹੇ ਸਨ? ਦੋਹਾਂ ਸੂਬਿਆਂ- ਉਤਰ ਪ੍ਰਦੇਸ਼ ਅਤੇ ਗੁਜਰਾਤ ਵਿਚ ਇਸ ਵਕਤ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ। ਉਤਰ ਪ੍ਰਦੇਸ਼ ਸਰਕਾਰ ਨੇ ਭਾਵੇਂ ਅਹਿਮਦ ਭਰਾਵਾਂ ਦੇ ਕਤਲ ਦੀ ਜਾਂਚ ਵਾਸਤੇ ਤਿੰਨ ਮੈਂਬਰੀ ਨਿਆਂਇਕ ਕਮਿਸ਼ਨ ਬਣਾਇਆ ਹੈ ਅਤੇ ਸੂਬੇ ਦੀ ਪੁਲਿਸ ਨੇ ਵੀ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਕਾਇਮ ਕੀਤੀ ਹੈ ਪਰਵੱਡਾ ਸਵਾਲ ਇਹੀ ਹੈ ਕਿ ਪੁਲਿਸ ਮੁਲਾਜ਼ਮਾਂ ਵੱਲੋਂ ਹਮਲਾਵਰਾਂ ਨੂੰ ਸ਼ਹਿ ਜਾਂ ਮਦਦ ਦੇਣ ਦੇ ਪਹਿਲੂ ਦੀ ਜਾਂਚ ਵੀ ਹੋਣੀ ਚਾਹੀਦੀ ਹੈ। ਉਤਰ ਪ੍ਰਦੇਸ਼ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੁਆਰਾ ਸੂਬੇ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਅਜਿਹਾ ਮਾਹੌਲ ਬਣਿਆ ਹੈ ਕਿ ਪੁਲਿਸ ਮੁਲਾਜ਼ਮ ਕਾਨੂੰਨ ਦੇ ਦਾਇਰੇ ਵਿਚੋਂ ਬਾਹਰ ਜਾ ਕੇ ਕਿਸੇ ਦੇ ਖ਼ਿਲਾਫ ਕਾਰਵਾਈ ਕਰ ਰਹੇ ਹਨ।ਕਾਨੂੰਨੀ ਮਾਹਿਰਾਂ ਨੇ ਇਸ ਕੇਸ ਵਿਚ ਪੁਲਿਸ ਦੀ ਭੂਮਿਕਾ ਬਾਰੇ ਸਵਾਲ ਉਠਾਏ ਹਨ। ਅਹਿਮ ਸਵਾਲ ਇਹ ਹੈ ਕਿ ਪੁਲਿਸ ਨੇ ਅਤੀਕ ਅਤੇ ਅਸ਼ਰਫ਼ ਦੇ ਹਤਿਆਰਿਆਂ ਦੀ ਹਿਰਾਸਤ ਦੀ ਮੰਗ ਕਿਉਂ ਨਹੀਂ ਕੀਤੀ ਅਤੇ ਉਨ੍ਹਾਂ ਨੂੰ ਨਿਆਂਇਕ ਹਿਰਾਸਤ ਵਿਚ ਕਿਉਂ ਭੇਜ ਦਿੱਤਾ ਗਿਆ? ਪੁਲਿਸ ਅਤੇ ਤਫ਼ਤੀਸ਼ ਕਰਨ ਵਾਲੀਆਂ ਏਜੰਸੀਆਂ ਹਮੇਸ਼ਾ ਇਹ ਮੰਗ ਕਰਦੀਆਂ ਹਨ ਕਿ ਉਨ੍ਹਾਂ ਨੂੰ ਅਪਰਾਧੀਆਂ ਦੀ ਹਿਰਾਸਤ ਦਿੱਤੀ ਜਾਵੇ ਤਾਂ ਕਿ ਉਹ ਉਨ੍ਹਾਂ ਤੋਂ ਲੋੜੀਂਦੀ ਪੁੱਛਗਿੱਛ ਕਰ ਸਕਣ। ਪੁਲਿਸ ਹਿਰਾਸਤ ਵਿਚ ਕੀਤੀ ਪੁੱਛਗਿੱਛ ਬਹੁਤ ਮਹੱਤਵਪੂਰਨ ਹੁੰਦੀ ਹੈ ਕਿਉਂਕਿ ਇਸ ਨਾਲ ਹੀ ਅਪਰਾਧੀਆਂ ਦੇ ਪਿਛੋਕੜ, ਅਪਰਾਧ ਕਰਨ ਦੀ ਸਾਜ਼ਿਸ਼, ਉਨ੍ਹਾਂ ਦੇ ਸਿਆਸਤਦਾਨਾਂ ਨਾਲ ਰਿਸ਼ਤਿਆਂ ਅਤੇ ਅਪਰਾਧ ਦੇ ਹੋਰ ਪੱਖਾਂ ਬਾਰੇ ਸੂਹ ਮਿਲਦੀ ਹੈ। ਜ਼ਾਹਿਰ ਹੈ ਕਿ ਇਨ੍ਹਾਂ ਸਾਰੇ ਸਵਾਲਾਂ ਦਾ ਸਿੱਧਾ ਸਬੰਧ ਸੂਬੇ ਦੀ ਸਰਕਾਰ ਨਾਲ ਹੈ। ਸੂਬੇ ਅੰਦਰ ਲਗਾਤਾਰ ਹੋ ਰਹੇ ਪੁਲਿਸ ਮੁਕਾਬਲਿਆਂ ਅਤੇ ਹੱਤਿਆਵਾਂ ਦੇ ਮਾਮਲੇ 'ਤੇ ਭਾਰਤੀ ਜਨਤਾ ਪਾਰਟੀ ਨੇ ਖਾਮੋਸ਼ੀ ਧਾਰੀ ਹੋਈ ਹੈ। ਅਸਲ ਵਿਚ ਸੂਬੇ ਅੰਦਰਪੁਲਿਸ ਨੇ ਆਪਣੇ ਸਿਆਸੀ ਆਕਾਵਾਂ ਦੀ ਸ਼ਹਿ 'ਤੇ ਹੱਤਿਆਵਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਹੁਣ ਇਹ ਨਿਆਂਪਾਲਿਕਾ ਅਤੇ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਇਸ ਮਸਲੇ 'ਤੇਆਪਣੇ ਪੱਧਰ 'ਤੇ ਬਣਦੀ ਕਾਰਵਾਈ ਕਰਨ ਅਤੇ ਸੂਬੇ ਸਰਕਾਰ ਦੇ ਆਪਹੁਦਰੇਪਣ ਨੂੰ ਠੱਲ੍ਹ ਪਾਉਣ ਪਰ ਹਾਲਾਤ ਅਤੇ ਤੱਥ ਦੱਸਦੇ ਹਨ ਕਿ ਸੂਬੇ ਅੰਦਰ ਬਹੁਤ ਕੁਝ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਖਾਮੋਸ਼ ਸਹਿਮਤੀ ਨਾਲ ਹੋ ਰਿਹਾ ਹੈ। ਇਸ ਸੂਰਤ ਵਿਚ ਨਿਆਂਪਾਲਿਕਾ ਦੀ ਜ਼ਿੰਮੇਵਾਰ ਹੋਰ ਵਧ ਜਾਂਦੀ ਹੈ ਜੋ ਅਜਿਹੇ ਮਾਮਲਿਆਂ 'ਤੇ ਯੋਗ ਐਕਸ਼ਨ ਲੈਣ ਦੇ ਸਮਰੱਥ ਹੈ। ਜਿਸ ਤਰ੍ਹਾਂ ਬਿਲਕੀਸ ਬਾਨੋ ਵਾਲੇ ਕੇਸ ਵਿਚ ਸੁਪਰੀਮ ਕੋਰਟ ਨੇ ਸਖਤ ਰਵੱਈਆ ਅਖਤਿਆਰਕੀਤਾ ਹੈ, ਉਤਰ ਪ੍ਰਦੇਸ਼ ਸਰਕਾਰ ਦੇ ਆਪਹੁਦਰੇਪਣ 'ਤੇ ਵੀ ਅਦਾਲਤ ਨੂੰ ਅਜਿਹਾ ਰਵੱਈਆ ਅਖਤਿਆਰ ਕਰਨਾ ਚਾਹੀਦਾ ਹੈ। ਬਿਲਕੀਸ ਬਾਨੋ ਵਾਲੇ ਕੇਸ ਵਿਚ ਸੁਪਰੀਮ ਕੋਰਟ ਸਖਤੀ ਨਾਲ ਪੇਸ਼ ਆਈ। ਇਸ ਨੇ ਗੁਜਰਾਤ ਸਰਕਾਰ ਨੂੰ ਇਸ ਕੇਸ ਨਾਲ ਸਬੰਧਿਤ ਮੂਲ ਫਾਈਲਾਂ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਯਾਦ ਰਹੇ ਕਿ 2002 ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦੌਰਾਨ ਹਿੰਦੂ ਕੱਟੜਪੰਥੀਆਂ ਦੀ ਭੀੜ ਨੇ ਬਿਲਕੀਸ ਬਾਨੋ ਦੇ ਪਰਿਵਾਰ 'ਤੇ ਹਮਲਾ ਕਰ ਕੇ ਪਰਿਵਾਰ ਦੇ 14 ਜੀਆਂ ਨੂੰ ਕਤਲ ਕਰ ਦਿੱਤਾ ਸੀ ਜਿਨ੍ਹਾਂ ਵਿਚ ਬਿਲਕੀਸ ਬਾਨੋ ਦੀ 3 ਵਰ੍ਹਿਆਂ ਦੀ ਧੀ ਵੀ ਸ਼ਾਮਿਲ ਸੀ। ਹਮਲਾਵਰਾਂ ਨੇ ਬਿਲਕੀਸ ਬਾਨੋ ਨਾਲ ਜਬਰ-ਜਨਾਹ ਕੀਤਾ। ਬਿਲਕੀਸ ਬਾਨੋ ਵੱਲੋਂ ਲੜੀ ਲੰਮੀ ਲੜਾਈ ਤੋਂ ਬਾਅਦ ਅਦਾਲਤ ਨੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਪਰ ਪਿਛਲੇ ਸਾਲ 15 ਅਗਸਤ ਨੂੰ ਆਜ਼ਾਦੀ ਦਿਵਸ ਮੌਕੇ ਗੁਜਰਾਤ ਸਰਕਾਰ ਨੇ 11 ਦੋਸ਼ੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਹੀ ਰਿਹਾਅ ਕਰ ਦਿੱਤਾ। ਇਸ ਕਾਰਜ ਵਿਚ ਕੇਂਦਰ ਦੀ ਮੋਦੀ ਸਰਕਾਰ ਨੇ ਵੀ ਬਾਕਾਇਦਾ ਸਹਿਮਤੀ ਦਿੱਤੀ। ਹੁਣ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਇਹ ਤੱਥ ਵੀ ਨੋਟ ਕੀਤਾ ਕਿ ਸਜ਼ਾ ਦੌਰਾਨ ਵੀ ਗੁਜਰਾਤ ਸਰਕਾਰ ਨੇ ਦੋਸ਼ੀਆਂ ਨਾਲ ਨਰਮ ਵਤੀਰਾ ਅਪਣਾਇਆ। ਇਨ੍ਹਾਂ ਵਿਚੋਂ ਇਕ ਕੈਦੀ ਨੂੰ ਕੁਲ ਮਿਲਾ 1500 ਦਿਨ, ਇਕ ਹੋਰ ਨੂੰ 1200 ਦਿਨ ਅਤੇ ਇਕ ਹੋਰ ਨੂੰ 1000 ਦਿਨ ਪੈਰੋਲ 'ਤੇ ਬਾਹਰ ਰੱਖਿਆ ਗਿਆ। ਇਹ ਪੈਰੋਲ ਘੱਟ-ਘੱਟ ਤਿੰਨ ਸਾਲ ਬਣ ਜਾਂਦੀ ਹੈ। ਸੁਪਰੀਮ ਕੋਰਟ ਸਖਤੀ ਨਾਲ ਪੁੱਛਿਆ ਹੈ ਕਿ ਦੋਸ਼ੀਆਂ ਨੂੰ ਕਿਸ ਆਧਾਰ 'ਤੇ ਇਹ ਛੋਟ ਦਿੱਤੀ ਗਈ? ਇਹ ਸਿਰੇ ਦੀ ਸਿਤਮਜ਼ਰੀਫੀ ਹੀ ਹੈ ਕਿ ਬਿਲਕੀਸ ਬਾਨੋ ਨੂੰ ਪਹਿਲਾਂ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਲੰਮੀ ਲੜਾਈ ਲੜਨੀ ਪਈ ਅਤੇ ਹੁਣ ਮੋਦੀ ਤੇ ਗੁਜਰਾਤ ਸਰਕਾਰਾਂ ਨੇ ਦੋਸ਼ੀਆਂ ਨੂੰ ਇਸ ਕਰ ਕੇ ਸਮੇਂ ਤੋਂ ਪਹਿਲਾਂ ਹੀ ਰਿਹਾਅ ਕਰ ਦਿੱਤਾ ਤਾਂ ਕਿ ਹਿੰਦੂਤਵ ਦਾ ਮੁੱਦਾ ਉਭਾਰ ਕੇ ਵੱਧ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਜਾ ਸਕਣ।ਇਹ ਦੋਵੇਂ ਮਸਲੇ ਦਰਸਾ ਰਹੇ ਕਿ ਨਿਆਂ ਬਾਰੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦਾ ਰਵੱਈਆ ਕੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਜ਼ਿਮਨੀ ਚੋਣ ਨਾ ਮੁੱਕਣਾ ਰੋਣ

ਕੈਂਡੀਡੇਟਾਂ ਨੂੰ ਕਾਹਲ਼ ਜਿਹੀ ਪੈਣ ਲੱਗੀ, ਵਗਦੀ ਗੰਗਾ ਦੇ ਵਿਚ ਹੱਥ ਧੋਣ ਵਾਲ਼ੀ।<br>
ਖ਼ੁਸ਼ੀ ਝਲਕਦੀ ਚਿਹਰੇ ਨਸ਼ੇੜੀਆਂ ਦੇ, ਵੋਟ-ਮੰਗਤਿਆਂ ਤਾਈਂ ਜੋ 'ਚੋਣ' ਵਾਲ਼ੀ।<br>
ਸੱਤਾ ਪੱਖ ਦੀ ਜਿੱਤ ਜਾਂ ਹਾਰ ਹੋ ਜਏ, ਕੁਰਸੀ ਕੋਲ਼ ਹੀ ਰਹਿਣੀ ਨਾ ਖੋਣ ਵਾਲ਼ੀ।<br>
ਨਾਹੀ ਸਾਰੇ ਪੰਜਾਬ 'ਤੇ ਥੋਪ ਹੋਣੀ, ਇੱਕੋ ਹਲਕੇ ਦੇ ਲੋਕਾਂ ਨੂੰ ਟੋਹਣ ਵਾਲ਼ੀ।<br>
ਹਾਲਤ ਹੋਈ ਐ ਹਲਕੇ ਦੇ ਵੋਟਰਾਂ ਦੀ, 'ਬੋਝ' ਪਿੱਠ 'ਤੇ ਆ ਪਿਆ ਢੋਣ ਵਾਲ਼ੀ।<br>
ਗਲ਼ ਪਿਆ ਢੋਲ ਹੀ ਦੋਸਤੋ ਜਾਪਦੀ ਏ, ਜ਼ਿਮਨੀ ਚੋਣ ਜਲੰਧਰ ਦੀ ਹੋਣ ਵਾਲ਼ੀ!

# ਜ਼ਿਮਨੀ ਚੋਣ: ਬੁਨਿਆਦੀ ਮੁੱਦੇ ਗਾਇਬ, ਹੋਛੀ ਸਿਆਸਤ ਭਾਰੂ

ਜਲੰਧਰ ਜ਼ਿਮਨੀ ਚੋਣ ਸਬੰਧੀ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਤੋਂ ਸੱਤਾ ਦੇ ਗਲਿਆਰਿਆਂ ਤੱਕ ਚਹੁੰ ਪਾਸੇ ਕਿਸੇ ਨਾ ਕਿਸੇ ਰੂਪ ਵਿਚ ਚਰਚਾ ਛਿੜੀ ਹੋਈ ਹੈ। ਆਮ ਲੋਕ ਚੁਟਕਲੇ ਸੁਣਾ ਰਹੇ ਹਨ ਕਿ ਕਈ ਪਾਰਟੀਆਂ 'ਚ ਤਾਂ ਕਹਿੰਦੇ-ਕਹਾਉਂਦੇ ਲੀਡਰਾਂ ਬਾਰੇ ਅਸਥਿਰਤਾ ਬਣੀ ਹੋਈ ਹੈ ਕਿ ਉਹ ਭਲਕੇ ਪਾਰਟੀ ਵਿਚ ਹੋਣਗੇ ਵੀ ਜਾਂ ਨਹੀਂ! ਕਰਤਾਰਪੁਰ ਤੋਂ ਸਾਬਕਾ ਕਾਂਗਰਸ ਵਿਧਾਇਕ ਸੁਰਿੰਦਰ ਚੌਧਰੀ ਨੇ ਤਾਂ ਇੱਕ ਹਫਤੇ ਵਿਚ ਦੋ ਵਾਰ ਪਾਰਟੀਆਂ ਬਦਲ ਕੇ 'ਬਦਲਾਅ' ਨੂੰ ਬੌਂਦਲਣ ਲਾ ਦਿੱਤਾ।

ਖੈਰ! ਇਸ ਚੋਣ ਵਿਚ ਦਲ-ਬਦਲੀਆਂ ਤੇ ਨਿੱਜੀ ਤੋਹਮਤਵਾਜ਼ੀਆਂ ਤਾਂ ਖੂਬ ਸੁਰਖੀਆਂ ਬਟੋਰ ਰਹੀਆਂ ਹਨ ਪਰ ਚੋਣ ਪ੍ਰਚਾਰ 'ਚ ਕਿੱਧਰੇ ਵੀ ਆਮ ਲੋਕਾਂ ਦੇ ਬੁਨਿਆਦੀ ਮੁੱਦੇ ਸੁਣਾਈ ਨਹੀਂ ਦੇ ਰਹੇ। ਮਹਿੰਗਾਈ ਦੇ ਇਸ ਦੌਰ ਵਿਚ ਆਮ ਲੋਕਾਂ ਦਾ ਜਿਉਣਾ ਦੁੱਭਰ ਹੋਇਆ ਪਿਆ ਹੈ, ਫਿਰ ਵੀ ਆਮ ਲੋਕਾਂ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਦੇ ਬੁਨਿਆਦੀ ਮੁੱਦਿਆਂ ਤੋਂ ਸੱਖਣੀ ਇਸ ਚੋਣ ਪ੍ਰਕਿਰਿਆ ਵਿਚ ਸਿਰਫ ਫੋਕੇ ਨਾਅਰਿਆਂ ਦਾ ਗੂੰਜਣਾ ਸਿਆਸਤ ਦੀ ਗੈਰ-ਸੰਵੇਦਨਸ਼ੀਲਤਾ ਦਰਸਾਉਂਦਾ ਹੈ।

ਵੈਸੇ ਤਾਂ ਜਲੰਧਰ ਜ਼ਿਮਨੀ ਚੋਣ ਲੜ ਰਹੀਆਂ ਪੰਜਾਂ ਮੁੱਖ ਪਾਰਟੀਆਂ ਵੱਲੋਂ ਉਮੀਦਵਾਰ ਖੜ੍ਹੇ ਕਰਨ ਦੇ ਢੰਗ-ਤਰੀਕੇ ਤੋਂ ਹੀ ਇਹਨਾਂ ਪਾਰਟੀਆਂ ਦੀ ਲੋਕਾਂ ਪ੍ਰਤੀ ਸੁਹਿਰਦਤਾ ਜ਼ਾਹਿਰ ਹੁੰਦੀ ਹੈ। ਆਮ ਆਦਮੀ ਪਾਰਟੀ ਵੱਲੋਂ ਕੁੱਝ ਘੰਟੇ ਪਹਿਲਾਂ ਪਾਰਟੀ ਵਿਚ ਸ਼ਾਮਲ ਹੋਏ ਸਾਬਕਾ ਕਾਂਗਰਸੀ ਵਿਧਾਇਕ ਸ਼ੁਸ਼ੀਲ ਕੁਮਾਰ ਰਿੰਕੂ ਨੂੰ ਟਿਕਟ ਦੇ ਕੇ ਇਹ ਸਿੱਧ ਕੀਤਾ ਹੈ ਕਿ 'ਆਪ' ਨੂੰ ਇਲਾਕੇ ਵਿਚੋਂ ਇੱਕ ਵੀ ਪਾਰਟੀ ਵਰਕਰ ਅਜਿਹਾ ਨਹੀਂ ਲੱਭਾ ਜਿਸ ਨੂੰ ਉਹ ਚੋਣ ਲੜਾ ਸਕਦੇ। ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ 'ਆਮ ਆਦਮੀ' ਨੂੰ ਚੋਣ ਲੜਾਉਣ ਦਾ ਪ੍ਰਚਾਰ ਕਰਨ ਵਾਲੀ ਆਮ ਆਦਮੀ ਹੁਣ ਕਾਂਗਰਸ ਦੇ 'ਸਾਬਕਾ ਖਾਸ ਆਦਮੀ' ਨੂੰ ਚੋਣ ਲੜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ ਆਪਣੇ ਪਾਰਟੀ ਵਰਕਰਾਂ ਨੂੰ ਛੱਡ ਕੇ ਸਾਬਕਾ ਅਕਾਲੀ ਵਿਧਾਇਕ ਇੰਦਰ ਇਕਵਾਲ ਸਿੰਘ ਅਟਵਾਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇਉਂ ਕਰ ਕੇ ਭਾਜਪਾ ਨੇ ਅਕਾਲੀ ਦਲ ਨੂੰ ਠਿੱਬੀ ਵੀ ਲਗਾ ਦਿੱਤੀ ਹੈ ਅਤੇ ਸਿੱਖ ਉਮੀਦਵਾਰ ਵੀ ਖੜ੍ਹਾ ਕਰ ਲਿਆ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਕੁੱਝ ਸਾਲ ਪਹਿਲਾਂ ਬਸਪਾ ਛੱਡ ਕੇ ਅਕਾਲੀ ਦਲ ਵਿਚ ਆਏ ਹਲਕਾ ਬੰਗਾ ਤੋਂ ਮੌਜੂਦਾ ਅਕਾਲੀ ਵਿਧਾਇਕ ਡਾਕਟਰ ਸੁਖਵਿੰਦਰ ਸਿੰਘ ਸੁੱਖੀ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਅਕਾਲੀ ਦਲ ਵੱਲੋਂ ਮੌਜੂਦਾ ਵਿਧਾਇਕ ਨੂੰ ਚੋਣ ਮੈਦਾਨ ਵਿਚ ਉਤਾਰਨ ਦਾ ਸਾਫ ਮਤਲਬ ਹੈ ਕਿ ਉਹ ਆਪਣੀ ਹੋਂਦ ਬਚਾਉਣ ਦੀ ਲੜਾਈ ਲੜ ਰਿਹਾ ਹੈ; ਜੇ ਅਕਾਲੀ ਦਲ ਨੂੰ ਥੋੜ੍ਹੀ ਬਹੁਤ ਸੰਭਾਵਨਾ ਵੀ ਸੀਟ ਜਿੱਤਣ ਦੀ ਹੁੰਦੀ ਤਾਂ ਉਹ ਅੱਜ ਦੇ ਹਾਲਾਤ ਅਨੁਸਾਰ ਵਿਧਾਨ ਸਭਾ ਦੀ ਜ਼ਿਮਨੀ ਚੋਣ ਦੀ ਸੰਭਾਵਨਾ ਪੈਦਾ ਕਰਨ ਦਾ ਜ਼ਰੀਆ ਬਣਨ ਤੋਂ ਪਿੱਛੇ ਹੀ ਹਟਦਾ। ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਮਾਲਵੇ ਦੇ ਜੰਮਪਲ ਗੁਰਜੰਟ ਸਿੰਘ ਕੱਟੂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਗੁਰਜੰਟ ਸਿੰਘ ਕੱਟੂ ਦਾ ਪਿਛੋਕੜ ਵੀ ਬਸਪਾ ਤੋਂ ਹੀ ਹੈ। ਕਾਂਗਰਸ ਨੇ ਸਾਬਕਾ ਐਮ.ਪੀ. ਸੰਤੋਖ ਸਿੰਘ ਚੌਧਰੀ ਦੀ ਪਤਨੀ ਕਰਮਜੀਤ ਕੌਰ ਨੂੰ ਚੋਣ ਮੈਦਾਨ ਉਤਾਰਿਆ ਹੈ, ਸੰਭਵ ਹੈ ਕਿ ਕਾਂਗਰਸ ਨੇ ਇਹ ਸਭ ਹਮਦਰਦੀ ਵੋਟ ਹਾਸਲ ਕਰਨ ਲਈ ਕੀਤਾ ਹੈ ਪਰ ਇਸ ਨਾਲ ਕਾਂਗਰਸ 'ਤੇ ਪਰਿਵਾਰਵਾਦ ਦੀ ਰਾਜਨੀਤੀ ਭਾਰੂ ਹੋਣ ਦੀ ਆਮ ਰਾਇ 'ਤੇ ਮੋਹਰ ਹੀ ਲੱਗਦੀ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਜਲੰਧਰ ਜ਼ਿਮਨੀ ਚੋਣ 'ਚ ਲੜ ਰਹੀਆਂ ਪੰਜ ਮੁੱਖ ਧਿਰਾਂ ਵਿਚੋਂ ਦੋ ਭਾਜਪਾ ਅਤੇ 'ਆਪ' ਨੇ ਤਾਂ ਚੋਣ ਲੜਾਉਣ ਲਈ ਐਨ ਮੌਕੇ 'ਤੇ 'ਉਧਾਰੇ' ਉਮੀਦਵਾਰ ਹਾਸਲ ਕੀਤੇ ਹਨ।

ਇਹ ਵੀ ਹਕੀਕਤ ਹੈ ਕਿ ਅੱਜ ਵੀ ਪੰਜਾਬੀਆਂ ਦੀ ਨਿਰਭਰਤਾ ਦਾ ਮੁੱਖ ਆਧਾਰ ਖੇਤੀ ਖੇਤਰ ਹੈ। ਪਿਛਲੇ ਦਿਨੀਂ ਪਏ ਬੇਮੌਸਮੇ ਮੀਂਹ ਅਤੇ ਗੜੇਮਾਰੀ ਕਾਰਨ ਫਸਲਾਂ ਦੇ ਨੁਕਸਾਨ ਨੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਬਣਦਾ ਇਹ ਸੀ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਕਿਸਾਨਾਂ, ਮਜ਼ਦੂਰਾਂ ਲਈ ਫੌਰੀ ਯੋਗ ਮੁਆਵਜ਼ਾ ਰਾਸ਼ੀ ਦਾ ਐਲਾਨ ਕਰਦੀਆਂ ਪਰ ਅਫਸੋਸ! ਦੋਵਾਂ ਹੀ ਸਰਕਾਰਾਂ ਨੇ ਅਜਿਹਾ ਨਹੀਂ ਕੀਤਾ। ਉਲਟਾ, ਕੇਂਦਰ ਸਰਕਾਰ ਨੇ ਕੁਦਰਤੀ ਆਫਤ ਕਾਰਨ ਸੁੰਗੜੇ ਅਤੇ ਟੁੱਟੇ ਦਾਣਿਆਂ ਵਾਲੀ ਕਣਕ ਦੀ ਖਰੀਦ 'ਤੇ 5.31 ਰੁਪਏ ਤੋਂ ਲੈ ਕੇ 31.87 ਰੁਪਏ ਪ੍ਰਤੀ ਕੁਇੰਟਲ ਤੱਕ ਦੀ ਕਟੌਤੀ ਦਾ ਫਰਮਾਨ ਜਾਰੀ ਕਰ ਦਿੱਤਾ। ਹਕੀਕਤ ਇਹ ਵੀ ਹੈ ਕਿ ਪੂਰਾ ਸੰਸਾਰ ਅੱਜ ਅਨਾਜ ਸੰਕਟ ਵੱਲ ਵਧ



ਰਿਹਾ ਹੈ। ਪਾਕਿਸਤਾਨ ਵਿਚ ਆਟੇ ਖਾਤਰ ਮਾਰੋ-ਮਾਰ ਹੋ ਰਹੀ ਹੈ। ਰੂਸ-ਯੂਕਰੇਨ ਕਣਕ ਅਤੇ ਜੌਂ ਪੈਦਾ ਕਰ ਰਹੇ ਸਨ ਪਰ ਸਾਮਰਾਜੀਆਂ ਵੱਲੋਂ ਥੋਪੀ ਜੰਗ ਕਾਰਨ ਮਿਸਰ, ਅਫਗਾਨਿਸਤਾਨ, ਪਾਕਿਸਤਾਨ, ਇੰਡੋਨੇਸ਼ੀਆ ਵਰਗੇ ਮੁਲਕਾਂ ਵਿਚ ਅਨਾਜ ਦੀ ਭਾਰੀ ਕਮੀ ਦਿਖਾਈ ਦੇ ਰਹੀ ਹੈ। ਭਾਰਤ ਵਿਚ ਵੀ ਲਗਾਤਾਰ ਵਧ ਰਹੀ ਮਹਿੰਗਾਈ ਅਤੇ ਖੇਤੀ ਖੇਤਰ ਹੇਠੋਂ ਘਟ ਰਹੇ ਰਕਬੇ ਕਾਰਨ ਅਨਾਜ ਦੀ ਸਮੱਸਿਆ ਖੜ੍ਹੀ ਹੋ ਸਕਦੀ ਹੈ। ਪੰਜਾਬ ਸਰਹੱਦੀ ਸੂਬਾ ਹੈ, ਇਸ ਲਈ ਚੋਣ ਦੌਰਾਨ ਚਰਚਾ ਪਾਕਿਸਤਾਨ ਸਮੇਤ ਸੜਕੀ ਰਸਤੇ 'ਤੇ ਪੈਂਦੇ ਦੇਸ਼ਾਂ ਵਿਚ ਅਨਾਜ ਦੇ ਵਪਾਰ ਦੀ ਬਣਨੀ ਚਾਹੀਦੀ ਸੀ ਪਰ ਇਸ 'ਤੇ ਕੋਈ ਚਰਚਾ ਨਹੀਂ ਹੋ ਰਹੀ ਹੈ।

ਪੰਜਾਬ ਵਿਚ ਰੁਜ਼ਗਾਰ ਦਾ ਮਸਲਾ ਸਭ ਤੋਂ ਅਹਿਮ ਹੈ। ਇਸੇ ਮਸਲੇ ਦੇ ਝੰਬੇ ਲੱਖਾਂ ਪੰਜਾਬੀ ਨੌਜਵਾਨ ਹਰ ਸਾਲ ਪਰਵਾਸ ਕਰ ਰਹੇ ਹਨ। 'ਇੱਥੇ ਅੰਗਰੇਜ਼ ਆ ਕੇ ਨੌਕਰੀ ਕਰਿਆ ਕਰਨਗੇ' ਵਰਗੇ ਫੋਕੇ ਦਮਗਜ਼ੇ ਮਾਰਨ ਵਾਲੀ ਭਗਵੰਤ ਮਾਨ ਸਰਕਾਰ ਹੁਣ ਜਲੰਧਰ ਚੋਣ ਦੌਰਾਨ ਇਸ ਮਸਲੇ 'ਤੇ ਚਰਚਾ ਤੋਂ ਹੀ ਭੱਜ ਰਹੀ ਹੈ। ਇੱਕ ਸਾਲ ਵਿਚ 26 ਹਜ਼ਾਰ ਤੋਂ ਵੱਧ ਨੌਕਰੀਆਂ ਦੇਣ ਦਾ ਦਾਅਵਾ ਕਰਨ ਵਾਲੀ ਮਾਨ ਸਰਕਾਰ ਨੇ ਇੱਕ ਵੀ ਭਰਤੀ ਸਿਰੇ ਨਹੀਂ ਚਾੜ੍ਹੀ ਹੈ। ਹਕੀਕਤ ਇਹ ਹੈ ਕਿ ਕਾਂਗਰਸ ਸਰਕਾਰ ਵੇਲੇ ਦੀ ਸ਼ੁਰੂ ਹੋਈ ਮਾਸਟਰ ਕਾਡਰ ਦੇ ਅਧਿਆਪਕਾਂ ਦੀ ਭਰਤੀ ਦੇ ਨਿਯੁਕਤੀ ਪੱਤਰ ਤਾਂ ਵੱਡੇ-ਵੱਡੇ ਸਮਾਗਮ ਕਰ ਕੇ ਭਗਵੰਤ ਮਾਨ ਵੱਲੋਂ ਵੰਡ ਦਿੱਤੇ ਗਏ ਲੇਕਿਨ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਉਹਨਾਂ ਬੇਰੁਜ਼ਗਾਰ ਅਧਿਆਪਕਾਂ ਨੂੰ ਅਜੇ ਤੱਕ ਜੁਆਇਨ ਨਹੀਂ ਕਰਵਾਇਆ। ਫਰਵਰੀ 2023 ਦੇ ਅੰਕੜਿਆਂ ਅਨੁਸਾਰ ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ 8.2 ਪ੍ਰਤੀਸ਼ਤ ਹੈ ਜੋ ਦੇਸ਼ ਭਰ ਦੇ ਅੰਕੜੇ 7.5 ਪ੍ਰਤੀਸ਼ਤ ਦੇ ਅੰਕੜੇ ਤੋਂ ਕਿਤੇ ਜ਼ਿਆਦਾ ਹੈ। ਸੂਬੇ ਵਿਚ ਲੱਖਾਂ ਦੀ ਗਿਣਤੀ ਵਿਚ ਗਰੈਜੂਏਟ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ ਲੇਕਿਨ ਸੂਬਾ ਸਰਕਾਰ ਨੇ ਉਹਨਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਠੋਸ ਯੋਜਨਾ ਨਹੀਂ ਉਲੀਕੀ। ਕਿਸਾਨਾਂ, ਮਜ਼ਦੂਰਾਂ ਵਾਂਗ ਬੇਰੁਜ਼ਗਾਰ ਨੌਜਵਾਨ ਵੀ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਜੇ ਕਿਸਾਨ, ਮਜ਼ਦੂਰ ਖੁਦਕੁਸ਼ੀਆਂ ਦੇ ਸਰਵੇ ਵਾਂਗ ਸਰਕਾਰ ਬੇਰੁਜ਼ਗਾਰਾਂ ਦੀਆਂ ਖੁਦਕੁਸ਼ੀਆਂ ਦਾ ਸਰਵੇਖਣ ਕਰਵਾਏ ਤਾਂ ਕਈ ਹੈਰਾਨੀਜਨਕ ਤੱਥ ਸਾਹਮਣੇ ਆ ਸਕਦੇ ਹਨ ਪਰ ਅਫਸੋਸ! ਸੱਤਾ ਧਿਰ ਸਮੇਤ ਚੋਣ ਲੜ ਰਹੀਆਂ ਧਿਰਾਂ ਨੇ ਇਸ ਮਸਲੇ ਨੂੰ ਉਠਾਉਣ ਪ੍ਰਤੀ ਸੰਜੀਦਗੀ ਨਹੀਂ ਦਿਖਾਈ ਹੈ।

ਬੇਰੁਜ਼ਗਾਰੀ ਕਾਰਨ ਨੌਜਵਾਨਾਂ ਦਾ ਇੱਕ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਫਸ ਰਿਹਾ ਹੈ। ਪਿਛਲੀਆਂ ਸਰਕਾਰਾਂ ਵਾਂਗ ਭਗਵੰਤ ਮਾਨ ਸਰਕਾਰ ਨੇ ਨੌਜਵਾਨਾਂ ਨੂੰ ਨਸ਼ਿਆਂ ਵਿਚੋਂ ਕੱਢਣ ਲਈ ਕੋਈ ਬਣਦਾ ਉਪਰਾਲਾ ਨਹੀਂ ਕੀਤਾ ਜਿਸ ਕਾਰਨ ਅੱਜ ਵੀ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਨਸ਼ਿਆਂ ਦਾ ਮਸਲਾ ਜਲੰਧਰ ਚੋਣ ਵਿਚ ਚਰਚਾ ਦਾ ਵਿਸ਼ਾ ਬਣਨਾ ਚਾਹੀਦਾ ਹੈ ਪਰ ਕਿਸੇ ਧਿਰ ਨੇ ਨਹੀਂ ਬਣਾਇਆ।

ਜਲੰਧਰ ਚੋਣ ਦੌਰਾਨ 'ਆਪ' ਸਰਕਾਰ 300 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਮਸਲਾ ਉਭਾਰ ਰਹੀ ਹੈ ਪਰ ਚਰਚਾ ਦਾ ਵਿਸ਼ਾ ਇਹ ਮੁੱਦਾ ਬਣਨਾ ਚਾਹੀਦਾ ਹੈ ਕਿ ਮੁਫਤ ਬਿਜਲੀ ਸਭ ਲਈ ਹੋਣੀ ਚਾਹੀਦੀ ਹੈ ਜਾਂ ਸਿਰਫ ਲੋੜਬੰਦਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ? ਕਰਜ਼ੇ ਦੀ ਮਾਰ ਝੱਲ ਰਹੀ ਸਰਕਾਰ ਵੱਲੋਂ ਅਮੀਰਾਂ ਤੇ ਧਨਾਢਾਂ ਨੂੰ ਮੁਫਤ ਬਿਜਲੀ ਦੇਣ ਦਾ ਕੋਈ ਤਰਕ ਨਹੀਂ ਬਣਦਾ।

ਪਿਛਲੇ ਸਾਲ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਅਤੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੇ ਕਤਲਾਂ ਲਈ ਜ਼ਿੰਮੇਵਾਰ ਕਈ ਮੁਲਜ਼ਮ ਅਜੇ ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਗੈਂਗਟਸਰ ਲਾਰੈਂਸ ਬਿਸ਼ਨੋਈ ਦੀਆਂ ਹੈਰਾਨੀਜਨਕ ਇੰਟਰਵਿਊ ਜੇਲ੍ਹ ਵਿਚੋਂ ਆਈਆਂ ਹਨ ਤੇ ਇਹ ਵਿਭਾਗ ਸਿੱਧੇ ਰੂਪ ਵਿਚ ਮੁੱਖ ਮੰਤਰੀ ਕੋਲ ਹਨ। ਇਸ ਲਈ ਜਲੰਧਰ ਚੋਣ ਦੇ ਆਪੂੰ ਸਟਾਰ ਪ੍ਰਚਾਰਕ ਬਣੇ ਮੁੱਖ ਮੰਤਰੀ ਤੋਂ ਇਹ ਪੁੱਛਣਾ ਬਣਦਾ ਹੈ ਕਿ ਸੂਬੇ ਦੇ ਅਜਿਹੇ ਹਾਲਾਤ ਲਈ ਜ਼ਿੰਮੇਵਾਰ ਕੌਣ ਹੈ?

ਕੱਚੇ ਕਾਮਿਆਂ ਨੂੰ ਪੱਕਾ ਕਰਨ ਦੇ ਮਾਮਲੇ 'ਤੇ ਹਰ ਸਰਕਾਰ ਰੋਟੀਆਂ ਸੇਕਦੀ ਆਈ ਹੈ। ਪਹਿਲਾਂ ਬਾਦਲਾਂ, ਫਿਰ ਕੈਪਟਨ ਤੇ ਚੰਨੀ, ਹੁਣ ਭਗਵੰਤ ਮਾਨ ਨੇ ਖ਼ੂਬ ਇਸ਼ਤਿਹਾਰ ਲਗਵਾਏ ਕਿ 'ਕੱਚੇ ਕਾਮੇ ਪੱਕੇ ਕੀਤੇ' ਪਰ ਜ਼ਿਆਦਤਰ ਕੱਚੇ ਕਾਮੇ ਕਹਿ ਰਹੇ ਹਨ ਕਿ ਉਹ ਤਾਂ ਅਜੇ ਵੀ ਕੱਚੇ ਹਨ। ਸਿਹਤ ਵਿਭਾਗ ਵਿਚ ਅਜੇ ਤੱਕ ਇੱਕ ਵੀ ਮੁਲਾਜ਼ਮ ਪੱਕਾ ਨਹੀਂ ਕੀਤਾ ਗਿਆ ਤਾਂ ਲੋਕਾਂ ਨੂੰ ਲਾਰੇ ਵਾਲੀਆਂ ਇਹਨਾਂ ਸਾਰੀਆਂ ਪਾਰਟੀਆਂ ਨੂੰ ਜਲੰਧਰ ਚੋਣ ਪ੍ਰਚਾਰ ਦੌਰਾਨ ਪੁੱਛਣਾ ਬਣਦਾ ਕਿ 'ਪੱਕੇ ਕੀਤੇ ਕਾਮਿਆਂ' ਦੀ ਲਿਸਟ ਜਾਰੀ ਕਰੋ।

ਜਲੰਧਰ ਚੋਣ ਦਰਮਿਆਨ ਕੇਂਦਰੀ ਏਜੰਸੀ ਅਰਵਿੰਦ ਕੇਜਰੀਵਾਲ ਤੋਂ ਘੰਟਿਆਂ ਬੱਧੀ ਪੁੱਛਗਿੱਛ ਕਰ ਰਹੀ ਹੈ ਤੇ ਸੂਬਾਈ ਏਜੰਸੀ ਚਰਨਜੀਤ ਸਿੰਘ ਚੰਨੀ ਤੋਂ ਉਸੇ ਤਰਜ਼ 'ਤੇ ਪੁੱਛਗਿੱਛ ਕਰ ਰਹੀ ਹੈ। ਦੋਵੇਂ-ਤਿੰਨੇ ਪਾਰਟੀਆਂ ਇਹਨਾਂ ਮਸਲਿਆਂ ਨੂੰ ਜਲੰਧਰ ਚੋਣ ਦੇ ਮੁੱਦੇ ਵਜੋਂ ਉਭਾਰ ਰਹੀਆਂ ਹਨ। ਇਹ ਪਾਰਟੀਆਂ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਕਿੰਨੀਆਂ ਕੁ ਦੁੱਧ ਧੋਤੀਆਂ ਹਨ, ਇਸ ਦਾ ਸਭ ਨੂੰ ਪਤਾ ਹੀ ਹੈ। ਫਸਲਾਂ 'ਤੇ ਐਮ.ਐਸ.ਪੀ. ਦਾ ਦਾਅਵਾ ਕਰਨ ਵਾਲੀ ਪਾਰਟੀ ਦੀ ਸੱਤਾ ਦੌਰਾਨ ਅੱਜ ਸ਼ਿਮਲਾ ਮਿਰਚ 3 ਰੁਪਏ ਪ੍ਰਤੀ ਕਿਲੋ ਤੱਕ ਵਿੱਕ ਰਹੀ ਹੈ ਤਾਂ ਫਸਲਾਂ/ਸਬਜ਼ੀਆਂ 'ਤੇ ਐਮ.ਐਸ.ਪੀ. ਦੇ ਮਸਲੇ ਦੀ ਚਰਚਾ ਹੋਣੀ ਚਾਹੀਦੀ ਹੈ।

ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਮਸਲਾ ਜਲੰਧਰ ਚੋਣ ਦੌਰਾਨ ਚਰਚਾ ਦਾ ਵਿਸ਼ਾ ਬਣਨਾ ਚਾਹੀਦਾ ਸੀ। ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਸੂਬੇ ਵਿਚ ਜਿਸ ਤਰ੍ਹਾਂ ਇੰਟਰਨੈੱਟ ਸੇਵਾਵਾਂ ਬੰਦ ਕਰ ਕੇ ਸਰਕਾਰ ਨੇ ਸਨਸਨੀ ਪੈਦਾ ਕੀਤੀ ਹੈ, ਉਸ ਬਾਰੇ ਚਰਚਾ ਹੋਣੀ ਬਣਦੀ ਹੈ। ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦੀ ਗਾਰੰਟੀ ਦਿੱਤੀ ਸੀ ਲੇਕਿਨ ਇਸ ਇੱਕ ਸਾਲ ਦੌਰਾਨ ਔਰਤਾਂ ਨੂੰ ਇਹ ਨਹੀਂ ਮਿਲੀ ਤਾਂ ਉਹਨਾਂ ਦਾ ਵੀ ਹੱਕ ਬਣਦਾ ਹੈ ਕਿ ਸਰਕਾਰ ਤੋਂ ਇਸ ਸਬੰਧੀ ਸਵਾਲ ਪੁੱਛਿਆ ਜਾਵੇ। ਸਥਿਤੀ ਇਹ ਹੈ ਕਿ ਸਿਆਸੀ ਧਿਰਾਂ ਵੱਲੋਂ ਇਹ ਚੋਣ ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਤਿਲਾਂਜਲੀ ਦੇ ਕੇ ਲੜੀ ਜਾ ਰਹੀ ਹੈ ਜਿੱਥੇ ਦਰਬਾਰੀ/ਸਰਕਾਰੀ ਮੀਡੀਆ ਬੇਬੁਨਿਆਦ ਮਾਮਲਿਆਂ 'ਤੇ ਝੂਠੇ ਬਿਰਤਾਂਤ ਸਿਰਜ ਕੇ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ।

# ਆਦਿਵਾਸੀਆਂ ਖਿਲਾਫ ਹਵਾਈ ਹਮਲਿਆਂ ਦਾ ਮਤਲਬ

7 ਅਪਰੈਲ ਨੂੰ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਪੈਂਦੇ ਪਾਮੇੜ ਇਲਾਕੇ ਦੇ ਮੇਟਾਗੁੜਾ, ਭੱਟੀਗੁੜਾ, ਕਵਰਗੱਟਾ, ਜੱਬਾਗੱਟਾ ਆਦਿ ਪਿੰਡਾਂ ਉਪਰ ਡਰੋਨਾਂ ਅਤੇ ਹੈਲੀਕਾਪਟਰਾਂ ਨਾਲ ਬੰਬਾਰੀ ਦੀਆਂ ਰਿਪੋਰਟਾਂ ਆਈਆਂ ਹਨ। ਰਿਪੋਰਟਾਂ ਅਨੁਸਾਰ ਸਵੇਰੇ 6 ਵਜੇ ਮੋਰਕੇਮੇਟਾ ਪਹਾੜੀਆਂ ਉਪਰ ਬੰਬਾਰੀ ਕੀਤੀ ਗਈ ਜਿੱਥੇ ਉਪਰੋਕਤ ਪਿੰਡ ਵਸੇ ਹੋਏ ਹਨ। ਫਿਰ ਖੇਤਾਂ ਵਿਚ ਹੈਲੀਕਾਪਟਰਾਂ ਨਾਲ ਬੰਬ ਸੁੱਟੇ ਗਏ ਅਤੇ ਮਸ਼ੀਨਗੰਨਾਂ ਨਾਲ ਫਾਇਰਿੰਗ ਕੀਤੀ ਗਈ। ਅਜੇ ਤੱਕ ਭਾਵੇਂ ਕਿਸੇ ਜਾਨੀ ਨੁਕਸਾਨ ਦੀ ਰਿਪੋਰਟ ਤਾਂ ਨਹੀਂ ਆਈ ਪਰ ਜੰਗਲਾਂ ਵਿਚ ਆਪਣੇ ਕੰਮਕਾਰ ਕਰਨ ਵਾਲੇ ਕੁਝ ਆਦਿਵਾਸੀਆਂ ਦੇ ਫੱਟੜ ਹੋਣ ਦੀਆਂ ਰਿਪੋਰਟਾਂ ਹਨ।

ਇਸ ਤੋਂ ਪਹਿਲਾਂ ਇਸੇ ਸਾਲ 11 ਜਨਵਰੀ ਨੂੰ ਬੀਜਾਪੁਰ-ਸੁਕਮਾ-ਤਿਲੰਗਾਨਾ ਦੇ ਸਰਹੱਦੀ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਖੇਤਰ ਵਿਚ ਹਵਾਈ ਹਮਲੇ ਦੀਆਂ ਖ਼ਬਰਾਂ ਆਈਆਂ ਸਨ। ਉਸ ਤੋਂ ਪਹਿਲਾਂ ਅਪਰੈਲ 2021 ਅਤੇ ਅਪਰੈਲ 2022 'ਚ ਵੀ ਅਜਿਹੇ ਹਮਲਿਆਂ ਨੇ ਦੇਸ਼ ਦੁਨੀਆ ਦਾ ਧਿਆਨ ਖਿੱਚਿਆ ਸੀ ਪਰ ਇਨ੍ਹਾਂ ਦਹਿਸ਼ਤਵਾਦੀ ਹਮਲਿਆਂ ਬਾਰੇ ਆਮ ਆਦਿਵਾਸੀਆਂ ਦੀ ਸੋਚ ਅਤੇ ਉਨ੍ਹਾਂ ਉਪਰ ਇਨ੍ਹਾਂ ਹਮਲਿਆਂ ਦੇ ਪ੍ਰਭਾਵ ਆਦਿ ਪੱਖਾਂ ਦੀ ਕੋਈ ਵਿਸਤਾਰਤ ਰਿਪੋਰਟ ਸਾਹਮਣੇ ਨਹੀਂ ਆਈ। ਜਮਹੂਰੀ ਤੇ ਸ਼ਹਿਰੀ ਹੱਕਾਂ ਦੀਆਂ ਜਥੇਬੰਦੀਆਂ ਦੇ ਸਾਂਝੇ ਮੰਚ, ਸੀ.ਡੀ.ਆਰ.ਓ., ਨੇ ਹਵਾਈ ਹਮਲਿਆਂ ਦੀਆਂ ਰਿਪੋਰਟਾਂ ਛਪਣ ਤੋਂ ਤੁਰੰਤ ਬਾਅਦ ਤੱਥ ਖੋਜ ਟੀਮ ਭੇਜ ਕੇ ਇਸ ਦੀ ਸਚਾਈ ਜਾਣਨ ਦੀ ਕੋਸ਼ਿਸ਼ ਕੀਤੀ ਸੀ ਪਰ ਪੁਲਿਸ ਵੱਲੋਂ ਟੀਮ ਨੂੰ ਉਸ ਇਲਾਕੇ ਵਿਚ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਫਿਰ ਮਾਰਚ ਮਹੀਨੇ ਸੀ.ਡੀ.ਆਰ.ਓ. ਦੀ ਟੀਮ ਚੁਪ-ਚੁਪੀਤੇ ਬੀਜਾਪੁਰ ਜ਼ਿਲ੍ਹੇ ਦੇ ਉਸੂਰ ਬਲਾਕ ਦੇ ਉਨ੍ਹਾਂ ਤਿੰਨ ਪਿੰਡਾਂ ਵਿਚ ਪਹੁੰਚ ਗਈ ਅਤੇ ਆਮ ਲੋਕਾਂ ਦੇ ਬਿਆਨ ਅਤੇ ਪ੍ਰਭਾਵ ਨੋਟ ਕੀਤੇ ਗਏ। ਸਥਾਨਕ ਬਾਸ਼ਿੰਦਿਆਂ ਨੇ ਪੁਸ਼ਟੀ ਕੀਤੀ ਕਿ ਕਈ ਡਰੋਨਾਂ ਦੀ ਮਦਦ ਨਾਲ ਉਪਰੋਥਲੀ 9 ਬੰਬ ਸੁੱਟੇ ਗਏ ਸਨ ਅਤੇ ਦੋ ਹੈਲੀਕਾਪਟਰਾਂ ਤੋਂ ਗੋਲੀਆਂ ਦੀ ਵਾਛੜ ਕੀਤੀ ਗਈ ਸੀ।

ਬਹੁਤ ਸਾਰੇ ਲੋਕਾਂ ਨੂੰ ਲੱਗ ਸਕਦਾ ਹੈ ਕਿ ਦੂਰ-ਦਰਾਜ ਜੰਗਲਾਂ ਵਿਚਲੀ ਆਦਿਵਾਸੀ ਵਸੋਂ ਉਪਰ ਹਮਲਿਆਂ ਦੀਆਂ ਰਿਪੋਰਟਾਂ ਨਿਰੋਲ ਅਫਵਾਹਾਂ ਹਨ। ਭਾਰਤੀ ਹੁਕਮਰਾਨ, ਉਥੋਂ ਦੇ ਪੁਲਿਸ ਤੇ ਨੀਮ-ਫੌਜੀ ਅਧਿਕਾਰੀ ਅਤੇ ਗੋਦੀ ਮੀਡੀਆ ਵੀ ਹਰ ਘਟਨਾ ਸਮੇਂ ਇਹੀ ਸਫਾਈ ਪੇਸ਼ ਕਰਦੇ ਹਨ ਕਿ ਉਥੋਂ ਅਜਿਹਾ ਕੋਈ ਹਮਲਾ ਨਹੀਂ ਹੋਇਆ; ਇਹ ਸਿਰਫ ਮਾਓਵਾਦੀ ਪਾਰਟੀ ਵੱਲੋਂ ਦੁਨੀਆ ਨੂੰ ਗੁਮਰਾਹ ਕਰਨ, ਆਪਣੇ ਵਿਰੁੱਧ ਮੁਹਿੰਮ ਨੂੰ ਸੱਟ ਮਾਰਨ ਲਈ ਨੀਮ-ਫੌਜੀ ਤਾਕਤਾਂ ਨੂੰ ਬਦਨਾਮ ਕਰਨ ਅਤੇ ਆਪਣੇ ਕਾਡਰਾਂ ਦੇ ਡਿਗ ਰਹੇ ਮਨੋਬਲ ਨੂੰ ਠੁੰਮਣਾ ਦੇਣ ਲਈ ਕੀਤਾ ਜਾ ਰਿਹਾ ਝੂਠਾ ਪ੍ਰਚਾਰ ਹੈ।

ਕੀ ਇਹ ਝੂਠਾ ਪ੍ਰਚਾਰ ਹੈ ਜਾਂ ਇਹ ਸਚਾਈ ਹੈ? ਸਰਕਾਰ ਅਤੇ ਮਾਓਵਾਦੀਆਂ ਵਿਚੋਂ ਕੌਣ ਝੂਠ ਬੋਲ ਰਿਹਾ ਹੈ, ਇਹ ਪਤਾ ਲਾਉਣ ਦਾ ਪੈਮਾਨਾ ਕੀ ਹੈ? ਕੀ ਸਰਕਾਰੀ ਬਿਆਨਾਂ ਉਪਰ ਯਕੀਨ ਕੀਤਾ ਜਾ ਸਕਦਾ ਹੈ? ਬਿਲਕੁਲ ਨਹੀਂ। ਆਜ਼ਾਦਾਨਾ ਟੀਮਾਂ ਤੇ ਖੋਜੀ ਪੱਤਰਕਾਰਾਂ ਦਾ ਉਨ੍ਹਾਂ ਇਲਾਕਿਆਂ ਵਿਚ ਜਾਣਾ ਮਨ੍ਹਾ ਹੈ। ਇਸ ਦਾ ਮਤਲਬ ਹੈ ਕਿ ਸਰਕਾਰ ਹਕੀਕਤ ਨੂੰ ਲੁਕੋਣਾ ਚਾਹੁੰਦੀ ਹੈ। ਸਚਾਈ ਦਾ ਪਤਾ ਲਾਉਣ ਦਾ ਇੱਕੋ-ਇਕ ਤਰੀਕਾ ਆਜ਼ਾਦਾਨਾ ਤੱਥ ਖੋਜ ਹੈ ਪਰ ਅਜਿਹੀ ਖੋਜ ਹਕੂਮਤ ਕਰਨ ਨਹੀਂ ਦੇ ਰਹੀ। ਸਭ ਨੂੰ ਪਤਾ ਹੈ ਕਿ ਭਾਰਤੀ ਹਕੂਮਤ ਵਿਰੁੱਧ ਬਾਗ਼ੀ ਅੰਦੋਲਨਾਂ ਦੇ ਇਲਾਕਿਆਂ ਪ੍ਰਤੀ ਭਾਰਤੀ ਹੁਕਮਰਾਨਾਂ ਦੀ ਨੀਤੀ ਰਾਜਕੀ ਦਹਿਸ਼ਤਵਾਦ ਦੀ ਹੈ ਜੋ 1947 ਤੋਂ ਹੀ ਨਾ ਸਿਰਫ ਲਗਾਤਾਰ ਬਰਕਰਾਰ ਹੈ ਸਗੋਂ ਹੋਰ ਵੀ ਖ਼ੂੰਖ਼ਾਰ ਅਤੇ ਤਬਾਹੀ ਮਚਾਉਣ ਵਾਲੀ ਬਣਦੀ ਗਈ ਹੈ। ਇਹ ਨੀਤੀ ਭਾਰਤੀ ਰਾਜ ਦੀਆਂ ਨੀਤੀਆਂ ਅਤੇ ਕਾਰ-ਵਿਹਾਰ ਵਿਰੁੱਧ ਅਵਾਮ ਵਿਚ ਫੈਲੀ ਰਾਜਨੀਤਕ ਅਤੇ ਸਮਾਜੀ ਬੇਚੈਨੀ ਨੂੰ ਮਹਿਜ਼ ਅਮਨ-ਕਾਨੂੰਨ ਦਾ ਮਸਲਾ ਬਣਾ ਕੇ ਪੇਸ਼ ਕਰਦੀ ਹੈ ਅਤੇ ਇਸ ਨੂੰ ਪੁਲਿਸ ਤੇ ਫੌਜੀ ਤਾਕਤ ਦੇ ਜ਼ੋਰ ਕੁਚਲਦੀ ਹੈ। ਮਿਜ਼ੋਰਮ, ਨਾਗਾਲੈਂਡ, ਜੰਮੂ ਕਸ਼ਮੀਰ, ਪੰਜਾਬ ਤੋਂ ਲੈ ਕੇ ਨਕਸਲੀ ਲਹਿਰ ਅਤੇ ਕੌਮੀਅਤ ਲਹਿਰਾਂ ਵਾਲੇ ਹਰ ਰਾਜ ਵਿਚ ਰਾਜਕੀ ਦਹਿਸ਼ਤਵਾਦ ਨੇ ਉਥੋਂ ਦੇ ਲੋਕਾਂ ਦੀ ਵਿਆਪਕ ਪੈਮਾਨੇ 'ਤੇ ਜੋ ਨਸਲਕੁਸ਼ੀ ਕੀਤੀ ਹੈ, ਉਸ ਦੇ ਬਾਰੇ ਸੈਂਕੜੇ ਅਧਿਐਨ ਅਤੇ ਤੱਥ ਖੋਜ ਰਿਪੋਰਟਾਂ ਛਪ ਚੁੱਕੀਆਂ ਹਨ।

ਭਾਰਤ ਦੀ ਵਿਸ਼ਾਲ ਜੰਗਲੀ-ਪਹਾੜੀ ਪੱਟੀ ਉਪਰ ਕਾਰਪੋਰੇਟ ਪ੍ਰੋਜੈਕਟ ਥੋਪਣ ਅਤੇ ਆਦਿਵਾਸੀਆਂ ਦੇ ਜੁਝਾਰੂ ਟਾਕਰੇ ਨੂੰ ਕੁਚਲਣ ਲਈ ਸਿਲਸਿਲੇਵਾਰ ਤਰੀਕੇ ਨਾਲ ਉਥੇ ਨੀਮ-ਫੌਜੀ ਤਾਕਤਾਂ ਦੀ ਤਾਇਨਾਤੀ ਅਤੇ ਫੌਜੀਕਰਨ ਵਧਾਇਆ ਗਿਆ। ਛੱਤੀਸਗੜ੍ਹ-ਤਿਲੰਗਾਨਾ ਦਾ ਖੇਤਰ ਸੀ.ਪੀ.ਆਈ.(ਮਾਓਵਾਦੀ) ਦਾ ਵਿਸ਼ਾਲ ਆਦਿਵਾਸੀ ਆਧਾਰ ਵਾਲਾ ਖੇਤਰ ਹੈ ਜਿਸ ਨੂੰ ਖ਼ਤਮ ਕਰਨ ਲਈ ਕੇਂਦਰ ਅਤੇ ਰਾਜ ਸਰਕਾਰਾਂ ਡੇਢ ਦਹਾਕੇ ਤੋਂ ਲਗਾਤਾਰ ਯਤਨਸ਼ੀਲ ਹਨ। ਭਾਰਤੀ ਹੁਕਮਰਾਨਾਂ ਦਾ ਇਕੋ-ਇਕ ਮਨੋਰਥ ਹਥਿਆਰਬੰਦ ਛਾਪਾਮਾਰਾਂ ਅਤੇ ਜੁਝਾਰੂ ਆਦਿਵਾਸੀਆਂ ਦਾ ਸਫਾਇਆ ਕਰ ਕੇ ਵਿਸ਼ਾਲ ਜੰਗਲੀ ਪੱਟੀ ਨੂੰ ਕਾਰਪੋਰੇਟ ਪ੍ਰੋਜੈਕਟਾਂ ਵਿਚ ਬਦਲਣ ਦਾ ਰਾਹ ਸਾਫ ਕਰਨਾ ਅਤੇ ਆਦਿਵਾਸੀਆਂ ਦੀਆਂ ਨਸਲਕੁਸ਼ੀ ਉਪਰ 'ਵਿਕਾਸ' ਉਸਾਰਨਾ ਹੈ। ਜਦੋਂ ਕੇਂਦਰ ਵਿਚ ਮਨਮੋਹਨ ਸਿੰਘ-ਚਿਦੰਬਰਮ ਸਰਕਾਰ ਸੀ, ਉਦੋਂ ਸਤੰਬਰ 2009 ਵਿਚ 'ਅਪਰੇਸ਼ਨ ਗ੍ਰੀਨ ਹੰਟ' ਦੇ ਨਾਂ ਹੇਠ ਆਦਿਵਾਸੀ ਲੋਕਾਂ ਵਿਰੁੱਧ ਅਣਐਲਾਨਿਆ ਯੁੱਧ ਵਿਢਿਆ ਗਿਆ ਸੀ। ਇਹ ਹਵਾਈ ਹਮਲੇ ਆਪਣੇ ਹੀ ਲੋਕਾਂ ਵਿਰੁੱਧ ਉਸੇ ਯੁੱਧ ਦਾ ਹਿੱਸਾ ਹਨ। ਮਈ 2014 'ਚ ਆਰ.ਐੱਸ.ਐੱਸ.-ਭਾਜਪਾ ਨੇ ਸੱਤਾ ਵਿਚ ਆ ਕੇ ਰਾਜਕੀ ਦਹਿਸ਼ਤਵਾਦ ਨੂੰ ਹੋਰ ਵੀ ਤਿੱਖਾ ਅਤੇ ਖੁੱਲ੍ਹਾ ਰੂਪ ਦੇਣਾ ਸ਼ੁਰੂ ਕਰ ਦਿੱਤਾ। ਭਾਜਪਾ ਦੇ ਪ੍ਰਮੁੱਖ ਆਗੂਆਂ ਵੱਲੋਂ ਬਾਕਾਇਦਾ ਅਧਿਕਾਰਕ ਬਿਆਨ ਦਿੱਤੇ ਗਏ। ਇਸੇ 'ਚੋਂ ਇਹ ਰਣਨੀਤੀ ਵਿਕਸਤ ਹੋਈ ਹੈ ਕਿ ਡਰੋਨਾਂ ਦੀ ਮਦਦ ਨਾਲ ਕਥਿਤ ਮਾਓਵਾਦੀ ਟਿਕਾਣਿਆਂ ਦਾ ਪਤਾ ਲਗਾਓ ਅਤੇ ਫਿਰ ਉਥੇ ਹੈਲੀਕਾਪਟਰਾਂ ਨਾਲ ਅੰਧਾਧੁੰਦ ਬੰਬਾਰੀ ਕਰਕੇ ਦਹਿਸ਼ਤ ਪਾਓ ਅਤੇ ਆਦਿਵਾਸੀਆਂ ਨੂੰ ਉਜਾੜ ਦਿਓ। ਐੱਨ.ਐੱਸ.ਜੀ. ਕਮਾਂਡੋਜ਼ ਵੱਲੋਂ ਆਂਧਰਾ ਪ੍ਰਦੇਸ਼ ਦੇ ਨਕਸਲ ਵਿਰੋਧੀ ਖ਼ੂੰਖ਼ਾਰ ਕਮਾਂਡੋਜ਼ ਗਰੇਅ ਹਾਊਂਡਜ਼ ਨਾਲ ਮਿਲ ਕੇ ਸਿਖਲਾਈ ਲੈਣ ਦੀਆਂ ਰਿਪੋਰਟਾਂ ਵੀ ਆਈਆਂ ਜੋ ਇਸ ਗੱਲ ਦਾ ਸੰਕੇਤ ਹਨ ਕਿ ਮਸਲੇ ਦੇ ਰਾਜਨੀਤਕ ਹੱਲ ਦੀ ਬਜਾਇ ਆਰ.ਐੱਸ.ਐੱਸ.-ਭਾਜਪਾ ਹਕੂਮਤ ਦਾ ਇੱਕੋ-ਇਕ ਨਿਸ਼ਾਨਾ ਮਾਓਵਾਦੀ ਛਾਪਾਮਾਰਾਂ, ਖ਼ਾਸ ਕਰ ਕੇ ਉਨ੍ਹਾਂ ਦੀ ਲੀਡਰਸ਼ਿਪ ਨੂੰ ਜਿਸਮਾਨੀ ਤੌਰ 'ਤੇ ਖ਼ਤਮ ਕਰਨਾ ਹੈ। ਅਜਿਹੇ ਹਮਲੇ ਕਰ ਕੇ ਕਈ ਆਗੂਆਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ, ਮਿਲਿੰਦ ਤੇਲਤੁੰਬੜੇ ਵਰਗੇ ਕੁਝ ਵੱਡੇ ਆਗੂ ਮਾਰੇ ਵੀ ਗਏ।

ਮੱਧ ਭਾਰਤ ਦੇ ਇਲਾਕਿਆਂ ਵਿਚ ਹਵਾਈ ਫੌਜ ਦੀ ਵਰਤੋਂ ਦੇ ਸੰਕੇਤ ਸਮੇਂ ਸਮੇਂ 'ਤੇ ਸਾਹਮਣੇ ਆਉਂਦੇ ਰਹੇ ਹਨ। ਸਭ ਤੋਂ ਪਹਿਲਾਂ 2005 'ਚ ਮਨਮੋਹਨ ਸਿੰਘ ਸਰਕਾਰ ਸਮੇਂ ਇਹ ਗੱਲ ਚੱਲੀ ਕਿ ਨਕਸਲੀ ਰਸੂਖ਼ ਵਾਲੇ ਖੇਤਰਾਂ 'ਚ ਐੱਨ.ਐੱਸ.ਜੀ. ਕਮਾਂਡੋਜ਼ ਭੇਜਣੇ ਚਾਹੀਦੇ ਹਨ। ਉਦੋਂ ਤਤਕਾਲੀ 'ਅੰਦਰੂਨੀ ਸੁਰੱਖਿਆ ਵਿਸ਼ੇਸ਼ ਸਕੱਤਰ' ਆਸ਼ੀਸ਼ ਮਿਤਰਾ ਦੇ ਹਵਾਲੇ ਨਾਲ ਇਹ ਖ਼ਬਰਾਂ ਆਈਆਂ ਸਨ ਕਿ ਪਹਿਲੀ ਵਾਰ ਐੱਨ.ਐੱਸ.ਜੀ. ਨੂੰ ਨਕਸਲੀ ਵਿਰੋਧੀ ਮੁਹਿੰਮ 'ਚ ਭੇਜਿਆ ਜਾ ਸਕਦਾ ਹੈ। ਮਿਤਰਾ ਐੱਨ.ਐੱਸ.ਜੀ. ਦਾ ਡਾਇਰੈਕਟਰ ਜਨਰਲ ਵੀ ਰਿਹਾ ਹੈ। ਛੱਤੀਸਗੜ੍ਹ ਦੇ ਡੀ.ਜੀ.ਪੀ. ਰਾਠੌਰ ਨੇ ਵੀ ਕਿਹਾ ਸੀ ਕਿ ਐੱਨ.ਐੱਸ.ਜੀ. ਦੇ ਆਉਣ ਨਾਲ ਨਕਸਲੀ ਹਿੰਸਾ ਦਾ ਮੁਕਾਬਲਾ ਕਰਨ 'ਚ ਮਦਦ ਮਿਲੇਗੀ। ਇਸੇ ਤਰ੍ਹਾਂ 2013 'ਚ ਹਵਾਈ ਫੌਜ ਦੇ ਤਤਕਾਲੀ ਮੁਖੀ ਏਅਰ ਚੀਫ ਮਾਰਸ਼ਲ ਐੱਨ.ਏ.ਕੇ. ਬਰਾਊਨ ਦੇ ਹਵਾਲੇ ਨਾਲ ਖ਼ਬਰਾਂ ਛਪੀਆਂ ਸਨ ਕਿ ਹਵਾਈ ਫੌਜ ਮਹਾਰਾਸ਼ਟਰ ਦੇ ਨਾਗਪੁਰ ਵਿਚ 12 ਹੈਲੀਕਾਪਟਰਾਂ ਦੀ ਯੂਨਿਟ ਜੂਨ ਮਹੀਨੇ ਤੱਕ ਸਰਗਰਮ ਹੋ ਜਾਵੇਗੀ ਜੋ ਨਕਸਲੀ ਹਿੰਸਾ ਤੋਂ ਪ੍ਰਭਾਵਿਤ ਜਗਦਲਪੁਰ (ਬਸਤਰ) ਦੇ ਵੱਡੇ ਇਲਾਕੇ ਵਿਚ ਖੋਜੀ ਅਤੇ ਰਾਹਤ ਮਿਸ਼ਨ ਚਲਾਏਗੀ। ਬਰਾਊਨ ਦੇ ਹਵਾਲੇ ਨਾਲ ਲਿਖਿਆ ਗਿਆ ਸੀ ਕਿ ਇਸ ਯੂਨਿਟ ਵਿਚ 12 ਐੱਮ.ਆਈ.-17ਵੀ5 ਹੈਲੀਕਾਪਟਰ ਹੋਣਗੇ ਅਤੇ ਲੋੜ ਅਨੁਸਾਰ ਉਨ੍ਹਾਂ ਵਿਚੋਂ ਛੇ ਹੈਲੀਕਾਪਟਰਾਂ ਨੂੰ ਇਨ੍ਹਾਂ ਮੁਹਿੰਮਾਂ ਦੇ ਲਈ ਰਾਖਵਾਂ ਰੱਖਿਆ ਜਾਵੇਗਾ। ਇਹ ਦਲੀਲ ਵੀ ਦਿੱਤੀ ਗਈ ਸੀ ਕਿ ਸੁਕਮਾ ਵਿਚ ਨਕਸਲੀਆਂ ਦੇ ਭਿਆਨਕ ਹਮਲਿਆਂ ਨੂੰ ਦੇਖਦੇ ਹੋਏ ਹਵਾਈ ਤਾਕਤ 'ਚ ਕੀਤਾ ਜਾ ਰਿਹਾ ਇਹ ਵਾਧਾ ਨੀਮ-ਫੌਜੀ ਤਾਕਤਾਂ ਦੀਆਂ ਕਾਰਵਾਈਆਂ ਵਿਚ ਬਹੁਤ ਸਹਾਈ ਸਾਬਤ ਹੋਵੇਗਾ।

ਭਾਜਪਾ ਹਕੂਮਤ ਇਸ ਮਾਮਲੇ 'ਚ ਬਾਕਾਇਦਾ 'ਮਾਓਵਾਦ ਮੁਕਤ ਭਾਰਤ' ਦਾ ਟੀਚਾ ਲੈ ਕੇ ਚੱਲ ਰਹੀ ਹੈ। 7 ਜਨਵਰੀ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਛੱਤੀਸਗੜ੍ਹ ਦੇ ਕੋਰਬਾ ਸ਼ਹਿਰ ਵਿਚ ਰੈਲੀ ਨੂੰ ਸੰਬੋਧਨ ਕਰਦੇ ਹੋਏ ਹੁੱਬ ਕੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਬੰਦੂਕ ਦਾ ਜਵਾਬ ਬੰਦੂਕ ਨਾਲ ਦੇਣ ਵਾਲੀ ਸਰਕਾਰ ਹੈ। ਅਮਿਤ ਸ਼ਾਹ ਨੇ '2024 ਤੱਕ ਨਕਸਲ ਮੁਕਤ ਦੇਸ਼' ਬਣਾਉਣ ਦਾ ਦਾਅਵਾ ਵੀ ਕੀਤਾ। ਮਹਿਜ਼ ਚਾਰ ਦਿਨ ਬਾਅਦ ਹੀ 11 ਜਨਵਰੀ ਨੂੰ ਆਦਿਵਾਸੀ ਪਿੰਡਾਂ ਉਪਰ ਹਵਾਈ ਬੰਬਾਰੀ ਦੀ ਖ਼ਬਰ ਆ ਗਈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਜਦੋਂ ਵੀ 'ਅੰਦਰੂਨੀ ਸੁਰੱਖਿਆ' ਬਾਰੇ ਪੁਲਿਸ ਅਤੇ ਨੀਮ-ਫੌਜੀ ਤਾਕਤਾਂ ਦੇ ਮੁੱਖ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕਰਦਾ ਹੈ ਉਦੋਂ ਹੋਰ ਜ਼ਿਆਦਾ ਸਖ਼ਤੀ ਨਾਲ ਮਾਓਵਾਦ ਨੂੰ ਕੁਚਲਣ ਦੇ ਬਿਆਨ ਅਕਸਰ ਆਉਂਦੇ ਹਨ। ਇੰਡੀਅਨ ਐਕਸਪ੍ਰੈੱਸ ਦੀ ਰਿਪੋਰਟ ਹੈ ਕਿ ਛੱਤੀਸਗੜ੍ਹ ਵਿਚਲੇ ਭਾਰਤੀ ਹਵਾਈ ਫੌਜ ਦੇ ਅਫਸਰਾਂ ਨੇ ਯੁੱਧਨੀਤੀ 'ਚ ਬਦਲਾਅ ਦੀ ਪੁਸ਼ਟੀ ਕੀਤੀ ਹੈ।

ਦੂਜੇ ਪਾਸੇ, ਆਪਣੀ ਹੀ ਸਿਵਲੀਅਨ ਵਸੋਂ ਵਿਰੁੱਧ ਫੌਜ ਦੀ ਵਰਤੋਂ ਦੀਆਂ ਖ਼ਬਰਾਂ ਦਾ ਤਿੱਖਾ ਵਿਰੋਧ ਵੀ ਹੋਇਆ ਸੀ। ਰਾਜਨੀਤਕ ਵਿਸ਼ਲੇਸ਼ਣਕਾਰਾਂ ਨੇ ਉਦੋਂ ਹੀ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਧੁਰ ਜੰਗਲਾਂ ਅੰਦਰ ਵਿਸ਼ੇਸ਼ ਸਿਖਲਾਈ ਕਾਲਜ ਦੀ ਸਥਾਪਨਾ ਬਸਤਰ ਦੇ ਹੋਰ ਜ਼ਿਆਦਾ ਸੰਘਣੇ ਫੌਜੀਕਰਨ ਦਾ ਹਿੱਸਾ ਹੈ ਅਤੇ ਵਿਸ਼ੇਸ਼ ਸਿਖਲਾਈ ਯਾਫਤਾ ਕਮਾਂਡੋਜ਼ ਨੂੰ ਆਦਿਵਾਸੀਆਂ ਦੇ ਜੁਝਾਰੂ ਟਾਕਰੇ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਜਾਵੇਗਾ। ਰਾਜਨੀਤਕ ਵਿਸ਼ਲੇਸ਼ਣਕਾਰਾਂ, ਸਾਬਕਾ ਉਚ ਫੌਜੀ ਅਫਸਰਾਂ ਅਤੇ ਫੌਜੀ ਮਾਮਲਿਆਂ ਦੇ ਵਿਸ਼ਲੇਸ਼ਣਕਾਰਾਂ ਸਭ ਨੇ ਵੀ ਇਸ ਵਿਰੁੱਧ ਜ਼ੋਰਦਾਰ ਦਲੀਲਾਂ ਦਿੱਤੀਆਂ ਸਨ ਕਿ ਜੇ ਹਵਾਈ ਹਮਲੇ ਕਰਨ ਦਾ ਨਿਰਣਾ ਲਿਆ ਜਾਂਦਾ ਹੈ ਤਾਂ ਉਸ ਨੂੰ ਰੋਕਿਆ ਨਹੀਂ ਜਾ ਸਕੇਗਾ। ਤਮਾਮ ਤਰਕਪੂਰਨ ਵਿਰੋਧ ਦੇ ਬਾਵਜੂਦ ਹੁਕਮਰਾਨਾਂ ਨੇ ਬਸਤਰ ਦਾ ਫੌਜੀਕਰਨ ਕਰਨਾ ਜਾਰੀ ਰੱਖਿਆ ਅਤੇ ਆਪਣੀ ਵਸੋਂ ਵਿਰੁੱਧ ਵਿਸ਼ੇਸ਼ ਮੁਹਿੰਮਾਂ 'ਚ ਫੌਜ ਦੀ ਅਸਿੱਧੀ ਦਖ਼ਲਅੰਦਾਜ਼ੀ ਵੀ ਵਧਦੀ ਗਈ। ਉਥੇ ਛਾਪਾਮਾਰ ਲਹਿਰਾਂ ਵਿਰੁੱਧ ਵਿਸ਼ੇਸ਼ ਲੜਾਕੂ ਤਾਕਤਾਂ ਤਿਆਰ ਕਰਨ ਲਈ 'ਕਾਊਂਟਰ ਟੈਰਰਿਜ਼ਮ ਐਂਡ ਜੰਗਲ ਵਾਰਫੇਅਰ ਕਾਲਜ' ਅਤੇ ਹੋਰ ਫੌਜੀ ਤਾਣਾਬਾਣਾ ਬਣਾਇਆ ਗਿਆ। ਹੁਣ ਦਸ ਸਾਲ ਬਾਅਦ ਉਥੇ ਹੈਲੀਕਾਪਟਰਾਂ ਅਤੇ ਉਨ੍ਹਾਂ ਲਈ ਬਣਾਏ ਟਿਕਾਣਿਆਂ ਦੀ ਗਿਣਤੀ ਵੀ ਵਧੀ ਹੈ ਅਤੇ ਕਥਿਤ ਖੋਜੀ ਤੇ ਰਾਹਤ ਮਿਸ਼ਨਾਂ ਵੀ ਵਾਧਾ ਹੋਇਆ ਹੈ।

ਹਵਾਈ ਬੰਬਾਰੀ ਦੀਆਂ ਰਿਪੋਰਟਾਂ ਤੋਂ ਮਾਹਰਾਂ ਦੇ ਉਪਰੋਕਤ ਖ਼ਦਸ਼ੇ ਸੱਚ ਹੁੰਦੇ ਜਾਪਦੇ ਹਨ। ਜਨਵਰੀ 2023 'ਚ ਸੁਕਮਾ ਅਤੇ ਬੀਜਾਪੁਰ ਜ਼ਿਲ੍ਹਿਆਂ ਦੇ ਸਰਹੱਦੀ ਖੇਤਰ ਵਿਚ ਹਵਾਈ ਹਮਲਿਆਂ ਦੇ ਦੋਸ਼ਾਂ ਬਾਰੇ ਸਫਾਈ ਦਿੰਦਿਆਂ ਸੀ.ਆਰ.ਪੀ.ਐੱਫ. ਵੱਲੋਂ ਅਧਿਕਾਰਕ ਬਿਆਨ ਵਿਚ ਕਿਹਾ ਗਿਆ ਸੀ ਕਿ ਫਾਰਵਰਡ ਬੇਸ ਕੈਂਪ ਵਿਚ ਜਵਾਨਾਂ ਨੂੰ ਹੈਲੀਕਾਪਟਰ ਰਾਹੀਂ ਸ਼ਿਫਟ ਕੀਤੇ ਜਾਣ ਦੌਰਾਨ ਮਾਓਵਾਦੀਆਂ ਨੇ ਗੋਲੀਬਾਰੀ ਕੀਤੀ ਸੀ, ਜਵਾਬੀ ਕਾਰਵਾਈ 'ਚ ਨਕਸਲੀ ਭੱਜ ਗਏ ਸਨ। ਇਹ ਸਾਫ ਮੁੱਕਰਨਾ ਸੀ ਕਿ ਕੋਈ ਹਵਾਈ ਬੰਬਾਰੀ ਕੀਤੀ ਗਈ ਹੈ। ਡਰੋਨਾਂ ਦੀ ਵਰਤੋਂ ਬਾਰੇ ਤਾਂ ਸਰਕਾਰੀ ਪੱਖ ਬਿਲਕੁਲ ਚੁੱਪ ਹੈ ਪਰ ਇਹ ਦਿਖਾਉਂਦਾ ਹੈ ਕਿ ਆਪਣੇ ਟੀਚੇ ਨੂੰ ਅੰਜਾਮ ਦੇਣ ਲਈ ਫਾਸ਼ੀਵਾਦੀ ਹਕੂਮਤ ਦੀ ਟੇਕ ਇਨ੍ਹਾਂ ਤਰੀਕਿਆਂ ਉਪਰ ਵਧ ਰਹੀ ਹੈ।

ਇੰਨੇ ਭਿਆਨਕ ਜਬਰ ਜ਼ੁਲਮ ਦੇ ਬਾਵਜੂਦ ਆਦਿਵਾਸੀ ਆਪਣੀ ਜੁਝਾਰੂ ਰਵਾਇਤ ਅਨੁਸਾਰ ਕਾਰਪੋਰੇਟ ਪ੍ਰੋਜੈਕਟਾਂ ਅਤੇ ਧਾੜਵੀ ਰਾਜ ਦੇ ਵਿਨਾਸ਼ਕਾਰੀ ਆਰਥਿਕ ਮਾਡਲ ਵਿਰੁੱਧ ਦ੍ਰਿੜਤਾ ਨਾਲ ਲੜ ਰਹੇ ਹਨ। ਜੰਗਲਾਂ ਅਤੇ ਪਹਾੜਾਂ ਵਿਚ ਬੰਦੂਕ ਦੇ ਜ਼ੋਰ ਕੈਂਪ ਬਣਾਉਣ ਦੀ ਸਰਕਾਰੀ ਮੁਹਿੰਮ ਵਿਰੁੱਧ ਬਹੁਤ ਸਾਰੇ ਥਾਈਂ ਸਾਲਾਂ ਤੋਂ ਪੱਕੇ ਮੋਰਚੇ ਲੱਗੇ ਹੋਏ ਹਨ ਜਿੱਥੇ ਦਹਿ ਹਜ਼ਾਰਾਂ ਆਦਿਵਾਸੀ ਹਿੱਸਾ ਲੈ ਰਹੇ ਹਨ ਪਰ ਮੁਲਕ ਦੀ 'ਮੁੱਖਧਾਰਾ' ਵੱਲੋਂ ਆਦਿਵਾਸੀਆਂ ਦੀ ਨਸਲਕੁਸ਼ੀ ਵਿਰੁੱਧ ਟਾਵੇਂ-ਟਾਵੇਂ ਪ੍ਰਦਰਸ਼ਨਾਂ ਤੋਂ ਸਿਵਾਇ ਕੋਈ ਪ੍ਰਭਾਵਸ਼ਾਲੀ ਆਵਾਜ਼ ਨਹੀਂ ਉਠਾਈ ਜਾ ਰਹੀ। ਇਸ ਦੀ ਇਕ ਵਜ੍ਹਾ ਅਜਿਹੀ ਪਹਿਲਕਦਮੀ ਲੈਣ ਵਾਲੇ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਅਤੇ ਹੱਕਾਂ ਦੇ ਹੋਰ ਪਹਿਰੇਦਾਰ ਦਾ ਜੇਲ੍ਹਾਂ ਵਿਚ ਡੱਕੇ ਹੋਣਾ ਵੀ ਹੈ। ਲੋਕ ਅੰਦੋਲਨ ਇਸ ਅਣਐਲਾਨੇ ਯੁੱਧ ਦੀ ਹਕੀਕਤ ਅਤੇ ਇਸ ਦੇ ਭਵਿੱਖੀ ਖ਼ਤਰਿਆਂ ਤੋਂ ਬੇਖ਼ਬਰ ਹਨ ਅਤੇ ਆਪੋ-ਆਪਣੇ ਮਸਲਿਆਂ ਉਪਰ ਸੰਘਰਸ਼ ਲੜਨ ਤੱਕ ਸੀਮਤ ਹਨ। ਇਸ ਤੋਂ ਪਹਿਲਾਂ ਕਿ ਭਾਰਤੀ ਅਵਾਮ ਨੂੰ ਇਸ ਬੇਖ਼ਬਰੀ ਦਾ ਵੱਡਾ ਮੁੱਲ ਚੁਕਾਉਣਾ ਪਵੇ, ਆਦਿਵਾਸੀਆਂ ਅਤੇ ਕਸ਼ਮੀਰੀਆਂ ਦੀ ਨਸਲਕੁਸ਼ੀ ਵਿਰੁੱਧ ਵਿਆਪਕ ਲੋਕ ਰਾਇ ਉਸਾਰਨ 'ਚ ਜੁੱਟ ਜਾਣਾ ਚਾਹੀਦਾ ਹੈ।



# ਜਲਵਾਯੂ ਤਬਦੀਲੀ

ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ ਆਧੁਨਿਕ ਤਸੱਵਰ ਨੌਂ ਦਹਾਕੇ ਪੁਰਾਣਾ ਹੈ। ਦੂਜੀ ਸੰਸਾਰ ਜੰਗ ਤੋਂ ਬਾਅਦ 1944 ਵਿਚ ਹੋਈ ਬ੍ਰੈਟਨ ਵੁੱਡਜ਼ ਕਾਨਫਰੰਸ ਮੌਕੇ ਇਸ ਨੂੰ ਰਸਮੀ ਤੌਰ 'ਤੇ ਮੂਲ ਆਰਥਿਕ ਮਾਪ ਵਜੋਂ ਅਪਣਾਇਆ ਗਿਆ ਸੀ ਜਿਸ ਦੇ ਸਿੱਟੇ ਵਜੋਂ ਕੌਮਾਂਤਰੀ ਮਾਲੀ ਫੰਡ (ਆਈ.ਐੱਮ.ਐੱਫ.) ਅਤੇ ਸੰਸਾਰ ਬੈਂਕ ਹੋਂਦ ਵਿਚ

**ਟੀ.ਐਨ. ਨੈਨਾਨ**

ਆਏ ਸਨ। ਉਦੋਂ ਤੋਂ ਹੀ ਇਨ੍ਹਾਂ ਦੋਵੇਂ ਅਦਾਰਿਆਂ ਨੂੰ ਜਿੰਨੀ ਪ੍ਰਮੁੱਖਤਾ ਦਿੱਤੀ ਜਾਂਦੀ ਹੈ, ਉਸ ਦੀ ਕਾਫ਼ੀ ਆਲੋਚਨਾ ਹੋਈ ਹੈ ਕਿਉਂਜੋ ਇਹ ਅਦਾਰੇ ਲੋਕ ਭਲਾਈ, ਨਾ-ਬਰਾਬਰੀ ਅਤੇ ਮਨੁੱਖੀ ਵਿਕਾਸ ਜਿਹੇ ਮੁੱਦਿਆਂ ਨੂੰ ਹੱਥ ਨਹੀਂ ਪਾਉਂਦੇ। ਜੀ.ਡੀ.ਪੀ. ਵਿਚ ਇਸ ਗੱਲ ਦਾ ਕੋਈ ਹਿਸਾਬ ਨਹੀਂ ਰੱਖਿਆ ਜਾਂਦਾ ਕਿ ਆਰਥਿਕ ਵਿਕਾਸ ਕਰ ਕੇ ਵਾਤਾਵਰਨ ਦਾ ਕਿੰਨਾ ਨੁਕਸਾਨ ਹੋਇਆ ਹੈ ਅਤੇ ਜਲਵਾਯੂ ਤਬਦੀਲੀ ਕਰ ਕੇ ਲੋਕਾਂ ਉੱਪਰ ਕਿਹੋ ਜਿਹੇ ਪ੍ਰਭਾਵ ਪੈ ਰਹੇ ਹਨ। ਤ੍ਰਾਸਦਿਕ ਤੱਥ ਇਹ ਹੈ ਕਿ ਜਿਵੇਂ ਦਰੱਖਤ ਕੱਟਣ ਦੇ ਕੰਮਾਂ ਨਾਲ ਜੀ.ਡੀ.ਪੀ. ਵਿਚ ਵਾਧਾ ਹੁੰਦਾ ਹੈ, ਉਵੇਂ ਹੀ ਦੁਬਾਰਾ ਬੂਟੇ ਲਾਉਣ ਨਾਲ ਵੀ ਜੀ.ਡੀ.ਪੀ. ਵਧਦੀ ਹੈ।

ਮੁੱਲ ਘਾਟੇ ਦੀ ਅਹਿਮੀਅਤ ਪਹਿਲਾਂ ਹੀ ਕਾਫ਼ੀ ਵਧ ਚੁੱਕੀ ਹੈ ਕਿਉਂਜੋ ਅਰਥਚਾਰੇ ਦੇ ਉਤਪਾਦਨ ਅਸਾਸੇ ਕਾਫ਼ੀ ਵਧ ਚੁੱਕੇ ਹਨ। ਪਿਛਲੀ ਸਦੀ ਦੇ ਤੀਜੇ ਕੁਆਰਟਰ ਵਿਚ ਭਾਰਤ ਦੀ ਜੀ.ਡੀ.ਪੀ. ਅਤੇ ਐੱਨਡੀਪੀ ਵਿਚਕਾਰ ਪਾੜਾ 6 ਫ਼ੀਸਦ ਤੋਂ ਥੋੜ੍ਹਾ ਜ਼ਿਆਦਾ ਸੀ। ਹੁਣ ਇਹ ਵਧ ਕੇ 12 ਫ਼ੀਸਦ ਹੋ ਗਿਆ ਹੈ। ਜੇ ਕਾਰਬਨ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਨਾਲੋਂ ਇਸ ਦੀ ਖਪਤ 'ਤੇ ਕਾਬੂ ਪਾਉਣ ਦੀ ਮੁਹਿੰਮ ਜਾਰੀ ਰਹਿੰਦੀ ਹੈ ਤਾਂ ਇਸ ਤਬਦੀਲੀ ਦੇ ਅਰਸੇ ਦੌਰਾਨ ਦੋਵੇਂ ਮਾਪਕਾਂ ਵਿਚਕਾਰ ਪਾੜਾ ਹੋਰ ਵਧ ਜਾਵੇਗਾ ਕਿਉਂਕਿ ਕਾਰਬਨ ਦੀ ਜ਼ਿਆਦਾ ਖਪਤ ਕਰਨ ਵਾਲੀਆਂ ਉਤਪਾਦਨ ਇਕਾਈਆਂ ਦੀ ਜਦੋਂ ਮਿਆਦ ਪੁੱਗ ਜਾਵੇਗੀ ਤਾਂ ਇਨ੍ਹਾਂ ਦੀ ਥਾਂ ਵਧੇਰੇ ਸਵੱਛ ਈਂਧਣ ਵਾਲੀਆਂ ਇਕਾਈਆਂ ਲੈ ਲੈਣਗੀਆਂ। ਮਿਸਾਲ ਦੇ ਤੌਰ 'ਤੇ ਰੇਲਵੇਜ਼ ਵੱਲੋਂ ਹਾਲੇ ਵੀ ਆਪਣੇ ਲੋਕੋਮੋਟਿਵ ਸਟਾਕ ਵਿਚ ਨਵੇਂ ਡੀਜ਼ਲ ਇੰਜਣ ਸ਼ਾਮਲ ਕੀਤੇ ਜਾ ਰਹੇ ਹਨ; ਜਿਨ੍ਹਾਂ 'ਚੋਂ ਜ਼ਿਆਦਾਤਰ ਨੂੰ ਲਾਂਭੇ ਕਰਨਾ ਪਵੇਗਾ ਕਿਉਂਕਿ ਰੇਲਵੇਜ਼ ਵੱਲੋਂ ਸਾਰੇ ਤਜਾਰਤੀ ਮਾਲ ਢੋਆ ਢੁਆਈ ਦਾ ਬਿਜਲੀਕਰਨ ਕਰ ਦਿੱਤਾ ਗਿਆ ਹੈ।

ਇਹੋ ਜਿਹੀਆਂ ਕਈ ਹੋਰ ਤਬਦੀਲੀਆਂ ਨੂੰ ਦਰਜ ਕਰਦਿਆਂ ਅਜੇ ਤੱਕ ਵੀ ਲੋੜੀਂਦੇ ਪੂਰੇ ਮੁੱਲ ਘਾਟੇ ਦੀ ਥਾਹ ਨਹੀਂ ਪਾਈ ਜਾ ਸਕੇਗੀ ਕਿਉਂਕਿ ਅਮੂਮਨ ਮੈਕਰੋ ਆਰਥਿਕ ਅੰਕੜਿਆਂ ਵਿਚ ਜਦੋਂ ਉਸਾਰੀ ਪੂੰਜੀ ਦੇ ਮੁੱਲ ਘਾਟੇ ਦਾ ਹਿਸਾਬ ਲਾਇਆ ਜਾਂਦਾ ਹੈ ਤਾਂ ਕੁਦਰਤ ਦੀ ਪੂੰਜੀ ਭਾਵ ਜਲ ਸਰੋਤਾਂ, ਜੰਗਲਾਤ ਸੰਪਦਾ, ਸਵੱਛ ਹਵਾ ਆਦਿ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਭਾਰਤ ਦੇ ਜ਼ਮੀਨ ਹੇਠਲੇ ਪਾਣੀ ਦੀ ਸਤਹਿ ਪਿਛਲੇ ਕਈ ਦਹਾਕਿਆਂ ਤੋਂ ਡਿੱਗ ਰਹੀ ਹੈ ਜਿਸ ਕਰ ਕੇ ਅਨਾਜ ਪੈਦਾ ਕਰਨ ਵਾਲੇ ਸੂਬਿਆਂ ਵਿਚ ਸੰਕਟ ਪੈਦਾ ਹੋ ਰਿਹਾ ਹੈ। ਹਵਾ ਪ੍ਰਦੂਸ਼ਣ ਕਰ ਕੇ ਲੋਕਾਂ ਦੀ ਸਿਹਤ ਪ੍ਰਭਾਵਿਤ ਹੋ ਰਹੀ ਹੈ। ਗੰਗਾ ਦੇ ਮੈਦਾਨਾਂ ਵਿਚ ਤਾਪਮਾਨ ਵਧਣ ਕਰ ਕੇ ਕੰਮਕਾਜੀ ਘੰਟਿਆਂ 'ਤੇ ਅਸਰ ਪੈ ਰਿਹਾ ਹੈ। ਹਿਮਾਲਿਆ ਖੇਤਰ ਵਿਚ ਬਣਾਏ ਗਏ ਡੈਮਾਂ ਕਰ ਕੇ ਵਾਤਾਵਰਨ ਦਾ ਭਾਰੀ ਨੁਕਸਾਨ ਹੋ ਰਿਹਾ ਹੈ; ਜੇ ਸ਼ੰਕਾ ਹੈ ਤਾਂ ਜੋਸ਼ੀਮੱਠ ਦੇ ਵਸਨੀਕਾਂ ਨੂੰ ਪੁੱਛ ਕੇ ਦੇਖ ਲਓ। ਡੈਮ ਆਪਣੇ ਆਪੇ ਨੁਕਸਾਨੇ ਜਾ ਸਕਦੇ ਹਨ: 2021 'ਚ ਉਸਾਰੀ ਅਧੀਨ ਦੋ ਡੈਮ ਪਾਣੀ ਦੇ ਵਹਾਓ ਕਾਰਨ ਬਰਬਾਦ ਹੋ ਗਏ ਸਨ।

ਇਸ ਸਭ ਕਾਸੇ ਵਿਚ ਤਬਦੀਲੀ ਦੀ ਸਮੁੱਚੀ ਲਾਗਤ ਨਾਲ ਸਿੱਝਣ ਦੀ ਲੋੜ ਹੈ ਅਤੇ ਸਮੁੱਚੇ ਸਨਅਤੀ ਖੇਤਰ ਵਿਚ ਤਬਦੀਲੀ ਹੋਰ ਵਧਦੀ ਜਾਣੀ ਹੈ। ਇਸ ਦਾ ਇਕ ਸਿੱਟਾ ਪੂੰਜੀ-ਉਤਪਾਦਨ ਅਨੁਪਾਤ (ਜਾਂ ਇਕ ਯੂਨਿਟ ਉਤਪਾਦਨ ਲਈ ਲੋੜੀਂਦੀ ਪੂੰਜੀ ਦੀਆਂ ਯੂਨਿਟਾਂ ਦੀ ਸੰਖਿਆ) ਵਿਚ ਵਾਧੇ ਦੇ ਰੂਪ ਵਿਚ ਨਿਕਲੇਗਾ। ਪੂੰਜੀ-ਉਤਪਾਦਨ ਅਨੁਪਾਤ ਵਿਚ ਵਾਧੇ ਦਾ ਸਿੱਧਾ ਮਤਲਬ ਹੋਵੇਗਾ ਵਿਕਾਸ ਵਿਚ ਕਮੀ। ਇਸ ਕਿਸਮ ਦੇ ਮੰਜ਼ਰ ਵਿਚ ਜੀ.ਡੀ.ਪੀ. ਆਰਥਿਕ ਸਰਗਰਮੀ ਦੇ ਮੂਲ ਮਾਪਕ ਵਜੋਂ ਬਹੁਤੀ ਭਰੋਸੇਮੰਦ ਨਹੀਂ ਰਹਿ ਸਕੇਗੀ।


ATL KABADDI & CULTURE SPORTS CLUB
ATLANTA KABADDI CUP 2023
SATURDAY MAY 6TH 2023
5514 AUSTELL POWDER SPRINGS RD SW, AUSTELL GA
DEDICATED TO SANDEEP NANGAL AMBIA
DEDICATED TO MAKHAN SANDHU
VESAKHI MELA 2023
PERFORMANCES BY JAISMEEN JASSI & DEEP DHILLON
SPECIAL GUEST MAKHAN BRAR
SAHIL JALALDIWAL COMMENTATOR
IQBAL GALIB COMMENTATOR
MAKHAN ALI COMMENTATOR
KIDS GAMES
TUG OF WAR
VOLLEYBALL
FREE ENTRY
FREE FOOD
LIVE ON YouTube /LIVEKABADDI
USA VS. MEXICO
WOMEN SHOW MATCH
PRESIDENT NARINDER SINGH SIDHU 718-536-0017
VICE PRESIDENT KARNAIL SINGH SIDHU 559-681-8974
SECRETARY JIWAN GREWAL 404-786-6454
TREASURER RAJ BHATTHAL 706-424-1062
CHAIRMAN KAMALPREET SINGH 770-584-6520
DIRECTOR DALJEET SINGH WARAICH 206-696-9022
DIRECTOR BAM SINGH 706-816-0210
KABADDI & CULTURE SPORTS CLUB
www.youtube.com/LIVEKABADDI
www.facebook.com/LIVEKABADDI
LIVE
LIVE KABADDI
CHANNEL 422
CHANNEL 136
CHANNEL 323
Google play
Available on the App Store

# ਅੱਗ ਦੀ ਲਾਟ ਚਿਮਟੇ ਨਾਲ ਫੜਨ ਵਾਲਾ - ਸੰਪੂਰਨ ਸਿੰਘ ਉਰਫ਼ ਗੁਲਜ਼ਾਰ

**ਸੂਖਮ ਤੰਦਾਂ ਨਾਲ ਗਜ਼ਲ ਦੀ ਬੁਣਤੀ ਪਾਉਣ ਵਾਲੇ ਗਜ਼ਲਗੋ ਅਜੈ ਤਨਵੀਰਨੇ ਉਘੇ ਸ਼ਾਇਰ ਅਤੇ ਫਿਲਮੀ ਹਸਤੀ ਗੁਲਜ਼ਾਰ ਦੇ ਕਲਾ ਦੇ ਵਿਹੜੇ ਝਾਤੀ ਮਾਰੀ ਹੈ; ਨਾਲਹੀ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਖਾਸ ਤੇ ਅਣਛੋਹੇ ਵਰਕੇ ਫਰੋਲੇ ਹਨ। ਇਸ ਲਿਖਤ ਵਿਚ ਅਜੈ ਤਨਵੀਰ ਪਾਠਕ ਨੂੰ ਗੁਲਜ਼ਾਰ ਦੀ ਮਹਿਕ ਨਾਲ ਹੀ ਸਰਸ਼ਾਰ ਨਹੀਂ ਕਰਦਾ ਸਗੋਂ ਜ਼ਿੰਦਗੀ ਦੀਆਂ ਉਨ੍ਹਾਂ ਸਚਾਈਆਂ ਦੇ ਰੂਬਰੂ ਵੀ ਕਰਦਾ ਹੈ ਜੋ ਇਨ੍ਹਾਂ ਦੋਹਾਂ ਨੇ ਆਪਣੇ ਅਨੁਭਵ ਵਿਚੋਂ ਕਮਾਈਆਂ ਹਨ। ਅਸੀਂ ਗੁਲਜ਼ਾਰ ਬਾਰੇ ਇਹ ਲੰਮਾਲੇਖਪਾਠਕਾਂਨਾਲਸਾਂਝਾ ਕਰ ਰਹੇ ਹਾਂ। ਇਸ ਦੀ ਪਹਿਲੀ ਕਿਸ਼ਤ ਹਾਜ਼ਰ ਹੈ।**



**ਅਜੈ ਤਨਵੀਰ**

ਗੱਲ ਉਨ੍ਹਾਂ ਦਿਨਾਂ ਦੀ ਹੈ ਜਦ ਬਿਮਲ ਰਾਏ 'ਬੰਦਨੀ' ਫ਼ਿਲਮ ਬਣਾਉਣ ਦੀਆਂ ਤਿਆਰੀਆਂ ਕਰ ਰਹੇ ਸਨ। ਫ਼ਿਲਮ ਦਾ ਸੰਗੀਤ ਐੱਸ. ਡੀ. ਬਰਮਨ ਤਿਆਰ ਕਰ ਰਹੇ ਸਨ। ਗੀਤ ਲਿਖਣ ਦੀ ਜ਼ਿੰਮੇਵਾਰੀ ਸ਼ੈਲੇਂਦਰ ਨੂੰ ਸੌਂਪੀ ਗਈ ਸੀ ਪਰ ਕਿਸੇ ਕਾਰਨ ਸ਼ੈਲੇਂਦਰ ਦੀ ਐੱਸ. ਡੀ. ਬਰਮਨ ਨਾਲ ਅਣ-ਬਣ ਹੋ ਗਈ। ਬਿਮਲ ਰਾਏ ਦਾ ਸਹਾਇਕ ਦੇਬੂ ਸੇਨ ਸ਼ੈਲੇਂਦਰ ਦਾ ਚੰਗਾ ਦੋਸਤ ਸੀ ਤੇ ਗੁਲਜ਼ਾਰ ਦਾ ਰੂਮਮੇਟ ਸੀ। ਇਕ ਦਿਨ ਸ਼ੈਲੇਂਦਰ ਨੇ ਦੇਬੂ ਸੇਨ ਨੂੰ ਕਿਹਾ, 'ਤੁਸੀਂ ਫ਼ਿਲਮ ਦੇ ਗੀਤ ਗੁਲਜ਼ਾਰ ਕੋਲੋਂ ਕਿਉਂ ਨਹੀਂ ਲਿਖਵਾ ਲੈਂਦੇ।' ਉਸ ਨੂੰ ਵੀ ਪਤਾ ਸੀ ਕਿ ਗੁਲਜ਼ਾਰ ਵਿਚ ਦਮ ਹੈ, ਉਸ ਦੀ ਕਲਮ ਕੁਝ ਲਿਖ ਸਕਦੀ ਹੈ। ਉਸ ਨੇ ਗੁਲਜ਼ਾਰ ਨੂੰ ਪੁੱਛਿਆ, 'ਜੇਕਰ ਤੈਨੂੰ ਮੌਕਾ ਮਿਲੇ ਫ਼ਿਲਮ ਦੇ ਗੀਤ ਲਿਖਣ ਦਾ, ਲਿਖੇਂਗਾ?' ਗੁਲਜ਼ਾਰ ਨੇ ਕੋਈ ਉੱਤਰ ਨਾ ਦਿੱਤਾ, ਗੱਲ ਕਿਸੇ ਸਿਰੇ ਨਾ ਲੱਗੀ। ਆਖ਼ਰ ਤੈਅ ਹੋ ਗਿਆ ਕਿ ਗੁਲਜ਼ਾਰ 'ਬੰਦਨੀ' ਫ਼ਿਲਮ ਦੇ ਗੀਤ ਲਿਖੇਗਾ। ਗੁਲਜ਼ਾਰ ਨੇ ਇਸ ਫ਼ਿਲਮ ਲਈ ਗੀਤ ਲਿਖਿਆ। ਇਸ ਗੀਤ ਦੀ ਤਰਜ਼ ਪਹਿਲਾਂ ਹੀ ਬਣੀ ਹੋਈ ਸੀ। ਉਸ ਤਰਜ਼ 'ਤੇ ਹੀ ਗੀਤ ਲਿਖਿਆ ਗਿਆ ਅਤੇ ਨੂਤਨ 'ਤੇ ਫ਼ਿਲਮਾਇਆ ਗਿਆ। ਇਸ ਫ਼ਿਲਮ ਦਾ ਇਕ ਹੋਰ ਬੜਾ ਅਜੀਬ ਕਿੱਸਾ ਹੈ। ਜਦੋਂ ਦੇਬੂ ਸੇਨ ਨੇ ਬਿਮਲ ਰਾਏ ਨੂੰ ਗੁਲਜ਼ਾਰ ਬਾਰੇ ਦੱਸਿਆ ਤਾਂ ਬਿਮਲ ਰਾਏ ਆਖਣ ਲੱਗੇ, 'ਦੇਬੂ ਸੇਨ ਗੁਲਜ਼ਾਰ ਨਾਮ ਮੁਸਲਮਾਨਾਂ ਦਾ ਹੁੰਦਾ ਹੈ। ਇਹ ਤੇਰਾ ਗੁਲਜ਼ਾਰ ਮਿੱਤਰ ਸਾਡੀ ਹਿੰਦੀ, ਬਾਂਗਲਾ ਭਾਸ਼ਾ ਵਿਚ ਕੰਮ ਕਰ ਸਕੇਗਾ?' ਦੇਬੂ ਸੇਨ ਨੇ ਹੱਸ ਕੇ ਕਿਹਾ, 'ਗੁਲਜ਼ਾਰ ਮੁਸਲਮਾਨ ਨਹੀਂ ਸਿੱਖ ਹੈ, ਉਸ ਦਾ ਅਸਲ ਨਾਮ ਸੰਪੂਰਨ ਸਿੰਘ ਹੈ, ਉਹ ਹਿੰਦੀ, ਉਰਦੂ, ਬਾਂਗਲਾ ਚੰਗੀ ਤਰ੍ਹਾਂ ਜਾਣਦਾ ਹੈ।' ਬਿਮਲ ਰਾਏ ਖ਼ੁਸ਼ ਹੋ ਗਏ। ਇਸ ਤਰ੍ਹਾਂ ਗੁਲਜ਼ਾਰ ਦੇ ਪਹਿਲੇ ਗੀਤ ਨੇ 'ਬੰਦਨੀ' ਫ਼ਿਲਮ ਵਿਚ ਪ੍ਰਵੇਸ਼ ਕੀਤਾ। ਜਦੋਂ ਗੀਤ ਪੂਰੀ ਤਰ੍ਹਾਂ ਲਿਖਿਆ ਗਿਆ ਤਾਂ ਇਸ ਗੀਤ ਨੂੰ ਲਤਾ ਮੰਗੇਸ਼ਕਰ ਨੇ ਗਾਉਣਾ ਸੀ। ਹੋਇਆ ਇੱਥੇ ਵੀ ਸ਼ੈਲੇਂਦਰ ਵਾਲਾ ਕਿੱਸਾ। ਲਤਾ, ਐੱਸ. ਡੀ. ਬਰਮਨ ਨਾਲ ਕਾਫ਼ੀ ਦਿਨਾਂ ਤੋਂ ਨਾਰਾਜ਼ ਸੀ। ਉਹ ਆਪਸ ਵਿਚ ਬੋਲਦੇ ਨਹੀਂ ਸਨ। ਬਿਮਲ ਰਾਏ ਨੇ ਬੜੀ ਮੁਸ਼ਕਿਲ ਨਾਲ ਲਤਾ ਮੰਗੇਸ਼ਕਰ ਨੂੰ ਮਨਾਇਆ ਅਤੇ ਕਿਹਾ, 'ਮੈਂ ਇਕ ਨਵੇਂ ਮੁੰਡੇ ਤੋਂ ਗੀਤ ਲਿਖਵਾਇਆ ਹੈ, ਉਸ ਦੇ ਕਰੀਅਰ ਦਾ ਸਵਾਲ ਹੈ।' ਲਤਾ ਨੇ ਇਹ ਗੀਤ ਗਾਇਆ।

'ਬੰਦਨੀ' ਫ਼ਿਲਮ ਦੀ ਖ਼ਾਸ ਗੱਲ ਇਹ ਵੀ ਸੀ ਕਿ ਇਸ ਫ਼ਿਲਮ ਵਿਚ ਜਿੱਥੇ ਗੁਲਜ਼ਾਰ ਨੂੰ ਬਤੌਰ ਗੀਤਕਾਰ ਮੌਕਾ ਮਿਲ ਰਿਹਾ ਸੀ, ਉੱਥੇ ਧਰਮਿੰਦਰ ਵੀ ਬਤੌਰ ਸਾਈਡ ਹੀਰੋ ਸੀ। ਉਸ ਦੀ ਇਹ ਪਹਿਲੀ ਫ਼ਿਲਮ ਸੀ। ਗੁਲਜ਼ਾਰ ਦੇ ਅੰਦਰ ਇਕ ਕਸ਼ਮਕਸ਼ ਚੱਲ ਰਹੀ ਸੀ ਕਿ ਇਹ ਗੀਤ ਲਿਖਣ ਦਾ ਕੰਮ ਉਸ ਕੋਲੋਂ ਨਹੀਂ ਹੋਵੇਗਾ ਕਿਉਂਕਿ ਉਹ ਦੇਬੂ ਸੇਨ ਤੇ ਬਿਮਲ ਰਾਏ ਨਾਲ ਇਹ ਗੱਲ ਕਰ ਚੁੱਕੇ ਸਨ। ਇਹ ਫ਼ਿਲਮ ਲਾਈਨ ਅਜੀਬ ਹੈ। ਗੀਤ ਕੋਈ ਲਿਖਦਾ, ਗਾਉਂਦਾ ਕੋਈ, ਕੋਈ ਹੋਰ ਸੰਗੀਤ ਤਿਆਰ ਕਰਦਾ ਅਤੇ ਫ਼ਿਲਮਾਇਆ ਕਿਸੇ ਹੋਰ 'ਤੇ ਜਾਂਦਾ ਹੈ। ਇਸ ਦਾ ਕ੍ਰੈਡਿਟ ਇਕ ਨੂੰ ਨਹੀਂ, ਕਈਆਂ ਨੂੰ ਜਾਂਦਾ ਹੈ। ਪਰ ਸਭ ਤੋਂ ਜ਼ਿਆਦਾ ਕੰਮ ਤਾਂ ਗੀਤਕਾਰ ਦਾ ਹੁੰਦਾ ਹੈ ਜੋ ਆਪਣੇ ਦਿਲ ਦੇ ਖ਼ਿਆਲ ਕੋਰੇ ਕਾਗਜ਼ 'ਤੇ ਉਤਾਰਦਾ ਹੈ। ਗੁਲਜ਼ਾਰ ਨੂੰ ਇਨ੍ਹਾਂ ਤੱਥਾਂ ਨੇ ਡਾਵਾਂਡੋਲ ਕਰ ਦਿੱਤਾ ਸੀ। ਉਹ ਕਰੇ ਤਾਂ ਕੀ ਕਰੇ! ਇਕ ਦਿਨ ਬਿਮਲ ਰਾਏ ਨੇ ਸੋਚਿਆ ਕਿ ਮੁੰਡਾ ਮਿਹਨਤੀ ਹੈ, ਕੁਝ ਨਵਾਂ ਕਰਨ ਦਾ ਜਜ਼ਬਾ ਵੀ ਰੱਖਦਾ ਹੈ। ਕਿਉਂ ਨਾ ਇਸ ਨੂੰ ਆਪਣੇ ਨਾਲ ਸਹਾਇਕ ਡਾਇਰੈਕਟਰ ਰੱਖ ਲਿਆ ਜਾਵੇ। ਇਹ ਕਈ ਭਾਸ਼ਾਵਾਂ ਵੀ ਜਾਣਦਾ ਹੈ ਖ਼ਾਸਕਰ ਬਾਂਗਲਾ। ਬਿਮਲ ਰਾਏ ਨੂੰ ਇਹ ਪੱਕਾ ਯਕੀਨ ਸੀ ਕਿ ਗੁਲਜ਼ਾਰ ਇਕ ਨਾ ਇਕ ਦਿਨ ਜ਼ਰੂਰ ਨਾਂ ਕਮਾਵੇਗਾ। ਜਦ ਬਿਮਲ ਰਾਏ ਨੇ ਗੁਲਜ਼ਾਰ ਨਾਲ ਇਸ ਬਾਰੇ ਗੱਲ ਕੀਤੀ ਤਾਂ ਗੁਲਜ਼ਾਰ ਨੇ ਹਾਂ ਕਰ ਦਿੱਤੀ। ਗੱਲ ਸੋਨੇ 'ਤੇ ਸੁਹਾਗੇ ਵਾਲੀ ਸੀ। ਇਕ ਬੰਗਾਲੀ, ਇਕ ਪੰਜਾਬੀ। ਦੋਵਾਂ ਵਿਚ ਊਰਜਾ ਦਾ ਭੰਡਾਰ ਠਾਠਾਂ ਮਾਰ ਰਿਹਾ ਸੀ। ਬਿਮਲ ਰਾਏ ਜੋ ਵੀ ਕੰਮ ਕਰਦੇ, ਗੁਲਜ਼ਾਰ ਉਸ ਕੰਮ ਨੂੰ ਹੋਰ ਨਿਖਾਰਨ ਵਿਚ ਪਿੱਛੇ ਨਾ ਰਹਿੰਦਾ। ਆਪਣੀ ਰਾਇ, ਸਲਾਹ ਬੇਝਿਜਕ ਦਿੰਦਾ। ਬਿਮਲ ਰਾਏ ਨੂੰ ਇਹ ਸਭ ਸੁਣ ਕੇ, ਵੇਖ ਕੇ ਬਹੁਤ ਖ਼ੁਸ਼ੀ ਹੁੰਦੀ ਕਿ ਮੇਰਾ ਸ਼ਾਗਿਰਦ ਮੇਰੇ ਤੋਂ ਵੀ ਦੋ ਰੱਤੀਆਂ ਉੱਪਰ ਹੈ। ਗੁਲਜ਼ਾਰ ਜੋ ਵੀ ਲਿਖਦਾ, ਉਸ ਵਿਚ ਕਿਤੇ ਨਾ ਕਿਤੇ ਸੰਤਾਲੀ ਦਾ ਦਰਦ ਜ਼ਰੂਰ ਛਲਕਦਾ ਕਿਉਂਕਿ ਉਸ ਨੇ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਤੱਕਿਆ ਸੀ। ਹਰ ਗੀਤ, ਹਰ ਡਾਇਲਾਗ ਵਿਚ ਕਿਤੇ ਨਾ ਕਿਤੇ ਇਸ ਤਰ੍ਹਾਂ ਦੇ ਸ਼ੇਡ ਆ ਜਾਂਦੇ, ਜੋ ਵੇਖਣ-ਸੁਣਨ ਵਾਲੇ ਲੋਕਾਂ ਦੀ ਪਹਿਲੀ ਪਸੰਦ ਬਣਦੇ। ਇਸ ਤਰ੍ਹਾਂ ਗੁਲਜ਼ਾਰ ਦੀ ਫ਼ਿਲਮੀ ਦੁਨੀਆ ਵਿਚ ਐਂਟਰੀ ਹੋਈ। ਇਸ ਫ਼ਿਲਮ






ਵਿਚਲਾ ਗੁਲਜ਼ਾਰ ਦਾ ਗੀਤ ਹਰ ਇਕ ਦੀ ਜ਼ੁਬਾਨ 'ਤੇ ਨੱਚਣ ਲੱਗਾ ਤੇ ਸੰਗੀਤ ਦੀ ਫ਼ਿਜ਼ਾ ਵਿਚ ਅੱਜ ਵੀ ਮਹਿਕਾਂ ਬਿਖੇਰ ਰਿਹਾ ਹੈ।

ਮੋਰਾ ਗੋਰਾ ਰੰਗ ਲਈਲੇ
ਮੋਹੇ ਸ਼ਾਮ ਰੰਗ ਦਈਦੇ
ਛੁਪ ਜਾਊਂਗੀ ਰਾਤ ਹੀ ਮੇਂ
ਮੋਹੇ ਪੀ ਕਾ ਸੰਗ ਦਈਦੇ...

ਇਹ ਗੀਤ ਰਿਕਾਰਡ ਹੋ ਚੁੱਕਾ ਸੀ, ਜਿਸ ਨੂੰ ਲਿਖਣ ਵਿਚ ਗੁਲਜ਼ਾਰ ਨੇ ਕੋਈ ਕਮੀ ਨਹੀਂ ਛੱਡੀ। ਜੇ ਗੁਲਜ਼ਾਰ ਨੇ ਕੋਈ ਕਮੀ ਨਹੀਂ ਛੱਡੀ ਤਾਂ ਗਾਉਣ ਵਿਚ ਲਤਾ ਮੰਗੇਸ਼ਕਰ ਨੇ ਵੀ ਚਾਰ ਚੰਨ ਲਾ ਦਿੱਤੇ। ਫ਼ਿਲਮ ਆਉਣ ਤੋਂ ਪਹਿਲਾਂ ਹੀ ਇਸ ਗੀਤ ਦੀ ਚਰਚਾ ਹੋਣ ਲੱਗ ਪਈ ਸੀ। ਉਨ੍ਹਾਂ ਦਿਨਾਂ ਵਿਚ ਅੱਜ ਵਰਗੀ ਟੈਕਨਾਲੋਜੀ ਨਹੀਂ ਸੀ ਪਰ ਫਿਰ ਵੀ ਬਿਮਲ ਰਾਏ ਜਰਮਨ ਤੋਂ ਇਕ ਬਕਸਾ ਜਿਹਾ ਲੈ ਆਇਆ ਸੀ। ਸਾਰਿਆਂ ਨੇ ਗੀਤ ਦੀ ਕਾਫ਼ੀ ਤਾਰੀਫ਼ ਕੀਤੀ। ਉਸ ਸਮੇਂ ਗੀਤ ਨੂੰ ਪ੍ਰਿੰਟ ਕਰ ਕੇ ਪ੍ਰਾਜੈਕਟਰ 'ਤੇ ਚਲਾ ਕੇ ਸੁਣਾਇਆ ਜਾਂਦਾ ਸੀ। ਮੋਹਨ ਸਟੂਡੀਓ ਦੇ ਥੀਏਟਰ ਵਿਚ ਚਲਾ ਕੇ ਸੁਣਾਇਆ। ਗੀਤ ਸੁਣ ਕੇ ਜਦੋਂ ਬਾਹਰ ਆਏ ਤਾਂ ਸਟੂਡੀਓ ਵਿਚ 'ਅਨੁਰਾਧਾ' ਫ਼ਿਲਮ ਦੀ ਸ਼ੂਟਿੰਗ ਚੱਲ ਰਹੀ ਸੀ। ਉੱਥੇ ਰਿਸ਼ੀਕੇਸ਼ ਮੁਖਰਜੀ, ਰਾਜਿੰਦਰ ਸਿੰਘ ਬੇਦੀ, ਬਲਰਾਜ ਸਾਹਨੀ ਸਾਰੇ ਬੈਠੇ ਚਾਹ ਪੀ ਰਹੇ ਸਨ। ਉਨ੍ਹਾਂ ਦਿਨਾਂ ਵਿਚ ਫ਼ਿਲਮਾਂ ਦੀ ਸ਼ੂਟਿੰਗ ਤਕਰੀਬਨ ਸਟੂਡੀਓ ਵਿਚ ਹੀ ਹੁੰਦੀ ਸੀ। ਜਦੋਂ ਗੁਲਜ਼ਾਰ ਨੂੰ ਰਾਜਿੰਦਰ ਸਿੰਘ ਬੇਦੀ ਨੇ ਦੇਖਿਆ ਤਾਂ ਉਸ ਨੇ ਕਿਹਾ-ਹਾਂ ਬਈ ਗੁੱਲ, ਤੂੰ ਕਿੰਦਾਂ ਇੱਥੇ। ਗੁਲਜ਼ਾਰ ਨੇ ਕਿਹਾ- ਜੀ, ਮੈਂ ਇਕ ਗੀਤ ਲਿਖਿਆ ਹੈ। ਉਹ ਗੀਤ 'ਬੰਦਨੀ' ਫ਼ਿਲਮ ਵਿਚ ਆ ਰਿਹਾ ਹੈ। ਉਸ ਦੀ ਰਿਕਾਰਡਿੰਗ ਸੁਣ ਕੇ ਆਏ ਹਾਂ। ਗੁਲਜ਼ਾਰ ਦੇ ਨਾਲ ਬਿਮਲ ਰਾਏ ਅਤੇ ਦੇਬੂ ਸੇਨ ਵੀ ਸਨ। ਰਾਜਿੰਦਰ ਸਿੰਘ ਬੇਦੀ ਨੇ ਕਿਹਾ, 'ਯਾਰ, ਤੇਰਾ ਗੀਤ ਕਿਤੇ ਚੱਲ ਨਾ ਜਾਏ।' ਇਹ ਗੱਲ ਸੁਣਦੇ ਸਾਰ ਹੀ ਬਲਰਾਜ ਸਾਹਨੀ ਬੋਲ ਪਿਆ, 'ਬੇਦੀ ਸਾਹਿਬ ਮੁੰਡੇ ਦਾ ਗੀਤ ਚੱਲ ਗਿਆ ਤਾਂ ਕੀ ਮਾੜਾ। ਮੁੰਡਾ ਸੋਹਣਾ ਲਿਖਦਾ ਵੀ ਹੈ, ਵੇਖਣ ਨੂੰ ਵੀ ਸੋਹਣਾ ਹੈ। ਸਾਨੂੰ ਖ਼ੁਸ਼ ਹੋਣਾ ਚਾਹੀਦਾ ਹੈ। ਸਾਡੇ ਨਵੇਂ ਮੁੰਡੇ ਤਰੱਕੀ ਕਰ ਰਹੇ ਹਨ।' ਗੁਲਜ਼ਾਰ ਚੁੱਪ ਕਰ ਕੇ ਸਾਰੀ ਗੁਫ਼ਤਗੂ ਸੁਣਦਾ ਰਿਹਾ ਪਰ ਬੋਲਿਆ ਕੁਝ ਵੀ ਨਹੀਂ। ਬਲਰਾਜ ਸਾਹਨੀ ਦੀ ਗੱਲ ਸੁਣ ਕੇ ਰਾਜਿੰਦਰ ਸਿੰਘ ਬੇਦੀ ਨੇ ਕਿਹਾ, 'ਬਲਰਾਜ, ਇਸ ਮੁੰਡੇ ਨੂੰ ਮੈਂ ਪਹਿਲਾਂ ਵੀ ਸੁਣਿਆ ਹੈ। ਇਸ ਵਿਚ ਬੜਾ ਕੁਝ ਕਰਨ ਦੀ ਸਮਰੱਥਾ ਹੈ। ਮੇਰੇ ਕੋਲ ਤਾਂ ਕੁਝ ਵੀ ਨਹੀਂ, ਪਰ ਇਹ ਕਈਆਂ ਕੋਲੋਂ ਬਹੁਤ ਕੁਝ ਗਵਾ ਸਕਦਾ ਹੈ, ਇਸ ਦੀ ਕਲਮ ਵਿਚ ਦਮ ਹੈ। ਬਲਰਾਜ, ਚੜ੍ਹਦੀ ਜਵਾਨੀ ਵਿਚ ਆਦਮੀ ਜਦੋਂ ਕੋਠੇ 'ਤੇ ਚੜ੍ਹ ਜਾਂਦਾ ਹੈ ਤਾਂ ਉੱਥੇ ਹੀ ਰਹਿ ਜਾਂਦਾ ਹੈ। ਬਸ ਆਉਣ ਵਾਲੇ ਗਾਹਕਾਂ ਨੂੰ ਹੁੱਕਾ ਵਰਤਾਉਂਦਾ ਹੈ। ਉਸ ਦੀ ਚੜ੍ਹਦੀ ਜਵਾਨੀ ਹੁੱਕਾ ਵਰਤਾਉਂਦਿਆਂ ਹੀ ਲੰਘ ਜਾਂਦੀ ਹੈ। ਇਹ ਮੁੰਡਾ ਇਸ ਇੰਡਸਟਰੀ ਦੇ ਕੋਠੇ 'ਤੇ ਆ ਗਿਆ, ਕਿਤੇ ਇਸ ਦੀ ਉਮਰ ਵੀ...?' ਬਲਰਾਜ ਸਾਹਨੀ ਸਾਰੀ ਗੱਲ ਸਮਝ ਚੁੱਕਾ ਸੀ। ਗੁਲਜ਼ਾਰ ਨੇ ਵੀ ਸਾਰੀ ਗੱਲਬਾਤ ਸੁਣ ਲਈ ਸੀ। ਗੁਲਜ਼ਾਰ ਹੁਣ ਵੀ ਇਸ ਗੱਲ ਦਾ ਜ਼ਿਕਰ ਕਰਦਾ ਹੈ ਕਿ ਰਾਜਿੰਦਰ ਸਿੰਘ

*ਬਿਮਲ ਰਾਏ ਨਾਲ ਕੰਮ ਕਰਦਿਆਂ ਗੁਲਜ਼ਾਰ ਬਾਰੀਕ ਤੋਂ ਬਾਰੀਕ ਨੁਕਤੇ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ। ਲਗਨ, ਜਜ਼ਬਾ, ਸਿਦਕ - ਇਹ ਤਿੰਨ ਸ਼ਬਦ ਜਿਸ ਵੀ ਇਨਸਾਨ ਅੰਦਰ ਖ਼ੌਲਣ ਲੱਗ ਪੈਣ, ਉਹ ਕੁਝ ਨਾ ਕੁਝ ਕਰਦਾ ਹੀ ਹੈ। ਖੇਤਰ ਭਾਵੇਂ ਕੋਈ ਵੀ ਹੋਵੇ। ਬਿਮਲ ਰਾਏ ਦਾ ਰੰਗ ਗੁਲਜ਼ਾਰ 'ਤੇ ਚੜ੍ਹਨਾ ਸੁਭਾਵਕ ਹੀ ਸੀ। ਬਿਮਲ ਦਾ ਕਿਸੇ 'ਤੇ ਰੰਗ ਚੜ੍ਹਨਾ ਵੀ ਇਕ ਪ੍ਰਾਪਤੀ ਮੰਨੀ ਜਾਂਦੀ ਸੀ।*

ਬੇਦੀ ਵਰਗੇ ਵੱਡੇ ਲੇਖਕ ਕਿਸੇ ਨੌਜਵਾਨ ਦੇ ਭਵਿੱਖ ਲਈ ਕਿੰਨੇ ਫ਼ਿਕਰਮੰਦ ਸਨ। ਗੁਲਜ਼ਾਰ ਨੇ ਜਦੋਂ ਵੀ ਇਸ ਗੱਲ ਦਾ ਜ਼ਿਕਰ ਕੀਤਾ ਤਾਂ ਉਸ ਦੇ ਅੰਦਰ ਵਸਦੇ ਗੁਲਜ਼ਾਰ ਨੇ ਹਮੇਸ਼ਾ ਹੀ ਰਾਜਿੰਦਰ ਸਿੰਘ ਬੇਦੀ ਨੂੰ ਸਲੂਟ ਕੀਤਾ। ਜੇ ਰਾਜਿੰਦਰ ਸਿੰਘ ਬੇਦੀ ਇਹ ਗੱਲ ਨਾ ਕਹਿੰਦਾ, ਸ਼ਾਇਦ ਅੱਜ ਗੁਲਜ਼ਾਰ ਗੀਤਕਾਰ ਹੀ ਹੁੰਦਾ; ਨਾ ਨਿਰਦੇਸ਼ਕ, ਨਾ ਨਿਰਮਾਤਾ, ਨਾ ਕਹਾਣੀਕਾਰ, ਨਾ ਕਵਿਤਾ ਲਿਖਦਾ, ਨਾ ਡਾਇਲਾਗ ਲਿਖਦਾ। ਲਿਖਣ ਤਾਂ ਸਾਰੇ ਜਾਣਦੇ ਹਨ ਪਰ ਸੁਣਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਗੁਲਜ਼ਾਰ ਨੇ ਪਹਿਲਾਂ ਸੁਣਿਆ ਹੈ, ਬਾਅਦ ਵਿਚ ਲਿਖਿਆ ਹੈ। ਉਸ ਉੱਤੇ ਸਿਆਣੇ ਲੋਕਾਂ ਦਾ ਅੱਜ ਵੀ ਅਸਰ ਹੈ।

ਇਸ ਤੋਂ ਬਾਅਦ ਗੁਲਜ਼ਾਰ ਨੇ ਫ਼ਿਲਮ 'ਕਾਬੁਲੀਵਾਲਾ' ਦੇ ਡਾਇਲਾਗ ਅਤੇ ਕਈ ਸੀਨ ਲਿਖੇ, ਜੋ ਲੋਕਾਂ ਦੀ ਪਸੰਦ ਬਣੇ। ਪਰ ਇਹ ਸਭ ਹੋਇਆ ਪਰਦੇ ਪਿੱਛੇ ਹੀ, ਗੁਲਜ਼ਾਰ ਨੂੰ ਇਸ ਦਾ ਕੋਈ ਕ੍ਰੈਡਿਟ ਨਹੀਂ ਮਿਲਿਆ। ਪਰ ਉਨ੍ਹਾਂ ਦਾ ਕੰਮ ਦਿਨੋਂ-ਦਿਨ ਬਾਕੀ ਨਿਰਮਾਤਾ ਨਿਰਦੇਸ਼ਕਾਂ ਨੂੰ ਦਿਸ ਰਿਹਾ ਸੀ। ਜਦੋਂ ਕੰਮ ਬੋਲਣ ਲੱਗ ਪਵੇ, ਉਹ ਭਾਵੇਂ ਪਰਦੇ ਪਿੱਛੇ ਵੀ ਕਿਉਂ ਨਾ ਹੋਵੇ, ਬੋਲਿਆਂ ਨੂੰ ਵੀ ਸੁਣਨ ਲਾ ਦਿੰਦਾ ਹੈ।

'ਕਾਬੁਲੀਵਾਲਾ' ਫ਼ਿਲਮ ਨੇ ਗੁਲਜ਼ਾਰ ਦੀ ਜ਼ਿੰਦਗੀ ਵਿਚ ਨਵੀਂ ਸ਼ੁਰੂਆਤ ਕੀਤੀ। ਬਿਮਲ ਰਾਏ ਨੇ ਗੁਲਜ਼ਾਰ ਨੂੰ ਕਲਕੱਤਾ ਭੇਜਿਆ, ਬਲਰਾਜ ਸਾਹਨੀ ਦੇ ਨਾਲ ਕੁਝ ਸ਼ਾਟ ਲੈਣ ਲਈ। ਕੈਮਰਾਮੈਨ ਕਮਲ ਬੋਸ ਵੀ ਨਾਲ ਹੀ ਸਨ। ਜਦੋਂ ਸਾਰਾ ਕੰਮ ਫ਼ਾਈਨਲ ਕਰ ਕੇ ਵਾਪਸ ਆਏ, ਇਸ ਫ਼ਿਲਮ ਦੇ ਦੋ ਗੀਤ ਰਿਕਾਰਡ ਹੋ ਚੁੱਕੇ ਸਨ। ਇਕ 'ਐ ਮੇਰੇ ਪਿਆਰੇ ਵਤਨ', ਦੂਜਾ ਕੋਈ ਭਜਨ ਸੀ। ਬਿਮਲ ਰਾਏ ਨੇ ਗੁਲਜ਼ਾਰ ਨੂੰ ਕਿਹਾ, 'ਜਾਓ, ਇਹ ਦੋਵੇਂ ਗੀਤ ਸੁਣ ਕੇ ਆਓ।' ਇਹ ਦੋਵੇਂ ਗੀਤ ਪ੍ਰੇਮ ਧਵਨ ਨੇ ਲਿਖੇ ਸਨ। ਉਨ੍ਹਾਂ ਦਿਨਾਂ ਵਿਚ ਗੀਤਕਾਰੀ ਵਿਚ ਧਵਨ ਦਾ ਨਾਮ ਪੂਰੀ ਚਰਚਾ ਵਿਚ ਸੀ। ਜਦੋਂ ਗੁਲਜ਼ਾਰ ਗੀਤ ਸੁਣ ਕੇ ਵਾਪਸ ਆਇਆ ਤਾਂ ਉਸ ਨੇ 'ਐ ਮੇਰੇ ਪਿਆਰੇ ਵਤਨ' ਦੀ ਕਾਫ਼ੀ ਤਾਰੀਫ਼ ਕੀਤੀ ਪਰ ਭਜਨ ਬਾਰੇ ਚੁੱਪ ਹੋ ਗਿਆ। ਬਿਮਲ ਰਾਏ ਤਾੜ ਗਿਆ ਕਿ ਕੁਝ ਗੜਬੜ ਜ਼ਰੂਰ ਹੈ। ਬਿਮਲ ਰਾਏ ਗੁਲਜ਼ਾਰ ਨੂੰ ਗੋਲੂਜ਼ਾਰ ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਕਿਹਾ, 'ਗੋਲੂਜ਼ਾਰ, ਹੁਣ ਫਿਰ ਕੀ ਕੀਤਾ ਜਾਵੇ?' ਗੁਲਜ਼ਾਰ ਦੀ ਖ਼ਾਮੋਸ਼ੀ ਤੋਂ ਬਾਅਦ ਬਿਮਲ ਰਾਏ ਹੀ ਬੋਲੇ, 'ਗੋਲੂਜ਼ਾਰ ਇਸ ਗੀਤ ਨੂੰ ਤੂੰ ਲਿਖੇਂਗਾ।' ਗੁਲਜ਼ਾਰ ਨੇ ਕਿਹਾ, 'ਦਾਦਾ, ਇਕ ਅੱਛਾ ਗੀਤਕਾਰ ਫ਼ਿਲਮ ਦੇ ਗੀਤ ਲਿਖ ਰਿਹਾ ਹੈ। ਮੈਂ ਕਿਉਂ ਵਿਚ ਟੰਗ ਅੜਾਵਾਂ।' ਪਰ ਬਿਮਲ ਰਾਏ ਨੇ ਕਿਹਾ, 'ਤੂੰ ਸੰਗੀਤਕਾਰ ਸਲਿਲ ਚੌਧਰੀ ਨੂੰ ਮਿਲ ਤੇ ਗੀਤ ਲਿਖ।'

'ਕਾਬੁਲੀਵਾਲਾ' ਦਾ ਸੰਗੀਤ ਸਲਿਲ ਚੌਧਰੀ ਬਣਾ ਰਹੇ ਸਨ। ਜਦੋਂ ਗੁਲਜ਼ਾਰ ਸਲਿਲ ਚੌਧਰੀ ਕੋਲ ਗਏ। ਗੁਲਜ਼ਾਰ ਨੇ ਕਿਹਾ, 'ਗੀਤ ਲਿਖਣ ਲਈ ਪ੍ਰੇਮ ਧਵਨ ਵਧੀਆ ਗੀਤਕਾਰ ਹੈ, ਜਦ ਉਹ ਲਿਖ ਰਹੇ ਹਨ ਤਾਂ ਮੇਰੀ ਕੀ ਲੋੜ ਹੈ।' ਸਲਿਲ ਚੌਧਰੀ ਨੇ ਕਿਹਾ, 'ਪ੍ਰੇਮ ਧਵਨ ਹੀ ਆਖ ਰਿਹਾ ਹੈ, ਇਹ ਗੀਤ ਗੁਲਜ਼ਾਰ ਲਿਖੇਗਾ।' ਕਿਉਂਕਿ ਪ੍ਰੇਮ ਧਵਨ ਟੂਰ 'ਤੇ ਜਾ ਰਿਹਾ ਸੀ। ਇਸ ਤਰ੍ਹਾਂ 'ਕਾਬੁਲੀਵਾਲਾ' ਦਾ ਗੀਤ 'ਗੰਗਾ ਆਏ ਕਹਾਂ ਸੇ ਗੰਗਾ ਜਾਏ ਕਹਾਂ ਰੇ' ਗੁਲਜ਼ਾਰ ਨੇ ਲਿਖਿਆ। ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਹੀ ਗੁਲਜ਼ਾਰ ਦੀ ਮੁਲਾਕਾਤ ਮੀਨਾ ਕੁਮਾਰੀ ਨਾਲ ਹੋਈ। ਗੁਲਜ਼ਾਰ ਮੀਨਾ ਕੁਮਾਰੀ ਦੇ ਸ਼ਾਇਰਾਨਾ ਅੰਦਾਜ਼ ਦੀ ਕਾਫ਼ੀ ਤਾਰੀਫ਼ ਸੁਣ ਚੁੱਕਾ ਸੀ। ਇਨ੍ਹਾਂ ਦਿਨਾਂ ਵਿਚ ਹੀ ਮੀਨਾ ਕੁਮਾਰੀ ਬਿਮਲ ਰਾਏ ਦੀ 'ਬੇਨਜ਼ੀਰ' ਕਰ ਰਹੀ ਸੀ। ਦੋਵੇਂ ਸ਼ਾਇਰਾਨਾ ਅੰਦਾਜ਼ ਵਿਚ ਕਾਫ਼ੀ ਗੁਫ਼ਤਗੂ ਕਰਦੇ। ਇਨ੍ਹਾਂ ਨਜ਼ਦੀਕੀਆਂ ਨੂੰ ਲੋਕਾਂ ਨੇ ਕਈ ਨਾਮ ਦਿੱਤੇ। 1965 ਵਿਚ ਜਦੋਂ ਗੁਲਜ਼ਾਰ ਦੀ ਕਹਾਣੀਆਂ ਦੀ ਕਿਤਾਬ 'ਚੌਰਸ ਰਾਤ' ਛਪੀ ਤਾਂ ਗੁਲਜ਼ਾਰ ਨੇ ਉਹ ਕਿਤਾਬ ਮੀਨਾ ਕੁਮਾਰੀ ਨੂੰ ਸਮਰਪਿਤ ਕੀਤੀ। ਉਸ ਵਕਤ ਮੀਨਾ ਕੁਮਾਰੀ ਆਪਣੇ ਪਤੀ 'ਕਮਾਲ ਅਮਰੋਹੀ' ਨਾਲੋਂ ਅਲੱਗ ਰਹਿ ਰਹੀ ਸੀ। ਇਨ੍ਹਾਂ ਗੱਲਾਂ ਨੇ ਕਈ ਨਵੇਂ ਕਿੱਸਿਆਂ ਨੂੰ ਜਨਮ ਦਿੱਤਾ। ਇਨ੍ਹਾਂ ਗੱਲਾਂ ਦੀ ਦੋਵਾਂ ਨੇ ਕੋਈ ਪਰਵਾਹ ਨਾ ਕੀਤੀ। ਸਗੋਂ ਚੰਗੇ ਦੋਸਤ ਬਣੇ ਰਹੇ। ਮੀਨਾ ਕੁਮਾਰੀ ਨੇ ਆਪਣੀਆਂ ਲਿਖਤਾਂ ਦੀ ਹਰ ਡਾਇਰੀ ਗੁਲਜ਼ਾਰ ਨੂੰ ਦੇਣ ਦੀ ਵਸੀਅਤ ਵੀ ਲਿਖ ਦਿੱਤੀ ਸੀ। ਮੀਨਾ ਕੁਮਾਰੀ ਰਮਜ਼ਾਨ ਦੇ ਦਿਨਾਂ ਵਿਚ ਰੋਜ਼ੇ ਨਹੀਂ ਰੱਖ ਸਕਦੀ ਸੀ ਕਿਉਂਕਿ ਉਹ ਬਿਮਾਰ ਬਹੁਤ ਸੀ। ਉਨ੍ਹਾਂ ਦਿਨਾਂ ਵਿਚ ਉਸ ਦਾ ਸਾਥ ਗੁਲਜ਼ਾਰ ਨੇ ਦਿੱਤਾ ਸੀ। ਗੁਲਜ਼ਾਰ ਨੇ ਕਿਹਾ, 'ਰੋਜ਼ੇ ਮੈਂ ਰੱਖਾਂਗਾ, ਤੂੰ ਆਪਣੀ ਸਿਹਤ ਦਾ ਧਿਆਨ ਰੱਖ।'

ਬਿਮਲ ਰਾਏ ਨਾਲ ਕੰਮ ਕਰਦਿਆਂ ਗੁਲਜ਼ਾਰ ਬਾਰੀਕ ਤੋਂ ਬਾਰੀਕ ਨੁਕਤੇ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ। ਲਗਨ, ਜਜ਼ਬਾ, ਸਿਦਕ - ਇਹ ਤਿੰਨ ਸ਼ਬਦ ਜਿਸ ਵੀ ਇਨਸਾਨ ਅੰਦਰ ਖ਼ੌਲਣ ਲੱਗ ਪੈਣ, ਉਹ ਕੁਝ ਨਾ ਕੁਝ ਕਰਦਾ ਹੀ ਹੈ। ਖੇਤਰ ਭਾਵੇਂ ਕੋਈ ਵੀ ਹੋਵੇ। ਬਿਮਲ ਰਾਏ ਦਾ ਰੰਗ ਗੁਲਜ਼ਾਰ 'ਤੇ ਚੜ੍ਹਨਾ ਸੁਭਾਵਕ ਹੀ ਸੀ। ਬਿਮਲ ਦਾ ਕਿਸੇ 'ਤੇ ਰੰਗ ਚੜ੍ਹਨਾ ਵੀ ਇਕ ਪ੍ਰਾਪਤੀ ਮੰਨੀ ਜਾਂਦੀ ਸੀ। ਗੁਲਜ਼ਾਰ ਹੁਣ ਆਪਣੇ ਪਰਾਂ 'ਤੇ ਉੱਡਣ ਲਈ ਪਰ ਤੋਲ ਰਿਹਾ ਸੀ। ਅਸਮਾਨ ਬਹੁਤ ਵੱਡਾ ਸੀ ਪਰ ਪਰਿੰਦਾ ਉਡਾਰੀ ਵੀ ਵੱਡੀ ਹੀ ਮਾਰਨੀ ਚਾਹੁੰਦਾ ਸੀ। ਪਰਿੰਦਾ ਉਡਾਰੀ ਤੋਂ ਪਹਿਲਾਂ ਆਪਣੇ ਪਰਾਂ ਨੂੰ ਤੋਲ-ਤੋਲ ਕੇ ਵੇਖ ਰਿਹਾ ਸੀ। ਗੁਲਜ਼ਾਰ ਨੂੰ ਕਿਤੇ ਨਾ ਕਿਤੇ ਉਕਾਬ ਦੀ ਉੱਚੀ ਉਡਾਰੀ ਦਿਸ ਰਹੀ ਸੀ।

(ਚੱਲਦਾ)

# ਅਮੋਲਕ ਸਿੰਘ ਜੰਮੂ ਨੂੰ ਦੂਜੀ ਬਰਸੀ ਮੌਕੇ ਯਾਦ ਕਰਦਿਆਂ...

## ਇਕ ਖ਼ਤ ਅਮੋਲਕ ਦੇ ਨਾਂ

**ਜਿਸ ਦਿਨ ਦਾ ਅਪਰੈਲ ਮਹੀਨਾ ਚੜ੍ਹਿਆ ਹੈ, ਮੈਂ ਡੂੰਘੇ ਸਮੁੰਦਰ ਵਿਚ ਡੁਬ ਗਈ ਹਾਂ। ਇਸ ਵਿਚ ਡੁਬਕੀਆਂ ਲਾਉਂਦਿਆਂ ਕਦੀ ਸਮੁੰਦਰ ਦੇ ਤਲ ਤਕ ਪਹੁੰਚ ਜਾਂਦੀ ਹਾਂ ਤੇ ਕਦੀ ਹੰਭਲਾ ਮਾਰ ਕੇ ਉਪਰ ਆਉਣ ਦੀ ਕੋਸ਼ਿਸ਼ ਕਰਦੀ ਹਾਂ। ਤੇਰੇ ਤੋਂ ਬਿਨਾ ਕਿਸ ਨੂੰ ਆਪਣਾ ਹਾਲ ਸੁਣਾਵਾਂ, ਕੋਈ ਵੀ ਸੁਣ ਨਹੀਂ ਸਕਦਾ। ਮੇਰੇ ਦਰਦ ਸਿਸਕੀਆਂ ਬਣ ਕੰਧਾਂ 'ਚ ਸਮਾ ਗਏ, ਕੁਝ ਦਿਲ ਦੇ ਕੋਨੇ ਮੱਲ ਧੜਕਣ ਨਾਲ ਤੁਰ ਪਏ ਤੇ ਰਹਿ ਗਏ ਜਾਗਦੀਆਂ ਅੱਖਾਂ ਦੀ ਰੜਕ ਬਣੇ, ਜੋ ਕਦੀ ਕਦੀ ਮੋਤੀਆਂ ਵਾਂਗ ਛਲਕ ਕੇ ਤੇਰੇ ਤੁਰ ਜਾਣ ਦੀ ਅਹਿਮੀਅਤ ਦੀ ਕਹਾਣੀ ਸੁਣਾਉਂਦੇ ਰਹਿੰਦੇ ਹਨ। ਮੇਰੇ ਕੋਲ ਅਲਫਾਜ਼ ਨਹੀਂ, ਜੋ ਮੇਰੀ ਇਸ ਅਵਸਥਾ ਦੀ ਸਹੀ ਤਰਜਮਾਨੀ ਕਰ ਸਕਣ। ਖੈਰ! ਇਨ੍ਹਾਂ ਜ਼ਖਮਾਂ ਦਾ ਕੀ ਕਹਿਣਾ, ਜਿਨ੍ਹਾਂ ਰੋਜ ਹਰੇ ਰਹਿਣਾ। ਹੁਣ ਤਾਂ ਤੇਰੇ ਨਾਲ ਬਿਤਾਏ ਕੁਝ ਚੰਗੇ ਪਲ ਹੀ ਮੇਰੀ ਜ਼ਿੰਦਗੀ ਦਾ ਸਰਮਾਇਆ ਹੈ।**

ਇਹ ਵੀ ਅਜ਼ੀਬ ਇਤਫਾਕ ਸੀ ਕਿ ਤੂੰ ਮੈਨੂੰ ਅਪਰੈਲ ਦੇ ਮਹੀਨੇ ਮਿਲਿਆ, ਤੇ ਅਪਰੈਲ ਵਿਚ ਹੀ ਹਮੇਸ਼ਾਂ ਲਈ ਇਕੱਲੀ ਛਡ ਗਿਆ। **ਅਪਰੈਲ ਦੇ ਮਹੀਨੇ ਨਾਲ ਸਾਡੀ 20 ਅਪਰੈਲ 1977 (ਪਹਿਲੀ ਮੁਲਾਕਾਤ) ਤੋਂ ਲੈ ਕੇ 20 ਅਪਰੈਲ 2021 ਤਕ ਬਹੁਤ ਸਾਰੀਆਂ ਕੌੜੀਆਂ-ਮਿਠੀਆਂ ਯਾਦਾਂ ਜੁੜੀਆਂ ਹੋਈਆਂ ਹਨ, ਜੋ ਤੇਰੇ ਤੁਰ ਜਾਣ ਤੋਂ ਮਗਰੋਂ ਵੀ ਮੇਰਾ ਪਿੱਛਾ ਨਹੀਂ ਛਡਦੀਆਂ। ਇਨ੍ਹਾਂ ਲੰਮ੍ਹਿਆਂ ਦੇ ਪਲ-ਪਲ ਦੀ ਤਸਵੀਰ ਮੇਰੇ ਦੀਦਿਆਂ ਵਿਚੋਂ ਗੁਜਰਦੀ ਰਹਿੰਦੀ ਹੈ, ਜੋ ਕਦੀ ਰੂਹ ਨੂੰ ਪੀੜ-ਪੀੜ ਕਰ ਦਿੰਦੀ ਹੈ ਤੇ ਕਦੀ ਕੁਝ ਪਲ ਸਕੂਨ ਵਾਲੇ ਵੀ ਹੁੰਦੇ ਹਨ।** ਇਸ ਗੰਢ-ਤੁੱਪ ਨਾਲ ਹੀ ਜ਼ਿੰਦਗੀ ਜ਼ਿੰਦਾਬਾਦ ਹੈ। ਪਿਆਰ ਦੀਆਂ ਤੰਦਾਂ ਨਾਲ ਹੀ ਜ਼ਿੰਦਗੀ ਜ਼ਿੰਦਾਬਾਦ ਹੈ।

ਦਿਲ ਮੇਰੇ ਦੇ ਮਹਿਰਮ ਤੂੰ ਸਦਾ ਹੀ ਦਿਲ ਵਿੱਚ ਰਹਿਣਾ।
ਅੱਜ ਵੀ ਚੰਗਾ ਲਗਦਾ ਤੈਨੂੰ 'ਰਾਜੇ' 'ਰਾਜੇ' ਕਹਿਣਾ।

ਤੇਰੇ-ਮੇਰੇ ਕਾਲਜ ਦੇ ਦਿਨ ਯੁੱਗ ਸੁਨਹਿਰੀ ਸੀ,
ਕਈਆਂ ਨੂੰ ਚੁਬਦਾ ਸੀ ਤੇਰਾ ਮੇਰਾ ਉੱਠਣਾ-ਬਹਿਣਾ।

ਕੁਦਰਤ ਨੂੰ ਮਨਜ਼ੂਰ ਸਿਗਾ ਤੇਰਾ-ਮੇਰਾ ਰਿਸ਼ਤਾ,
ਮਰ ਕੇ ਵੀ ਇਸ ਰਿਸ਼ਤੇ ਨੇ ਸਦਾ ਹੀ ਜੀਵਤ ਰਹਿਣਾ।

ਹਰ ਪਾਠਕ ਦੇ ਦਿਲ 'ਤੇ ਹਾਲੇ ਵੀ ਤੂੰ ਰਾਜ ਕਰੇਂ,
ਤੂੰ ਅਮੋਲਕ ਹੀਰਾ ਸੀ ਹਰ ਪਾਠਕ ਦਾ ਕਹਿਣਾ।

ਪਾਠਕ ਕਹਿੰਦੇ ਹਰ ਹਫ਼ਤੇ ਹਾਂ ਮਿਲਦੇ ਅਮੋਲਕ ਨੂੰ,
ਉਸ ਨਾਲੋਂ ਵੱਖ ਨਈ ਹੋਣਾ ਸਦਾ ਹੀ ਮਿਲਦੇ ਰਹਿਣਾ।

ਅਪਰੈਲ ਮਹੀਨੇ ਦੇ ਨਾ ਤੇਰੀ-ਮੇਰੀ ਸਾਂਝ ਪੁਰਾਣੀ,
ਇਹ ਰਾਜ ਅਨੋਖਾ ਦੱਸ ਕੇ ਕਿਸੇ ਨੂੰ ਕੀ ਲੈਣਾ।

ਤੇਰੇ ਬਿਨ ਇਹ ਸਫ਼ਰ ਅਧੂਰਾ ਕਿੰਝ ਕਰਾਂਗੀ ਤੈਅ,
ਤੇਰੀ ਯਾਦ ਚ ਹਰ ਮੁਸ਼ਕਿਲ ਨੂੰ ਹੱਸ ਹੱਸ ਸਹਿਣਾ।

ਤੇਰੀ ਮੁਹੱਬਤ ਦੀ ਪੂੰਜੀ ਮੈਂ ਹਾਲੇ ਖ਼ਰਚੀ ਨਈ,
ਇਸ ਨੇ ਮਰਦੇ ਦਮ ਤੀਕਰ ਮੇਰੇ ਨਾਲ ਹੈ ਰਹਿਣਾ।

ਤੇਰੀ ਸੋਚ-ਵਿਚਾਰ ਨਾ ਅੱਖਰ ਅੱਖਰ ਲਿਸ਼ਕ ਰਿਹਾ,
ਤੂੰ 'ਪੰਜਾਬ ਟਾਈਮਜ਼' ਦਾ ਏਂ ਵੱਡਮੁਲਾ ਗਹਿਣਾ।'

'ਪੰਜਾਬ ਟਾਈਮਜ਼' ਪ੍ਰਤੀ ਸ਼ਾਇਦ ਇਹ ਤੇਰੀ ਸਿਰੜ, ਕੰਮ ਪ੍ਰਤੀ ਲਗਨ ਅਤੇ ਪ੍ਰਤੀਬੱਧਤਾ (ਡੈਡੀਕੇਸ਼ਨ) ਸਦਕਾ ਹੀ ਹੈ ਕਿ ਬਹੁਤ ਸਾਰੀਆਂ ਦੁਸ਼ਵਾਰੀਆਂ ਦੇ ਬਾਵਜੂਦ 'ਪੰਜਾਬ ਟਾਈਮਜ਼' ਨਿਰੰਤਰ ਜਾਰੀ ਹੈ। ਤੇਰੀ ਰੂਹ ਨੂੰ 'ਪੰਜਾਬ ਟਾਈਮਜ਼' ਦਾ ਫਿਕਰ ਨਾ ਰਹੇ, ਇਸ ਦੇ ਲਈ ਮੈਂ ਆਪਣੀ ਸਮਰੱਥਾ ਮੁਤਾਬਕ ਹਰ ਕੋਸ਼ਿਸ਼ ਕਰ ਰਹੀ ਹਾਂ ਤੇ ਕਰਦੀ ਰਹਾਂਗੀ। ਅਲਵਿਦਾ।

***-ਜਸਪ੍ਰੀਤ***



*1977 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪੰਜਾਬੀ ਵਿਭਾਗ ਤੋਂ ਹੋਸਟਲ ਆਉਂਦਿਆਂ ਅਮੋਲਕ ਸਿੰਘ ਜੰਮੂ ਵਲੋਂ ਆਪਣੀ ਹਮਸਫਰ ਜਸਪ੍ਰੀਤ ਦੀ ਖਿੱਚੀ ਗਈ ਤਸਵੀਰ।*

## ਸਰਵੋਤਮ ਸਮਕਾਲੀ ਸੰਪਾਦਕ ਸ. ਅਮੋਲਕ ਸਿੰਘ

**ਪ੍ਰਭਸ਼ਰਨਦੀਪ ਸਿੰਘ**
**ਫੋਨ: 916-841-5464**

ਅੱਜ ਤੋਂ ਦੋ ਵਰ੍ਹੇ ਪਹਿਲਾਂ, 20 ਅਪ੍ਰੈਲ 2021 ਨੂੰ, 'ਪੰਜਾਬ ਟਾਈਮਜ਼' ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਚਲਾਣੇ ਨਾਲ਼ ਪੰਜਾਬੀ ਪੱਤਰਕਾਰੀ ਨੂੰ ਵਾਕਈ ਨਾ ਪੂਰਾ ਹੋਣ ਵਾਲ਼ਾ ਘਾਟਾ ਪਿਆ ਹੈ। ਪੰਜਾਬੀ ਪੱਤਰਕਾਰੀ ਨੂੰ ਉਨ੍ਹਾਂ ਦੀ ਦੇਣ ਬਹੁਪੱਖੀ ਹੈ। ਬੋਲੀ ਦੀ ਮੁਹਾਰਤ, ਸਾਹਿਤ ਅਤੇ ਆਲੋਚਨਾ 'ਤੇ ਸੂਖ਼ਮ ਪਕੜ, ਇਤਿਹਾਸ ਦੀ ਜਾਣਕਾਰੀ, ਅਤੇ ਪੰਜਾਬ ਦੇ ਸਿਆਸੀ ਵਰਤਾਰਿਆਂ ਦਾ ਗਿਆਨ ਆਦਿਕ ਵੱਡੇ ਗੁਣ ਸਨ, ਜਿਨ੍ਹਾਂ ਕਰਕੇ ਸ. ਅਮੋਲਕ ਸਿੰਘ ਪੰਜਾਬੀ ਦੇ ਸਭ ਤੋਂ ਵਧੀਆ ਸੰਪਾਦਕ ਬਣ ਕੇ ਸਾਹਮਣੇ ਆਏ।

ਸ. ਅਮੋਲਕ ਸਿੰਘ ਨੇ 1975ਤੋਂ 1977 ਦਰਮਿਆਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਏ. ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਪੰਜਾਬੀ ਦੀ ਐਮ.ਫ਼ਿਲ. ਕੀਤੀ ਅਤੇ ਬਾਅਦ ਵਿੱਚ ਐਲ.ਐਲ਼.ਬੀ. ਦੀ ਡਿਗਰੀ ਹਾਸਲ ਕੀਤੀ। ਪੰਜਾਬ ਯੂਨੀਵਰਸਿਟੀ ਵਿੱਚ ਉਨ੍ਹਾਂ ਨੇ ਪੰਜਾਬੀ ਦੀ ਉੱਚਕੋਟੀ ਦੇ ਵਿਦਵਾਨਾਂ ਦੀ ਸੰਗਤ ਕੀਤੀ। ਇਨ੍ਹਾਂ ਵਿਦਵਾਨਾਂ ਵਿੱਚੋਂ ਮੁੱਖ ਡਾ. ਦਰਸ਼ਨ ਸਿੰਘ, ਡਾ. ਹਰਦੇਵ ਸਿੰਘ ਸੱਚਰ, ਡਾ. ਸੁਰਿੰਦਰ ਸਿੰਘ ਕੋਹਲੀ, ਅਤੇ ਡਾ. ਕੇਸਰ ਸਿੰਘ ਕੇਸਰ ਸਨ। ਵਿਦਵਾਨਾਂ ਦੀ ਇਸ ਪੀੜ੍ਹੀ ਕੋਲ਼ ਭਾਸ਼ਾ ਦੀ ਬਹੁਤ ਚੰਗੀ ਮੁਹਾਰਤ ਸੀ। ਸ. ਅਮੋਲਕ ਸਿੰਘ ਨੇ ਅਜਿਹੇ ਪ੍ਰਬੀਨ ਵਿਦਵਾਨਾਂ ਦੀ ਸੰਗਤ ਦਾ ਪੂਰਾ ਲਾਹਾ ਲਿਆ। ਚੰਗਾ ਲੇਖਕ ਜਾਂ ਸੰਪਾਦਕ ਬਣਨ ਲਈ ਪਹਿਲੀ ਗੱਲ ਬੋਲੀ 'ਤੇ ਮੁਹਾਰਤ ਹੀ ਹੈ। ਜ਼ਿਕਰਯੋਗ ਹੈ ਕਿ ਵਿਦਿਆਰਥੀਆਂ ਦੇ ਕਈ ਪੋਚਾਂ ਨੇ ਉਪਰੋਕਤ ਵਿਦਵਾਨਾਂ ਤੋਂ ਵਿੱਦਿਆ ਹਾਸਲ ਕੀਤੀ ਪਰ ਵਿਰਲੇ ਹੀ ਸਨ ਜਿਨ੍ਹਾਂ ਦੀ ਪੰਜਾਬੀ ਲੇਖਣੀ 'ਤੇ ਸ. ਅਮੋਲਕ ਸਿੰਘ ਜਿੰਨੀ ਮੁਹਾਰਤ ਸੀ। ਜ਼ਾਹਿਰ ਹੈ ਕਿ ਸ. ਅਮੋਲਕ ਸਿੰਘ ਦੀ ਆਪਣੀ ਬੌਧਿਕ ਲਗਨ ਬਹੁਤ ਪੱਕੀ ਸੀ ਜਿਸ ਕਰਕੇ ਉਨ੍ਹਾਂ ਨੇ ਚੰਗੇ ਵਿਦਵਾਨਾਂ ਦੀਸੰਗਤ ਦਾ ਲਾਹਾ ਲਿਆ।



1978 ਵਿੱਚ 'ਪੰਜਾਬੀ ਟ੍ਰਿਬਿਊਨ' ਸ਼ੁਰੂ ਹੋਇਆ ਤਾਂ ਸ. ਅਮੋਲਕ ਸਿੰਘ ਉੱਥੇ ਕੰਮ ਕਰਨ ਲੱਗੇ। 'ਪੰਜਾਬੀ ਟ੍ਰਿਬਿਊਨ' ਪਹਿਲੇ ਦਿਨੋਂ ਹੀ ਮਿਆਰੀ ਅਖ਼ਬਾਰ ਰਿਹਾ ਹੈ। 'ਪੰਜਾਬੀ ਟ੍ਰਿਬਿਊਨ' ਦਾ ਉੱਚਾ ਮਿਆਰ ਸ. ਅਮੋਲਕ ਸਿੰਘ ਵਰਗੇ ਗੁਮਨਾਮ ਰਹਿ ਕੇ ਪਿਛੋਕੜ ਵਿੱਚ ਕੰਮ ਕਰਨ ਵਾਲ਼ੇ ਜ਼ਹੀਨ ਬੰਦਿਆਂ ਕਰਕੇ ਹੀ ਬਣ ਸਕਿਆ। ਨਹੀਂ ਤਾਂ ਪੰਜਾਬੀ ਦੇ ਬਹੁਤੇ ਅਖ਼ਬਾਰਾਂ ਨੇ ਪੰਜਾਬੀ ਬੋਲੀ ਦਾ ਮੂੰਹ-ਮੁਹਾਂਦਰਾ ਵਿਗਾੜਨ ਵਿੱਚ ਹੀ ਹਿੱਸਾ ਪਾਇਆ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ 'ਪੰਜਾਬੀ ਟ੍ਰਿਬਿਊਨ' ਨੂੰ ਚਲਾਉਣ ਵਾਲ਼ੇ ਪ੍ਰਬੰਧਕਾਂ ਅਤੇ ਸੰਪਾਦਕਾਂ ਨੇ ਸ. ਅਮੋਲਕ ਸਿੰਘ ਦੀ ਕਾਬਲੀਅਤ ਦੀ ਬਣਦੀ ਕਦਰ ਨਾ ਪਾਈ। ਸ. ਅਮੋਲਕ ਸਿੰਘ ਦਾ ਰੁਤਬਾ ਇੱਕ ਸੰਪਾਦਕ ਵਾਲ਼ਾ ਸੀ। 'ਪੰਜਾਬ ਟਾਈਮਜ਼' ਰਾਹੀਂ ਸ. ਅਮੋਲਕ ਸਿੰਘ ਨੇ ਸੰਪਾਦਕ ਵਜੋਂ ਆਪਣੇ ਵਿਲੱਖਣ ਰੁਤਬੇ ਨੂੰ ਉਭਾਰ ਕੇ ਵਿਖਾਇਆ।

1996 ਵਿੱਚ ਸ. ਅਮੋਲਕ ਸਿੰਘ ਅਮਰੀਕਾ ਆ ਗਏ। ਪਰਵਾਸ ਨੇ ਉਨ੍ਹਾਂ ਲਈ ਚੁਣੌਤੀਆਂ ਤਾਂ ਖੜ੍ਹੀਆਂ ਕੀਤੀਆਂ ਪਰ ਉਨ੍ਹਾਂ ਦੀ ਲਗਨ ਨੂੰ ਕੋਈ ਫ਼ਰਕ ਨਾ ਪਿਆ। ਕੁਝ ਵਰ੍ਹਿਆਂ ਦੇ ਸੰਘਰਸ਼ ਬਾਅਦ, ਜਨਵਰੀ 2000 ਵਿੱਚ ਉਨ੍ਹਾਂ ਨੇ 'ਪੰਜਾਬ ਟਾਈਮਜ਼' ਸ਼ੁਰੂ ਕਰ ਲਿਆ। ਅਖ਼ਬਾਰ ਖੜ੍ਹਾ ਕਰਨ ਲਈ ਲੋੜੀਂਦੀ ਬੌਧਿਕਤਾ ਅਤੇ ਪੱਤਰਕਾਰੀ ਦਾ ਹੁਨਰ ਤਾਂ ਉਨ੍ਹਾਂ ਕੋਲ਼ ਸਨ, ਪਰ ਇਸ ਵਿੱਚ ਨਿਵੇਸ਼ ਕਰਨ ਦੀ ਸਮਰੱਥਾ ਨਹੀਂ ਸੀ। ਪਰ ਉਨ੍ਹਾਂ ਦੀ ਲਗਨ 'ਤੇ ਆਤਮ-ਵਿਸ਼ਵਾਸ ਸਾਹਮਣੇ ਹਰ ਚੁਣੌਤੀ ਛੋਟੀ ਸੀ। ਸ. ਅਮੋਲਕ ਸਿੰਘ ਨੇ ਆਪਣੇ ਘਰ 'ਤੇ 65000 ਡਾਲਰ ਦਾ ਕਰਜ਼ਾ ਲਿਆ 'ਤੇ ਅਖ਼ਬਾਰ ਸ਼ੁਰੂ ਕਰ ਲਿਆ। 2006 ਤੱਕ ਅਖ਼ਬਾਰ ਪੈਰਾਂ ਸਿਰ ਹੋ ਗਿਆ ਅਤੇ ਹੁਣ ਤਾਈਂ ਅਸੀਂ ਸਾਰੇ ਇਸ ਅਖ਼ਬਾਰ ਦਾ ਲਾਹਾ ਲੈ ਰਹੇ ਹਾਂ।

'ਪੰਜਾਬ ਟਾਈਮਜ਼' ਦੁਨੀਆਂ ਦਾ ਸਭ ਤੋਂ ਵਧੀਆ ਪੰਜਾਬੀ ਅਖਬਾਰ ਹੈ; ਕੋਈ ਹੋਰ ਅਖਬਾਰ ਇਸ ਦੇ ਨੇੜੇ-ਤੇੜੇ ਵੀ ਨਹੀਂ। ਅਜਿਹਾ ਅਖਬਾਰ ਸ. ਅਮੋਲਕ ਸਿੰਘ ਵਰਗੀ ਸ਼ਖਸੀਅਤ ਹੀ ਖੜ੍ਹੀ ਕਰ ਸਕਦੀ ਸੀ ਕਿਉਂਕਿ ਉਨ੍ਹਾਂ ਵਿੱਚ ਲੋੜੀਂਦੀ ਕਾਬਲੀਅਤ ਵੀ ਸੀ ਅਤੇ ਆਪਣੇ ਕੰਮ ਨਾਲ਼ ਪ੍ਰਤੀਬੱਧਤਾ ਵੀ। ਅੱਜਕੱਲ੍ਹ ਉਨ੍ਹਾਂ ਦੇ ਪੱਧਰ ਦਾ ਭਾਸ਼ਾ ਦਾ ਗਿਆਨ ਰੱਖਣ ਵਾਲ਼ੇ ਪੱਤਰਕਾਰ ਘੱਟ ਹੀ ਮਿਲ਼ਦੇ ਹਨ। ਭਾਸ਼ਾ 'ਤੇ ਅਜਿਹੀ ਪ੍ਰਬੀਨਤਾ ਦੇ ਨਾਲ਼-ਨਾਲ਼ ਉਨ੍ਹਾਂ ਦੀ ਆਪਣੇ ਕਿੱਤੇ ਨਾਲ਼ ਲਗਨ ਵੀ ਲਾਸਾਨੀ ਸੀ। ਉਹ ਸਾਰੇ ਦਾ ਸਾਰਾ ਅਖਬਾਰ ਖੁਦ ਪੜ੍ਹ ਕੇ, ਉਸ ਦੀ ਵਾਕ-ਬਣਤਰ ਅਤੇ ਸ਼ਬਦਾਵਲੀ ਦੀ ਪੂਰੀ ਤਸਦੀਕ ਕਰ ਕੇ, ਲੋੜੀਂਦੀਆਂ ਸੋਧਾਂ ਤੋਂ ਬਾਅਦ ਹੀ ਛਪਣ ਲਈ ਭੇਜਦੇ ਸਨ।

ਇੱਕ ਡੂੰਘੇ ਬੌਧਿਕ ਸਰੋਕਾਰ ਰੱਖਣ ਵਾਲ਼ੇ ਪੱਤਰਕਾਰ ਹੋਣ ਕਾਰਨ ਉਨ੍ਹਾਂ ਨੇ ਸਮੇਂ-ਸਮੇਂ 'ਤੇ 'ਪੰਜਾਬ ਟਾਈਮਜ਼' ਵਿੱਚ ਬਹੁਤ ਉਸਾਰੂ ਬਹਿਸਾਂ ਚਲਾਈਆਂ। ਵਿਚਾਰਧਾਰਕ ਮੱਤਭੇਦਾਂ ਕਾਰਨ ਕਿਸੇ ਵੀ ਧਿਰ ਦਾ ਪੱਖ ਛਾਪਣ ਵਿੱਚ ਕੋਈ ਝਿਜਕ ਨਹੀਂ ਵਿਖਾਈ। 'ਪੰਜਾਬ ਟਾਈਮਜ਼' ਵਿੱਚ ਚੱਲਦੀਆਂ ਇਹ ਬਹਿਸਾਂ ਸਾਡੇ ਲਈ ਬਹੁਤ ਪੱਖਾਂ ਤੋਂ ਅਹਿਮੀਅਤ ਰੱਖਦੀਆਂ ਹਨ। ਵਿਚਾਰ-ਵਟਾਂਦਰਾ ਕਿਸੇ ਵੀ ਕੌਮ ਦੀ ਬੌਧਿਕ ਤੰਦਰੁਸਤੀ ਲਈ ਲੋੜੀਂਦਾ ਹੈ। ਸਰੀਰ ਦੀ ਕਸਰਤ ਵਾਂਗ ਦਿਮਾਗੀ ਕਸਰਤ ਵੀ ਲੋੜੀਂਦੀ ਹੈ। ਪਰਵਾਸੀਆਂ ਲਈ ਬੌਧਿਕ ਵਿਚਾਰ-ਵਟਾਂਦਰੇ ਦੇ ਮੰਚ ਖ਼ਾਸ ਤੌਰ 'ਤੇ ਲੋੜੀਂਦੇ ਹਨ। ਇੱਥੋਂ ਦਾ ਮੁੱਖਧਾਰਾਈ ਸੱਭਿਆਚਾਰ

**ਬਾਕੀ ਪੇਜ਼ 25 'ਤੇ**

# ਸਿਰੜ ਤੇ ਸਿਦਕ ਦਾ ਮੁਜੱਸਮਾ ਸੀ: ਅਮੋਲਕ ਸਿੰਘ ਜੰਮੂ

ਤਕਰੀਬਨ ਸਭ ਨੇ ਹੀ ਰੂਸੀ ਨਾਵਲਕਾਰ ਬੋਰਿਸ ਪੋਲੇਵੋਈ ਦਾ ਨਾਵਲ 'ਅਸਲੀ ਇਨਸਾਨ ਦੀ ਕਹਾਣੀ' ਤਾਂ ਪੜ੍ਹਿਆ ਹੀ ਹੋਵੇਗਾ। ਪਹਿਲੀ ਵੇਰ ਮੈਂ ਇਹਨੂੰ ਕੋਈ 1980 ਦੇ ਨੇੜੇ-ਤੇੜੇ ਪੜ੍ਹਿਆ ਸੀ। ਅਲੈਕੇਸਈ ਮਾਰੇਸੇਯੇਵ ਇਸ ਦਾ ਨਾਇਕ। ਇਸ ਦੀ ਕਹਾਣੀ ਚੇਤੇ ਕਰਦਿਆਂ ਅੱਜ ਵੀ ਮੇਰੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਨਾਇਕ ਦੀ ਜੱਦੋ-ਜਹਿਦ,

ਰਵਿੰਦਰ ਸਹਿਰਾਅ
ਫੋਨ:717-575-7529

ਆਪਣੇ ਕਿੱਤੇ ਪ੍ਰਤੀ ਉਸਦੀ ਪ੍ਰਤੀਬੱਧਤਾ ਅਤੇ ਲਗਨ ਦੀ ਬੇਮਿਸਾਲ। ਦੂਜੀ ਵਿਸ਼ਵ ਜੰਗ ਦੌਰਾਨ ਜਰਮਨ ਫ਼ੌਜੀ ਜਹਾਜ਼ਾਂ ਦੇ ਲਗਾਤਾਰ ਹਮਲੇ, ਹਿਟਲਰ ਦਾ ਸਾਰੀ ਦੁਨੀਆ ਨੂੰ ਜਿੱਤਣ ਦਾ ਸੁਪਨਾ, ਸਿਰਫ਼ ਤੇ ਸਿਰਫ਼ ਚਿੱਟੀ ਚਮੜੀ ਵਾ.ਲੇ ਲੋਕਾਂ ਦਾ ਇਕ 'ਮਹਾਂ ਰਾਸ਼ਟਰ' ਬਣਾਉਣ ਦੇ ਭੈੜੇ ਮਨਸੂਬੇ ਨੇ ਅਨੇਕਾਂ ਮੁਲਕਾਂ ਦੇ ਅਣਗਿਣਤ ਫ਼ੌਜੀ ਲੰਗੜੇ-ਲੂਲੇ ਬਣਾ ਕੇ ਰੱਖ ਦਿੱਤੇ ਸਨ। ਅਲੈਕਸੇਈ ਮਾਰੇਸੇਯੇਵ ਵੀ ਇਕ ਜੰਗੀ ਪਾਇਲਟ ਸੀ। ਆਪਣੇ ਪੈਰ ਕੱਟੇ ਜਾਣ ਤੋਂ ਬਾਅਦ ਵੀ ਉਸ ਨੇ ਜਿਸ ਬਹਾਦਰੀ ਨਾਲ ਆਪਣੀਆਂ ਜੰਗੀ-ਪਾਇਲਟ ਦੀਆਂ ਸੇਵਾਵਾਂ ਜਾਰੀ ਰੱਖੀਆਂ, ਆਪਣੀ ਉਦਾਹਰਣ ਆਪ ਹਨ।

ਅਮੋਲਕ ਸਿੰਘ ਜੰਮੂ ਵੀ ਇਕ ਲਾ-ਇਲਾਜ ਬਿਮਾਰੀ ਨਾਲ ਪਿਛਲੇ ਕਈ ਸਾਲਾਂ ਤੋਂ ਜੂਝ ਰਿਹਾ ਸੀ ਪਰ ਫਿਰ ਵੀ ਪੰਜਾਬੀ ਪੱਤਰਕਾਰੀ ਪ੍ਰਤੀ ਉਸ ਦੀ ਪ੍ਰਤੀਬੱਧਤਾ ਤੇ ਉਤਸ਼ਾਹ ਮਾਸਾ ਜਿੰਨਾ ਵੀ ਢਿੱਲਾ ਨਹੀਂ ਸੀ ਪਿਆ। ਵੀਲ-ਚੇਅਰ 'ਤੇ ਬੈਠਾ ਹਰ ਪਲ ਆਪਣੇ ਮਿਸ਼ਨ ਨੂੰ ਕਾਮਯਾਬ ਕਰਨ ਲਈ ਵਿਉਂਤ ਬਣਾਉਂਦਾ ਰਹਿੰਦਾ। ਪਿਛਲੇ ਥੋੜ੍ਹੇ ਜਿਹੇ ਸਮੇਂ ਤੋਂ ਭਾਵੇਂ ਉਸ ਨੂੰ ਬੋਲਣ 'ਚ ਮੁਸ਼ਕਿਲ ਹੋ ਗਈ ਸੀ ਪਰ ਉਸ ਤੋਂ ਪਹਿਲਾਂ ਉਹ ਲੇਖਕਾਂ-ਮਿੱਤਰਾਂ ਦੇ ਲੰਮੇ-ਲੰਮੇ ਫੋਨ ਸੁਣਦਾ, ਉਨ੍ਹਾਂ ਨੂੰ 'ਪੰਜਾਬ ਟਾਈਮਜ਼' ਲਈ ਲਿਖਣ ਲਈ ਪ੍ਰੇਰਿਤ ਕਰਦਾ ਰਹਿੰਦਾ। ਉਸ ਦੇ ਇਸੇ ਗੁਣ ਕਰਕੇ ਹੀ 'ਪੰਜਾਬ ਟਾਈਮਜ਼' ਨਾਲ ਆਹਲਾ ਲੇਖਕਾਂ ਜਿਵੇਂ ਹਰਪਾਲ ਸਿੰਘ ਪਨੂੰ, ਪ੍ਰੋ. ਅਵਤਾਰ ਸਿੰਘ, ਵਰਿਆਮ ਸੰਧੂ, ਪ੍ਰਿੰ. ਸਰਵਣ ਸਿੰਘ, ਬਲਜੀਤ ਬਾਸੀ, ਡਾ. ਗੁਰਬਖ਼ਸ਼ ਸਿੰਘ ਭੰਡਾਲ, ਡਾ. ਸੁਖਪਾਲ ਸੰਘੇੜਾ, ਗੁਰਦਿਆਲ ਬੱਲ, ਸੁਰਿੰਦਰ ਸੋਹਲ, ਡਾ. ਗੁਰਨਾਮ ਕੌਰ ਅਤੇ ਕਈ ਹੋਰਾਂ ਨੇ ਲਗਾਤਾਰ ਹਮੇਸ਼ਾ ਉਸ ਦਾ ਸਾਥ ਦਿੱਤਾ।

ਸਾਲ 1996 'ਚ ਅਮੋਲਕ ਤੇ ਬਿੰਦਰ ਬਿਸਮਿਲ ਨਿਊਯਾਰਕ ਤੋਂ ਟਰੇਨ ਫੜ ਕੇ ਮਿਲਵਾਕੀ ਵੱਲ ਸਫ਼ਰ ਕਰਦੇ ਹਨ। ਅਗਲੇ ਕੁਝ ਸਾਲਾਂ ਲਈ ਮੈਂ ਵੀ ਮਿਲਵਾਕੀ ਚਲੇ ਜਾਣਾ। ਜਿੱਥੇ ਉਸ ਨਾਲ ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋਏਗਾ। ਅਮਰੀਕਾ ਦੇ ਸ਼ਹਿਰਾਂ ਦਾ ਹਾਲ ਪੇਂਡੂ ਖੇਤਰਾਂ ਨਾਲੋਂ ਵੀ ਬਦਤਰ। ਆਪਣੇ ਦੇਸੀਆਂ ਦੇ ਕਾਰੋਬਾਰ ਵੀ ਜ਼ਿਆਦਾਤਰ ਅਜਿਹੇ ਹੀ ਖੇਤਰਾਂ 'ਚ ਹਨ। ਕਾਰਨ ਇਹ ਕਿ ਏਥੇ ਪ੍ਰਚੂਨ ਦੀ ਵਿੱਕਰੀ ਜ਼ਿਆਦਾ ਹੁੰਦੀ ਤੇ ਮੁਨਾਫ਼ਾ ਵੀ ਕਈ ਗੁਣਾ ਵੱਧ। ਜੁਰਮ ਇਹਨਾਂ ਖੇਤਰਾਂ ਵਿਚ ਆਮ ਹਨ। ਪੰਜ ਡਾਲਰਾਂ ਬਦਲੇ ਵੀ ਤੁਹਾਨੂੰ ਗੋਲੀ ਵੱਜ ਸਕਦੀ। ਸਟੋਰ ਦੇ ਬਾਹਰ ਪਾਰਕ ਕੀਤੀ ਤੁਹਾਡੀ ਕਾਰ ਦੇ ਸ਼ੀਸ਼ੇ ਭੰਨਣੇ ਆਮ ਗੱਲ। ਕਦੀ-ਕਦੀ ਤਾਂ ਅੱਗ ਤੱਕ ਲਗਾ ਦਿੰਦੇ ਹਨ ਕਿਉਂਕਿ ਤੁਸੀਂ ਇਨ੍ਹਾਂ ਨੂੰ ਚੋਰੀ ਕਰਨੋਂ ਰੋਕਦੇ ਸੀ। ਅੱਗੋਂ ਗ਼ੁੱਸੇ ਵਜੋਂ ਇਹ ਅਜਿਹੀਆਂ ਹਰਕਤਾਂ ਕਰਦੇ ਹਨ। ਬਹੁਤੇ ਜੁਰਮ ਕਾਲੇ ਲੋਕਾਂ ਵੱਲੋਂ ਹੁੰਦੇ ਹਨ। ਗੋਰੇ ਲੋਕਾਂ ਦੇ ਜੁਰਮ ਆਮ ਕਰ ਕੇ ਨਸਲਵਾਦੀ ਹਨ। ਗੁਰਬਚਨ ਵੀ ਆਪਣੀ 'ਫਿਰਕੀ' ਘੁਮਾਉਣ ਏਧਰ ਆਵੇਗਾ। ਜ਼ਿਆਦਾ ਮਿਲਣ ਵਾਲੇ ਉਸਦੀ 'ਫਿਰਕੀ' ਨੂੰ ਪੁੱਠੀ ਘੁੰਮਦੀ ਹੀ ਦੇਖਦੇ ਹਨ। ਅਮੋਲਕ ਉਸ ਦੇ ਲੇਖ 'ਪੰਜਾਬੀ ਟਾਈਮਜ਼' ਵਿਚ ਛਾਪੇਗਾ ਤੇ ਗੁਰਬਚਨ ਉਸ ਤੋਂ ਟਿਕਟ ਦੇ ਪੈਸੇ ਮੰਗੇਗਾ। ਉਥੋਂ ਉਸ ਦੀ 'ਫਿਰਕੀ' ਕਿਤੇ ਹੋਰ ਸ਼ਹਿਰ ਵੱਲ ਜਾਵੇਗੀ। ਇਹ ਅਗਲੇ ਦੀ ਜੇਬ੍ਹ 'ਤੇ ਨਿਰਭਰ ਕਰਦਾ ਕਿ ਉਸ ਨੇ 'ਫਿਰਕੀ' ਨੂੰ ਕਿਸ ਪਾਸੇ ਘੁਮਾਉਣਾ। ਲੋਕਾਂ ਵੱਲੋਂ ਕੱਢੀਆਂ ਗਾ.ਲ੍ਹਾਂ 'ਚੋਂ ਵੀ ਉਸਦੀ 'ਫਿਰਕੀ' ਸੁਆਦ ਲੱਭੇਗੀ।



ਸ਼ਾਇਦ 2000 ਦੀ ਗੱਲ। ਅਮੋਲਕ ਸਾਡੇ ਅਪਾਰਟਮੈਂਟ 'ਚ ਆਉਂਦਾ। ਉਦੋਂ ਮੈਂ, ਬਿੰਦਰ ਬਿਸਮਿਲ ਅਤੇ ਬਿੱਕਰ ਕੰਮੇਆਣਾ ਇਕੋ ਅਪਾਰਟਮੈਂਟ ਵਿਚ ਰਹਿੰਦੇ ਸੀ। ਉਹ 'ਪੰਜਾਬ ਟਾਈਮਜ਼' ਸ਼ੁਰੂ ਕਰਨਾ ਚਾਹੁੰਦਾ ਸੀ। ਉਸ ਦੇ ਨਾਲ ਇਕ ਹੋਰ ਸ਼ਖ਼ਸ ਵੀ ਸੀ। ਨਾਮ ਤਾਂ ਹੁਣ ਯਾਦ ਨਹੀਂ ਪਰ ਉਸ ਦਾ ਪੱਕਾ ਹਮਾਇਤੀ ਲੱਗਦਾ ਸੀ। ਸਾਡੀਆਂ ਕਾਫ਼ੀ ਵਿਚਾਰਾਂ ਹੋਈਆਂ। ਅਸੀਂ ਵੀ ਉਸ ਨੂੰ ਹਮਾਇਤ ਦੇਣ ਦੀ ਗੱਲ ਆਖੀ ਤੇ ਸਰਦੀ-ਪੁੱਜਦੀ ਮਦਦ ਵੀ ਦਿੱਤੀ।

ਪਰਚਾ ਸ਼ੁਰੂ ਹੋ ਗਿਆ। ਉਹ ਖ਼ੁਸ਼ ਸੀ। ਪਰਚਾ ਵੀ ਪਹਿਲਾਂ ਨਿਕਲਦੇ ਪਰਚਿਆਂ ਤੋਂ ਹਟਵਾਂ। ਉਹ ਖ਼ੁਸ਼ ਸੀ ਕਿ ਹੁਣ ਉਹ ਗੈਸ-ਸਟੇਸ਼ਨ 'ਤੇ ਜੁਰਮਾਂ ਭਰੇ ਮਾਹੌਲ ਤੋਂ ਮੁਕਤ ਹੋ ਗਿਆ ਸੀ। ਉਸ ਕੋਲ 'ਪੰਜਾਬੀ ਟ੍ਰਿਬਿਊਨ' ਦਾ ਲੰਮਾ ਤਜਰਬਾ ਸੀ। ਚੰਡੀਗੜ੍ਹ ਵਾਲੇ ਸਹਿ-ਕਰਮੀਆਂ ਨਾਲ ਲਗਾਤਾਰ ਉਸ ਦਾ ਰਾਬਤਾ ਸੀ। ਉਨੀਂ ਦਿਨੀਂ ਹੀ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਹਰਭਜਨ ਹਲਵਾਰਵੀ ਨੇ ਸ਼ਿਕਾਗੋ ਆਉਣਾ ਸੀ। ਮੇਰੇ ਸੰਬੰਧ ਵੀ ਹਲਵਾਰਵੀ ਨਾਲ ਚੰਗੇ ਰਹੇ ਸਨ। ਮੈਂ ਤੇ ਦਰਸ਼ਨ ਖਟਕੜ ਉਸ ਨੂੰ ਕਈ ਵੇਰਾਂ ਮਿਲ ਚੁੱਕੇ ਸਾਂ। ਮੈਂ ਹਲਵਾਰਵੀ ਦੀਆਂ ਕਵਿਤਾਵਾਂ ਇਕੱਠੀਆਂ ਕਰ ਕੇ ਇਕ ਸਫ਼ਾ ਉਸ ਦੀ ਆਮਦ ਵਾਸਤੇ ਤਿਆਰ ਕੀਤਾ ਪਰ ਕਿਸੇ ਕਾਰਨ ਹਲਵਾਰਵੀ ਦਾ ਸ਼ਿਕਾਗੋ ਦੌਰਾ ਨਾ ਹੋ ਸਕਿਆ। ਅਮੋਲਕ ਨੇ ਸਲਾਹ ਦਿੱਤੀ ਕਿ ਜੇਕਰ ਸਾਹਿਤਕ ਸਫ਼ਾ ਮੈਂ ਸੰਭਾਲ ਲਵਾਂ ਪਰ ਮੇਰੀਆਂ ਮਜਬੂਰੀਆਂ ਸਨ। ਮੈਂ ਇਹ ਜ਼ਿੰਮੇਵਾਰੀ ਲੈ ਨਾ ਸਕਿਆ।

ਕੁਝ ਸਾਲਾਂ ਬਾਅਦ ਉਸਦੀ ਪਤਨੀ ਜਸਪ੍ਰੀਤ ਕੌਰ ਤੇ ਬੇਟਾ ਮਨਦੀਪ ਵੀ ਅਮਰੀਕਾ ਆਣ ਪੁੱਜੇ। ਪਰਿਵਾਰ ਵਿਚ ਲਹਿਰਾਂ-ਬਹਿਰਾਂ ਹੋ ਗਈਆਂ। ਪਰਚਾ ਹੁਣ ਆਪਣੇ ਪੂਰੇ ਜੋਬਨ 'ਤੇ ਪਹੁੰਚ ਗਿਆ ਸੀ। ਉਸ ਦੀ ਸਿਹਤ ਵੀ ਨਾ-ਸਾਜ਼ ਹੋਣ ਲੱਗੀ। ਉਸ ਨੇ ਚੰਡੀਗੜ੍ਹ ਦੇ ਆਪਣੇ ਸਹਿ-ਕਰਮੀ ਨਰਿੰਦਰ ਭੁੱਲਰ ਨੂੰ ਸਹਾਇਕ ਰੱਖਣ ਦਾ ਮਨ ਬਣਾਇਆ। ਭੁੱਲਰ ਅਮਰੀਕਾ ਆਇਆ ਵੀ ਪਰ ਵਾਪਸੀ 'ਤੇ ਇੰਡੀਆ ਜਾ ਕੇ ਹਾਦਸਾ-ਗ੍ਰਸਤ ਹੋਣ ਕਾਰਨ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। ਅਮੋਲਕ ਦਾ ਸਪਨਾ ਵੀ ਦਮ ਤੋੜ ਕੇ ਰਹਿ ਗਿਆ। ਉਸ ਨੇ ਨਰਿੰਦਰ ਭੁੱਲਰ ਬਾਰੇ ਬੜਾ ਭਾਵੁਕ ਹੋ ਕੇ ਲਿਖਿਆ। ਮੈਂ ਫੋਨ ਕੀਤਾ ਤਾਂ ਉਸ ਨੇ ਕਿਹਾ, "ਉਹ ਬੰਦਾ ਹੀ ਅਜਿਹਾ ਸੀ।"

1997 ਦਾ ਸ਼ਾਇਦ ਜੁਲਾਈ ਮਹੀਨਾ ਸੀ। ਮਿਲਵਾਕੀ (ਵਿਸਕਾਨਸਿਨ) ਵਿਚ ਇਕ ਵੱਡੇ ਪੱਧਰ ਦੀ ਪੰਜਾਬੀ ਕਾਨਫ਼ਰੰਸ ਕਰਵਾਈ ਗਈ। ਜਿਸ ਦਾ ਸਾਰਾ ਪ੍ਰਬੰਧ ਉਥੋਂ ਦੇ ਇਕ ਧਨਾਢ ਪੰਜਾਬੀ ਦਰਸ਼ਨ ਸਿੰਘ ਧਾਲੀਵਾਲ ਨੇ ਕੀਤਾ ਸੀ। ਉਥੇ ਰਹਿੰਦੇ ਇਕ ਕਾਰੋਬਾਰੀ ਕਮਲਜੀਤ ਸਿੰਘ ਵਿਰਕ ਨੇ ਮੈਨੂੰ ਵੀ ਆਉਣ ਲਈ ਕਿਹਾ। ਮੈਂ ਉਦੋਂ ਬਾਲਟੀਮੋਰ (ਮੈਰੀਲੈਂਡ) ਰਹਿੰਦਾ ਸੀ। ਕੁਝ ਦਿਨ ਪਹਿਲਾਂ ਹੀ ਸਾਡੇ ਕੋਲ ਠਹਿਰੇ ਜਗਜੀਤ ਸਿੰਘ ਆਨੰਦ ਤੇ ਉਰਮਿਲਾ ਆਨੰਦ ਵੀ ਮਿਲਵਾਕੀ ਲਈ ਰਵਾਨਾ ਹੋ ਚੁੱਕੇ ਸਨ। ਉਨ੍ਹਾਂ ਵੀ ਤਾਕੀਦ ਕੀਤੀ।

ਕਮਲਜੀਤ ਵਿਰਕ ਮੇਰਾ ਯੂਨੀਅਨ ਵੇਲੇ ਦਾ ਸਾਥੀ ਰਿਹਾ ਸੀ। 'ਪੰਜਾਬੀ ਟ੍ਰਿਬਿਊਨ' ਵਾਲੇ ਦਲਜੀਤ ਸਰਾਂ ਨਾਲ ਉਸ ਵੇਲੇ ਉਸ ਦੀ ਸਕੀਰੀ (ਸਾਂਢੂ) ਵੀ ਬਣ ਚੁੱਕੀ ਸੀ। ਦਲਜੀਤ ਦੇ ਨਾਲ ਕਵੀ ਮਿੰਦਰ ਤੇ ਜਪਾਨ ਤੋਂ ਪਰਮਿੰਦਰ ਸੋਢੀ ਵੀ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਆਏ ਸਨ। ਸੋ ਮੇਰਾ ਵੀ ਦੋ ਰਾਤਾਂ ਦਾ ਈ ਮਿਲਵਾਕੀ ਜਾਣ ਦਾ ਸਬਬ ਬਣ ਗਿਆ। ਏਅਰਪੋਰਟ ਤੋਂ ਲੈਣ ਆਏ ਕਮਲਜੀਤ ਦੇ ਨਾਲ ਪਰਮਿੰਦਰ ਸੋਢੀ ਸੀ ਤੇ ਅਸੀਂ ਸਿੱਧੇ ਹੋਟਲ ਪਹੁੰਚੇ। ਜਿੱਥੇ ਮਿੰਦਰ ਤੇ ਦਲਜੀਤ ਸਰਾਂ ਅਤੇ ਇਕ ਦੋ ਹੋਰ ਪੱਤਰਕਾਰ ਵੀ ਸਨ। ਕਮਲਜੀਤ ਨੇ ਦੱਸਿਆ ਕਿ ਟ੍ਰਿਬਿਊਨ ਵਾਲਾ ਅਮੋਲਕ ਜੰਮੂ ਤੇ ਗ਼ਜ਼ਲਗੋਅ ਬਿੰਦਰ ਬਿਸਮਿਲ ਵੀ ਉਨ੍ਹਾਂ ਕੋਲ ਪਹੁੰਚ ਚੁੱਕੇ ਹਨ। ਸ਼ਾਇਦ ਮੈਂ ਭੁੱਲਦਾ ਨਾ ਹੋਵਾਂ, ਇਹ ਦੋਵੇਂ ਉਦੋਂ ਕਮਲਜੀਤ ਵਿਰਕ ਦੇ ਕਿਸੇ ਗੈਸ-ਸਟੇਸ਼ਨ 'ਤੇ ਹੀ ਕੰਮ ਕਰਦੇ ਸਨ।

ਬਿਸਮਿਲ ਬਾਰੇ ਮੈਨੂੰ ਥੋੜ੍ਹੀ ਜਾਣਕਾਰੀ ਸੀ ਕਿਉਂਕਿ ਉਹ ਮੇਰੇ ਦੋਸਤ ਗੁਰਮੀਤ ਪਲਾਹੀ ਦਾ ਭਤੀਜਾ ਸੀ ਪਰ ਮੇਰੇ ਅਮਰੀਕਾ ਆਉਣ ਤੋਂ ਬਾਅਦ ਹੀ ਸਾਹਿਤਕ ਤੌਰ 'ਤੇ ਸਰਗਰਮ ਹੋਇਆ ਸੀ ਅਤੇ ਉਸਤਾਦ ਸ਼ਾਇਰ ਉਲਫ਼ਤ ਬਾਜਵਾ ਦੇ ਗੱਦੀ-ਨਸ਼ੀਨ ਆਰਿਫ਼ ਗੋਬਿੰਦਪੁਰੀ (ਫਗਵਾੜਾ) ਤੋਂ ਗ਼ਜ਼ਲ ਦੀ ਸਿੱਖਿਆ ਲੈ ਰਿਹਾ ਸੀ। ਏਥੇ ਹੀ ਬਹੁਤ ਸਾਰੇ ਸਾਹਿਤਕਾਰਾਂ ਨਾਲ ਜਿਵੇਂ ਸਤਿੰਦਰ ਨੂਰ, ਰਵਿੰਦਰ ਰਵੀ, ਜੁਗਿੰਦਰ ਕੈਰੋਂ, ਸੁਰਿੰਦਰ ਗਿੱਲ, ਬਲਦੇਵ ਧਾਲੀਵਾਲ ਆਦਿ ਨਾਲ ਮੁਲਾਕਾਤ ਹੋਈ। ਪਰ ਅਮੋਲਕ ਹੋਰਾਂ ਨੂੰ ਨਾ ਮਿਲ ਸਕਿਆ।

ਪਰਚੇ ਦੀ ਖ਼ੁਸ਼ਹਾਲੀ ਵਾਸਤੇ ਉਸਨੇ ਸਾਲਾਨਾ 'ਪੰਜਾਬ ਟਾਈਮਜ਼ ਨਾਈਟ' ਕਰਵਾਉਣੀਆਂ ਸ਼ੁਰੂ ਕੀਤੀਆਂ। ਮੈਨੂੰ ਹਰ ਸਾਲ ਮੋਹ ਭਰਿਆ ਸੱਦਾ-ਪੱਤਰ ਆਇਆ। ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਮੈਂ ਅਜੇ ਤਕ ਸਮਾਂ ਕੱਢ ਨਹੀਂ ਸਕਿਆ। 'ਪੰਜਾਬ ਟਾਈਮਜ਼ ਨਾਈਟ' ਅੱਜ ਵੀ ਜਾਰੀ ਹਨ।

ਸੰਪਾਦਕੀ ਗੁਣ ਤੋਂ ਇਲਾਵਾ ਉਸ ਵਿਚ ਇਕ ਸਿਰਜਕ ਵਾਲੇ ਵੀ ਸਾਰੇ ਗੁਣ ਹਨ। ਉਸ ਦਾ 'ਕਮਲਿਆਂ ਦਾ ਟੱਬਰ' ਬਹੁਤ ਮਕਬੂਲ ਹੋਇਆ। 'ਪੰਜਾਬ ਟਾਈਮਜ਼ ਦੇ ਆਪਣੇ ਕਾਲਮਾਂ ਵਿਚ ਯੂਨੀਵਰਸਿਟੀ ਦੇ ਦਿਨਾਂ ਦੀਆਂ ਯਾਦਾਂ, 'ਪੰਜਾਬੀ ਟ੍ਰਿਬਿਊਨ' ਵਿਚ ਕੰਮ ਕਰਦਿਆਂ ਆਪਣੇ ਦੇ ਸਹਿ-ਕਰਮੀਆਂ, ਪ੍ਰਬੰਧਕ ਕਮੇਟੀਆਂ, ਯੂਨੀਅਨਾਂ ਦੀਆਂ ਚੋਣਾਂ, ਇਕ-ਦੂਜੇ ਨੂੰ ਠਿੱਬੀ ਲਾ ਕੇ ਅਹੁਦਾ ਉੱਚਾ ਕਰਨਾ, ਉਸ ਨੂੰ ਲਗਾਤਾਰ ਪਰੂਫ਼-ਰੀਡਰ ਤੱਕ ਹੀ ਬਣਾਈ ਰੱਖਣਾ, ਦਲਜੀਤ ਸਰਾਂ ਅਤੇ ਜਗਤਾਰ ਸਿੰਘ ਵਿਚਾਲੇ ਸਟਾਫ਼-ਰਿਪੋਟਰ ਦੀ ਜੱਦੋ-ਜਹਿਦ ਦਾ ਜ਼ਿਕਰ ਉਸ ਨੇ ਜਿਸ ਕਲਾਤਮਕ ਢੰਗ ਨਾਲ ਤੇ ਕਹਾਣੀ-ਰਸ ਨਾਲ ਲਬਰੇਜ਼ ਕੀਤਾ, ਉਹ ਇਕ ਇਤਿਹਾਸਕ ਦਸਤਾਵੇਜ਼ ਬਣ ਗਿਆ। ਅਜਿਹੇ ਕਾਰਨਾਂ ਕਰਕੇ ਹੀ ਉਸ ਨੇ 'ਪੰਜਾਬੀ ਟ੍ਰਿਬਿਊਨ' ਦਾ ਮਿਆਰ ਡਿੱਗਦਾ ਵੀ ਦੇਖਿਆ ਤੇ ਚਿੰਤਾ ਵੀ ਜ਼ਾਹਿਰ ਕੀਤੀ। ਇਹ ਇਕ ਸੰਵੇਦਨਸ਼ੀਲ ਇਨਸਾਨ ਹੀ ਕਰ ਸਕਦਾ ਹੈ, ਨਹੀਂ ਤਾਂ ਇਸ ਪਦਾਰਥਵਾਦੀ ਦੌਰ ਵਿਚ ਕੌਣ ਕਿਸੇ ਦੀ ਪਰਵਾਹ ਕਰਦਾ। ਉਹ ਦੁਖੀ ਹੁੰਦਾ, ਜਦੋਂ ਆਪਣੇ ਸਹਿ-ਕਰਮੀ ਜੋ ਖੱਬੇ ਪੱਖੀ ਲਹਿਰਾਂ ਦਾ ਹਿੱਸਾ ਰਹੇ ਸੀ, ਅੱਜ ਕਿਵੇਂ ਬੇਜ਼ਾਰ ਹੋ ਕੇ ਰਹਿ ਗਏ ਹਨ।

ਗੁਰਦਿਆਲ ਬੱਲ 1965-66 ਵਿਚ ਸਠਿਆਲੇ ਕਾਲਜ ਵਿਚ, ਜਗਤਾਰ ਸਿੰਘ ਕਾਲਜ ਵੇਲੇ ਗੌਰਮਿੰਟ ਕਾਲਜ ਲੁਧਿਆਣੇ ਵਿਚ ਫ਼ੈਡਰੇਸ਼ਨ (ਸੀ. ਪੀ. ਆਈ.) ਦਾ ਕਾਰਕੁੰਨ ਅਤੇ ਦਲਜੀਤ ਸਰਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪੀ. ਐੱਸ. ਯੂ ਦਾ ਤਕੜਾ ਵਰਕਰ ਸੀ। ਕਰਮਜੀਤ ਸਿੰਘ ਹੋਰਾਂ ਦੇ ਖਿਆਲ ਭਾਵੇਂ ਹੁਣ ਬਦਲ ਗਏ ਸਨ ਪਰ ਕਿਸੇ ਵਕਤ ਉਹ ਵੀ ਖੱਬੇ ਪੱਖੀ ਵਿਚਾਰਧਾਰਾ ਤੋਂ ਪ੍ਰੇਰਿਤ ਰਹੇ ਸਨ। ਪੀ. ਐੱਸ. ਯੂ ਦੇ ਪਹਿਲੇ ਆਗੂ ਦਰਸ਼ਨ ਬਾਗ਼ੀ (ਹੁਣ ਦਰਸ਼ਨ ਖਹਿਰਾ) ਨਾਲ ਵੀ ਉਹ ਕੰਮ ਕਰਦੇ ਰਹੇ ਸਨ। ਦਲਬੀਰ ਸਿੰਘ ਤਾਂ ਆਇਆ ਹੀ 'ਨਵਾਂ ਜ਼ਮਾਨਾ' 'ਚੋਂ ਸੀ ਤੇ ਹਰਭਜਨ ਹਲਵਾਰਵੀ ਦੀ ਨਕਸਲੀ ਲਹਿਰ ਦੀ ਸਾਂਝ ਤੋਂ ਕੌਣ ਵਾਕਿਫ਼ ਨਹੀਂ। ਉਹ ਬੜੀ ਬੇਬਾਕੀ ਨਾਲ ਦੱਸਦਾ ਕਿ ਇਕੱਲਾ ਉਹ ਹੀ ਸੀ ਜਿਸ ਦਾ ਪਿਛੋਕੜ ਇਨ੍ਹਾਂ ਸਾਰਿਆਂ ਨਾਲ ਨਹੀਂ ਸੀ ਮਿਲਦਾ ਪਰ ਉਹ ਇਨ੍ਹਾਂ ਸਾਰਿਆਂ ਨੂੰ ਦਿਲੋਂ ਪਿਆਰ ਕਰਦਾ ਸੀ ਤੇ ਪੂਰਾ ਸਤਿਕਾਰ ਸੀ ਉਸ ਦਾ ਇਸ ਸਾਰੀ ਟੀਮ ਲਈ।

ਜਦੋਂ ਬੋਲਣਾ-ਚੱਲਣਾ ਵੀ ਸਾਥ ਛੱਡ ਗਿਆ ਪਰ ਉਸਦਾ ਸਿਰੜ, ਉਸ ਦੀ ਮਰਜ਼ ਨੂੰ ਮਾਤ ਦੇਈ ਜਾ ਰਿਹਾ ਸੀ। ਸਾਲ (2019) 'ਚ ਵਟਸ-ਅਪ ਗਰੁੱਪ 'ਸ਼ਬਦ-ਗੂੰਜ' 'ਚ ਸ਼ਿੰਗਾਰਾ ਸਿੰਘ ਭੁੱਲਰ ਦੇ ਨਾਂ ਹੇਠ ਇਕ ਖ਼ਬਰ ਨਸ਼ਰ ਹੋਈ ਕਿ 'ਅਮੋਲਕ ਸਿੰਘ ਜੰਮੂ...।' ਪੜ੍ਹ ਕੇ ਸੰਭਲਣਾ ਔਖਾ ਹੋ ਗਿਆ। ਸੁਰਿੰਦਰ ਸੋਹਲ ਨੂੰ ਫੋਨ ਕੀਤਾ। ਫਿਰ ਗੁਰਦਿਆਲ ਬੱਲ ਨੂੰ ਪਰ ਕਿਸੇ ਨੂੰ ਵੀ ਪਤਾ ਨਹੀਂ ਸੀ। ਮੈਂ ਹੌਸਲਾ ਇਕੱਠਾ ਕਰ ਕੇ ਭੈਣ ਜਸਪ੍ਰੀਤ ਨੂੰ ਫੋਨ ਮਿਲਾਇਆ...ਅਮੋਲਕ ਭਾਜੀ ਠੀਕ ਸਨ। ਸ਼ਿੰਗਾਰਾ ਸਿੰਘ ਭੁੱਲਰ ਨੂੰ ਮੈਸਿਜ ਕੀਤਾ ਕਿ ਤੁਹਾਡੀ ਜਾਣਕਾਰੀ ਸਹੀ ਨਹੀਂ। ਉਸ ਨੇ ਗ਼ਲਤ ਜਾਣਕਾਰੀ ਲਈ ਮੁਆਫੀ ਮੰਗੀ। ਦਸੰਬਰ 2019 ਵਿਚ ਸ਼ਿੰਗਾਰਾ ਸਿੰਘ ਭੁੱਲਰ ਹੋਰੀਂ ਅਲਵਿਦਾ ਆਖ ਗਏ। ਸ਼ਾਇਦ ਆਖਰੀ ਪਲਾਂ ਤਕ ਉਨ੍ਹਾਂ ਨੂੰ ਅਣਜਾਣੇ 'ਚ ਹੋਈ ਉਸ ਗ਼ਲਤੀ ਦਾ ਅਹਿਸਾਸ ਰਿਹਾ ਹੋਵੇਗਾ।

ਬੋਰਿਸ ਪੋਲੇਵੋਈ ਆਪਣੇ ਨਾਇਕ ਬਾਰੇ ਇਕ ਜਗ੍ਹਾ ਲਿਖਦਾ ਹੈ:

'ਅਪ੍ਰੇਸ਼ਨ ਤੋਂ ਮਗਰੋਂ ਜੋ ਐਹੋ ਜਿਹੇ ਹਾਲਾਤ ਵਿਚ ਭੈੜੇ ਤੋਂ ਭੈੜਾ ਕਿਸੇ ਵਿਅਕਤੀ ਨਾਲ ਵਾਪਰ ਸਕਦਾ, ਉਹ ਅਲੈਕਸੇਈ ਮਾਰੇਸੇਯੇਵ ਨਾਲ ਵਾਪਰ ਗਿਆ- ਉਹ ਆਪਣੇ ਆਪ ਵਿਚ ਗੁੰਮ-ਸੁੰਮ ਹੋ ਗਿਆ ਪਰ ਉਹਨੇ ਸ਼ਿਕਾਇਤ ਨਾ ਕੀਤੀ। ਉਹ ਰੋਇਆ ਨਾ, ਉਹ ਕਦੀ ਵੀ ਖਿਝੂੰ-ਖਿਝੂੰ ਨਹੀਂ ਸੀ ਕਰਦਾ। ਉਹ ਬਸ ਚੁੱਪ ਰਹਿੰਦਾ ਸੀ।'

**ਅਮੋਲਕ ਸਿੰਘ ਜੰਮੂ ਭਾਵੇਂ ਮੂਕ ਦਰਸ਼ਕ ਬਣਿਆ ਰਿਹਾ ਸੀ ਪਰ ਉਸ ਦੇ ਜ਼ਿਹਨ ਅੰਦਰ ਇਕ ਸਮੁੰਦਰ ਖੌਲ ਰਿਹਾ ਹੁੰਦਾ, ਜਿਸ ਵਿੱਚੋਂ ਸ਼ਬਦ-ਰੂਪੀ ਮੋਤੀ ਨਿਕਲ ਕੇ 'ਪੰਜਾਬ ਟਾਈਮਟਜ਼' 'ਤੇ ਬਿਖਰਦੇ ਰਹਿੰਦੇ।**

**ਉਸ ਦੀਆਂ ਅੱਖਾਂ ਵਿਚ ਇਕ ਵਿਸ਼ਾਲ ਆਕਾਸ਼ ਅੰਗੜਾਈਆਂ ਲੈ ਰਿਹਾ ਹੁੰਦਾ। ਉਸ ਦੇ ਬੋਲਾਂ ਦੀ ਚੁੱਪ ਅੰਦਰ ਸ਼ਬਦ-ਕੋਸ਼ ਦਾ ਇਕ ਵੱਡਾ ਜ਼ਖ਼ੀਰਾ ਸ਼ਬਦਾਂ 'ਚ ਵਟਣ ਲਈ ਬੇਕਰਾਰ ਰਹਿੰਦਾ ਸੀ।**

## ਸਰਵੋਤਮ ਸਮਕਾ.ਲੀ ਸੰਪਾਦਕ ਸ. ਅਮੋਲਕ ਸਿੰਘ

ਲਗਾਤਾਰ ਸਾਨੂੰ ਅਲਹਿਦਗੀ ਵੱਲ ਧੱਕਦਾ ਹੈ। ਇੱਥੇ ਸਾਡੇ ਸੱਭਿਆਚਾਰਕ, ਸਿਆਸੀ, ਅਤੇ ਕੌਮੀ ਸਰੋਕਾਰ ਹਾਸ਼ੀਏ 'ਤੇ ਰਹਿ-ਰਹਿ ਨਿਗੂਣੇ ਬਣ ਜਾਂਦੇ ਹਨ। ਆਪਣੇ ਸਰੋਕਾਰ ਜਿਉਂਦੇ ਰੱਖਣ ਲਈ ਸਾਨੂੰ ਬਹੁਤ ਸਾਰੇ ਅਦਾਰਿਆਂ ਦੀ ਲੋੜ ਹੁੰਦੀ ਹੈ। 'ਪੰਜਾਬ ਟਾਈਮਜ਼' ਨੇ ਅਜਿਹੇ ਇੱਕ ਅਦਾਰੇ ਵਜੋਂ ਆਪਣਾ ਭਰਵਾਂ ਹਿੱਸਾ ਪਾਇਆ ਹੈ। 'ਪੰਜਾਬ ਟਾਈਮਜ਼' ਵਿੱਚ ਚੱਲੀਆਂ ਬਹਿਸਾਂ ਨੇ ਪਰਵਾਸ ਦਾ ਸਾਰਥਕ ਪਹਿਲੂ ਵੀ ਉਭਾਰਿਆ ਹੈ। ਇਨ੍ਹਾਂ ਬਹਿਸਾਂ ਦੇ ਲੇਖਕ ਅਤੇ ਪਾਠਕ ਪੰਜਾਬ ਸਮੇਤ ਦੁਨੀਆਂ ਦੇ ਅਨੇਕ ਮੁਲਕਾਂ ਤੋਂ ਸਨ। ਇਸ ਕਰਕੇ ਇਹਨਾਂ ਬਹਿਸਾਂ ਵਿੱਚ ਨਜ਼ਰੀਏ ਅਤੇ ਗਿਆਨ ਦੀ ਕਮਾਲ ਦੀ ਵੰਨ-ਸੁਵੰਨਤਾ ਸੀ। ਇਸ ਵੰਨ-ਸੁਵੰਨਤਾ ਕਰਕੇ ਹੀ ਬਹਿਸਾਂ ਮਿਆਰੀ ਬਣੀਆਂ। ਇਹ ਵੰਨ-ਸੁਵੰਨਤਾ ਸ. ਅਮੋਲਕ ਸਿੰਘ ਦੀ ਨਿਰਪੱਖ ਪੱਤਰਕਾਰੀ ਸਦਕਾ ਹੀ ਬਰਕਰਾਰ ਰਹੀ। ਸਖਤ ਬਿਮਾਰੀ ਦੀ ਹਾਲਤ ਵਿੱਚ ਵੀ ਸ. ਅਮੋਲਕ ਸਿੰਘ ਨੇ ਆਪਣੀ ਚੜ੍ਹਦੀ ਕਲਾ ਬਰਕਰਾਰ ਰੱਖੀ। ਜਦੋਂ ਤੱਕ ਸ. ਅਮੋਲਕ ਸਿੰਘ ਬੋਲਣ ਦੇ ਸਮਰੱਥ ਰਹੇ, ਮੇਰੀ ਉਨ੍ਹਾਂ ਨਾ.ਲ ਗੱਲ ਹੁੰਦੀ ਰਹੀ। ਹਰ ਵਾਰ ਹਾਲ-ਚਾਲ ਪੁੱਛਣ 'ਤੇ ਜੁਆਬ ਹੁੰਦਾ, "ਚੜ੍ਹਦੀ ਕਲਾ!" ਅਜਿਹੀ ਅਡੋਲ 'ਤੇ ਮਨੋਹਰ ਸ਼ਖਸੀਅਤ ਵਾ.ਲੇ ਬੰਦਿਆਂ ਦਾ ਚਲੇ ਜਾਣਾ ਸੱਚਮੁੱਚ ਦੁਖਦਾਈ ਹੈ। ਆਸ ਕਰਦੇ ਹਾਂ ਉਨ੍ਹਾਂ ਦਾ ਸ਼ੁਰੂ ਕੀਤਾ 'ਪੰਜਾਬ ਟਾਈਮਜ਼' ਉਸੇ ਤਰਾਂ ਚਲਦਾ ਰਹੇ।

ਸ. ਅਮੋਲਕ ਸਿੰਘ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੀ ਸੁਪਤਨੀ ਭੈਣ ਜੀ ਜਸਪ੍ਰੀਤ ਕੌਰ ਉਸੇ ਤਨਦੇਹੀ ਨਾ.ਲ ਅਖ਼ਬਾਰ ਚਲਾ ਰਹੇ ਹਨ। ਭੈਣ ਜੀ ਜਸਪ੍ਰੀਤ ਕੌਰ ਨੇ ਸ. ਅਮੋਲਕ ਸਿੰਘ ਦੇ ਨਾ.ਲ ਹੀ ਪੰਜਾਬੀ ਦੀ ਐਮ.ਏ. ਅਤੇ ਐਮ.ਫ਼ਿਲ. ਕੀਤੀ ਹੈ। ਅਖ਼ਬਾਰ ਵਿੱਚ ਉਨ੍ਹਾਂ ਦਾ ਹਮੇਸ਼ਾ ਹੀ ਭਰਵਾਂ ਯੋਗਦਾਨ ਰਿਹਾ ਹੈ। 'ਪੰਜਾਬ ਟਾਈਮਜ਼' ਨੇ ਆਪਣਾ ਭਾਸ਼ਾ ਦਾ ਮਿਆਰ ਉਸੇ ਤਰ੍ਹਾਂ ਬਰਕਰਾਰ ਰੱਖਿਆ ਹੈ। 'ਪੰਜਾਬ ਟਾਈਮਜ਼' ਅੱਜ ਤੱਕ ਉਵੇਂ ਹੀ ਬੌਧਿਕ ਵਿਚਾਰ-ਵਟਾਂਦਰੇ ਦੇ ਮਿਆਰੀ ਮੰਚ ਵਜੋਂ ਕਾਇਮ ਹੈ। ਸਾਡੀ ਸਭ ਦੀ ਜ਼ਿੰਮੇਵਾਰੀ ਹੈ 'ਪੰਜਾਬ ਟਾਈਮਜ਼' ਦੀ ਹਰ ਸੰਭਵ ਤਰੀਕੇ ਨਾ.ਲ ਮੱਦਦ ਕਰੀਏ ਤੇ ਇਸ ਅਦਾਰੇ ਨੂੰ ਹੋਰ ਤਰੱਕੀਆਂ ਵੱਲ ਲਿਜਾਣ ਵਿਚ ਹਿੱਸਾ ਪਾਈਏ।

# ਸਾਹਿਤ ਰਾਹੀਂ ਸੰਵਾਦ

## ਕਲਾ ਪਰਿਕਰਮਾ

ਏਅਰ ਏਸ਼ੀਆ ਦਾ ਜਹਾਜ਼ ਦਿੱਲੀ ਤੋਂ ਉੱਡ ਕੇ ਹਿਮਾਲਿਆ ਦੀਆਂ ਬਰਫ਼ ਲੱਦੀਆਂ ਪਹਾੜੀਆਂ ਦੇ ਬਰਾਬਰ ਆਸਾਮ ਵੱਲ ਵਧ ਰਿਹਾ ਸੀ। ਸਾਫ਼ ਆਸਮਾਨ ਵਿਚੋਂ ਹੇਠਾਂ ਮੇਰੇ ਸੱਜੇ ਪਾਸੇ ਮੱਧ ਭਾਰਤ ਦਾ ਮੈਦਾਨੀ ਇਲਾਕਾ ਦਿਸ ਰਿਹਾ ਸੀ। ਖੱਬੇ ਪਾਸੇ ਹਿਮਾਲਿਆ ਦੀਆਂ ਚੋਟੀਆਂ ਆਸਮਾਨ ਛੂਹ ਰਹੀਆਂ ਸਨ। ਇਨ੍ਹਾਂ ਵਿਚ ਹੀ ਸੰਸਾਰ ਦੀਆਂ ਸਭ ਤੋਂ ਉਚੀਆਂ ਪਹਾੜੀਆਂ ਮਾਊਂਟ ਐਵਰੈਸਟ ਤੇ ਕੰਚਨ ਜੰਗਾ ਹੋਣਗੀਆਂ। ਮੈਂ ਬੋਡੋਲੈਂਡ ਟੈਰੀਟਰੀ ਗਵਰਮੈਂਟ ਦੇ ਸੱਦੇ 'ਤੇ ਕੋਕਰਾਝਾੜ ਸ਼ਹਿਰ ਦੇ ਸਾਹਿਤ ਮੇਲੇ ਵਿਚ ਕਹਾਣੀ ਪੜ੍ਹਨ ਜਾ ਰਿਹਾ ਸਾਂ। ਇਹ ਇਲਾਕਾ ਪੱਛਮੀ ਬੰਗਾਲ ਅਤੇ ਆਸਾਮ ਦੇ ਵਿਚਕਾਰ ਪੈਂਦਾ ਹੈ। ਇੱਥੋਂ ਦੇ ਲੋਕ ਆਪਣੀਆਂ ਕੁਝ ਮੰਗਾਂ ਲਈ ਲੰਮਾ ਸਮਾਂ ਹਥਿਆਰਬੰਦ ਹੋ ਕੇ ਲੜਦੇ ਰਹੇ ਹਨ। ਸਰਕਾਰ ਨੇ ਕੁਝ ਸਾਲ ਪਹਿਲਾਂ ਇਨ੍ਹਾਂ ਦੀਆਂ ਕੁਝ ਮੰਗਾਂ ਮੰਨ ਕੇ ਇਸ ਇਲਾਕੇ ਨੂੰ ਬੋਡੋਲੈਂਡ ਟੈਰੀਟਰੀ ਦਾ ਨਾਮ ਦਿੱਤਾ ਹੈ। ਫਿਲਹਾਲ ਇਹ ਮੁੱਖ ਸੂਬੇ ਆਸਾਮ ਦਾ ਹੀ ਹਿੱਸਾ ਹੈ।




ਕੋਕਰਾਝਾੜ ਵਿਚ ਸਜੀ ਸਾਹਿਤ ਮੇਲੇ ਦੀ ਸਟੇਜ।

ਤਿੰਨ ਘੰਟੇ ਦਾ ਸਫ਼ਰ ਸੀ। ਮੇਰੇ ਨਾਲ ਰਾਜਸਥਾਨ ਦੇ ਪਿੰਡ ਦੀ ਅਤਿ ਦੀ ਸੁਨੱਖੀ ਕੁੜੀ ਆਪਣੇ ਬੱਚੇ ਨੂੰ ਗੋਦ ਵਿਚ ਲਈ ਬੈਠੀ ਸੀ। ਉਸ ਨੇ ਹਵਾਈ ਅੱਡੇ 'ਤੇ ਕਤਾਰ ਵਿਚ ਖੜ੍ਹਿਆਂ ਹੀ ਮੇਰੇ ਕੋਲੋਂ ਕੁਝ ਗੱਲਾਂ ਸਮਝੀਆਂ ਸਨ।



**ਬਲਜਿੰਦਰ ਨਸਰਾਲੀ**
**ਫੋਨ: +91-95924-15177**

ਉਹ ਇੰਫਾਲ ਵਿਚ ਆਪਣੇ ਪਤੀ ਕੋਲ ਜਾ ਰਹੀ ਸੀ। ਮੇਰਾ ਸਫ਼ਰ ਗੁਹਾਟੀ ਤੱਕ ਦਾ ਸੀ। ਉਸ ਨੇ ਆਪਣੀ ਸੀਟ ਬਦਲ ਕੇ ਮੇਰੇ ਕੋਲ ਕਰਵਾ ਲਈ ਸੀ। ਇਹੋ ਜਿਹੇ ਸਫ਼ਰ ਵਿਚ ਯਕੀਨ ਬਹੁਤ ਵੱਡੀ ਸ਼ੈਅ ਹੁੰਦਾ ਹੈ। ਢਾਈ ਘੰਟੇ ਦੇ ਸਫ਼ਰ ਬਾਅਦ ਜਹਾਜ਼ ਦੇ ਹੇਠਾਂ ਉਤਰਨ ਦੀ ਇਤਲਾਹ ਹੋਈ। ਕੁਝ ਸਮੇਂ ਬਾਅਦ ਜਹਾਜ਼ ਨੀਵਾਂ ਹੋਣਾ ਸ਼ੁਰੂ ਹੋਇਆ। ਮੈਂ ਥੱਲੇ ਝਾਤੀ ਮਾਰੀ। ਗੁਹਾਟੀ ਸ਼ਹਿਰ ਤੋਂ ਪਹਿਲਾਂ ਬ੍ਰਹਮਪੁੱਤਰ ਦਰਿਆ ਦਾ ਨਜ਼ਾਰਾ ਦਿਖਾਈ ਦੇ ਰਿਹਾ ਸੀ। ਇਹ ਲੰਮਾ ਚੌੜਾ ਦਰਿਆ ਚੀਨ ਅਤੇ ਬੰਗਲਾਦੇਸ਼ ਦੀਆਂ ਅਣਦਿਸਦੀਆਂ ਸਰਹੱਦਾਂ ਵਿਚਕਾਰ ਪਸਰਿਆ ਪਿਆ ਸੀ। ਪਾਣੀ ਉਪਰ ਤੈਰਦੀਆਂ ਫੈਰੀਆਂ ਦਿਖਾਈ ਦੇ ਰਹੀਆਂ ਸਨ। ਜਹਾਜ਼ ਤੋਂ ਬਾਹਰ ਆ ਕੇ ਮੈਂ ਆਪਣਾ ਬੈਗ ਚੁੱਕ ਕੇ ਬਾਹਰ ਆ ਗਿਆ। ਮੈਂ ਆਪਣੇ ਨਾਂ ਵਾਲੀ ਤਖ਼ਤੀ ਵਾਲੇ ਸ਼ਖਸ ਵੱਲ ਵਧਿਆ। ਉਨ੍ਹਾਂ ਨੇ ਆਸਾਮੀ ਸਿਰੋਪੇ ਨਾਲ ਮੇਰਾ ਸਵਾਗਤ ਕੀਤਾ। ਮੇਰੇ ਨਾਲ ਹੀ ਤਾਮਿਲ ਨਾਵਲਕਾਰ ਸਲਮਾ ਵੀ ਬਾਹਰ ਆਈ ਸੀ। ਉਹ ਵੀ ਗਲ ਵਿਚ ਸਿਰੋਪਾ ਪਾਈ ਖੜ੍ਹੀ ਸੀ। ਇੱਕ ਮਨੀਪੁਰੀ ਕਵੀ ਵੀ ਖੜ੍ਹਾ ਮੁਸਕਰਾ ਰਿਹਾ ਸੀ। ਉਹ ਸਾਰੇ ਮੇਰੀ ਉਡਾਣ ਦੀ ਹੀ ਉਡੀਕ ਕਰ ਰਹੇ ਸਨ। ਦਾਸ ਨਾਮ ਦਾ ਬੰਗਾਲੀ ਡਰਾਈਵਰ ਸਾਨੂੰ ਤਿੰਨਾਂ ਨੂੰ ਇਨੋਵਾ ਕਾਰ ਵਿਚ ਬੈਠਾ ਕੇ ਬੋਡੋਲੈਂਡ ਦੀ ਰਾਜਧਾਨੀ ਕੋਕਰਾਝਾੜ ਚੱਲ ਪਿਆ।

ਗੁਹਾਟੀ ਬਾਹਰ ਆ ਕੇ ਅਸੀਂ ਚਾਹ ਪੀਣ ਲਈ ਰੁਕੇ। ਦਾਸ ਸਾਡੇ ਵਾਸਤੇ ਦੁਕਾਨ ਤੋਂ ਤਿਲਾਂ ਦੀ ਬਣੀ ਮਠਿਆਈ ਲੈ ਆਇਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਜਨਵਰੀ ਮਹੀਨੇ ਤਿਲਾਂ ਦੀਆਂ ਬਣੀਆਂ ਮਠਿਆਈਆਂ ਪੰਜਾਬੀਆਂ ਵਿਚ ਵੀ ਮਕਬੂਲ ਹਨ। ਸਲਮਾ ਡੀ.ਐਮ.ਕੇ. ਪਾਰਟੀ ਵਿਚ ਆਪਣੇ ਪਤੀ ਸਮੇਤ ਕੰਮ ਕਰਦੀ ਹੈ। ਤਾਮਿਲ ਭਾਸ਼ਾ ਦੀ ਉਹ ਵੱਡੀ ਕਵਿਤਰੀ ਤੇ ਨਾਵਲਕਾਰ ਹੈ। ਪਹਿਲਾਂ ਪਹਿਲ ਉਸ ਦਾ ਪਤੀ ਉਸ ਨੂੰ ਕਵਿਤਾ ਲਿਖਣ ਤੋਂ ਮਨ੍ਹਾ ਕਰਦਾ ਸੀ ਤੇ ਕੁੱਟਦਾ ਸੀ। ਉਸ ਦੀ ਮਾਂ ਆਪਣੀ ਧੀ ਨੂੰ ਮਿਲਣ ਆਉਂਦੀ ਤਾਂ ਉਸ ਦੀਆਂ ਲਿਖੀਆਂ ਕਵਿਤਾਵਾਂ ਨਾਲ ਲੈ ਜਾਂਦੀ ਤੇ ਅਖ਼ਬਾਰਾਂ-ਰਸਾਲਿਆਂ ਵਿਚ ਛਪਵਾ ਦਿੰਦੀ। ਹੁਣ ਉਸ ਦੇ ਪੁੱਤਰ ਵਿਆਹੇ ਵਰੇ ਹਨ। ਉਸ ਦੇ ਪਤੀ ਨੇ ਵੀ ਉਸ ਨੂੰ ਲੇਖਕ ਵਜੋਂ ਸਵੀਕਾਰ ਕਰ ਲਿਆ ਹੈ।

ਸਾਡੀ ਕਾਰ ਮੈਦਾਨੀ ਸੜਕ 'ਤੇ ਤੇਜ਼ ਦੌੜ ਰਹੀ ਸੀ। ਕਿਤੇ-ਕਿਤੇ ਕੋਈ-ਕੋਈ ਪਹਾੜੀ ਦਿਖਾਈ ਦੇ ਰਹੀ ਸੀ। ਦਿਲ ਨੂੰ ਮੋਹ ਲੈਣ ਵਾਲਾ ਹਰਿਆ-ਭਰਿਆ ਇਲਾਕਾ ਸੀ। ਇਹ ਸੜਕ ਆਸਾਮ ਸਮੇਤ ਉਤਰ-ਪੂਰਬ ਦੇ ਸੈਵਨ ਸਿਸਟਰਜ਼ ਆਖੇ ਜਾਂਦੇ ਸੂਬਿਆਂ ਨੂੰ ਸਮੁੱਚੇ ਭਾਰਤ ਨਾਲ ਜੋੜਦੀ ਸੀ। ਕਦੇ ਜਦੋਂ ਬੋਡੋ ਅਤਿਵਾਦ ਦੀ ਚੜ੍ਹਤ ਹੁੰਦੀ ਸੀ, ਇਸ ਇਲਾਕੇ ਵਿਚੋਂ ਟਰੱਕਾਂ ਦੇ ਕਾਫ਼ਲੇ ਪੁਲਿਸ ਦੀ ਨਿਗਰਾਨੀ ਹੇਠ ਅਗਾਂਹ ਜਾਂਦੇ ਸਨ। ਅਜੇ ਵੀ ਥਾਂ-ਥਾਂ ਲੱਗੇ ਪੁਲਿਸ ਨਾਕਿਆਂ ਤੋਂ ਪਤਾ ਲੱਗਦਾ ਸੀ ਕਿ ਇੱਥੇ ਸ਼ਾਂਤੀ ਹੋਈ ਨੂੰ ਜ਼ਿਆਦਾ ਸਮਾਂ ਨਹੀਂ ਹੋਇਆ।

ਚਾਰ ਘੰਟੇ ਦੇ ਸਫ਼ਰ ਤੋਂ ਬਾਅਦ ਸਾਡੀ ਕਾਰ ਨੇ ਸਾਨੂੰ ਹੋਟਲ ਅੱਗੇ ਉਤਾਰਿਆ। ਮੈਂ ਖਾਣਾ ਖਾ ਕੇ ਸੌਂ ਗਿਆ। ਸਵੇਰ ਵੇਲੇ ਹੋਟਲ ਵਿਚੋਂ ਬਾਹਰ ਆ ਕੇ ਕੋਕਰਾਝਾੜ ਦੇ ਬੰਦ ਪਏ ਬਾਜ਼ਾਰ ਦਾ ਗੇੜਾ ਲਾਇਆ। ਚਾਹ ਪੀ ਕੇ ਤਿਆਰ ਹੋਇਆ ਹੀ ਸਾਂ ਕਿ ਮੇਲੇ ਦੇ ਪ੍ਰਬੰਧਕਾਂ ਦੁਆਰਾ ਭੇਜੀ ਕਾਰ ਵਿਚ ਕੋਕਰਾਝਾੜ ਦੇ ਕਲਚਰਲ ਕੰਪਲੈਕਸ ਵਿਚ ਪਹੁੰਚ ਗਿਆ।

ਭਾਰਤ ਦੀਆਂ 24 ਭਾਸ਼ਾਵਾਂ ਦੇ ਲੇਖਕਾਂ ਦੇ ਸਵਾਗਤ ਵਾਸਤੇ ਥਾਂ-ਥਾਂ ਬੈਨਰ ਲੱਗੇ ਹੋਏ ਸਨ। ਇੱਥੋਂ ਤੱਕ ਕਿ ਸ਼ਹਿਰ ਵਿਚੋਂ ਲੰਘਦੀ ਤਿਪਕਾਈ ਨਦੀ ਵਿਚ ਵੀ ਵੱਡੇ ਅੱਖਰਾਂ ਵਿਚ ਸਵਾਗਤ ਲਿਖਿਆ ਹੋਇਆ ਸੀ।

ਮੈਂ ਤਿੰਨ ਰਾਤਾਂ ਦੋ ਦਿਨ ਇਸ ਓਪਰੇ ਸ਼ਹਿਰ ਵਿਚ ਗੁਜ਼ਾਰੀਆਂ। ਹਿੰਦੂ ਬਹੁਗਿਣਤੀ ਤੇ ਮੁਸਲਿਮ-ਇਸਾਈ ਘੱਟਗਿਣਤੀ ਵਾਲਾ ਇਹ ਬੜਾ ਸ਼ਾਂਤ ਸ਼ਹਿਰ ਹੈ। ਫੈਸਟੀਵਲ ਦਾ ਥੀਮ ਵੀ ਸ਼ਾਂਤੀ ਸੀ। ਕਦੇ ਇੱਥੋਂ ਦੇ ਲੜਾਕਿਆਂ ਨੂੰ ਖ਼ਤਮ ਕਰਨ ਲਈ ਪੰਜਾਬ ਪੁਲਿਸ ਦੇ ਕਮਾਂਡੋ ਭੇਜੇ ਗਏ ਸਨ। ਮੈਂ ਇਸ ਸਬੰਧੀ ਪ੍ਰਬੰਧਕਾਂ ਵਿਚੋਂ ਮਿੱਤਰ ਬਣੇ ਪ੍ਰੋ. ਸੁਦੇਵ ਨਾਲ ਗੱਲ ਕੀਤੀ। ਉਸ ਦੇ ਦੱਸਣ ਮੁਤਾਬਿਕ ਪੰਜਾਬ ਪੁਲਿਸ ਨੇ ਲੋਕਾਂ ਦਾ ਬਹੁਤ ਨੁਕਸਾਨ ਕੀਤਾ ਸੀ। ਮੈਂ ਉਸ ਨੂੰ ਦੱਸਿਆ ਕਿ ਪੰਜਾਬ ਦੇ ਲੋਕਾਂ ਨੇ ਪੰਜਾਬ ਪੁਲਿਸ ਨੂੰ ਆਸਾਮ ਭੇਜਣ ਦਾ ਵਿਰੋਧ ਕੀਤਾ ਸੀ। ਲੋਕਾਂ ਨੇ ਤਾਂ ਸਿੱਖ ਰੈਜੀਮੈਂਟ ਨੂੰ ਸ੍ਰੀਲੰਕਾ ਭੇਜੇ ਜਾਣ ਦਾ ਵੀ ਬੁਰਾ ਮਨਾਇਆ ਸੀ। ਲੋਕ ਪੰਜਾਬੀ ਪਛਾਣ ਦੇ ਬਦਨਾਮ ਹੋਣ ਤੋਂ ਡਰਦੇ ਸਨ।

ਇਸ ਮੇਲੇ ਵਿਚ ਮੇਰੇ ਸਹਿਕਰਮੀ ਰਹੇ ਮਹਾਂਰਿਸ਼ੀ ਵਾਲਮੀਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਰਮੇਸ਼ਚੰਦਰ ਮੁੱਖ ਮਹਿਮਾਨ ਸਨ। ਮੈਂ ਅਤੇ ਮੇਰੀ ਸਹਿਕਰਮੀ ਡਾ. ਮੀਨਾਕਸ਼ੀ ਉਨ੍ਹਾਂ ਨਾਲ ਉਦਘਾਟਨੀ ਸਮਾਰੋਹ ਵਿਚ ਸ਼ਾਮਲ ਹੋਏ। ਸਾਰੇ ਮੁੱਖ ਬੁਲਾਰੇ ਬੋਡੋਲੈਂਡ ਦੇ ਵੱਡੇ ਅਹੁਦਿਆਂ 'ਤੇ ਬੈਠੇ ਸਾਹਿਤਕਾਰ ਹੀ ਸਨ। ਉਨ੍ਹਾਂ ਦੇ ਭਾਸ਼ਣਾਂ ਵਿਚ ਰਸਮੀਪੁਣੇ ਦੀ ਥਾਂ ਦਿਲੋਂ ਨਿਕਲੀਆਂ ਭਾਵਨਾਵਾਂ ਸਨ। ਪ੍ਰੋ. ਰਮੇਸ਼ ਇਸ ਇਲਾਕੇ ਵਿਚ ਗਾਂਧੀਵਾਦੀ ਵਜੋਂ ਪ੍ਰਸਿੱਧ ਹਨ। ਉਨ੍ਹਾਂ ਨੇ ਸ਼ਾਂਤੀ ਦੀ ਬਹਾਲੀ ਲਈ ਇਨ੍ਹਾਂ ਲੋਕਾਂ ਵਿਚ ਬਹੁਤ ਕੰਮ ਕੀਤਾ ਸੀ।

ਮੈਂ ਭਾਰਤੀ ਭਾਸ਼ਾਵਾਂ ਦੇ ਹੋਰ ਕਹਾਣੀਕਾਰਾਂ ਨਾਲ ਆਪਣੀ ਕਹਾਣੀ 'ਹੱਡਾਰੋੜੀ' ਪੜ੍ਹੀ। ਬਹੁਤੇ ਕਹਾਣੀਕਾਰ ਮੈਨੂੰ ਆਪਣੀਆਂ ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ ਦੇ ਕੇ ਗਏ ਤਾਂ ਕਿ ਮੈਂ ਉਨ੍ਹਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਛਪਾ ਦਿਆਂ। ਦੁਪਹਿਰ ਅਤੇ ਸ਼ਾਮ ਦੇ ਖਾਣੇ ਵਿਚ ਸਥਾਨਕ ਸੂਰਮੇ ਦਾ ਮੀਟ, ਮੁਰਗਾ, ਮੱਛੀ ਤੇ ਚੌਲ ਪਰੋਸੇ ਜਾਂਦੇ ਸਨ। ਪੰਜਾਬੀ ਲੇਖਕ ਤਰਸੇਮ ਅਤੇ ਕਵਿਤਰੀ ਨਿਰੂਪਮਾ ਦੱਤ ਵੀ ਮੇਰੇ ਨਾਲ ਸ਼ਾਮਲ ਸਨ। ਵਿਚਕਾਰ ਲੱਕੜਾਂ ਦੀ ਅੱਗ ਸੇਕਦੇ, ਠੰਢ ਦਾ ਆਨੰਦ ਮਾਣਦੇ ਤੇ ਬੋਡੋ ਲੋਕਾਂ ਦੀ ਪ੍ਰਾਹੁਣਾਚਾਰੀ ਦੀਆਂ ਸਿਫ਼ਤਾਂ ਕਰਦੇ ਲੇਖਕਾਂ ਸੰਗ ਇਹ ਸ਼ਾਮ ਬੜੀ ਯਾਦਗਾਰੀ ਸੀ। ਮੈਂ ਆਪਣੇ ਕਈ ਮੁਸਲਮਾਨ ਦੋਸਤਾਂ ਨੂੰ ਵੀ ਆਪਣੇ ਧਰਮ ਦੀਆਂ ਵਾਗਾਂ ਛੱਡਦੇ ਹੋਏ ਦੇਖਿਆ। ਸਮੇਂ ਸਿਰ ਮੈਂ ਹੋਟਲ ਵਾਪਸ ਆ ਗਿਆ।

ਆਖ਼ਰੀ ਦਿਨ ਸਵੇਰੇ ਆਸਾਮੀ ਕਵੀ ਨੀਲਮ ਕੁਮਾਰ, ਉਰਦੂ ਲੇਖਕ ਰਹਿਮਾਨ ਅਤੇ ਮਰਾਠੀ ਲੇਖਕ ਸ਼੍ਰੀਧਰ ਸਮੇਤ ਮੈਂ ਸਵੇਰੇ ਹੀ ਕੋਕਰਾਝਾੜ ਤੋਂ ਗੁਹਾਟੀ ਲਈ ਚੱਲ ਪਿਆ। ਪ੍ਰਬੰਧਕਾਂ ਨੇ ਗੱਡੀ ਅਤੇ ਗੁਹਾਟੀ ਵਿਚ ਹੋਟਲ ਦਾ ਬੰਦੋਬਸਤ ਕੀਤਾ ਹੋਇਆ ਸੀ।

ਹੋਟਲ ਵਿਚ ਸਾਮਾਨ ਰੱਖ ਕੇ ਅਸੀਂ ਸਿੱਧਾ ਗੁਹਾਟੀ ਵਿਚ ਚੱਲ ਰਹੇ ਕਿਤਾਬਾਂ ਦੇ ਮੇਲੇ ਵਿਚ ਸ਼ਾਮਲ ਹੋ ਗਏ। ਮੈਨੂੰ ਗੁਹਾਟੀ ਦੀਆਂ ਪੰਜਾਬੀ-ਹਿੰਦੀ ਲੇਖਕਾਵਾਂ ਹਰਕੀਰਤ ਹੀਰ ਤੇ ਦੀਪਾਲੀ ਸੋਢੀ ਮਿਲਣ ਆਈਆਂ ਹੋਈਆਂ ਸਨ। ਇਨ੍ਹਾਂ ਸਤਿਕਾਰਤ ਲੇਖਕਾਂ ਦੇ ਪਰਿਵਾਰ ਗੁਹਾਟੀ ਵਿਚ ਬਿਜ਼ਨਸ ਕਰਦੇ ਸਨ ਤੇ ਇਨ੍ਹਾਂ ਨੇ ਸਾਹਿਤ ਸਿਰਜਣਾ ਨਾਲ ਗੂੜ੍ਹੀ ਸਾਂਝ ਰੱਖੀ ਹੋਈ ਸੀ। ਮੇਲੇ ਵਿਚ ਇੰਨੀ ਭੀੜ ਸੀ ਕਿ ਮੋਢੇ ਨਾਲ ਮੋਢਾ ਖਹਿੰਦਾ ਸੀ। ਗੁਹਾਟੀ ਸੈਵਨ ਸਿਸਟਰਜ਼ ਵਿਚ ਵੱਡਾ ਸਭਿਆਚਾਰਕ ਤੇ ਵਪਾਰਕ ਕੇਂਦਰ ਹੈ। ਇੱਥੇ ਹਰ ਕਿਸਮ ਦੇ ਲੋਕ ਦੇਖੇ ਜਾ ਸਕਦੇ ਸਨ। ਮੈਨੂੰ ਇਹ ਪਤਾ ਸੀ ਕਿ ਇੱਥੇ ਬਾਹਰੋਂ ਆਏ ਲੋਕਾਂ ਨੂੰ ਨਾਪਸੰਦ ਕਰਨ ਵਾਲੇ ਵੀ ਬਥੇਰੇ ਸਨ ਪਰ ਇਹੋ ਜਿਹੇ ਤੰਗ ਦਿਲ ਲੋਕ ਤਾਂ ਹਰ ਭਾਈਚਾਰੇ ਵਿਚ ਹੁੰਦੇ ਹਨ। ਸਮਾਂ ਬੀਤਣ ਨਾਲ ਲੋਕ ਰਲ ਮਿਲ ਕੇ ਰਹਿਣਾ ਸਿੱਖ ਹੀ ਜਾਂਦੇ ਹਨ।

ਨੀਲਮ ਕੁਮਾਰ ਦੇ ਬਹਾਨੇ ਬਹੁਤ ਸਾਰੇ ਆਸਾਮੀ ਲੋਕਾਂ ਨੇ ਸਾਡੇ ਨਾਲ ਤਸਵੀਰਾਂ ਖਿਚਵਾਈਆਂ। ਆਪਣੇ ਮਿੱਤਰ ਨੀਲਮ ਦੀ ਹਰਮਨ ਪਿਆਰਤਾ ਦੇਖ ਕੇ ਮਾਣ ਹੁੰਦਾ ਸੀ। ਉਸ ਦੀ ਪਤਨੀ ਪੁਸ਼ਪਾਂਜਲੀ ਗੋਸਵਾਮੀ ਅਤੇ ਧੀ ਮੀਚੀਕੀ ਦੇ ਕਹਿਣ 'ਤੇ ਅਸੀਂ ਉਨ੍ਹਾਂ ਦੀ ਕਾਰ ਵਿਚ ਉਨ੍ਹਾਂ ਦੇ ਫਲੈਟ ਵਿਚ ਪਹੁੰਚੇ। ਮੀਚੀਕੀ ਵੀ ਕਹਾਣੀਆਂ ਲਿਖਦੀ ਹੈ ਤੇ ਜਲਦੀ ਹੀ ਆਸਾਮੀ ਵਿਚ ਉਸ ਦੀ ਕਿਤਾਬ ਆ ਰਹੀ ਹੈ। ਪੁਸ਼ਪਾਂਜਲੀ ਨੇ ਆਸਾਮੀ ਖਾਣਿਆਂ ਨਾਲ ਮੇਜ਼ ਭਰ ਦਿੱਤਾ। ਅਸੀਂ ਪਹਿਲਾਂ ਹੀ ਖਾ-ਖਾ ਰੱਜੇ ਪਏ ਸਾਂ। ਥੋੜ੍ਹਾ-ਥੋੜ੍ਹਾ ਸਵਾਦ ਚੱਖ ਕੇ ਅਸੀਂ ਮੁਆਫ਼ੀ ਮੰਗੀ ਤੇ ਇਸ ਨਿੱਘੀ ਮਹਿਮਾਨ ਨਿਵਾਜੀ ਲਈ ਪਰਿਵਾਰ ਦਾ ਦਿਲੋਂ ਧੰਨਵਾਦ ਕੀਤਾ।

ਅਸੀਂ ਹਨੇਰੇ ਹੋਏ ਹੋਟਲ ਪਹੁੰਚੇ। ਕਈ ਹੋਰ ਲੇਖਕ ਵੀ ਕੋਕਰਾਝਾੜ ਤੋਂ ਇੱਥੇ ਪਹੁੰਚ ਚੁੱਕੇ ਸਨ। ਸਾਡੇ ਜਾਂਦਿਆਂ ਨੂੰ ਮਹਿਫਿਲ ਸਜੀ ਹੋਈ ਸੀ। ਭਾਰਤ ਸੱਚਮੁੱਚ ਅਲੱਗ-ਅਲੱਗ ਭਾਸ਼ਾਵਾਂ ਦੀ ਫੁੱਲਬਾੜੀ ਹੈ।

ਅਗਲੇ ਦਿਨ ਮੇਰੀ, ਸਲਮਾ ਅਤੇ ਰਹਿਮਾਨ ਦੀ ਉਡਾਣ ਸੀ। ਅਸੀਂ ਤਿੰਨੋਂ ਹਵਾਈ ਅੱਡੇ ਪਹੁੰਚ ਗਏ। ਸਾਡੀ ਉਡਾਣ ਮੌਸਮ ਦੀ ਤਬਦੀਲੀ ਕਾਰਨ ਦੇਰ ਨਾਲ ਜਾਣੀ ਸੀ। ਤਿੰਨ ਭਾਸ਼ਾਵਾਂ ਦੇ ਤਿੰਨ ਨਾਵਲਕਾਰਾਂ ਦੀਆਂ ਗੱਲਾਂ ਮੁੱਕਣ ਦਾ ਨਾਮ ਨਹੀਂ ਲੈ ਰਹੀਆਂ ਸਨ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਅਪਰੈਲ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-583



*ਬਾਦਸ਼ਾਹੀ ਦੀ ਉਮਰ ਨਾ ਕੋਈ ਫਿਕਰ ਨਾ ਫਾਕਾ,*
*ਦੇਖੋ ਮਹਾਰਾਜੇ ਵਾਂਗਰ ਬੈਠਾ ਨੰਗ ਧੜੰਗਾ ਕਾਕਾ।*
*ਜਾਪੇ ਸੋਚਾਂ ਵਿਚ ਖੁੱਭਿਆ ਜਿਉਂ ਮਸਲਾ ਹੋ ਭਾਰਾ,*
*ਨਿੱਕੀ ਉਮਰੇ ਗੰਭੀਰ ਅੱਖੀਆਂ ਮਾਪਿਆਂ ਦਾ ਤਾਰਾ।*

## ਕੈਪਸ਼ਨ ਮੁਕਾਬਲਾ-581



ਢੇਰ ਉੱਤੇ ਕਲੋਲਾਂ ਕਰਦੇ,
ਬੱਚਾ ਅਤੇ ਜਾਨਵਰ ਦੋਨੋਂ ਅਣਭੋਲ।
ਇਕ ਦੂਜੇ ਨੂੰ ਸਹਾਰਾ ਦੇ ਰਹੇ,
ਪਿਆਰ ਦੀ ਭਾਸ਼ਾ ਬਣਾਵੇ ਸਮਤੋਲ।
ਘੋੜੇ ਉੱਤੇ ਢਾਸਣਾ ਲਾਈ ਬੱਚਾ,
ਸੌਂ ਗਿਆ ਗੂਹੜੀ ਨੀਂਦ।
ਬਾਹਰਲੀ ਦੁਨੀਆਂ ਤੋਂ ਬੇਖ਼ਬਰ,
ਸੁਪਨਿਆਂ ਚ ਕਰ ਰਿਹਾ
ਜਮਾਂ-ਤਕਸੀਮ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ***
***ਫੋਨ: 98784-69639***

ਖੁਲ੍ਹ ਮੈਦਾਨ ਤੇ ਅਨਭੋਲ ਜਿਹਾ ਨਿਆਣਾ,
ਬੇਫਿਕਰ ਸੌਂ ਗਿਆ ਲਾ ਘੋੜੇ ਦਾ ਸਰਾਣਾ।
ਨਿੱਘ ਮਿਲ ਗਿਆ ਮਾਂ ਦੀ ਗੋਦ ਜਿਹਾ,
ਰੂਹਾਨੀ ਪਿਆਰ ਦਾ ਨਾ ਕਦੇ ਮੁੱਲ ਪਿਆ।
ਬਚਪਨ ਵਰਗੀ ਨਾ ਮਿਲੇ ਸਰਦਾਰੀ,
ਘੋੜੇ ਦੀ ਵੱਖਰੀ ਹੀ ਸ਼ਾਨ ਤੇ ਵਫਾਦਾਰੀ।
ਤੂੜੀ ਦਾ ਢੇਰ ਹੋਵੇ ਜਾਂ ਫਿਰ ਹੋਵੇ ਤਬੇਲਾ,
ਘੋੜਾ ਹੁੰਦਾ ਜ਼ਜਬਾਤੀ ਤੇ
ਬੱਚਾ ਹੁੰਦਾ ਅਲਬੇਲਾ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

ਭੇਦ ਭਾਵ ਨਾ ਕੋਈ ਏਥੇ
ਨਾ ਉਮਰਾਂ ਦਾ ਕੋਈ ਝੇੜਾ।
ਮਨ ਮਿਲਿਆਂ ਦੇ ਮੇਲੇ ਹੋਏ
ਨੀਂਦਰ ਨੇ ਆ ਪਾਇਆ ਘੇਰਾ।
ਬੇਫਿਕਰੀ ਦਾ ਆਲਮ ਦੇਖੋ
ਕੋਈ ਨਹੀਂ ਹੈ ਤੇਰਾ ਮੇਰਾ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

ਜਾਨਵਰ ਜਾਂ ਘੋੜਾ ਪਿਆਰ ਦੇ ਭੁੱਖੇ
ਰਹਿੰਦੇ ਖ਼ਫਾ ਜੋੜ,
ਲੱਦ ਖਾ ਛੈਂਟੇ, ਤਸੀਹੇ
ਫੇਰ ਹੱਥ ਬੂਥੀ ਅਤੇ ਗਰਦਨ 'ਤੇ
ਆਪਣਾ ਆਪ ਹੀ ਹਵਾਲੇ ਕਰਦਿਆਂ
ਪਸੀਜੇ ਜਾਂਦੇ
ਮਾਸੂਮ ਬੱਚਾ ਕੀ ਜਾਣੇ
ਖਤਰਾ ਜਾਨਵਰ ਤੋਂ
ਕੋਈ ਦੇਵੇ ਪਿਆਰ
ਇਕ ਦੂਜੇ ਦੇ ਹੋ ਜਾਂਦੇ
***-ਦਰਸ਼ਨ ਪਾਲ ਦੋਸਾਂਝ***

ਪਾਵੇ ਚੱਕਵੇਂ ਬਰੈਂਡ, ਗੱਲ ਕਰੇ ਚੱਕਵੀਂ,
ਤੇਰੇ ਨਿੱਤ ਦਿਆਂ ਫੈਸ਼ਨਾਂ ਨੇ, ਮਾਰੀ ਮੱਤ ਨੀ,
ਤੇਰਾ ਸਾਡੇ ਲਈ ਸ਼ਰਾਪ, ਮੌਸਮ ਹੁਸੀਨ ਨੀ।
ਛੱਡਿਆ ਨਾ ਮਾਸ ਸਰਕਾਰਾਂ ਜੱਟ ਦਾ,
ਤੂੰ ਵੀ ਉੱਤੋਂ ਫ਼ਿਰਦੀ ਏਂ, ਖ਼ੂਨ ਪੀਣ ਨੂੰ।

ਨੀ ਸੁਪਨੇ ਦੁਬਈ ਵਾਲ਼ੇ, ਪਾਲੇ ਸ਼ੇਖ ਦੇ,
ਉਂਝ ਕਦੇ ਲੰਘੀ ਨਾ ਤੂੰ ਵੱਲ ਖੇਤ ਦੇ,
ਆਖੇਂ ਮਿਸ਼ਰੀ ਲਪੇਟ -ਲਪੇਟ,
ਗੁੜ 'ਚ ਕੁਨੀਨ ਨੂੰ,
ਛੱਡਿਆ ਨਾ ਮਾਸ ਸਰਕਾਰਾਂ ਜੱਟ ਦਾ,
ਤੂੰ ਵੀ ਉੱਤੋਂ ਫਿਰਦੀ ਏਂ ਖ਼ੂਨ ਪੀਣ ਨੂੰ।

ਰਣਬੀਰ ਸਿੰਘ/ ਪ੍ਰਿੰਸ

# ਫਰਿਜ਼ਨੋ ਵਿਖੇ ਵਿਸਾਖੀ ਨੂੰ ਸਮਰਪਿਤ ਸੱਭਿਆਚਾਰ ਪ੍ਰੋਗਰਾਮ ਦੌਰਾਨ ਗੀਤਕਾਰ ਜਸਬੀਰ ਗੁਣਾਚੌਰੀਆ ਸਣੇ ਨਾਮਵਰ ਸ਼ਖ਼ਸੀਅਤਾਂ ਨੂੰ ਕੀਤਾ ਸਨਮਾਨਿਤ

ਫਰਿਜ਼ਨੋ: ਇਥੋਂ ਦੇ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਲੰਘੇ ਸ਼ੁੱਕਰਵਾਰ ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੱਲੋਂ ਸਮੂਹ ਯਾਰਾਂ-ਦੋਸਤਾਂ ਦੇ ਸਹਿਯੋਗ ਨਾਲ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਰੱਖਿਆ ਗਿਆ, ਜਿੱਥੇ ਗੀਤਕਾਰ ਜਸਬੀਰ ਗੁਣਾਚੌਰੀਆ ਨੂੰ ਉਨ੍ਹਾਂ ਦੀ ਸਾਫ਼ ਸੁੱਥਰੀ ਗੀਤਕਾਰੀ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਖੇਡਾਂ ਵਿੱਚ ਪੰਜਾਬੀਅਤ ਦਾ ਨਾਮ ਚਮਕਾਉਣ ਲਈ ਗੁਰਬਖਸ਼ ਸਿੰਘ, ਮਿਊਜਕ ਇੰਡਸਟਰੀ ਵਿੱਚ ਚੰਗੀ ਜਗ੍ਹਾ ਬਣਾ ਚੁੱਕੇ ਪੱਪੀ ਭਦੌੜ ਅਤੇ ਡਾ. ਮਨਰੀਤ ਕੌਰ ਗਰੇਵਾਲ ਦਾ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਫਰਿਜ਼ਨੋ ਦੀਆਂ ਨਾਮਵਰ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਹ ਸਮਾਗਮ ਖ਼ਾਸ ਕਰਕੇ ਗੀਤਕਾਰ ਜਸਬੀਰ ਗੁਣਾਚੌਰੀਆ ਲਈ ਉਲੀਕਿਆ ਗਿਆ ਸੀ, ਜੋ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਰਿਹਾ।

ਪਤਵੰਤਿਆਂ ਨਾਲ ਖਚਾ-ਖੱਚ ਭਰੇ ਹਾਲ ਅੰਦਰ ਗੀਤਕਾਰ ਜਸਬੀਰ ਗੁਣਾਚੌਰੀਆ, ਗਾਇਕ ਧਰਮਵੀਰ ਥਾਂਦੀ, ਬਹਾਦਰ ਸਿੱਧੂ, ਅਵਤਾਰ ਗਰੇਵਾਲ, ਕਮਲਜੀਤ ਬੈਨੀਪਾਲ, ਯਮਲੇ ਜੱਟ ਦੇ ਸ਼ਗਿਰਦ ਰਾਜ ਬਰਾੜ, ਗੈਰੀ ਢਿੱਲੋਂ, ਡਾ. ਮਨਰੀਤ ਗਰੇਵਾਲ, ਗੋਗੀ ਸੰਧੂ, ਪੱਪੀ ਭਦੌੜ, ਅਨਮੋਲ ਗਰੇਵਾਲ ਆਦਿ ਨੇ ਐਸਾ ਸਮਾਂ ਬੰਨ੍ਹਿਆ ਕਿ ਹਰ ਕੋਈ ਸਾਹ ਰੋਕ ਕੇ ਪ੍ਰੋਗਰਾਮ ਦਾ ਅਨੰਦ ਮਾਣਦਾ ਨਜ਼ਰ ਆਇਆ। ਪੀਸੀਏ ਮੈਂਬਰ ਸੁਖਬੀਰ ਭੰਡਾਲ ਨੇ ਵਿਸਾਖੀ ਦੇ ਦਿਹਾੜੇ ਦੀ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਮਹੱਤਤਾ ਬਾਰੇ ਗੱਲਬਾਤ ਕੀਤੀ। ਖਾਲਸਾ ਪਾਰਕ ਵਾਲੇ ਬਾਬਿਆਂ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਚਰਨਜੀਤ ਸਿੰਘ ਬਾਠ ਜਸਬੀਰ ਗੁਣਾਚੌਰ ਦੀ ਗੀਤਕਾਰੀ ਦੀ ਤਰੀਫ਼ ਕਰਦਿਆਂ ਕਿਹਾ ਕਿ ਜਸਬੀਰ ਗੁਣਾਚੌਰ ਨੇ ਦਰਜਨਾਂ ਹਿੱਟ ਗੀਤ ਪੰਜਾਬੀ ਮਾਂ ਬੋਲੀ ਦੀ ਝੋਲ੍ਹੀ ਪਾਏ 'ਤੇ ਬਹੁਤ ਸਾਰੇ ਗਾਇਕ ਉਨ੍ਹਾਂ ਦੇ ਗੀਤ ਗਾ ਕੇ ਸਟਾਰ ਬਣ ਗਏ। ਇਸ ਮੌਕੇ ਟਰਾਂਸਪੋਰਟਰ ਖੁਸ਼ ਧਾਲੀਵਾਲ, ਮਿੰਟੂ ਉੱਪਲੀ, ਸਤਨਾਮ ਪ੍ਰਧਾਨ, ਨਾਜ਼ਰ ਸਿੰਘ ਸਹੋਤਾ, ਗੁਰਪ੍ਰੀਤ ਦੌਧਰ, ਨੀਟੂ ਵੜਿਆਲ, ਜਸਪਾਲ ਧਾਲੀਵਾਲ, ਜਗਦੀਪ ਸਿੰਘ, ਜੱਸੀ ਸਟੋਨ




ਟਰੱਕਿੰਗ, ਇੰਡੋ ਯੂ. ਐਸ. ਏ. ਐਸੋਸੀਏਸ਼ਨ, ਇੰਡੋ ਅਮੈਰਕਿਨ ਹੈਰੀਟੇਜ, ਪੀਸੀਏ, ਜੀ. ਐਚ. ਜੀ., ਵਿਰਸਾ ਫਾਊਂਡੇਸ਼ਨ ਸੰਸਥਾਵਾਂ ਅਤੇ ਵਾਲੀਵਾਲ ਕਲੱਬ ਫਰਿਜ਼ਨੋ ਆਦਿ ਦੇ ਮੈਂਬਰਾਂ ਤੋਂ ਬਿਨਾ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਹਾਜ਼ਰੀ ਭਰਕੇ ਇਸ ਸਮਾਗਮ ਨੂੰ ਕਾਮਯਾਬ ਬਣਾਇਆ।







Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com


www.thebainsfirm.com



**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*



**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**

FAX: 209.982.9997

www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੀ ਸਿਆਸੀ ਕਥਾ

***ਸਾਬਕਾ ਸਫੀਰ ਕੇ.ਸੀ. ਸਿੰਘ ਦੀ ਕਿਤਾਬ 'ਦਿ ਇੰਡੀਅਨ ਪ੍ਰੈਜ਼ੀਡੈਂਟ' ਗਿਆਨੀ ਜ਼ੈਲ ਸਿੰਘ ਦੇ ਰਾਸ਼ਟਰਪਤੀ ਵਾਲੇ ਵਰ੍ਹਿਆਂ ਦਾ ਅੱਖੀਂ ਡਿੱਠਾ ਬਿਰਤਾਂਤ ਹੈ। 1982 ਤੋਂ 1987 ਵਾਲੇ ਹੰਗਾਮਾਖੇਜ਼ ਵਰ੍ਹਿਆਂ ਉੱਤੇ ਕੇਂਦ੍ਰਿਤ ਇਹ ਕਿਤਾਬ ਭਾਰਤ ਦੀ ਸਿਆਸੀ ਅਤੇ ਰਾਜਕੀ ਵਿਵਸਥਾ ਵਿਚ ਰਾਸ਼ਰਪਤੀ ਦੀ ਭੂਮਿਕਾ ਬਾਰੇ ਤਬਸਰਾ ਪੇਸ਼ ਕਰਦੀ ਹੈ। ਲੇਖਕ ਨਿਰਪੱਖ ਹੋਣ ਦਾ ਦਾਅਵਾ ਨਹੀਂ ਕਰਦਾ ਪਰ ਉਸ ਨੇ ਗਿਆਨੀ ਜ਼ੈਲ ਸਿੰਘ ਬਾਰੇ ਆਪਣਾ ਸਨੇਹ ਵੀ ਨਹੀਂ ਛੁਪਾਇਆ।***

ਗਿਆਨੀ ਜ਼ੈਲ ਸਿੰਘ 1982 ਵਿਚ ਕੇਂਦਰੀ ਗ੍ਰਹਿ ਮੰਤਰੀ ਸਨ। ਬੜਾ ਉੱਚ ਅਹੁਦਾ ਸੀ ਇਹ। ਆਜ਼ਾਦੀ ਤੋਂ ਬਾਅਦ ਉਹ ਤੀਜੇ ਅਜਿਹੇ ਭਾਰਤੀ ਗ੍ਰਹਿ ਮੰਤਰੀ ਸਨ ਜਿਨ੍ਹਾਂ ਕੋਲ ਡੀ.ਓ.ਪੀ.ਟੀ. (ਸਰਕਾਰੀ ਅਧਿਕਾਰੀਆਂ ਬਾਰੇ ਵਿਭਾਗ ਤੇ ਸੀ.ਬੀ.ਆਈ.) ਦਾ ਕੰਟਰੋਲ ਵੀ ਸੀ। ਪਹਿਲਾਂ ਅਜਿਹਾ 'ਭਰਪੂਰ' ਮੰਤਰਾਲਾ ਜਾਂ ਤਾਂ ਸਰਦਾਰ ਵੱਲਭ ਭਾਈ ਪਟੇਲ ਕੋਲ ਰਿਹਾ ਸੀ ਅਤੇ ਜਾਂ ਫਿਰ ਚੌਧਰੀ ਚਰਨ ਸਿੰਘ ਕੋਲ। ਪ੍ਰਧਾਨ ਮੰਤਰੀ ਵਾਜਪਾਈ ਦੇ ਕਾਰਜਕਾਲ ਦੌਰਾਨ 'ਲੋਹ ਪੁਰਸ਼' ਦੱਸੇ ਜਾਂਦੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਵੀ ਡੀ.ਓ.ਪੀ.ਟੀ. ਦਾ ਚਾਰਜ ਨਹੀਂ ਸੀ ਮਿਲਿਆ ਅਤੇ ਹੁਣ ਵਾਲਾ 'ਲੋਹ ਪੁਰਸ਼' ਅਮਿਤ ਸ਼ਾਹ ਵੀ ਅਜਿਹੀ 'ਭਰਪੂਰਤਾ' ਤੋਂ ਮਹਿਰੂਮ ਹੈ। ਅਜਿਹੇ ਸ਼ਕਤੀਸ਼ਾਲੀ ਰੁਤਬੇ ਦੇ ਬਾਵਜੂਦ ਗਿਆਨੀ ਜ਼ੈਲ ਸਿੰਘ ਦੇ ਅੰਦਰ ਰਾਸ਼ਟਰਪਤੀ ਬਣਨ ਦੀ ਚਾਹਤ ਮੌਜੂਦ ਸੀ।



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਆਪਣੀ ਚਾਹਤ ਨੂੰ ਸ੍ਰੀਮਤੀ ਇੰਦਿਰਾ ਗਾਂਧੀ ਤਕ ਪਹੁੰਚਾਉਣ ਲਈ ਉਨ੍ਹਾਂ ਨੇ ਕਮਲਾ ਨਹਿਰੂ ਦੇ ਭਰਾ, ਭਾਵ ਪ੍ਰਧਾਨ ਮੰਤਰੀ (ਸ੍ਰੀਮਤੀ ਗਾਂਧੀ) ਦੇ ਮਾਮੇ ਵਾਲਾ ਰਾਹ ਵਰਤਿਆ। ਇਹ ਰਾਹ ਗਿਆਨੀ ਜੀ ਨੂੰ ਪ੍ਰਧਾਨ ਮੰਤਰੀ ਦੇ ਨਿੱਜੀ ਸਹਾਇਕ (ਤੇ ਸਭ ਤੋਂ ਕਰੀਬੀ ਸਲਾਹਕਾਰ) ਆਰ.ਕੇ. ਧਵਨ ਨੇ ਸੁਝਾਇਆ ਸੀ। ਸ੍ਰੀਮਤੀ ਗਾਂਧੀ ਨੂੰ ਗਿਆਨੀ ਜੀ ਦਾ ਨਾਮ ਜਚ ਗਿਆ; ਸ਼ਾਇਦ ਤਿੰਨ ਕਾਰਨਾਂ ਕਰ ਕੇ। ਪੰਜਾਬ ਦੇ ਉਸ ਸਮੇਂ ਦੇ ਹਾਲਾਤ ਦੇ ਤਕਾਜ਼ਿਆਂ ਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਪਲੋਸਣ ਦੀ ਇੱਛਾ ਕਾਰਨ; ਰਾਸ਼ਟਰਪਤੀ ਦੇ ਅਹੁਦੇ 'ਤੇ ਆਪਣਾ ਕੱਟੜ ਵਫ਼ਾਦਾਰ ਤਾਇਨਾਤ ਹੋਣ ਤੋਂ ਉਪਜਣ ਵਾਲੀ ਬੇਫਿਕਰੀ ਕਾਰਨ; ਤੇ (ਮਰਹੂਮ) ਸੰਜੇ ਗਾਂਧੀ ਵੱਲੋਂ ਇਕ ਸਮੇਂ ਗਿਆਨੀ ਜੀ ਦੀ ਸੰਭਾਵੀ ਭੂਮਿਕਾ ਸਬੰਧੀ ਦਿੱਤੇ ਗਏ ਇਕ ਸੰਕੇਤ ਕਾਰਨ।

ਪਰ ਰਾਸ਼ਟਰਪਤੀ ਦੇ ਅਹੁਦੇ ਦਾ ਉਮੀਦਵਾਰ ਬਣਨ ਤੋਂ ਪਹਿਲਾਂ ਗਿਆਨੀ ਜੀ ਨੂੰ ਰਾਜੀਵ ਗਾਂਧੀ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਰਾਜੀਵ ਤੇ ਉਸ ਦੇ ਜੋਟੀਦਾਰਾਂ- ਅਰੁਨ ਨਹਿਰੂ ਤੇ ਅਰੁਨ ਸਿੰਘ ਦੀਆਂ ਨਜ਼ਰਾਂ ਵਿਚ ਜ਼ੈਲ ਸਿੰਘ ਭੰਡ ਜਾਂ ਮਸਖ਼ਰੇ ਤੋਂ ਵੱਧ ਹੋਰ ਕੁਝ ਨਹੀਂ ਸੀ। ਉਹ ਜ਼ੈਲ ਸਿੰਘ ਨੂੰ ਪੰਜਾਬ ਵਿਚ 'ਭਿੰਡਰਾਂਵਾਲਾ ਦਾ ਜਿੰਨ' ਖੜ੍ਹਾ ਕਰਨ ਦਾ ਕਸੂਰਵਾਰ ਵੀ ਸਮਝਦੇ ਸਨ। ਗਿਆਨੀ ਜੀ ਬਾਰੇ 'ਨਾੜੇ ਦਾ ਕੱਚਾ' ਹੋਣ ਦੀਆਂ ਊਜਾਂ 'ਤੇ ਵੀ ਉਹ ਯਕੀਨ ਧਰੀ ਬੈਠੇ ਸਨ। ਇਸੇ ਲਈ ਸ੍ਰੀਮਤੀ ਗਾਂਧੀ ਨੂੰ ਚੌਕਸ ਕੀਤਾ ਗਿਆ ਕਿ ਰਾਸ਼ਟਰਪਤੀ ਭਵਨ ਤਾਂ 'ਜ਼ਨਾਨੀਬਾਜ਼ੀ ਦਾ ਅੱਡਾ' ਬਣ ਜਾਵੇਗਾ।

ਅਜਿਹੀਆਂ ਤੋਹਮਤਾਂ ਦੇ ਬਾਵਜੂਦ ਗਿਆਨੀ ਜੀ ਰਾਸ਼ਟਰਪਤੀ ਬਣੇ ਪਰ ਉਨ੍ਹਾਂ ਦਾ ਪੰਜ ਵਰ੍ਹਿਆਂ ਦਾ ਕਾਰਜਕਾਲ (1982-87) ਉੱਘੜ-ਦੁਗੜਾ ਹੀ ਰਿਹਾ। ਉਹ ਸਾਜ਼ਿਸ਼ਾਂ ਨਾਲ ਵੀ ਘੁਲਦੇ ਰਹੇ ਅਤੇ ਨਮੋਸ਼ੀਆਂ ਨਾਲ ਵੀ। ਉਹ ਵੀ ਤਕਰੀਬਨ ਰੋਜ਼ਾਨਾ। ਅਜਿਹੀਆਂ ਸਾਜ਼ਿਸ਼ਾਂ ਤੇ ਨਮੋਸ਼ੀਆਂ ਦੀ ਕਥਾ-ਵਿਅਥਾ ਹੈ ਸਾਬਕਾ ਸਫ਼ੀਰ ਕੇ.ਸੀ. ਸਿੰਘ ਦੀ ਕਿਤਾਬ 'ਦਿ ਇੰਡੀਅਨ ਪ੍ਰੈਜ਼ੀਡੈਂਟ'। ਕਿਤਾਬ ਦਾ ਉਪ ਸਿਰਲੇਖ 'ਗਿਆਨੀ ਜ਼ੈਲ ਸਿੰਘ ਵਾਲੇ ਵਰ੍ਹਿਆਂ ਦਾ ਅੱਖੀਂ-ਡਿੱਠਾ ਬਿਰਤਾਂਤ' ਇਸ ਦੇ ਵਿਸ਼ਾ-ਵਸਤੂ ਨੂੰ ਬਿਹਤਰ ਢੰਗ ਨਾਲ ਬਿਆਨਦਾ ਹੈ। 1982 ਤੋਂ 1987 ਵਾਲੇ ਹੰਗਾਮਾਖੇਜ਼ ਵਰ੍ਹਿਆਂ ਉੱਤੇ ਕੇਂਦ੍ਰਿਤ ਹੋਣ ਦੇ ਬਾਵਜੂਦ ਕਿਤਾਬ, ਭਾਰਤੀ ਰਾਜਸੀ ਤੇ ਰਾਜਕੀ ਵਿਵਸਥਾ ਵਿਚ ਰਾਸ਼ਰਪਤੀ ਦੀ ਭੂਮਿਕਾ ਅਤੇ ਇਸ ਸਰਬਉੱਚ ਰਾਸ਼ਟਰੀ ਅਹੁਦੇ 'ਤੇ ਬਿਰਾਜਮਾਨ ਰਹੇ ਮਹਾਮਹਿਮਾਂ ਦੀ ਕਾਰਗੁਜ਼ਾਰੀ ਬਾਰੇ ਸੰਖੇਪ ਪਰ ਵਿਵੇਕਪੂਰਨ ਤਬਸਰਾ ਪੇਸ਼ ਕਰਦੀ ਹੈ। ਲੇਖਕ ਨਿਰਪੱਖ ਹੋਣ ਦਾ ਦਾਅਵਾ ਨਹੀਂ ਕਰਦਾ। ਉਹ ਗਿਆਨੀ ਜੀ ਪ੍ਰਤੀ ਆਪਣਾ ਸਨੇਹ ਵੀ ਨਹੀਂ ਛੁਪਾਉਂਦਾ। ਅਜਿਹੀਆਂ ਸੀਮਾਵਾਂ ਦੇ ਬਾਵਜੂਦ ਉਸ ਨੇ ਪੰਜ ਵਰ੍ਹਿਆਂ ਦੌਰਾਨ ਵਾਪਰੇ ਘਟਨਾਕ੍ਰਮ ਦੇ ਪ੍ਰਸੰਗ ਵਿਚ ਸੱਚ-ਝੂਠ ਦਾ ਨਿਤਾਰਾ ਕਰਨ ਅਤੇ ਭਰਮ-ਭੁਲੇਖੇ ਦੂਰ ਕਰਨ ਦਾ ਸੰਜੀਦਾ ਯਤਨ ਕੀਤਾ ਹੈ। ਨਾਲ ਹੀ ਉਹ ਰਾਸ਼ਟਰੀ ਜੀਵਨ ਵਿਚ ਰਾਸ਼ਟਰਪਤੀ ਦੀ ਅਹਿਮੀਅਤ ਖੁਰਦੇ ਜਾਣ ਤੋਂ ਉਪਜੀਆਂ ਚਿੰਤਾਵਾਂ ਤੇ ਤੌਖ਼ਲੇ ਪਾਠਕਾਂ ਨਾਲ ਸਾਂਝੇ ਕਰਦਾ ਹੈ।


ਭੂਮਿਕਾ ਤੇ ਅੰਤਿਕਾ ਤੋਂ ਇਲਾਵਾ ਕਿਤਾਬ ਦੇ ਦੋ ਅਨੁਭਾਗ ਹਨ। ਪਹਿਲੇ ਅਨੁਭਾਗ ਦੇ ਤਿੰਨ ਅਧਿਆਇ ਰਾਸ਼ਟਰਪਤੀ ਦੇ ਅਹੁਦੇ ਦੀ ਲੋੜ, ਇਸ ਦੇ ਮਹੱਤਵ ਅਤੇ ਇਸ ਮਹੱਤਵ ਨੂੰ ਸਾਰਥਕ/ਨਿਰਾਰਥਕ ਸਾਬਿਤ ਕਰਨ ਵਿਚ ਵੱਖ-ਵੱਖ ਰਾਸ਼ਟਰਪਤੀਆਂ ਦੀ ਭੂਮਿਕਾ ਦਾ ਅਧਿਐਨ ਪੇਸ਼ ਕਰਦੇ ਹਨ। ਦੂਜੇ ਅਨੁਭਾਗ ਦੇ ਛੇ ਅਧਿਆਇ ਗਿਆਨੀ ਜ਼ੈਲ ਸਿੰਘ ਦੇ ਕਾਰਜਕਾਲ ਦੀਆਂ ਖ਼ੂਬੀਆਂ ਤੇ ਖ਼ਾਮੀਆਂ, ਵੰਗਾਰਾਂ ਤੇ ਵਰਦਾਨਾਂ, ਸੰਘਰਸ਼ਾਂ, ਸੰਤਾਪਾਂ ਆਦਿ ਬਾਰੇ ਹਨ। ਬੜੇ ਦਿਲਚਸਪ ਹਨ ਦੋਵੇਂ ਅਨੁਭਾਗ। ਤੱਥਾਂ ਤੇ ਤਸ਼ਬੀਹਾਂ ਨਾਲ ਲੈਸ, ਰੰਗਾਂ ਤੇ ਰੌਣਕਾਂ ਨਾਲ ਭਰਪੂਰ ਪਰ ਨਾਲ ਹੀ ਲੋਕਤੰਤਰੀ ਪ੍ਰਬੰਧ ਦੇ ਵਿਗਾੜਾਂ-ਨਿਘਾਰਾਂ 'ਤੇ ਉਂਗਲ ਧਰਨ ਵਾਲੇ। ਕੇ.ਸੀ. ਸਿੰਘ ਭਾਰਤੀ ਵਿਦੇਸ਼ ਸੇਵਾ (ਆਈ.ਐਫ.ਐਸ.) ਦੇ 1974 ਬੈਚ ਦੇ ਅਧਿਕਾਰੀ ਸਨ। 2007 ਤੱਕ ਉਹ ਇਸ ਸੇਵਾ ਵਿਚ ਰਹੇ। ਅਜਿਹੀਆਂ ਸੇਵਾਵਾਂ ਭਾਸ਼ਾਈ ਬਾਰੀਕਬੀਨੀਆਂ ਤਾਂ ਸਿਖਾਉਂਦੀਆਂ ਹੀ ਹਨ, ਸ਼ਖ਼ਸੀਅਤਾਂ ਦੇ ਚਿਹਰੇ ਪੜ੍ਹਨ ਅਤੇ ਸਿੱਧੇ ਅਰਥਾਂ ਵਿਚੋਂ ਵੀ ਗੁੱਝੇ ਅਰਥ ਲੱਭਣੇ ਸਿਖਾ ਦਿੰਦੀਆਂ ਹਨ।

ਇਹ ਸਾਰੇ ਤੱਤ ਇਸ ਕਿਤਾਬ ਵਿਚ ਮੌਜੂਦ ਹਨ। 1983 ਵਿਚ ਲੇਖਕ ਦੀ ਰਾਸ਼ਟਰਪਤੀ ਭਵਨ ਵਿਚ ਡਿਪਟੀ ਸਕੱਤਰ ਵਜੋਂ ਨਿਯੁਕਤੀ ਹੋਈ। ਇਸ ਅਹੁਦੇ ਨਾਲ ਜੁੜੇ ਕੰਮ-ਕਾਜ ਤੋਂ ਇਲਾਵਾ ਉਹ ਗਿਆਨੀ ਜੀ ਦੇ ਦੁਭਾਸ਼ੀਏ ਵਜੋਂ ਵੀ ਕੰਮ ਕਰਦਾ ਰਿਹਾ। ਇਨ੍ਹਾਂ ਕਾਰਜਾਂ ਦੌਰਾਨ ਰਾਸ਼ਟਰਪਤੀ ਨਾਲ ਨਿੱਜੀ ਨੇੜਤਾ ਹੋਣੀ ਸੁਭਾਵਿਕ ਹੀ ਸੀ। ਗਿਆਨੀ ਜੀ ਉਸ ਤੋਂ ਸਲਾਹ ਮੰਗਦੇ ਵੀ ਸਨ ਅਤੇ ਲੋੜ ਮੁਤਾਬਿਕ ਉਸ ਉੱਤੇ ਅਮਲ ਵੀ ਕਰਦੇ ਸਨ। ਅਜਿਹੀ ਨੇੜਤਾ ਪੇਸ਼ੇਵਾਰਾਨਾ ਤੌਰ 'ਤੇ ਲੇਖਕ ਨੂੰ ਮਹਿੰਗੀ ਵੀ ਪਈ। ਉਸ ਦੀਆਂ ਤਰੱਕੀਆਂ ਰੋਕੀਆਂ ਗਈਆਂ, ਬੇਵਕਤੀ ਬਦਲੀਆਂ ਰਾਹੀਂ ਉਸ ਨੂੰ ਪਰੇਸ਼ਾਨ ਕੀਤਾ ਗਿਆ। ਕਿਤਾਬ ਵਿਚ ਇਸ ਕਿਸਮ ਦੇ ਰੋਣੇ ਨਹੀਂ ਰੋਏ ਗਏ, ਸਿਰਫ਼ ਸੈਨਤਾਂ ਕੀਤੀਆਂ ਗਈਆਂ ਹਨ ਕਿ ਸੱਤਾ ਦੇ ਗਲਿਆਰਿਆਂ ਅੰਦਰਲੇ ਸਾਜ਼ਿਸ਼ੀ ਮਾਹੌਲ ਵਿਚ ਅਫ਼ਸਰਸ਼ਾਹੀ ਨੂੰ ਨਿਯਮਾਂ ਦਾ ਪਾਬੰਦ ਹੋਣਾ ਜਾਂ ਆਪਣੇ ਕੰਮ ਪ੍ਰਤੀ ਸੁਹਿਰਦ ਹੋਣਾ ਵੀ ਕਿਵੇਂ ਕਿਵੇਂ ਮਹਿੰਗਾ ਪੈ ਜਾਂਦਾ ਹੈ।

ਕਿਤਾਬ ਮੁਤਾਬਿਕ ਗਿਆਨੀ ਜੀ ਬਤੌਰ ਰਾਸ਼ਟਰਪਤੀ ਆਪਣੀ ਨਿਵੇਕਲੀ ਛਾਪ ਛੱਡਣਾ ਚਾਹੁੰਦੇ ਸਨ ਪਰ ਸਿਆਸੀ ਹਾਲਾਤ ਅਤੇ ਨਹਿਰੂ-ਗਾਂਧੀ ਪਰਿਵਾਰ ਪ੍ਰਤੀ ਪੱਕੀ ਵਫ਼ਾਦਾਰੀ ਨੇ ਅਜਿਹਾ ਨਹੀਂ ਹੋਣ ਦਿੱਤਾ। ਅਜਿਹੇ ਕਈ ਮੌਕੇ ਆਏ ਜਦੋਂ ਉਨ੍ਹਾਂ ਨੇ ਅਸਤੀਫ਼ਾ ਦੇਣ ਬਾਰੇ ਸੋਚਿਆ ਪਰ ਕੌਮੀ ਹਾਲਾਤ ਨੂੰ ਹੋਰ ਦੁਸ਼ਵਾਰ ਨਾ ਬਣਾਉਣ ਜਾਂ ਨਹਿਰੂ-ਗਾਂਧੀ ਪਰਿਵਾਰ ਦੀਆਂ ਮੁਸ਼ਕਿਲਾਂ ਹੋਰ ਨਾ ਵਧਾਉਣ ਵਰਗਾ ਜਜ਼ਬਾ ਅੰਤ ਉਨ੍ਹਾਂ ਉੱਤੇ ਭਾਰੂ ਹੁੰਦਾ ਰਿਹਾ। ਸਾਕਾ ਨੀਲਾ ਤਾਰਾ ਸਮੇਂ ਜਿਹੜੀ ਵੇਦਨਾ ਵਿਚੋਂ ਉਹ ਗੁਜ਼ਰੇ, ਉਹ ਲੇਖਕ ਨੇ ਮਾਰਮਿਕ ਢੰਗ ਨਾਲ ਬਿਆਨ ਕੀਤੀ ਹੈ। ਇਸੇ ਤਰ੍ਹਾਂ ਸ੍ਰੀਮਤੀ ਗਾਂਧੀ ਦੀ ਹੱਤਿਆ ਤੇ ਉਸ ਤੋਂ ਬਾਅਦ ਹੋਏ ਸਿੱਖਾਂ ਦੇ ਕਤਲੇਆਮ ਸਮੇਂ ਦੀ ਉਨ੍ਹਾਂ ਦੀ ਮਨੋਅਵਸਥਾ ਦਾ ਖ਼ੁਲਾਸਾ ਵੀ ਕਿਤਾਬ ਵਿਚ ਮੌਜੂਦ ਹੈ। ਇੰਦਿਰਾ ਗਾਂਧੀ ਦੀ ਹੱਤਿਆ ਸਮੇਂ ਰਾਸ਼ਟਰਪਤੀ ਜ਼ੈਲ ਸਿੰਘ ਖਾੜੀ ਦੇਸ਼ਾਂ ਦੇ ਦੌਰੇ 'ਤੇ ਸਨ। ਉਹ ਫੌਰੀ ਤੌਰ 'ਤੇ ਵਤਨ ਪਰਤੇ। ਹਵਾਈ ਅੱਡੇ ਤੋਂ ਸਿੱਧੇ ਹਸਪਤਾਲ ਗਏ ਜਿੱਥੇ ਸ੍ਰੀਮਤੀ ਗਾਂਧੀ ਦੀ ਦੇਹ ਰੱਖੀ ਗਈ ਸੀ। ਇਸੇ ਹਸਪਤਾਲ ਤੋਂ ਵਾਪਸੀ ਸਮੇਂ ਉਨ੍ਹਾਂ ਦੇ ਕਾਰਾਂ ਦੇ ਕਾਫ਼ਲੇ ਉਪਰ ਪਥਰਾਓ ਹੋਇਆ। ਪਥਰਾਓ ਦਾ ਸਭ ਤੋਂ ਪਹਿਲਾ ਨਿਸ਼ਾਨਾ ਉਨ੍ਹਾਂ ਦੇ ਨਿੱਜੀ ਸਕੱਤਰ ਇੰਦਰਜੀਤ ਸਿੰਘ ਬਿੰਦਰਾ ਆਈ.ਏ.ਐਸ. ਦੀ ਕਾਰ ਬਣੀ। ਇਸ ਦੇ ਬਾਵਜੂਦ ਉਨ੍ਹਾਂ ਨੇ ਆਰਜ਼ੀ ਪ੍ਰਧਾਨ ਮੰਤਰੀ ਥਾਪਣ ਦੀ ਮੰਗ ਨਜ਼ਰਅੰਦਾਜ਼ ਕਰ ਕੇ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ। ਇਸ ਹਲਫ਼ਦਾਰੀ 'ਤੇ ਕਈ ਸੰਵਿਧਾਨ ਸ਼ਾਸਤਰੀਆਂ ਨੇ ਇਤਰਾਜ਼ ਕੀਤਾ ਕਿ ਕਾਂਗਰਸ ਸੰਸਦੀ ਪਾਰਟੀ ਦੀ ਮੀਟਿੰਗ ਬੁਲਾ ਕੇ ਨੇਤਾ ਚੁਣੇ ਜਾਣ ਦਾ ਅਮਲ ਪੂਰਾ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਨੇ ਰਾਜੀਵ ਨੂੰ ਪ੍ਰਧਾਨ ਮੰਤਰੀ ਦਾ ਹਲਫ਼ ਦਿਵਾ ਕੇ ਸੰਵਿਧਾਨਕ ਧਾਰਾਵਾਂ ਦੀ ਅਵੱਗਿਆ ਕੀਤੀ ਹੈ ਪਰ ਗਿਆਨੀ ਜੀ ਦਾ ਜਵਾਬ ਸੀ ਕਿ ਅਸਾਧਾਰਨ ਹਾਲਾਤ ਵਿਚ ਅਸਾਧਾਰਨ ਕਦਮ ਚੁੱਕਣ ਦੀ ਹੀ ਲੋੜ ਹੁੰਦੀ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹੀ ਦਲੇਰੀ ਤੇ ਵਫ਼ਾਦਾਰੀ ਦਾ ਮੁੱਲ ਰਾਜੀਵ ਗਾਂਧੀ ਨੇ ਕਦੇ ਨਹੀਂ ਪਾਇਆ। ਗਿਆਨੀ ਜੀ ਪ੍ਰਤੀ ਉਸ ਦੀ ਹਿਕਾਰਤ ਘਟਣ ਦੀ ਥਾਂ ਵਧਦੀ ਗਈ।

ਲੇਖਕ ਨੇ ਗਿਆਨੀ ਜੀ ਦੀ ਸੂਝ-ਬੂਝ, ਦੂਰਦਰਸ਼ਤਾ ਤੇ ਸਿਆਸੀ ਸ਼ਾਤਿਰ-ਦਿਮਾਗੀ ਦੀਆਂ ਕਈ ਮਿਸਾਲਾਂ ਬਾਖ਼ੂਬੀ ਪੇਸ਼ ਕੀਤੀਆਂ ਹਨ। ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਾਏ ਜਾਣ ਤੋਂ ਪਹਿਲਾਂ ਰਾਜੀਵ ਗਾਂਧੀ ਨੇ ਸ੍ਰੀਮਤੀ ਗਾਂਧੀ ਰਾਹੀਂ ਸ਼ਰਤ ਰੱਖੀ ਕਿ ਗਿਆਨੀ ਜੀ, ਰਾਸ਼ਟਰਪਤੀ ਵਾਲੇ ਲੈਟਰਹੈੱਡ 'ਤੇ ਅਸਤੀਫ਼ਾ ਪੇਸ਼ਗੀ ਤੌਰ 'ਤੇ ਸ੍ਰੀਮਤੀ ਗਾਂਧੀ ਦੇ ਹਵਾਲੇ ਕਰ ਦੇਣ ਤਾਂ ਜੋ ਰਾਸ਼ਟਰਪਤੀ ਵਜੋਂ ਉਨ੍ਹਾਂ ਦੀ ਕਾਰਗੁਜ਼ਾਰੀ ਗ਼ੈਰ-ਤਸੱਲੀਬਖ਼ਸ਼ ਰਹਿਣ ਦੀ ਸੂਰਤ ਵਿਚ ਇਹ ਅਸਤੀਫ਼ਾ-ਪੱਤਰ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਲਈ ਵਰਤਿਆ ਜਾ ਸਕੇ। ਗਿਆਨੀ ਜੀ ਨੇ ਉਦੋਂ ਤਾਂ ਇਹ ਮੰਗ ਪੂਰੀ ਕਰ ਦਿੱਤੀ ਪਰ ਰਾਸ਼ਟਰਪਤੀ ਬਣਨ ਮਗਰੋਂ ਪਹਿਲਾ ਕੰਮ ਲੈਟਰਹੈੱਡਾਂ ਦਾ ਡਿਜ਼ਾਈਨ ਅਤੇ ਰਾਸ਼ਟਰਪਤੀ ਭਵਨ ਦੇ ਸਾਰੇ ਟਾਈਪਰਾਈਟਰ ਬਦਲਵਾਉਣ ਵਾਲਾ ਕੀਤਾ। ਇਸ ਤਰ੍ਹਾਂ ਪੇਸ਼ਗੀ ਅਸਤੀਫ਼ੇ ਵਾਲਾ ਕਦਮ ਠੁੱਸ ਹੋ ਕੇ ਰਹਿ ਗਿਆ।

ਇਕ ਹੋਰ ਮਿਸਾਲ ਰਾਸ਼ਟਰਪਤੀ ਭਵਨ ਦੇ ਟੈਲੀਫੋਨਾਂ ਦਾ ਇਹਤਿਆਤ ਨਾਲ ਇਸਤੇਮਾਲ ਕਰਨ ਅਤੇ ਰਾਜ਼ਦਾਰੀ ਵਾਲੀ ਕੋਈ ਵੀ ਗੱਲ ਰਾਸ਼ਟਰਪਤੀ ਭਵਨ ਦੇ ਕਮਰਿਆਂ ਅੰਦਰ ਨਾ ਕਰਨ ਦੀ ਹੈ। ਕੇਂਦਰੀ ਗ੍ਰਹਿ ਮੰਤਰੀ ਰਹੇ ਹੋਣ ਨਾਤੇ ਉਹ ਚੌਕਸ ਸਨ ਕਿ ਰਾਸ਼ਟਰਪਤੀ ਭਵਨ ਦੇ ਫੋਨ ਟੈਪ ਕੀਤੇ ਹੋ ਸਕਦੇ ਹਨ ਜਾਂ ਕਮਰਿਆਂ ਅੰਦਰ ਖ਼ੁਫ਼ੀਆ ਯੰਤਰ ਫਿੱਟ ਹੋ ਸਕਦੇ ਹਨ। ਉਹ ਰਾਜ਼ਦਾਰੀਆਂ ਅਕਸਰ ਮਹਿਮਾਨਾਂ ਜਾਂ ਆਪਣੇ ਸਹਿਯੋਗੀਆਂ ਨੂੰ ਮੁਗ਼ਲ ਬਾਗ਼ ਵਿਚ ਲਿਜਾ ਕੇ ਹੀ ਸਾਂਝੀਆਂ ਕਰਦੇ ਸਨ। ਲੇਖਕ ਮੁਤਾਬਿਕ ਮੱਧ ਪ੍ਰਦੇਸ਼ ਦੇ ਚੋਟੀ ਦੇ ਕਾਂਗਰਸੀ ਆਗੂ ਅਰਜੁਨ ਸਿੰਘ ਨੂੰ ਜਦੋਂ ਪੰਜਾਬ ਦਾ ਰਾਜਪਾਲ ਥਾਪ ਕੇ ਸਿੱਖ ਭਾਈਚਾਰੇ ਨਾਲ ਸਮਝੌਤਾ ਕਰਵਾਉਣ ਦਾ ਕੰਮ ਸੌਂਪਿਆ ਗਿਆ ਤਾਂ ਰਾਜੀਵ ਨੂੰ ਸ਼ੱਕ ਸੀ ਕਿ ਜ਼ੈਲ ਸਿੰਘ ਇਸ ਕੰਮ ਵਿਚ ਅੜਿੱਕਾ ਬਣ ਸਕਦੇ ਹਨ। ਅਰਜੁਨ ਸਿੰਘ ਨੇ ਰਾਸ਼ਟਰਪਤੀ ਨੂੰ ਨੀਵਾਂ ਦਿਖਾਉਣ ਅਤੇ ਰਾਜੀਵ ਕੋਲ ਨੰਬਰ ਬਣਾਉਣ ਲਈ ਲੇਖਕ ਕੇ.ਸੀ. ਸਿੰਘ ਨਾਲ ਰਾਬਤਾ ਬਣਾ ਕੇ ਗੁਪਤ ਗੱਲਬਾਤ ਲਈ ਸੱਦਿਆ। ਮੁਲਾਕਾਤ ਮਗਰੋਂ ਕੇ.ਸੀ. ਸਿੰਘ ਨੇ ਗਿਆਨੀ ਜੀ ਨੂੰ ਪੂਰੀ ਕਹਾਣੀ ਦੱਸ ਦਿੱਤੀ। ਗਿਆਨੀ ਜੀ ਦੀ ਟਿੱਪਣੀ ਸੀ: 'ਅਰਜੁਨ ਸਿੰਘ ਨੇ ਪੂਰੀ ਗੱਲਬਾਤ ਜ਼ਰੂਰ ਟੇਪ ਕਰ ਲਈ ਹੈ।' ਅਗਲੇ ਹੀ ਦਿਨ ਇਹ ਪੁਸ਼ਟੀ ਹੋ ਗਈ ਕਿ ਅਰਜੁਨ ਸਿੰਘ ਨੇ ਨਾ ਸਿਰਫ਼ ਗੱਲਬਾਤ ਟੇਪ ਕੀਤੀ ਸਗੋਂ ਰਾਜੀਵ ਗਾਂਧੀ ਕੋਲ ਇਹ ਸੰਪਾਦਿਤ ਰੂਪ ਵਿਚ ਪੇਸ਼ ਵੀ ਕੀਤੀ।







***ਸਾਬਕਾ ਸਫ਼ੀਰ ਕੇ.ਸੀ. ਸਿੰਘ ਦੀ ਕਿਤਾਬ 'ਦਿ ਇੰਡੀਅਨ ਪ੍ਰੈਜ਼ੀਡੈਂਟ' ਦਾ ਮੁਖੜਾ ਅਤੇ (ਸੱਜੇ) ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਹਲਫ ਦਿਵਾ ਰਹੇ ਗਿਆਨੀ ਜ਼ੈਲ ਸਿੰਘ।***

ਕਿਤਾਬ ਡਾ. ਰਾਜੇਂਦਰ ਪ੍ਰਸ਼ਾਦ, ਡਾ. ਸਰਵਪੱਲੀ ਰਾਧਾਕ੍ਰਿਸ਼ਨ ਅਤੇ ਕੇ.ਆਰ. ਨਾਰਾਇਣਨ ਨੂੰ ਮੁਲਕ ਦੇ ਬਿਹਤਰੀਨ ਰਾਸ਼ਟਰਪਤੀ ਦੱਸਦੀ ਹੈ। ਪਹਿਲੇ ਦੋ ਰਾਸ਼ਟਰਪਤੀਆਂ ਨੇ ਰਾਸ਼ਟਰਪਤੀ ਦੀ ਭੂਮਿਕਾ ਤੇ ਜ਼ਿੰਮੇਵਾਰੀਆਂ ਦੀ ਸਪਸ਼ੱਟ ਨਿਸ਼ਾਨਦੇਹੀ ਕਰਵਾਉਣ, ਸੰਵਿਧਾਨਕ ਸੰਕਟਾਂ ਸਮੇਂ ਪ੍ਰਧਾਨ ਮੰਤਰੀ (ਆਂ) ਨੂੰ ਸਹੀ ਸੇਧ ਦੇਣ ਅਤੇ ਪ੍ਰਸ਼ਾਸਨਿਕ ਖ਼ਾਮੀਆਂ ਦੀ ਸਥਿਤੀ ਵਿਚ ਪ੍ਰਧਾਨ ਮੰਤਰੀਆਂ ਜਾਂ ਰਾਜਪਾਲਾਂ ਦੀ ਜਵਾਬਤਲਬੀ ਕਰਨ ਵਰਗੇ ਕਦਮ ਦਲੇਰੀ ਨਾਲ ਚੁੱਕੇ। ਉਨ੍ਹਾਂ ਨੇ ਇਹ ਪ੍ਰਭਾਵ ਉਪਜਣ ਹੀ ਦਿੱਤਾ ਕਿ ਉਹ ਰਬੜ ਦੀ ਮੋਹਰ ਹਨ। ਨਾਰਾਇਣਨ ਦੇ ਕਾਰਜਕਾਲ ਵੇਲੇ 2002 ਦੇ ਗੁਜਰਾਤ ਦੰਗੇ ਹੋਏ। ਉਨ੍ਹਾਂ ਨੇ ਇਨ੍ਹਾਂ ਸਬੰਧੀ ਆਪਣੀ ਨਾਖੁਸ਼ੀ ਦਾ ਇਜ਼ਹਾਰ ਕੀਤਾ। ਇੰਜ ਹੀ ਵੀਰ ਸਾਵਰਕਰ ਨੂੰ ਭਾਰਤ ਰਤਨ ਨਾਲ ਸਨਮਾਨੇ ਜਾਣ ਦੀ ਵਾਜਪਾਈ ਸਰਕਾਰ ਦੀ ਸਿਫ਼ਾਰਸ਼ ਵੀ ਉਨ੍ਹਾਂ ਨੇ ਠੰਢੇ ਬਸਤੇ ਵਿਚ ਪਾ ਦਿੱਤੀ। ਲੇਖਕ ਮੁਤਾਬਿਕ ਅਜਿਹੀ ਦਲੇਰੀ ਬਾਕੀ ਰਾਸ਼ਟਰਪਤੀਆਂ ਦੇ ਕਿਰਦਾਰ ਜਾਂ ਕਾਰਜ਼ਸੈਲੀ ਦਾ ਹਿੱਸਾ ਨਹੀਂ ਰਹੀ। ਗਿਆਨੀ ਜ਼ੈਲ ਸਿੰਘ ਨੇ ਭਾਰਤੀ ਪੋਸਟਲ ਬਿੱਲ 'ਤੇ ਅਖ਼ੀਰ ਤੱਕ ਸਹੀ ਨਾ ਪਾ ਕੇ ਪ੍ਰੈੱਸ ਦੀ ਆਜ਼ਾਦੀ ਦੀ ਹਿਫ਼ਾਜ਼ਤ ਅਵੱਸ਼ ਕੀਤੀ ਪਰ ਇਹ ਕੁਝ ਉਦੋਂ ਹੋਇਆ ਜਦੋਂ ਉਹ ਸਰਕਾਰ ਹੱਥੋਂ ਝਾਗੀਆਂ ਨਮੋਸ਼ੀਆਂ ਤੋਂ ਅੱਕ ਚੁੱਕੇ ਸਨ ਅਤੇ ਰਾਜੀਵ ਗਾਂਧੀ ਸਰਕਾਰ ਵੀ ਲੋਕਾਂ ਦੀਆਂ ਨਜ਼ਰਾਂ ਵਿਚੋਂ ਡਿੱਗ ਚੁੱਕੀ ਸੀ।

ਕਿਤਾਬ ਪੜ੍ਹਨਯੋਗ ਤਾਂ ਹੈ ਹੀ, ਸਲਾਹੁਣਯੋਗ ਵੀ ਹੈ।

**ਵਿਕਰਮਜੀਤ ਰਾਮ ਦਾ ਅੰਗਰੇਜ਼ੀ ਨਾਵਲ 'ਮਨਸੂਰ':** ਡੋਡੋ ਉਹ ਬੇਪਰਵਾਜ਼ ਪੰਛੀ ਹੈ ਜੋ ਅੱਜ ਤੋਂ ਸਾਢੇ ਤਿੰਨ ਸੌ ਸਾਲ ਪਹਿਲਾਂ ਸਾਡੀ ਧਰਤੀ ਤੋਂ ਲੋਪ ਹੋ ਗਿਆ। ਇਹ ਪਹਿਲੀ ਵਾਰ ਸਾਲ 1600 ਵਿਚ ਡੱਚ ਵਪਾਰੀਆਂ ਨੇ ਹਿੰਦ ਮਹਾਂਸਾਗਰ ਅੰਦਰਲੇ ਜਜ਼ੀਰੇ ਮੌਰੀਸ਼ਸ ਵਿਚ ਦੇਖਿਆ। ਕਬੂਤਰ ਤੇ ਘੁੱਗੀ ਦੇ ਕੁਨਬੇ ਨਾਲ ਸਬੰਧਿਤ ਇਹ ਪੰਛੀ ਦੇਖਣ ਨੂੰ ਬਦਸ਼ਕਲ ਸੀ। ਖੰਭ ਬਹੁਤ ਛੋਟੇ ਹੋਣ ਕਾਰਨ ਉੱਡ ਨਹੀਂ ਸੀ ਸਕਦਾ। ਸਰੀਰ 15 ਤੋਂ 30 ਕਿਲੋਗ੍ਰਾਮ ਤੱਕ ਵਜ਼ਨੀ ਹੋਣ ਕਾਰਨ ਮਾਸ ਨਾਲ ਭਰਪੂਰ ਸੀ। ਮਾਸ ਸੁਆਦਲਾ ਵੀ ਸੀ। ਪਹਿਲੀ ਵਾਰ ਦੇਖੇ ਜਾਣ ਤੋਂ ਸਿਰਫ਼ 80 ਵਰ੍ਹਿਆਂ ਦੇ ਅੰਦਰ ਇਸ ਪ੍ਰਜਾਤੀ ਦਾ ਇਕ ਵੀ ਪੰਛੀ ਸਾਡੀ ਧਰਤੀ 'ਤੇ ਨਹੀਂ ਬਚਿਆ। ਜੇ ਬਚੀਆਂ ਤਾਂ ਉਹ ਸਨ ਇਸ ਦੀਆਂ ਤਸਵੀਰਾਂ। ਕੁਝ ਯੂਰਪੀਅਨਾਂ ਵੱਲੋਂ ਬਣਾਈਆਂ ਹੋਈਆਂ ਤੇ ਕੁਝ ਭਾਰਤੀਆਂ ਵੱਲੋਂ। ਸਭ ਤੋਂ ਬਿਹਤਰੀਨ ਤਸਵੀਰ ਸੀ ਮੁਗ਼ਲ ਦਰਬਾਰ ਦੇ ਚਿੱਤਰਕਾਰ ਉਸਤਾਦ ਮਨਸੂਰ ਵੱਲੋਂ ਤਿਆਰ ਕੀਤੀ ਹੋਈ। ਇਹ ਅੱਜ ਵੀ ਲੰਡਨ ਦੇ ਰਾਇਲ ਮਿਊਜ਼ੀਅਮ ਵਿਚ ਮੌਜੂਦ ਹੈ।

ਡੋਡੋ ਦੀ ਤਸਵੀਰ ਅਤੇ ਇਸ ਦੇ ਚਿੱਤਰਕਾਰ ਦੀ ਕਹਾਣੀ ਪੇਸ਼ ਕਰਦਾ ਹੈ ਵਿਕਰਮਜੀਤ ਰਾਮ ਦਾ ਅੰਗਰੇਜ਼ੀ ਨਾਵਲ 'ਮਨਸੂਰ'। ਇਤਿਹਾਸ ਅਤੇ ਗਲਪ ਦਾ ਸੁਮੇਲ ਹੈ ਇਹ ਨਾਵਲ। ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਕੁਦਰਤ ਨਾਲ ਪਿਆਰ ਸੀ। ਉਸ ਨੇ ਸ਼ਾਹੀ ਬਾਗ਼ਾਂ ਲਈ ਦੂਰ-ਦੁਰੇਡੇ ਤੋਂ ਫੁੱਲਾਂ ਦੇ ਬੂਟੇ ਅਤੇ ਫਲਾਂ ਦੇ ਪੌਦੇ ਤਾਂ ਮੰਗਵਾਏ ਹੀ, ਜੀਵ-ਜੰਤ ਵੀ ਉਹ ਮੰਗਵਾਏ ਜੋ ਹਿੰਦੋਸਤਾਨੀ ਉਪ ਮਹਾਂਦੀਪ ਵਿਚ ਮੌਜੂਦ ਨਹੀਂ ਸਨ। ਉਸ ਦੇ ਇਸ ਸ਼ੌਕ ਦਾ ਲਾਭ ਯੂਰਪੀਅਨ ਕਾਰੋਬਾਰੀਆਂ ਨੇ ਵਪਾਰਕ ਰਿਆਇਤਾਂ ਹਾਸਲ ਕਰਨ ਵਾਸਤੇ ਲਿਆ। ਇਤਿਹਾਸ ਦੱਸਦਾ ਹੈ ਕਿ ਪੁਰਤਗੀਜ਼ਾਂ ਨੇ ਜਦੋਂ ਜ਼ੈਬਰਾ, ਜਹਾਂਗੀਰ ਦੇ ਦਰਬਾਰ ਵਿਚ ਲਿਆਂਦਾ ਤਾਂ ਬਾਦਸ਼ਾਹ ਨੂੰ ਯਕੀਨ ਹੀ ਨਹੀਂ ਹੋਇਆ ਕਿ ਘੋੜਾ ਧਾਰੀਦਾਰ ਵੀ ਹੋ ਸਕਦਾ ਹੈ। ਉਹ ਆਪਣੇ ਤਖ਼ਤ ਤੋਂ ਉੱਠ ਕੇ ਆਗਰੇ ਦੇ ਕਿਲ੍ਹੇ ਦੇ ਮੈਦਾਨ ਵਿਚ ਆਇਆ ਅਤੇ ਜ਼ੈਬਰੇ ਦੀਆਂ ਧਾਰੀਆਂ ਨਹੁੰਆਂ ਨਾਲ ਖੁਰਚ ਕੇ ਇਹ ਜਾਂਚਦਾ ਰਿਹਾ ਕਿ ਇਹ ਕਿਤੇ ਪੇਂਟ ਤਾਂ ਨਹੀਂ ਕੀਤੀਆਂ ਗਈਆਂ। ਡੋਡੋ, ਡੱਚ ਵਪਾਰੀਆਂ ਨੇ ਗੋਆ ਬੰਦਰਗਾਹ ਰਾਹੀਂ ਭਾਰਤ ਲਿਆਂਦਾ। ਉਹ ਜੋੜਾ ਲਿਆਏ ਸਨ ਪਰ ਇਕ ਪੰਛੀ ਗੋਆ ਤੋਂ ਆਗਰਾ ਲਿਜਾਣ ਸਮੇਂ ਦਮ ਤੋੜ ਗਿਆ। ਦੂਜਾ ਵੀ ਕਿਤੇ ਛੇਤੀ ਮਰ ਨਾ ਜਾਏ, ਇਸ ਦੇ ਡਰੋਂ ਜਹਾਂਗੀਰ ਨੇ ਨੇ ਡੋਡੋ ਦੀ ਤਸਵੀਰ ਬਣਾਉਣ ਦਾ ਮੁਕਾਬਲਾ ਕਰਵਾਇਆ। ਮੁਕਾਬਲਾ ਉਸਤਾਦ ਮਨਸੂਰ ਨੇ ਜਿੱਤਿਆ।

ਮਨਸੂਰ ਨੂੰ ਇਹ ਮੁਕਾਬਲਾ ਜਿੱਤਣ ਤੋਂ ਬਾਅਦ ਈਰਖਾ ਅਤੇ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪਿਆ। ਹੋਰ ਸ਼ਾਹੀ ਚਿੱਤਰਕਾਰ, ਖ਼ਾਸ ਕਰ ਕੇ ਅਬੁਲ ਹਸਨ ਤੇ ਬਿਚਿੱਤਰ ਉਸ ਨਾਲ ਖ਼ਾਰ ਖਾਣ ਲੱਗੇ। ਸ਼ਾਹੀ ਜ਼ਨਾਨੇ ਦੀਆਂ ਦੋ ਮੈਂਬਰਾਨ- ਸਾਹੀਫ਼ੇ ਬਾਨੋ ਤੇ ਨਾਦਿਰਾ ਬਾਨੋ ਦਾ ਉਸ ਵੱਲ ਆਕਰਸ਼ਿਤ ਹੋਣਾ ਸਾਜ਼ਿਸ਼ਾਂ ਨੂੰ ਹੋਰ ਹਵਾ ਦੇਣ ਲੱਗਾ। ਮਨਸੂਰ ਅੱਕ ਕੇ ਚਿੱਤਰਕਾਰੀ ਛੱਡਣ ਦੇ ਰਾਹ ਤੁਰ ਪਿਆ। ਨਾਵਲ ਮੁਗ਼ਲ ਦਰਬਾਰ ਦੇ ਤੌਰ-ਤਰੀਕਿਆਂ, ਜ਼ਨਾਨੇ ਦੀ ਤਹਿਜ਼ੀਬ ਅਤੇ ਬਾਦਸ਼ਾਹ ਤੇ ਦਰਬਾਰੀਆਂ ਦੀਆਂ ਮਨਮਰਜ਼ੀਆਂ ਦੀ ਪੇਸ਼ਕਾਰੀ ਸੁਚੱਜੇ ਢੰਗ ਨਾਲ ਕਰਦਾ ਹੈ ਪਰ 176 ਪੰਨਿਆਂ ਦੇ ਅੰਦਰ ਸ਼ਾਹੀ ਦਰਬਾਰ ਦਾ ਸੰਸਾਰ ਸਮਾਉਣਾ ਆਸਾਨ ਨਹੀਂ। ਪਾਤਰਾਂ ਦੀ ਬਹੁਤਾਤ ਰੋਲ-ਘਚੋਲਾ ਪੈਦਾ ਕਰਦੀ ਹੈ। ਇਸ ਦੇ ਬਾਵਜੂਦ ਨਾਵਲ ਕਾਦਰ ਦੀ ਕੁਦਰਤ ਦੀਆਂ ਨਿਆਮਤਾਂ ਪੂਰੇ ਕਥਾ-ਰਸ ਨਾਲ ਬਿਆਨ ਕਰਦਾ ਹੈ। ਇਹ ਰਚਨਾ ਅਨੂਠਾ ਤਜਰਬਾ ਹੈ।

# ਸਮਾਜ ਤੇ ਮਨੁੱਖ ਦਾ ਬੇਮਿਸਾਲ ਚਿਤੇਰਾ ਜਸਬੀਰ ਭੁੱਲਰ

ਕਿਸੇ ਲੇਖਕ ਨਾਲ ਪਹਿਲੀ ਮੁਲਾਕਾਤ ਕਿਸੇ ਸਾਹਿਤਕ ਜੋੜ-ਮੇਲੇ ਵਿਚ ਹੋਈ, ਕਿਸੇ ਹੋਰ ਨਾਲ ਉਹਦੇ ਘਰ-ਪਰਿਵਾਰ ਦੇ ਜਾਂ ਕਿਸੇ ਤੀਜੇ ਲੇਖਕ ਦੇ ਘਰ-ਪਰਿਵਾਰ ਦੇ ਕਿਸੇ ਵਿਆਹ-ਸਾਹੇ ਵੇਲੇ ਹੋ ਗਈ, ਪਰ ਜਸਬੀਰ ਭੁੱਲਰ ਨਾਲ ਮੇਰੀ ਪਹਿਲੀ ਮੁਲਾਕਾਤ ਅਜੀਬ ਥਾਂ ਹੋਈ—ਨਾ ਕਿਸੇ ਸਾਹਿਤਕ ਜੋੜ-ਮੇਲੇ ਵਿਚ ਤੇ ਨਾ ਕਿਸੇ ਵਿਆਹ-ਸਾਹੇ ਵਿਚ, ਨਾ ਪੰਜਾਬ ਵਿਚ ਤੇ ਨਾ ਦਿੱਲੀ ਵਿਚ, ਸਗੋਂ 'ਨੋ ਮੈਨਜ਼ ਲੈਂਡ' ਵਿਚ। ਇਹ ਕੋਈ ਚਾਰ ਦਹਾਕੇ ਪੁਰਾਣੀ, 1980 ਦੇ ਐਧਰ-ਓਧਰ ਦੀ ਗੱਲ ਹੈ।



**ਗੁਰਬਚਨ ਸਿੰਘ ਭੁੱਲਰ**
ਫੋਨ:+91-80763-63058

ਉਹਦਾ ਨਾਵਲਿਟ 'ਨੋ ਮੈਨਜ਼ ਲੈਂਡ' ਕਾਫ਼ੀ ਚਰਚਾ ਵਿਚ ਸੀ। ਜਸਬੀਰ ਭੁੱਲਰ ਦਾ ਨਾਂ ਤਾਂ ਪੜ੍ਹਿਆ ਹੋਇਆ ਸੀ, ਸਗੋਂ ਸਾਡੇ ਨਾਂਵਾਂ ਵਿਚ ਭੁੱਲਰ ਦੀ ਸਾਂਝ ਕਾਰਨ ਚੇਤੇ ਵਿਚ ਵੀ ਖੁਣਿਆ ਗਿਆ ਸੀ, ਪਰ ਉਹਦੀ ਕੋਈ ਰਚਨਾ ਅਜੇ ਮੇਰੇ ਹੱਥ ਨਹੀਂ ਸੀ ਆਈ। ਮੈਨੂੰ ਪੰਜਾਬੀ ਨਾਵਲਿਟ ਦਾ ਅੰਗਰੇਜ਼ੀ ਨਾਂ ਅਵੱਲਾ ਜਿਹਾ ਵੀ ਲਗਿਆ ਪਰ ਪੜ੍ਹਨ ਦੀ ਜਗਿਆਸਾ ਵੀ ਜਾਗੀ।

ਉਨ੍ਹੀਂ ਦਿਨੀਂ ਨਰਿੰਦਰ ਭੁੱਲਰ ਨੇ, ਜੋ ਰੂਸੀ ਦਫ਼ਤਰ ਵਿਚ ਮੇਰੇ ਨਾਲ ਕੰਮ ਕਰਦਾ ਸੀ, ਗੱਲਾਂ ਵਿਚ ਜਸਬੀਰ ਭੁੱਲਰ ਦਾ ਜ਼ਿਕਰ ਛੇੜ ਲਿਆ। ਉਹ ਦੋਵੇਂ ਤਰਨਤਾਰਨ ਤੋਂ ਸਨ ਤੇ ਨਰਿੰਦਰ ਉਹਦਾ ਚੰਗਾ ਜਾਣੂ ਤੇ ਪ੍ਰਸ਼ੰਸਕ ਸੀ। ਇਕ ਤਾਂ ਉਹਨੇ ਇਹ ਦੱਸਿਆ ਕਿ ਇਸ ਨਾਵਲ ਤੋਂ ਪਹਿਲਾਂ ਜਸਬੀਰ ਦੀਆਂ ਤਿੰਨ-ਚਾਰ ਗਲਪ ਪੁਸਤਕਾਂ ਛਪ ਚੁੱਕੀਆਂ ਹਨ ਤੇ ਦੂਜੇ, ਇਹ ਆਖ ਕੇ ਮੇਰੀ ਜਗਿਆਸਾ ਵਿਚ ਵਾਧਾ ਕਰ ਦਿੱਤਾ ਨਾਵਲਿਟ 'ਨੋ ਮੈਨਜ਼ ਲੈਂਡ' ਤਾਂ ਜ਼ਰੂਰ ਪੜ੍ਹਨ ਵਾਲਾ ਹੈ। ਅਗਲੇ ਦਿਨ ਉਹਨੇ ਘਰੋਂ ਲਿਆ ਦਿੱਤਾ। ਨਾਵਲਿਟ ਛੋਟਾ ਹੀ ਸੀ, ਲੰਮੀ ਕਹਾਣੀ ਜਿੰਨਾ ਆਕਾਰ ਸੀ ਉਹਦਾ। ਪੜ੍ਹਨ ਬੈਠਾ ਤਾਂ ਮੈਂ ਇਕੋ ਸਾਹੇ ਪੜ੍ਹ ਗਿਆ। ਪਰ ਇਸ ਇਕ-ਸਾਹੀ ਪੜ੍ਹਤ ਦਾ ਕਾਰਨ ਰਚਨਾ ਦਾ ਛੋਟਾ ਆਕਾਰ ਨਹੀਂ ਸੀ, ਉਹਦੀ ਵਸਤ ਸੀ, ਵਸਤ ਨੂੰ ਪੇਸ਼ ਕਰਨ ਵਾਲੀ ਭਾਸ਼ਾ ਸੀ ਤੇ ਰਚਨਾ ਨੂੰ ਪਾਠਕ ਸਾਹਮਣੇ ਪਰੋਸਣ ਦਾ ਢੰਗ ਸੀ, ਜਿਨ੍ਹਾਂ ਗੱਲਾਂ ਸਦਕਾ ਉਹਨੂੰ ਪੜ੍ਹਦਿਆਂ ਵਿਚ ਦਮ ਲੈਣਾ ਸੰਭਵ ਨਹੀਂ ਸੀ ਰਿਹਾ।

ਜਸਬੀਰ ਓਦੋਂ ਫ਼ੌਜ ਵਿਚ ਅਫ਼ਸਰ ਸੀ। ਆਪਣੇ ਦੇਸ ਲਈ ਤੇ ਦੇਸ ਦੇ ਲੋਕਾਂ ਤੋਂ ਲਾਂਭੇ ਦੀ ਲੰਘ ਕੇ ਦੇਸ ਦੀ ਮਿੱਟੀ ਲਈ ਸ਼ਰਧਾ ਤੇ ਵਫ਼ਾਦਾਰੀ ਅਤੇ ਦੁਸ਼ਮਣ ਲਈ, ਉਹ ਜਿਸ ਮੌਕੇ ਜੋ ਵੀ ਹੋਵੇ, ਘੋਰ ਵਿਰੋਧ ਤੇ ਨਫ਼ਰਤ ਫ਼ੌਜੀ ਦੀ ਸੁਭਾਵਿਕ ਸਿਖਲਾਈ ਤੇ ਸੋਚ ਹੁੰਦੀ ਹੈ। 'ਨੋ ਮੈਨਜ਼ ਲੈਂਡ' ਪੜ੍ਹ ਕੇ ਮੈਨੂੰ ਹੈਰਾਨੀ ਹੋਈ ਕਿ ਪਾਠਕ ਨੂੰ ਸੋਚਾਂ ਵਿਚ ਪਾ ਦੇਣ ਵਾਲੀ ਵੱਖਰੀ ਹੀ ਸੋਚ ਵਾਲਾ ਇਹ ਨਾਵਲਿਟ ਇਕ ਫ਼ੌਜੀ ਅਫ਼ਸਰ ਨੇ ਨੌਕਰੀ ਕਰਦਿਆਂ ਲਿਖਿਆ ਸੀ! ਮੇਰੇ ਬਾਪੂ ਜੀ ਫ਼ੌਜ ਵਿਚ ਸਨ ਤੇ ਸਾਡੇ ਘਰ ਪੰਜਾਬੀ ਹਫ਼ਤਾਵਾਰ 'ਫ਼ੌਜੀ ਅਖ਼ਬਾਰ' ਮੇਰੇ ਸੁਰਤ ਸੰਭਾਲਣ ਤੋਂ ਪਹਿਲਾਂ ਤੋਂ ਆਉਂਦਾ ਸੀ। ਫ਼ੌਜ ਬਾਰੇ ਲੇਖਾਂ ਤੇ ਖ਼ਬਰਾਂ ਤੋਂ ਇਲਾਵਾ ਉਸ ਵਿਚ ਕੁਛ ਸਾਹਿਤਕ ਰਚਨਾਵਾਂ ਵੀ ਹੁੰਦੀਆਂ ਸਨ। ਉਹ ਸਭ ਦੇਸ-ਭਗਤੀ, ਜੋ ਨਾਲ ਦੀ ਨਾਲ ਸਰਕਾਰ-ਭਗਤੀ ਵੀ ਹੁੰਦੀ ਹੈ, ਦੀ ਚਾਸ਼ਨੀ ਵਿਚ ਡੁਬੋਈਆਂ ਹੋਈਆਂ ਹੁੰਦੀਆਂ ਸਨ। ਪਿੰਡ ਦੇ ਛੁੱਟੀ ਆਏ ਤੇ ਪੈਨਸ਼ਨੀਏ ਫ਼ੌਜੀ ਵੀ ਆਪਣੀ ਸੂਰਬੀਰਤਾ ਤੇ ਦੁਸ਼ਮਣ ਦੀ ਕਾਇਰਤਾ ਦੀਆਂ ਬਾਤਾਂ ਹੀ ਪਾਉਂਦੇ।

ਲੇਖਕ ਨੇ 'ਨੋ ਮੈਨਜ਼ ਲੈਂਡ' ਫ਼ੌਜੀ ਵਰਦੀ ਲਾਹ ਕੇ ਕਿੱਲੀ ਉੱਤੇ ਟੰਗਦਿਆਂ ਨਿਰੋਲ ਮਨੁੱਖੀ ਨਜ਼ਰੀਏ ਤੋਂ ਲਿਖਣ ਦਾ ਅਣਕਿਆਸਿਆ ਕੰਮ ਕੀਤਾ ਹੋਇਆ ਸੀ। ਇਕ ਸੁੱਕੀ ਨਦੀ ਦੇ ਦੋਵੇਂ ਪਾਸੀਂ ਬੈਠੇ, ਦੂਜੇ ਪੱਖ ਦੇ ਚਿੜੀ-ਪਰਿੰਦੇ ਤੱਕ ਨੂੰ ਸ਼ੱਕ ਨਾਲ ਦੇਖਦੇ ਦੋਵੇਂ ਕਮਾਨ-ਅਫ਼ਸਰ ਜਦੋਂ ਵਰਦੀ ਲਾਹ ਪਹਿਲਾਂ 'ਨੋ ਮੈਨਜ਼ ਲੈਂਡ' ਵਿਚ ਤੇ ਫੇਰ ਇਕ ਦੂਜੇ ਦੀ ਧਰਤੀ ਉੱਤੇ ਜਾ ਕੇ ਮਿਲਦੇ ਹਨ, ਉਹ ਬਿਲਕੁਲ ਵੱਖਰੇ ਰੂਪ ਵਿਚ, ਮਨੁੱਖਾਂ ਵਾਂਗ, ਸਗੋਂ ਲਗਭਗ ਦੋਸਤਾਂ ਵਾਂਗ ਮਿਲਦੇ ਹਨ ਅਤੇ ਕਹੇ-ਅਣਕਹੇ ਸ਼ਬਦਾਂ ਵਿਚ ਮਨੁੱਖ ਤੋਂ ਫ਼ੌਜੀ ਬਣਨ ਦੇ ਸੰਤਾਪ ਦਾ ਰੁਦਨ ਕਰਦੇ ਹਨ। ਫ਼ੌਜ ਦਾ ਕੰਮ ਦੁਸ਼ਮਣ ਵਿਰੁੱਧ ਲੜਨਾ, ਇਸ ਲੜਾਈ ਵਿਚ ਮਾਰਨਾ ਤੇ ਮਰਨਾ ਅਤੇ ਇਸ ਵਰਤਾਰੇ ਉੱਤੇ ਫ਼ਖ਼ਰ ਮਹਿਸੂਸ ਕਰਨਾ ਹੁੰਦਾ ਹੈ। ਪਰ ਜਸਬੀਰ ਦਾ ਇਹ ਨਾਵਲਿਟ ਪੜ੍ਹ ਕੇ ਪਾਠਕ ਸੋਚਦਾ ਹੈ, ਇਹ ਫ਼ੌਜਾਂ, ਇਹ ਦੁਸ਼ਮਣੀਆਂ, ਇਹ ਜੰਗਾਂ, ਇਹ ਮਰਨਾ-ਮਾਰਨਾ ਆਖ਼ਰ ਕਾਹਦੇ ਲਈ ਤੇ ਕੀਹਦੇ ਲਈ! ਮੇਰੇ ਇਹ ਨਾਵਲਿਟ ਪੜ੍ਹਨ ਦਾ ਇਕ ਨਤੀਜਾ ਇਹ ਹੋਇਆ ਕਿ ਜਸਬੀਰ ਭੁੱਲਰ ਨੂੰ ਇਕ ਪ੍ਰਸ਼ੰਸਕ ਪਾਠਕ ਮਿਲ ਗਿਆ—ਮੇਰੇ ਰੂਪ ਵਿਚ। ਤੇ ਇਸ ਪਾਠਕ ਨੂੰ ਤਸੱਲੀ ਰਹੀ ਕਿ ਲੇਖਕ ਨੇ ਆਪਣੀ ਇਸ ਸੋਚ ਨੂੰ ਫ਼ੌਜੀ ਜੀਵਨ ਬਾਰੇ ਆਪਣੀਆਂ ਅਨੇਕ ਭਵਿੱਖੀ ਰਚਨਾਵਾਂ ਵਿਚ ਹੋਰ ਵੀ ਖ਼ੂਬਸੂਰਤੀ ਨਾਲ, ਹੋਰ ਵੀ ਸੂਖਮਤਾ ਤੇ ਕਲਾਤਮਿਕਤਾ ਨਾਲ ਪੇਸ਼ ਕੀਤਾ।

ਦੋ ਕੁ ਸਾਲ ਪਹਿਲਾਂ ਜਦੋਂ ਮੈਂ ਪੰਜਾਬੀ ਦੀਆਂ 25 ਸਿਰਮੌਰ ਕਹਾਣੀਆਂ ਦੀ ਪਾਠਕੀ ਪੜ੍ਹਤ ਦੀ ਪੁਸਤਕ 'ਕੀ ਕਹੇ ਕਹਾਣੀ' ਛਪਵਾਈ, ਜਸਬੀਰ ਦੀ ਕਹਾਣੀ 'ਬਰਫ਼ ਦਾ ਦਾਨਵ' ਸ਼ਾਮਲ ਕੀਤੀ। ਕਹਾਣੀ ਪੜ੍ਹ ਕੇ ਪਾਠਕ ਦਾ ਪਹਿਲਾ ਪ੍ਰਤੀਕਰਮ ਹੁੰਦਾ ਹੈ ਕਿ ਬਰਫ਼ ਦੇ ਰੇਤੇ ਦੇ ਥਲ ਖ਼ਾਤਰ, ਜਿਥੇ ਨਾ ਕੋਈ ਪੱਤਾ ਉਗਦਾ ਹੈ ਤੇ ਨਾ ਕੋਈ ਜੀਵ-ਜੰਤ ਜਿਉਂਦਾ ਰਹਿ ਸਕਦਾ ਹੈ, ਦਹਾਕਿਆਂ ਤੋਂ ਆਏ ਦਿਨ ਦੋਵਾਂ ਧਿਰਾਂ ਦੀਆਂ ਬੇਅਰਥ ਮੌਤਾਂ ਕਿਉਂ! ਮੈਂ ਜਸਬੀਰ ਨੂੰ ਸਲਾਹ ਦਿੱਤੀ ਕਿ ਉਹ ਫ਼ੌਜੀ ਜੀਵਨ ਸੰਬੰਧੀ ਆਪਣੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਤਿਆਰ ਕਰਨ ਦਾ ਪੁੰਨ ਜ਼ਰੂਰ ਕਮਾਵੇ। ਮੈਨੂੰ ਖ਼ੁਸ਼ੀ ਹੈ ਕਿ ਪੀਪਲਜ਼ ਫ਼ੋਰਮ ਬਰਗਾੜੀ ਨੇ ਇਨ੍ਹੀਂ ਦਿਨੀਂ ਉਹਦਾ ਇਹ ਮੁੱਲਵਾਨ ਕਹਾਣੀ-ਸੰਗ੍ਰਹਿ 'ਟੁੱਟੇ ਤਾਰਿਆਂ ਦਾ ਸਿਵਾ' ਪ੍ਰਕਾਸ਼ਿਤ ਕਰ ਦਿੱਤਾ ਹੈ।

ਲਿਖਤ ਨਾਲ ਏਨੀ ਪਿਆਰੀ ਜਾਣ-ਪਛਾਣ ਹੋ ਗਈ ਤਾਂ ਲੇਖਕ ਨਾਲ ਜਾਣ-ਪਛਾਣ ਦੀ ਇੱਛਾ ਹੋਣੀ ਕੁਦਰਤੀ ਸੀ। ਪਰ ਜਸਬੀਰ ਦੇ ਪਰਿਵਾਰ ਨਾਲ ਚਿਰਾਂ ਤੋਂ ਬਣੇ ਹੋਏ ਰਿਸ਼ਤੇ ਸਦਕਾ ਯਤਨ ਦੇ ਬਾਵਜੂਦ ਉਹ ਸਮਾਂ ਚੇਤੇ ਨਹੀਂ ਆਉਂਦਾ ਜਦੋਂ ਅਸੀਂ ਪਹਿਲੀ ਵਾਰ ਮਿਲੇ ਸੀ ਤੇ ਜਾਂ ਫੇਰ ਜਦੋਂ ਅਜੇ ਇਹ ਰਿਸ਼ਤਾ ਏਨਾ ਸੰਘਣਾ ਨਹੀਂ ਸੀ ਬਣਿਆ। ਹੋ ਸਕਦਾ ਹੈ, ਪਹਿਲੀ ਵਾਰ ਉਹਦੇ ਘਰ ਮੈਨੂੰ ਨਰਿੰਦਰ ਭੁੱਲਰ ਹੀ ਲੈ ਕੇ ਗਿਆ ਹੋਵੇ। ਇਸ ਰਿਸ਼ਤੇ ਬਾਰੇ ਮੇਰਾ ਚੇਤਾ ਉਥੋਂ ਸ਼ੁਰੂ ਹੁੰਦਾ ਹੈ ਜਦੋਂ ਅਸੀਂ ਦੋਵੇਂ ਜੀਅ ਕਿਸੇ ਲੇਖਕ ਮਿੱਤਰ ਦੇ ਨਹੀਂ, ਛੋਟੇ ਭਰਾ ਦੇ ਘਰ ਜਾਣ ਲੱਗੇ ਸੀ। ਇਸ ਨੇੜਤਾ ਉੱਤੇ ਮੋਹਰ ਓਦੋਂ ਲੱਗ ਗਈ ਜਦੋਂ ਜਸਬੀਰ ਦੀ ਸਾਥਣ, ਬੀਬੀ ਅਮਰਇੰਦਰ ਦੇ ਸਾਡੇ ਪਿੰਡਾਂ ਦੀ, ਬਰਨਾਲੇ ਦੀ ਕੁੜੀ ਹੋਣ ਦਾ ਪਤਾ ਲੱਗਿਆ।

ਛੇਤੀ ਹੀ ਜਸਬੀਰ ਦੀ ਤੇ ਮੇਰੀ ਸਾਂਝ ਤੋਂ ਸੰਘਣੀ ਸਾਂਝ ਬੀਬੀ ਅਮਰਇੰਦਰ ਤੇ ਮੇਰੀ ਸਾਥਣ ਗੁਰਚਰਨ ਦੀ ਬਣ ਗਈ। ਕਈ ਵਾਰ ਉਹ ਵੱਖਰੀਆਂ ਬੈਠ ਕੇ ਗੱਲਾਂ ਕਰਦੀਆਂ। ਮੈਂ ਆਖਦਾ, 'ਸਾਡੀਆਂ ਚੁਗ਼ਲੀਆਂ ਨਾ ਕਰਿਓ!' ਉਹ ਹਸਦੀਆਂ, 'ਥੋਡੀਆਂ ਚੁਗ਼ਲੀਆਂ ਕਿਉਂ ਕਰਾਂਗੀਆਂ। ਅਸੀਂ ਕਿਤੇ ਡਰਦੀਆਂ ਹਾਂ। ਥੋਡੀਆਂ ਗੱਲਾਂ ਥੋਡੇ ਮੂੰਹ 'ਤੇ ਕਰਾਂਗੀਆਂ!'

ਜਦੋਂ ਅਸੀਂ ਅਮਰੀਕਾ ਗਏ, ਇਹ ਸਾਂਝ, ਇਹ ਰਿਸ਼ਤਾ ਰਿਸ਼ਤੇਦਾਰੀਆਂ ਤੱਕ ਪਹੁੰਚ ਗਿਆ ਤੇ ਇਕ ਪੌਡਾ ਹੋਰ ਉੱਚਾ ਚੜ੍ਹ ਗਿਆ। ਜਸਬੀਰ ਦੀ ਭੈਣ, ਇੰਦਰਬੀਰ ਅਮਰੀਕਾ-ਵਾਸੀ ਹੈ ਤੇ ਕਵੀ ਗਾਇਕ ਪਸ਼ੌਰਾ ਸਿੰਘ ਢਿੱਲੋਂ ਉਹਦਾ ਜੀਵਨ-ਸਾਥੀ ਹੈ। ਕਈ ਵਾਰ ਮਿਲੇ, ਘਰ ਵੀ ਤੇ ਲੇਖਕਾਂ ਵਿਚ ਵੀ। ਜਦੋਂ ਗੱਲਾਂ ਵਿਚ ਜਸਬੀਰ ਦਾ ਤੇ ਮੇਰਾ ਜ਼ਿਕਰ ਹੁੰਦਾ, ਦੋਵਾਂ ਨੂੰ ਆਦਤਨ ਭੁੱਲਰ-ਭੁੱਲਰ ਕਹਿੰਦਿਆਂ ਪਛਾਣਾਂ ਘੁਲਮਿਲ ਜਾਂਦੀਆਂ। ਪਸ਼ੌਰਾ ਸਿੰਘ ਨੇ ਇਹਦਾ ਵਧੀਆ ਹੱਲ ਸੋਚਿਆ, 'ਭਾਅ ਜੀ, ਜਸਬੀਰ ਉਮਰੋਂ ਤੁਹਾਥੋਂ ਛੋਟਾ ਹੈ। ਕਿਉਂ ਨਾ ਉਹਨੂੰ ਛੋਟਾ ਭੁੱਲਰ ਤੇ ਤੁਹਾਨੂੰ ਵੱਡਾ ਭੁੱਲਰ ਕਿਹਾ ਕਰੀਏ!' ਮੈਨੂੰ ਭਲਾ ਹੋਰ ਕੀ ਚਾਹੀਦਾ ਸੀ। ਮੈਂ ਗਦਗਦ ਹੋ ਕੇ ਕਿਹਾ, 'ਇਹ ਠੀਕ ਹੈ, ਗੱਲਾਂ ਵਿਚ ਕੋਈ ਭੁਲੇਖਾ ਨਾ ਲੱਗੂ। ਨਾਲੇ ਹੋ ਸਕਦਾ ਹੈ, ਲੇਖਕਾਂ-ਪਾਠਕਾਂ ਨੂੰ ਵਧੀਆ ਭੁਲੇਖਾ ਲੱਗ ਜਾਵੇ ਤੇ ਉਹ ਵੱਡੇ ਭੁੱਲਰ ਦਾ ਮਤਲਬ ਉਮਰੋਂ ਵੱਡੇ ਦੀ ਥਾਂ ਲੇਖਕ ਵਜੋਂ ਵੱਡਾ ਸਮਝਣ ਲੱਗ ਜਾਣ!'

ਉਮਰੋਂ ਛੋਟੇ-ਵੱਡੇ ਤੇ ਲੇਖਕ ਵਜੋਂ ਛੋਟੇ-ਵੱਡੇ ਦੇ ਦੇਖਣ ਵਿਚ ਸਰਲ ਲਗਦੇ ਇਸ ਚੱਕਰ ਨੇ ਮੈਨੂੰ ਸੱਚ-ਮੁੱਚ ਦੇ ਚੱਕਰ ਵਿਚ ਪਾ ਦਿੱਤਾ। ਵੱਡੇ-ਛੋਟੇ ਲੇਖਕ ਦਾ ਨਿਤਾਰਾ ਕਰਨ ਵਾਸਤੇ ਕੋਈ ਤੱਕੜੀ, ਕੋਈ ਪੈਮਾਨਾ ਤਾਂ ਹੈ ਨਹੀਂ। ਮੇਰੀ ਸਮਝ ਮੁਤਾਬਿਕ ਉਸ ਰਚਨਾ ਦਾ ਲੇਖਕ ਵੱਡਾ ਕਹੇ ਜਾਣ ਦਾ ਹੱਕਦਾਰ ਹੁੰਦਾ ਹੈ, ਜਿਸ ਨੂੰ ਪੜ੍ਹਦਿਆਂ ਤੁਹਾਨੂੰ ਲੱਗੇ ਕਿ ਇਹ ਖ਼ੂਬਸੂਰਤ ਰਚਨਾ ਮੇਰੀ ਹੋਣੀ ਚਾਹੀਦੀ ਸੀ! ਤੇ ਜਸਬੀਰ ਦੀਆਂ ਇਕ-ਦੋ-ਚਾਰ ਨਹੀਂ, ਅਨੇਕ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਪੜ੍ਹਨ ਸਮੇਂ ਮਨ ਵਿਚ ਇਹੋ ਭਾਵਨਾ ਜਾਗਦੀ ਹੈ। ਮੇਰੀ ਕਿਸੇ ਰਚਨਾ ਬਾਰੇ ਜਸਬੀਰ ਦੇ ਮਨ ਵਿਚ ਇਹ ਵਿਚਾਰ ਆਉਂਦਾ ਹੈ ਕਿ ਨਹੀਂ, ਪਤਾ ਨਹੀਂ!


ਇਸ ਵਰਤਾਰੇ ਦਾ ਇਕ ਦਿਲਚਸਪ ਪਹਿਲੂ ਇਹ ਹੈ ਕਿ ਕਈ ਵਾਰ ਪਾਠਕ ਸਾਡੀਆਂ ਰਚਨਾਵਾਂ ਇਕ ਦੂਜੇ ਦੇ ਨਾਂ ਲਾ ਕੇ ਇਹ ਹਸਰਤ ਪੂਰੀ ਕਰ ਦਿੰਦੇ ਹਨ। ਉਰਦੂ ਗਲਪਕਾਰ ਸਵਰਗੀ ਅਨਵਰ ਅਜ਼ੀਮ ਰੂਸੀ ਦਫ਼ਤਰ ਵਿਚ ਮੇਰੇ ਨਾਲ ਕੰਮ ਕਰਦਾ ਸੀ। ਜੇ ਅੱਜ-ਕੱਲ੍ਹ ਦੀਆਂ ਪੀੜ੍ਹੀਆਂ ਨੂੰ ਉਹਦੀ ਪੱਕੀ ਪਛਾਣ ਦੱਸਣੀ ਹੋਵੇ, ਉਹ ਐਕਟਰ ਸ਼ਾਹਿਦ ਕਪੂਰ ਦਾ ਨਾਨਾ ਸੀ। ਇਕ ਸੋਮਵਾਰ ਉਹ ਮੇਰੇ ਕਮਰੇ ਵਿਚ ਆਇਆ ਤੇ ਬੋਲਿਆ, 'ਬਈ ਭੁੱਲਰ ਸਾਹਿਬ, ਮੁਬਾਰਕ ਹੋ! ਕਲ੍ਹ ਕੇ 'ਹਿੰਦੁਸਤਾਨ ਟਾਈਮਜ਼' ਮੇਂ ਪੰਜਾਬੀ ਅਦਬ ਕੇ ਬਾਰੇ ਮੇਂ ਏਕ ਆਰਟੀਕਲ ਹੈ। ਉਸ ਮੇਂ ਆਪ ਕੀ, ਖਾਸ ਕਰ ਕੇ ਫ਼ੌਜੀ ਜ਼ਿੰਦਗੀ ਕੋ ਲੇ ਕਰ ਲਿਖੀ ਗਈ ਆਪ ਕੀ ਕਹਾਨੀਓਂ ਕੀ ਬਹੁਤ ਤਾਰੀਫ਼ ਕੀ ਗਈ ਹੈ।' ਮੈਂ ਸਾਰਾ ਮਾਮਲਾ ਸਮਝ ਤਾਂ ਗਿਆ, ਪਰ ਸਿਆਣਾ ਬਣ ਕੇ ਸੋਚਿਆ, ਇਹਨੂੰ ਅਸਲੀਅਤ ਦੱਸ ਕੇ ਮੁਫ਼ਤ ਵਿਚ ਮਿਲੀ ਵਡਿਆਈ ਪਰੇ ਕਿਉਂ ਧੱਕਣੀ ਹੈ! ਮੈਂ 'ਹਿੰਦੁਸਤਾਨ ਟਾਈਮਜ਼' ਵਿਚ ਛਪੀ 'ਮੇਰੀ' ਤਾਰੀਫ਼ ਦੀ ਜਾਣਕਾਰੀ ਦੇਣ ਲਈ ਉਹਦਾ ਤਹਿ ਦਿਲੋਂ ਧੰਨਵਾਦ ਕੀਤਾ।

ਜਦੋਂ ਜਸਬੀਰ ਪੰਜਾਬ ਸਾਹਿਤ ਅਕਾਦਮੀ ਦਾ ਸਕੱਤਰ ਸੀ, ਅਕਾਦਮੀ ਨੇ ਮਾਨਸਾ ਵਿਚ ਇਕ ਕਹਾਣੀ-ਦਰਬਾਰ ਕਰਵਾਇਆ। ਇਕ ਆਦਮੀ ਬੜੇ ਉਤਸਾਹ ਨਾਲ ਆਇਆ ਤੇ ਹੱਥ ਮਿਲਾ ਕੇ ਬੋਲਿਆ, 'ਮੈਂ ਤਾਂ ਛੁੱਟੀ ਲੈ ਕੇ ਸਿਰਫ਼ ਤੁਹਾਨੂੰ ਮਿਲਣ ਆਇਆ ਹਾਂ।' ਲੇਖਕ ਨੂੰ ਅਜਿਹੇ ਪਾਠਕ ਤੋਂ ਵੱਧ ਹੋਰ ਕੀ ਚਾਹੀਦਾ ਹੁੰਦਾ ਹੈ, ਜਸਬੀਰ ਦਾ ਖ਼ੁਸ਼ ਹੋਣਾ ਸੁਭਾਵਿਕ ਸੀ। ਪਾਠਕ ਨੇ ਦੱਸਿਆ, 'ਜਦੋਂ ਦੀ ਮੈਂ 'ਦੀਵੇ ਵਾਂਗ ਬਲਦੀ ਅੱਖ' ਪੜ੍ਹੀ ਹੈ, ਮੇਰੇ ਦਿਲ-ਦਿਮਾਗ਼ ਉੱਤੇ ਛਾਈ ਪਈ ਹੈ। ਓਦੋਂ ਦੀ ਤੁਹਾਨੂੰ ਮਿਲਣ ਦੀ ਤਾਂਘ ਸੀ ਜੋ ਅੱਜ ਪੂਰੀ ਹੋ ਗਈ!'

ਕਈ ਸਾਲ ਪਹਿਲਾਂ ਦੀ ਗੱਲ ਹੈ, ਚੰਡੀਗੜ੍ਹ ਦੀ ਇਕ ਲੇਖਿਕਾ ਨੇ ਖ਼ਬਰ ਦਿੱਤੀ ਕਿ ਜਸਬੀਰ ਭੁੱਲਰ ਨੇ ਦਾੜ੍ਹੀ ਰੰਗਣੀ ਛੱਡ ਦਿੱਤੀ ਹੈ। ਮੈਨੂੰ ਕੁਛ ਅਜੀਬ ਜਿਹਾ ਤਾਂ ਲਗਿਆ, ਪਰ ਮੈਂ ਗੱਲ ਉਥੇ ਹੀ ਮੁਕਦੀ ਕਰ ਕੇ ਆਪਣੀ ਅਗਲੀ ਚੰਡੀਗੜ੍ਹ-ਫੇਰੀ ਤੱਕ ਵਿਸਾਰ ਦਿੱਤੀ। ਜਦੋਂ ਮੈਂ ਉਹਨੂੰ ਦੇਖਿਆ, ਉਹਦੀ ਦਾੜ੍ਹੀ ਏਨੀ ਸਫ਼ੈਦ ਲਿਸ਼ਕ ਰਹੀ ਸੀ ਜਿਵੇਂ ਰੰਗ ਤੋਂ ਵੀ ਪਿੱਛੇ ਜਾ ਕੇ ਉਹ ਉੱਤਰੀ ਹੀ ਸਫ਼ੈਦ ਹੋਵੇ! ਮੈਂ ਬਹੁਤ ਲੋਕ ਕਾਲਿਓਂ ਚਿੱਟੇ ਹੁੰਦੇ ਦੇਖੇ ਸਨ, ਪਰ ਉਹ ਸੰਤ ਸਿੰਘ ਸੇਖੋਂ ਦੇ ਆਖਣ ਵਾਂਗ 'ਦਰਿਆ ਦੇ ਵਿਚਕਾਰ ਚੱਪੂ ਸੁੱਟਣ' ਦਾ ਕੰਮ ਓਦੋਂ ਕਰਦੇ ਸਨ ਜਦੋਂ ਉਨ੍ਹਾਂ ਦਾ ਆਪਣਾ ਹੀ ਚਿਹਰਾ ਉਨ੍ਹਾਂ ਦੇ ਹੱਥ ਫੜੇ ਹੋਏ ਕਲਫ਼ ਦੇ ਬੁਰਸ਼ ਨੂੰ ਮਖ਼ੌਲ ਕਰਨ ਲੱਗ ਜਾਂਦਾ ਸੀ। ਪਰ ਇਹਨੂੰ ਤਾਂ ਅਜੇ ਬਣਾਉਟੀ ਕਾਲਸ ਉਮਰ ਦਾ ਚੋਰ ਤੇ ਦਿਲਾਂ ਦਾ ਠੱਗ ਬਣਾ ਦਿੰਦੀ ਸੀ। ਦੇਖਦਿਆਂ ਮੇਰੇ ਮੂੰਹੋਂ ਇਕਦਮ ਨਿੱਕਲਿਆ, 'ਤੂੰ ਇਹ ਕੀ ਕੀਤਾ! ਹੁਣ ਕਿਸੇ ਨੇ ਤੈਨੂੰ ਬੇਟਾ ਨਹੀਂ ਆਖਣਾ!' ਜਵਾਬ ਵਿਚ ਉਹ ਸਿਰਫ਼ ਮੁਸਕਰਾ ਪਿਆ।

ਉਹ ਗੱਲ ਕੁੜੀਆਂ ਦੇ ਇਕ ਦੂਰ ਦੇ ਕਾਲਜ ਵਿਚ ਹੋਏ ਸਾਹਿਤਕ ਸਮਾਗਮ ਦੀ ਸੀ। ਸਾਹਿਤਕ ਪ੍ਰੋਗਰਾਮ ਖ਼ਤਮ ਹੋ ਗਿਆ। ਖਾਣੇ ਦੀ ਤਿਆਰੀ ਹੋ ਰਹੀ ਸੀ। ਜਸਬੀਰ ਨੇ ਵੇਲੇ-ਸਿਰ ਮੁਹਾਲੀ ਪਹੁੰਚਣ ਦਾ ਖ਼ਿਆਲ ਕਰਦਿਆਂ ਕੋਲ ਬੈਠਿਆਂ ਨੂੰ ਕਿਹਾ, ਚਲੋ ਖਾਣੇ ਦਾ ਪਤਾ ਕਰੀਏ। ਪ੍ਰਿੰਸੀਪਲ, ਜੋ ਇਸ ਸੇਵਾ-ਮੁਕਤ ਫ਼ੌਜੀ ਅਫ਼ਸਰ ਤੋਂ ਯਕੀਨਨ ਛੋਟੀ ਸੀ, ਸਬੱਬ ਨਾਲ ਨੇੜੇ ਹੀ ਖੜ੍ਹੀ ਕਿਸੇ ਨਾਲ ਗੱਲ ਕਰ ਰਹੀ ਸੀ। ਇਹਦੀ ਗੱਲ ਕੰਨੀਂ ਪਈ ਤੋਂ ਬੋਲੀ, 'ਕੋਈ ਨਾ ਬੇਟਾ, ਚਲਦੇ ਹਾਂ, ਆਪਾਂ ਸਾਰਿਆਂ ਨੇ ਹੀ ਖਾਣਾ ਹੈ।'

ਮੈਂ ਹੱਸਿਆ, 'ਤੈਨੂੰ ਦੇਖ ਕੇ ਓਦੋਂ ਪ੍ਰਿੰਸੀਪਲ ਦੇ ਮਨ ਵਿਚ ਪਤਾ ਨਹੀਂ ਅਚਾਨਕ ਕੀ ਖ਼ਿਆਲ ਆਇਆ ਹੋਵੇਗਾ, ਪਰ ਕੁਛ ਸੰਬੋਧਨ ਕਰਨ ਦੀ ਸਮਾਜਕ ਰੀਤ ਪਾਲਦਿਆਂ ਉਹਦੇ ਮੂੰਹੋਂ 'ਬੇਟਾ' ਨਿੱਕਲ ਗਿਆ। ਮੈਂ ਗੁਲਜ਼ਾਰ ਦੀਆਂ ਖ਼ੂਬਸੂਰਤ ਸਤਰਾਂ 'ਸਿਰਫ਼ ਇਹਸਾਸ ਹੈ, ਰੂਹ ਸੇ ਮਹਿਸੂਸ ਕਰੋ, ਪਿਆਰ ਕੋ ਪਿਆਰ ਹੀ ਰਹਿਨੇ ਦੋ, ਕੋਈ ਨਾਮ ਨਾ ਦੋ' ਚੇਤੇ ਕਰਾਈਆਂ ਤੇ ਕਿਹਾ 'ਗੁਲਜ਼ਾਰ ਬਿਲਕੁਲ ਠੀਕ ਹੈ, ਅਸਲ ਵਿਚ ਕਈ ਰਿਸ਼ਤੇ ਸੱਚਮੁੱਚ ਬੇਨਾਂਵੇਂ ਹੁੰਦੇ ਹਨ। ਉਨ੍ਹਾਂ ਦਾ ਕੋਈ ਨਾਂ ਹੁੰਦਾ ਵੀ ਨਹੀਂ ਤੇ ਕੋਈ ਬਣਾਉਟੀ ਨਾਂ ਦੇਣਾ ਵੀ ਨਹੀਂ ਚਾਹੀਦਾ।'




ਮੈਨੂੰ ਤੀਹ ਕੁ ਵਰ੍ਹਿਆਂ ਦੀ ਉਹ ਕੁੜੀ ਵੀ ਚੇਤੇ ਆਈ, ਜਸਬੀਰ ਨਾਲ ਜਿਸ ਦੀ ਸਾਂਝ ਕਲਮ ਸਦਕਾ ਨਹੀਂ ਸੀ ਬਣੀ, ਰੰਗ-ਬੁਰਸ਼ ਸਦਕਾ ਬਣੀ ਸੀ। ਇਥੇ ਹੁੰਦਿਆਂ ਉਹਨੇ ਆਪਣਾ ਸਿਰਜਿਆ ਇਕ ਚਿੱਤਰ ਵੀ ਇਹਨੂੰ ਭੇਟ ਕੀਤਾ ਸੀ ਜੋ ਇਹਦੇ ਹੁਜਰੇ ਦਾ ਸ਼ਿੰਗਾਰ ਹੈ। ਉਹ ਪਰਦੇਸ ਵਸ ਗਈ। ਆਉਂਦੀ ਹੈ ਤਾਂ ਮਿਲਣਾ ਤਾਂ ਕਿਥੋਂ ਭੁੱਲਣਾ ਸੀ, ਇਹਦੇ ਲਈ ਕੋਈ 'ਗਿਫ਼ਟ' ਵੀ ਜ਼ਰੂਰ ਲਿਆਉਂਦੀ ਹੈ।

ਗਲਵੱਕੜੀ ਪਾ ਕੇ ਮਿਲਦੀ ਹੈ। ਖਾਣ ਵਾਲਾ ਕੁਛ ਮੇਜ਼ ਉੱਤੇ ਰੱਖ ਕੇ ਆਖਦੀ ਹੈ, ਇਹ ਆਪਾਂ ਮਿਲ ਕੇ ਖਾਵਾਂਗੇ। ਉਮਰਾਂ ਵਿਚ 45-50 ਸਾਲ ਦੇ ਫ਼ਰਕ ਵਾਲੇ ਇਸ ਰਿਸ਼ਤੇ ਨੂੰ ਕੀ ਕਿਹਾ ਜਾ ਸਕਦਾ ਹੈ? ਮੈਂ ਨਹੀਂ ਸਮਝਦਾ ਇਸ ਰਿਸ਼ਤੇ ਵਿਚ ਕੁੜੀ ਦੇ ਮਨ ਵਿਚ ਬਜ਼ੁਰਗ ਵਾਲੀਆਂ ਤੇ ਇਹਦੇ ਮਨ ਵਿਚ ਬੱਚੀ ਵਾਲੀਆਂ ਭਾਵਨਾਵਾਂ ਜਾਗਦੀਆਂ ਹਨ। ਪਰ ਮੈਂ ਇਸ ਬਾਰੇ ਵੀ ਸਪੱਸ਼ਟ ਹਾਂ ਕਿ ਭਾਵਨਾਵਾਂ ਪ੍ਰਚਲਿਤ 'ਪਿਆਰ' ਵਾਲੀਆਂ ਵੀ ਨਹੀਂ ਹੁੰਦੀਆਂ। ਮੈਂ ਉਹਦਾ ਆਰੰਭਕ ਦੌਰ ਦਾ ਨਾਵਲਿਟ ਚੇਤੇ ਕਰਦਿਆਂ ਕਿਹਾ, 'ਇਹ ਰਿਸ਼ਤਾ 'ਨੋ ਮੈਨਜ਼ ਲੈਂਡ' ਵਾਂਗ ਉਹੋ ਬੇਨਾਂਵਾਂ ਰਿਸ਼ਤਾ ਹੈ ਜਿਸ ਦਾ ਜ਼ਿਕਰ ਗੁਲਜ਼ਾਰ ਨੇ ਕੀਤਾ ਹੈ। ਨਾ ਇਹਦਾ ਕੋਈ ਨਾਂ ਹੈ, ਨਾ ਇਹਨੂੰ ਕੋਈ ਨਾਂ ਦਿੱਤਾ ਜਾ ਸਕਦਾ ਹੈ ਤੇ ਨਾ ਕੋਈ ਨਾਂ ਦੇਣਾ ਹੀ ਚਾਹੀਦਾ ਹੈ!'

ਸਾਹਿਰ ਲੁਧਿਆਣਵੀ ਪ੍ਰੀਤਨਗਰ ਦੀ ਇਕ ਪ੍ਰੀਤ ਮਿਲਣੀ ਦੀ ਗੱਲ ਕਰਦਿਆਂ ਸਤਿਆਰਥੀ ਬਾਰੇ ਆਖਦਾ ਹੈ, 'ਉਹ ਜਦੋਂ ਪੰਡਾਲ ਵਿਚ ਦਾਖ਼ਲ ਹੋਇਆ ਤਾਂ ਭੀੜ ਵਿਚੋਂ ਬਹੁਤ ਸਾਰੇ ਆਦਮੀਆਂ ਨੇ ਉੱਠ ਕੇ ਉਹਦੇ ਹੱਥ ਚੁੰਮੇ ਤੇ ਤੀਵੀਆਂ ਨੇ ਉਹਦੇ ਪੈਰ ਛੋਹੇ।' ਇਸ ਪੱਖ ਤੋਂ ਜਸਬੀਰ ਬਾਰੇ ਸੋਚਿਆ ਤਾਂ ਇਹਨੂੰ ਮਿਲਦੇ ਆਦਮੀ ਤਾਂ ਸਤਿਆਰਥੀ ਵਾਲੇ ਆਦਮੀਆਂ ਵਾਲਾ ਉਹੋ ਕਰਦੇ ਰਹਿ ਜਾਂਦੇ ਹਨ, ਭਾਵ ਉਹ ਇਹਦੇ ਹੱਥ ਨਹੀਂ ਚੁੰਮਦੇ, ਹੋਰਾਂ ਵਾਂਗ ਇਹਦੇ ਨਾਲ ਵੀ ਹੱਥ ਮਿਲਾਉਂਦੇ ਹਨ, ਪਰ ਤੀਵੀਆਂ ਸਤਿਆਰਥੀ ਵਾਲੀਆਂ ਤੀਵੀਆਂ ਨਾਲੋਂ ਬਹੁਤ ਅੱਗੇ ਲੰਘ ਜਾਂਦੀਆਂ ਹਨ, ਭਾਵ ਉਹ ਇਹਦੇ ਪੈਰ ਨਹੀਂ ਛੋਂਹਦੀਆਂ, ਇਹਨੂੰ ਗਲਵੱਕੜੀ ਪਾਉਂਦੀਆਂ ਹਨ।

## ਕਲਮੀ ਚਿੱਤਰ

ਮੈਂ ਜਦੋਂ ਵੀ ਇਹਦੇ ਇਸ ਪੱਖ ਦੀ ਗੱਲ ਕਰਨੀ ਚਾਹੀ ਹੈ, ਇਹਦਾ ਇਕੋ ਪੱਕਾ ਰਟਿਆ-ਰਟਾਇਆ ਉੱਤਰ ਹੁੰਦਾ ਹੈ, ਮੁਸਕਰਾਹਟ। ਇਥੇ ਵੀ ਮੈਨੂੰ ਸਤਿਆਰਥੀ ਬਾਰੇ ਹੀ ਡਾ. ਹਰਿਭਜਨ ਸਿੰਘ ਦੀ ਇਕ ਟਿੱਪਣੀ ਚੇਤੇ ਆ ਗਈ, 'ਬੜਾ ਚਤੁਰ-ਚਲਾਕ ਹੈ ਇਹ ਬੰਦਾ! ਆਪਣੇ ਮਨ ਉੱਤੇ ਦਾੜ੍ਹੀ ਦੀ ਚਾਦਰ ਤਾਣੀ ਰਖਦਾ ਹੈ। ਇਹ ਸਭ ਦੇ ਮਨ ਵਿਚ ਝਾਕ ਜਾਂਦਾ ਏ, ਪਰ ਆਪ ਕਿਸੇ ਨੂੰ ਆਪਣੇ ਮਨ ਵਿਚ ਝਾਕਣ ਹੀ ਨਹੀਂ ਦਿੰਦਾ!' ਜਸਬੀਰ ਆਪਣੀ ਮੁਸਕਰਾਹਟ ਤੋਂ ਸਤਿਆਰਥੀ ਦੀ ਦਾੜ੍ਹੀ ਵਾਂਗ ਪਰਦਾਪੋਸ਼ੀ ਦਾ ਕੰਮ ਲੈਂਦਾ ਹੈ।

ਮੈਂ ਸੋਚਿਆ, ਇਹਨੇ ਤਾਂ ਆਪਣੇ ਮਨ ਵਿਚ ਝਾਕਣ ਨਹੀਂ ਦੇਣਾ, ਬੀਬੀ ਤੋਂ ਹੀ ਪੁੱਛ ਦੇਖੀਏ। ਮੈਂ ਰਾਹ ਦਿਖਾਉਣ ਵਾਸਤੇ ਪਹਿਲਾਂ ਉਨ੍ਹਾਂ ਨੂੰ ਇਕ ਘਟਨਾ ਸੁਣਾਉਣੀ ਠੀਕ ਸਮਝੀ। ਇਕ ਵਾਰ ਮੈਂ ਹਰਿਭਜਨ ਸਿੰਘ ਦੇ ਘਰ ਬੈਠਿਆਂ ਉਨ੍ਹਾਂ ਦੀ ਸਾਥਣ ਨੂੰ ਕਿਹਾ, 'ਕਿਰਪਾਲ ਕੌਰ ਜੀ, ਜਦੋਂ ਇਨ੍ਹਾਂ ਦੇ ਗਿਆਨ ਸਦਕਾ, ਇਨ੍ਹਾਂ ਦੀ ਰਚਨਾ ਸਦਕਾ ਪੜ੍ਹਾਉਣ ਵਾਲੀਆਂ ਜਾਂ ਖੋਜ ਕਰਨ ਵਾਲੀਆਂ ਇਨ੍ਹਾਂ ਨੂੰ ਮਿਲਦੀਆਂ ਸਨ, ਤੁਹਾਨੂੰ ਕਿਵੇਂ ਲਗਦਾ ਸੀ?' ਉਹ ਮੁਸਕਰਾਏ, 'ਇਨ੍ਹਾਂ ਨੂੰ ਇਉਂ ਕਿਸੇ ਕੰਮ ਵਾਲੀਆਂ ਹੀ ਨਹੀਂ ਸੀ ਮਿਲਦੀਆਂ, ਬਾਹਰ ਹੋਰ ਵੀ ਮਿਲਦੀਆਂ ਸੀ। ਪਰ ਰੱਬ ਦੀ ਕੁਛ ਐਸੀ ਮਿਹਰ ਰਹੀ, ਮੈਨੂੰ ਕਿਤੋਂ ਨਾ ਕਿਤੋਂ, ਕਿਵੇਂ ਨਾ ਕਿਵੇਂ ਸੋਅ ਮਿਲ ਹੀ ਜਾਂਦੀ। ਐਵੇਂ ਕਹੀਏ, ਇਹ ਮੰਨ ਵੀ ਜਾਂਦੇ ਸੀ।' ਉਹ ਆਪ ਸੰਘ ਸਾਫ਼ ਕਰ ਕੇ ਬੋਲੇ, 'ਦੇਖੋ ਜੀ, ਕਿਰਪਾਲ ਕੌਰ ਨੂੰ ਦਸਦਾ ਕੋਈ ਨਹੀਂ ਸੀ, ਇਨ੍ਹਾਂ ਨੂੰ ਆਪ ਹੀ ਮਹਾਂਭਾਰਤ ਵਾਲੇ ਸੰਜੈ ਵਾਂਗ ਬਹੁਤ ਦੂਰ ਤੀਕ ਦਿਸਦਾ ਸੀ। ਬਾਕੀ ਅਜਿਹੀ ਕੋਈ ਗੱਲ ਹੁੰਦੀ ਹੀ ਨਹੀਂ ਸੀ ਜੋ ਮੈਂ ਨਾ ਮੰਨਾਂ। ਰਿਸ਼ਤਾ ਸਵੱਛ ਹੋਵੇ ਤਾਂ ਲੁਕੋਣ ਦੀ ਕੋਈ ਲੋੜ ਹੀ ਨਹੀਂ ਰਹਿੰਦੀ।'

ਮੈਂ ਕਿਹਾ, 'ਬੀਬੀ, ਜਦੋਂ ਕੋਈ ਕੁੜੀ ਜਾਂ ਜ਼ਨਾਨੀ ਇਹਨੂੰ ਗਲਵੱਕੜੀ ਪਾ ਕੇ ਮਿਲਦੀ ਹੈ ਤੇ ਫੇਰ ਸੋਫ਼ੇ ਉੱਤੇ ਨਾਲ ਘੁਸੜ ਕੇ ਬੈਠਦੀ ਹੈ, ਤੂੰ ਕਿਉਂ ਨਹੀਂ ਆਖਦੀ ਕਿ ਭਾਈ ਬੀਬਾ, ਫ਼ਤਿਹ ਬੁਲਾ ਕੇ ਮਿਲ ਤੇ ਥੋੜ੍ਹੀ ਵਿੱਥ ਰੱਖ ਕੇ ਬੈਠ?' ਉਹ ਦੰਗ ਰਹਿ ਗਈ, 'ਹੱਛਾ ਵੀਰ ਜੀ, ਇਉਂ ਮਿਲਦੀਆਂ-ਬੈਠਦੀਆਂ ਨੇ? ਲਉ, ਕੋਲ ਹੀ ਖੜ੍ਹੀ ਹੁੰਦੀ ਹਾਂ, ਮੈਂ ਕਦੀ ਧਿਆਨ ਹੀ ਨਹੀਂ ਕੀਤਾ! ਹੁਣ ਧਿਆਨ ਰੱਖਿਆ ਕਰੂੰ!' ਮੇਰਾ ਜੀਅ ਮੱਥੇ ਉੱਤੇ ਹੱਥ ਮਾਰਨ ਨੂੰ ਕੀਤਾ ਤੇ ਏਸ ਬੰਦੇ ਨਾਲ ਘੋਰ ਈਰਖਾ ਹੋਈ, ਪਰ ਮੈਂ ਸੰਭਲ ਕੇ ਚੁੱਪ ਕਰ ਰਿਹਾ। ਅਚਾਨਕ ਮੈਨੂੰ 57 ਸਾਲ ਪਹਿਲਾਂ, 1963 ਵਿਚ ਪੜ੍ਹੀ ਕਰਤਾਰ ਸਿੰਘ ਦੁੱਗਲ ਦੀ ਇਕ ਕਵਿਤਾ ਯਾਦ ਆ ਗਈ, 'ਬੜਾ ਸੁਆਦ ਹੈ, ਕਿਸੇ ਪਰਾਈ ਔਰਤ ਨਾਲ ਹੱਸ ਹੱਸ ਕੇ ਗੱਲਾਂ ਕਰਨਾ! ਬੜਾ ਸੁਆਦ ਹੈ!...ਕਿਸੇ ਹੋਰ ਦੀ ਬੀਵੀ ਕੋਲ ਢੁੱਕ ਢੁੱਕ ਕੇ ਬਹਿਣਾ, ਔਖੇ ਪਏ ਹੋਣਾ, ਸੈਅ ਨਾਜ਼ਾਂ ਨੂੰ ਸਹਿਣਾ, ਲੱਖ ਨਖ਼ਰੇ ਝੱਲਣਾ, ਬੜਾ ਸੁਆਦ ਹੈ!...ਆਪਣੀ ਤ੍ਰੀਮਤ ਨੂੰ ਸੇਵਾ ਵਿਚ ਪਾਣਾ, ਉਸ ਦਾ ਪਾਠਾਂ ਵਿਚ ਰਹਿਣਾ, ਉਹਦਾ ਬੱਚਿਆਂ ਨੂੰ ਜੰਮਣਾ, ਉਹਦਾ ਵਰਤਾਂ ਨੂੰ ਰੱਖਣਾ, ਬੜਾ ਸੁਆਦ ਹੈ!'

ਜਸਬੀਰ ਭੁੱਲਰ ਦੀ ਕਲਮ ਦੀ ਇਕ ਸਿਫ਼ਤ ਤਾਂ ਉਚੇਚੀ ਚਿਤਾਰਨ ਵਾਲੀ ਹੈ, ਕਿਉਂਕਿ ਉਹ ਹਰ ਕਲਮਕਾਰ ਦੀ ਖ਼ੂਬੀ ਹੋਣੀ ਚਾਹੀਦੀ ਹੈ। ਉਹ ਹੈ ਸੱਚ ਨਾਲ ਖਲੋਣਾ। ਪਹਿਲੀ ਮਿਸਾਲ ਤਾਂ ਸੱਚ ਦੇ ਅਵਤਾਰ ਗਾਂਧੀ ਦੇ ਚੇਲਿਆਂ-ਚੇਲੀਆਂ ਦੀ ਹੈ। ਤਰਨਤਾਰਨ ਦੇ ਮੰਡੀ ਵਾਲੇ ਸਕੂਲ ਤੋਂ ਦਸਵੀਂ ਕਰ ਕੇ ਜਸਬੀਰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਜਾ ਦਾਖ਼ਲ ਹੋਇਆ। ਫ਼ਾਰਮ ਭਰਨ ਵੇਲੇ (ਐਨ ਮੇਰੇ ਵਾਂਗ) ਨੇੜੇ ਖਲੋਤਿਆਂ ਤੋਂ ਪੁੱਛਿਆ ਕਿ ਸਬਜੈਕਟ ਕਿਹੜੇ ਚੰਗੇ ਹੁੰਦੇ ਹਨ। ਉਨ੍ਹਾਂ ਤੋਂ ਸੁਣ ਕੇ ਸਾਇੰਸ ਸਬਜੈਕਟ ਭਰ ਦਿੱਤੇ ਪਰ ਢਾਈ-ਤਿੰਨ ਸਾਲ ਵਿਚ ਵੀ ਜਦੋਂ ਸਾਇੰਸ ਕਾਬੂ ਨਾ ਹੀ ਆਈ, ਇਹਨੇ ਕਾਲਜ ਨੂੰ ਫ਼ਤਿਹ ਬੁਲਾ ਦਿੱਤੀ। ਤਾਂ ਵੀ ਇਕ ਖੱਟੀ ਤਾਂ ਇਹ ਖੱਟ ਹੀ ਲਿਆਇਆ। ਖ਼ਾਲਸਾ ਕਾਲਜ ਵਿਚ ਬਣੀ ਹੋਈ ਜੀਵਨ ਵਿਚ ਪ੍ਰਸਿੱਧੀ ਕਮਾਉਣ ਵਾਲੇ ਸਾਬਕਾ ਵਿਦਿਆਰਥੀਆਂ ਦੀ ਫ਼ੋਟੋ-ਗੈਲਰੀ ਵਿਚ ਅਮਰੀਕੀ ਪਾਰਲੀਮੈਂਟ ਦੇ ਪਹਿਲੇ ਏਸ਼ੀਆਈ ਮੈਂਬਰ ਦਲੀਪ ਸਿੰਘ ਸੌਂਦ ਦੀ ਤਸਵੀਰ ਵਾਂਗ 'ਪ੍ਰਸਿੱਧ ਲੇਖਕ

ਜਸਬੀਰ ਭੁੱਲਰ' ਦੀ ਤਸਵੀਰ ਵੀ ਸਜੀ ਹੋਈ ਹੈ।

ਹੁਣ ਮਸਲਾ ਸੀ, ਅੱਗੇ ਕੀ ਹੋਵੇ! ਉਸ ਮੌਕੇ 'ਕਸਤੂਰਬਾ ਸੇਵਾ ਮੰਦਰ' ਨਾਂ ਦੇ ਇਕ ਆਸ਼ਰਮ ਦੀ ਸੂਹ ਮਿਲੀ ਜਿਥੇ, ਦਾਅਵਾ ਸੀ, ਇਸ ਤਰ੍ਹਾਂ ਦੀ ਵਿੱਦਿਆ ਦਿੱਤੀ ਜਾਂਦੀ ਸੀ, ਜਿਸ ਨਾਲ ਵਿਦਿਆਰਥੀ ਆਤਮ-ਨਿਰਭਰ ਹੋ ਕੇ ਬਾਹਰ ਆਉਂਦਾ ਸੀ। ਮਹਾਤਮਾ ਗਾਂਧੀ ਦੀ ਵਿਚਾਰਧਾਰਾ ਕੱਪੜਿਆਂ ਵਾਂਗ ਨਹੀਂ ਸੀ ਪਾਉਣੀ ਹੁੰਦੀ, ਸਗੋਂ ਆਤਮਾ ਵਿਚ ਰਮਾਉਣੀ ਹੁੰਦੀ ਸੀ। ਅਪਰੈਲ 1961 ਵਿਚ ਇਹ 'ਯੋਗ ਧਾਰਨ ਵਾਸਤੇ ਨਹੀਂ, ਸਗੋਂ ਬੇਰੁਜ਼ਗਾਰੀ ਤੋਂ ਨਿਜਾਤ ਪਾਉਣ ਦਾ ਰਾਹ ਲੱਭਣ ਵਾਸਤੇ' ਵਿੱਦਿਆ ਦੇ ਉਸ 'ਮੰਦਰ' ਵਿਚ ਪਹੁੰਚ ਗਿਆ, 'ਜਿਸ ਦੀ ਵਿਸ਼ਾਲਤਾ ਨੂੰ ਕੰਧਾਂ ਅਤੇ ਕੰਡਿਆਲੀਆਂ ਤਾਰਾਂ ਨੇ ਘੇਰੇ ਵਿਚ ਲਿਆ ਹੋਇਆ ਸੀ ਤੇ ਤਾਰਾਂ ਦੇ ਅੰਦਰਵਾਰ ਦੁਨੀਆ ਕੁਝ ਹੋਰ ਸੀ।'

ਹੁਣ ਅੱਜ ਵਾਲੇ ਜਸਬੀਰ ਨੂੰ ਧਿਆਨ ਵਿਚ ਰੱਖ ਕੇ ਓਦੋਂ ਵਾਲੇ ਜਸਬੀਰ ਤੋਂ ਆਸ਼ਰਮ ਦੇ ਉਹਦੇ ਚਾਰ ਸਾਲਾਂ ਦਾ ਤੇ ਉਥੇ ਦੇਖੇ 'ਗਾਂਧੀਵਾਦ' ਦਾ ਸੱਚ ਸੁਣੋ, 'ਉਥੇ ਅਸੀਂ ਅੰਦਰਲੇ ਕੱਪੜੇ ਵੀ ਖਾਦੀ ਦੇ ਹੀ ਪਾਉਣੇ ਹੁੰਦੇ ਸਨ। ਮਿੱਲ ਦੇ ਬਣੇ ਹੋਏ ਕੱਪੜੇ ਰੱਖਣਾ ਵੱਡਾ ਜੁਰਮ ਸੀ। ਉਥੇ ਹੋਰ ਵੀ ਬੜਾ ਕੁਝ ਸੀ ਜਿਹੜਾ ਗੁਨਾਹ ਵਾਂਗੂੰ ਸੀ, ਮਸਲਨ ਆਂਡੇ ਖਾਣੇ, ਫ਼ਿਲਮਾਂ ਵੇਖਣੀਆਂ, ਆਦਿ। ਸਰਦੀਆਂ ਦਾ ਮੌਸਮ ਹੋਵੇ ਜਾਂ ਗਰਮੀਆਂ ਦਾ, ਆਸ਼ਰਮ ਵਿਚ ਦਿਨ ਦੀ ਸ਼ੁਰੂਆਤ ਤੜਕੇ ਚਾਰ ਵਜੇ ਹੁੰਦੀ ਸੀ। ਸਾਰੇ ਗਾਂਧੀਵਾਦੀ ਅਧ-ਸੁੱਤੇ ਜਿਹੇ ਗਾਂਧੀ ਚਰਖ਼ਾ ਹੱਥ ਵਿਚ ਫੜੀ ਬਾਪੂ ਕੁਟੀਰ ਪਹੁੰਚ ਜਾਂਦੇ ਸਨ। ਬਾਪੂ ਕੁਟੀਰ ਦੇ ਬਾਹਰ ਬੱਜਰੀ ਵਿਛੀ ਹੋਈ ਸੀ। ਉਹ ਸਾਡਾ ਪ੍ਰਾਰਥਨਾ-ਸਥਲ ਸੀ, ਸਿਆਲਾਂ ਵਿਚ ਜਿਸ ਦੀ ਠਰੀ ਹੋਈ ਬੱਜਰੀ ਹੇਠੋਂ ਕਾਂਬਾ ਛੇੜਦੀ ਰਹਿੰਦੀ ਸੀ। ਸਾਰੇ ਬੈਠ ਜਾਂਦੇ ਸਨ ਤੇ ਚਰਖ਼ਾ ਕੱਤਣ ਲੱਗ ਪੈਂਦੇ ਸਨ।...ਚਰਖ਼ਿਆਂ ਦੀ ਘੂੰ-ਘੂੰ ਵਿਚ ਆਸ਼ਰਮ ਦੀ ਪ੍ਰਾਰਥਨਾ ਦੇ ਬੋਲ ਉੱਚੇ ਹੋ ਜਾਂਦੇ ਸਨ, 'ਮਨ ਲਾਗੋ ਮੋਰਾ ਔਰ ਫ਼ਕੀਰੀ ਮੇਂ! ਜੋ ਸੁੱਖ ਪਾਇਓ ਰਾਮ ਭਜਨ ਮੇਂ, ਸੋ ਸੁੱਖ ਨਹੀਂ ਅਮੀਰੀ ਮੇਂ! ਮਨ ਲਾਗੋ ਮੇਰਾ ਔਰ ਫ਼ਕੀਰੀ ਮੇਂ"!'' ਬਾਹਰ ਜਾਣ ਲੱਗਿਆਂ ਬੈਰਕ ਨੂੰ ਕੋਈ ਜੰਦਰਾ ਵੀ ਨਹੀਂ ਸੀ ਲਾਉਣਾ ਹੁੰਦਾ। ਅੱਚਨਚੇਤ ਤਲਾਸ਼ੀ ਹੁੰਦੀ ਤੇ ਖਾਦੀ ਤੋਂ ਇਲਾਵਾ ਮਿਲਣ ਵਾਲੇ ਕੱਪੜੇ ਅੰਬਾਰ ਲਾ ਕੇ ਅਗਨ-ਭੇਟ ਕਰ ਦਿੱਤੇ ਜਾਂਦੇ ਸਨ।'

ਇਸ ਨਾਲੋਂ ਵੀ ਦਿਲਚਸਪ ਤੇ ਹੈਰਾਨਕੁਨ ਹਨ ਇਨ੍ਹਾਂ ਗਾਂਧੀਵਾਦੀ ਬੈਰਕਾਂ ਨਾਲ ਜੁੜੀਆਂ ਹੋਰ ਗੱਲਾਂ। ਉਥੇ ਬਹੁਤ ਵੱਡੇ-ਵੱਡੇ ਨੇਤਾ ਚੱਲ ਕੇ ਆਉਂਦੇ ਸਨ। ਇਹਦੇ ਹੁੰਦਿਆਂ ਪੰਡਿਤ ਜਵਾਹਰਲਾਲ ਨਹਿਰੂ, ਡਾਕਟਰ ਰਾਧਾ ਕ੍ਰਿਸ਼ਨਨ, ਸ੍ਰੀਮਤੀ ਇੰਦਰਾ ਗਾਂਧੀ, ਵਿਨੋਬਾ ਭਾਵੇ ਤੇ ਹੋਰ ਪਤਾ ਨਹੀਂ ਕੌਣ-ਕੌਣ ਆਏ। ਨੇਤਾ ਦੀ ਆਉਂਦ ਸਮੇਂ ਖਾਲੀ ਕਰਵਾਈ ਬੈਰਕ ਦੇ ਮੱਥੇ ਉੱਤੇ ਕਿਸੇ ਵਿਭਾਗ ਦਾ ਬੋਰਡ ਲਟਕਾ ਦਿੱਤਾ ਜਾਂਦਾ ਸੀ— ਕਦੀ ਹੱਥ-ਖੱਡੀ ਵਿਭਾਗ, ਕਦੀ ਖਾਦੀ ਵਿਭਾਗ, ਕਦੀ ਸਾਬਣ ਵਿਭਾਗ ਤੇ ਕਦੀ ਅਜਿਹਾ ਕੁਝ ਹੋਰ! ਜਸਬੀਰ ਵਰਗੇ ਆਸ਼ਰਮੀਏ ਇਨ੍ਹਾਂ ਨੇਤਾਵਾਂ ਦੇ ਗਲੀਂ ਸੂਤ ਦੀਆਂ ਅੱਟੀਆਂ ਪਾਉਂਦੇ ਸਨ। ਨੇਤਾ ਆਪਣੇ ਹੱਥੀਂ ਨਵੇਂ ਵਿਭਾਗ ਦਾ ਪੱਥਰ ਲਾਉਂਦਾ, ਤਸਵੀਰਾਂ ਉੱਤਰਦੀਆਂ, ਭਾਸ਼ਨ ਹੁੰਦੇ ਅਤੇ ਤਾੜੀਆਂ ਦੇ ਰੌਲੇ ਵਿਚ ਉਹ ਗਰਾਂਟ ਮਨਜ਼ੂਰ ਕਰਦਾ ਤੇ ਵਿਦਾਅ ਹੋ ਜਾਂਦਾ। ਨੇਤਾ ਦੇ ਜਾਣ ਪਿੱਛੋਂ ਬੈਰਕ ਦੇ ਵਾਸੀ ਬੈਰਕ ਦੇ ਪਿਛਲੇ ਪਾਸੇ ਲੁਕਾ ਕੇ ਰੱਖੇ ਹੋਏ ਆਪਣੇ ਆਪਣੇ ਤਖ਼ਤਪੋਸ਼ ਚੁੱਕ ਲਿਆਉਂਦੇ। ਬੈਰਕ ਮੁੜ ਵਸ ਜਾਂਦੀ। ਨੇਤਾ ਦੇ ਸ਼ੁਭ ਹੱਥਾਂ ਦਾ ਲਾਇਆ ਹੋਇਆ ਪੱਥਰ ਗਰਾਂਟ ਮਿਲਣ ਤੱਕ ਆਪਣੇ ਟਿਕਾਣੇ ਉੱਤੇ ਰਹਿੰਦਾ ਤੇ ਗਰਾਂਟ ਮਿਲਦਿਆਂ ਹੀ ਉਖਾੜ ਕੇ ਫਾਲਤੂ ਸਾਮਾਨ ਵਾਲੇ ਕਮਰੇ ਵਿਚ ਸੁੱਟ ਦਿੱਤਾ ਜਾਂਦਾ। ਕੁਝ ਸਮਾਂ ਲੰਘਾ ਕੇ ਨਵੀਂ ਗਰਾਂਟ ਲਈ ਬੈਰਕ ਵਾਸਤੇ ਕਿਸੇ ਨਵੇਂ ਵਿਭਾਗ ਦਾ ਨਾਂ ਸੋਚਿਆ ਜਾਂਦਾ ਅਤੇ ਕਿਸੇ ਹੋਰ ਨੇਤਾ ਲਈ ਨਵਾਂ ਪੱਥਰ ਤਿਆਰ ਕਰਵਾਇਆ ਜਾਂਦਾ।

ਮਹਾਤਮਾ ਗਾਂਧੀ ਦੇ ਅਸੂਲ ਭਾਸ਼ਣਾਂ ਲਈ ਸਨ ਤੇ ਜਾਂ ਆਸ਼ਰਮ ਵੱਲੋਂ ਛਾਪੇ ਜਾਂਦੇ ਪੰਦਰਵਾੜਾ ਰਸਾਲੇ 'ਭੂਦਾਨ' ਵਿਚ ਛਾਪਣ ਲਈ। ਬਾਪੂ ਕੁਟੀਰ ਦੀ ਸਵੇਰ ਅਤੇ ਸ਼ਾਮ ਵੇਲੇ ਦੀ ਪ੍ਰਾਰਥਨਾ ਤੋਂ ਪਿੱਛੋਂ ਵੀ ਗਾਂਧੀ ਤੇ ਵਿਨੋਬਾ ਦੇ ਪ੍ਰਵਚਨ ਸੁਣਾਏ ਜਾਂਦੇ ਸਨ। ਆਸ਼ਰਮ ਵਾਂਗ ਰਸਾਲੇ ਦੇ ਨਿਗਰਾਨ ਵੀ ਪੰਜਾਬ ਦੇ ਪ੍ਰਸਿੱਧ ਗਾਂਧੀਵਾਦੀ ਉਜਾਗਰ ਸਿੰਘ ਬਿਲਗਾ ਸਨ। ਜਸਬੀਰ ਨੂੰ 'ਭੂਦਾਨ' ਦਾ ਸੰਪਾਦਕ ਬਣਨ ਦਾ ਮੌਕਾ ਵੀ ਮਿਲਿਆ। ਉਹਦਾ ਪਹਿਲਾ ਸੰਪਾਦਕ ਗੁਰਦਿਆਲ ਸਿੰਘ ਪਰਵਾਨਾ ਸੀ ਜੋ ਮਗਰੋਂ ਲੇਖਕ ਵਜੋਂ ਪਰਵਾਨਾ ਪੁਣੈਨ ਦੇ ਨਾਂ ਨਾਲ ਜਾਣਿਆ ਗਿਆ। ਉਹਨੇ ਜਸਬੀਰ ਨੂੰ ਸਹਾਇਕ ਸੰਪਾਦਕ ਰੱਖ ਲਿਆ। ਜਦੋਂ ਗੁਰਦਿਆਲ ਸਿੰਘ ਪਰਵਾਨਾ ਦੀ ਬਦਲੀ ਇਕ ਖਾਦੀ ਭੰਡਾਰ ਦੇ ਇੰਚਾਰਜ ਵਜੋਂ ਕਰ ਦਿੱਤੀ ਗਈ, ਜਸਬੀਰ ਨੂੰ ਤਰੱਕੀ ਦੇ ਕੇ ਸੰਪਾਦਕ ਬਣਾ ਦਿੱਤਾ ਗਿਆ। ਤਨਖ਼ਾਹ ਸੱਠ ਰੁਪਏ। ਮਗਰੋਂ ਉਜਾਗਰ ਸਿੰਘ ਬਿਲਗਾ ਨੇ ਵੀ ਆਸ਼ਰਮ ਨਾਲੋਂ ਵਿੱਥ ਬਣਾ ਲਈ।

ਥੱਕੇ ਹੋਏ ਚਿਹਰਿਆਂ ਵਾਲੇ ਉਪਰਾਮ ਜਿਹੇ ਵੇਤਨ-ਭੋਗੀ ਸਮਾਜ-ਸੇਵੀ ਗਾਂਧੀ-ਭਗਤ ਨਹੀਂ, ਸਿਉਂਕ ਸਨ ਜੋ ਆਸ਼ਰਮ ਨੂੰ ਕੁਤਰ-ਕੁਤਰ ਕੇ ਖਾ ਰਹੇ ਸਨ। ਇਹ ਕੁਤਰਨਾ ਆਸ਼ਰਮ ਦੀ ਸੰਚਾਲਿਕਾ ਬੀਬੀ ਤੋਂ ਸ਼ੁਰੂ ਹੁੰਦਾ ਸੀ। ਇਹਨੇ ਸੁਣਿਆ ਸੀ, ਉਸ ਬੀਬੀ ਨੂੰ ਗਾਂਧੀ ਨੇ ਧੀ ਬਣਾਇਆ ਹੋਇਆ ਸੀ। 'ਉਸ ਬੀਬੀ ਵੱਲ ਲਿਖੀਆਂ ਗਾਂਧੀ ਦੀਆਂ ਚਿੱਠੀਆਂ ਦੀ ਇਕ ਕਿਤਾਬ ਵੀ ਮੈਂ ਆਸ਼ਰਮ ਦੀ ਲਾਇਬਰੇਰੀ ਵਿਚ ਵੇਖੀ ਸੀ। ਇਕ ਚਿੱਠੀ ਦਾ ਵਿਸ਼ਾ ਤਾਂ ਮੈਨੂੰ ਹੁਣ ਤੱਕ ਵੀ ਚੇਤੇ ਹੈ। ਉਸ ਚਿੱਠੀ ਵਿਚ ਗਾਂਧੀ ਨੇ ਬੀਬੀ ਨੂੰ ਸਮਝਾਇਆ ਸੀ ਕਿ ਮਾਹਵਾਰੀ ਦੌਰਾਨ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਹੈ। ਮੈਂ ਇਹ ਵੀ ਸੁਣਿਆ ਸੀ ਕਿ ਗਾਂਧੀ ਜਿਨ੍ਹਾਂ ਤੀਂਵੀਆਂ ਦੇ ਮੋਢੇ ਉੱਤੇ ਹੱਥ ਰੱਖ ਕੇ ਤੁਰਦਾ ਹੁੰਦਾ ਸੀ, ਇਹ ਬੀਬੀ ਵੀ ਉਨ੍ਹਾਂ ਵਿਚੋਂ ਹੀ ਇਕ ਸੀ।' ਉਹ ਲੋਕ ਸਰਕਾਰ ਦੀ ਖੰਡ ਦੀ ਬੋਰੀ ਨੂੰ ਚਿੰਬੜੇ ਹੋਏ ਵਿਹਲੜਾਂ ਦੀ ਜਮਾਤ ਸਨ। ਸਰਕਾਰ ਦੀਆਂ ਗਰਾਂਟਾਂ ਅਤੇ ਬਦੇਸਾਂ ਦੇ ਦਾਨ ਉੱਤੇ ਪਲਦੇ ਸਨ। ਸਰਕਾਰ ਤੋਂ ਵੱਧ ਤੋਂ ਵੱਧ ਰਕਮ ਹਾਸਲ ਕਰਨ ਲਈ ਨਿੱਤ ਨਵੀਆਂ ਤਰਕੀਬਾਂ ਸੋਚਦੇ ਸਨ।

ਇਹਦਾ ਖ਼ਿਆਲ ਸੀ, ਜਦੋਂ ਵਿਚਾਰਾਂ ਦੀ ਅਮੀਰੀ ਲੈ ਕੇ ਆਸ਼ਰਮ ਤੋਂ ਬਾਹਰ ਆਵੇਗਾ, ਜਿਊਣ ਦਾ ਇਕ ਨਵਾਂ ਤਰੀਕਾ ਅੰਗ-ਸੰਗ ਹੋਵੇਗਾ। ਪਰ ਇਹ ਯਕੀਨ ਹੌਲੀ-ਹੌਲੀ ਕਿਰਚਾਂ ਬਣ ਕੇ ਚੁਭਣ ਲੱਗ ਗਿਆ। ਆਖ਼ਰ ਨੂੰ ਕਲਮ ਦਾ ਸਾਥ ਮਿਲਣ ਮਗਰੋਂ ਇਨ੍ਹਾਂ ਚੁਭ ਰਹੀਆਂ ਕਿਰਚਾਂ ਨੂੰ ਨਾਵਲ 'ਚਿੱਟੀ ਗੁਫ਼ਾ ਤੇ ਮੌਲਸਰੀ' ਦੇ ਰੂਪ ਵਿਚ ਨਿਕਾਸ ਮਿਲਿਆ। ਇਹ ਉਥੋਂ ਦੀ ਇਕ ਝਲਕ ਹੈ, ਨਾਵਲ ਦੇ ਪੰਨਿਆਂ ਵਿਚੋਂ ਹੋਰ ਵੀ ਬਹੁਤ ਕੁਝ ਦਿਸਦਾ ਹੈ।

ਗਾਂਧੀਵਾਦੀਆਂ ਦੇ ਭੇਖ ਵਿਚ ਵਿਚਰਦੇ ਗੌਡਸਿਆਂ ਵਿਚਕਾਰ ਚਾਰ ਸਾਹ-ਘੁੱਟਵੇਂ ਸਾਲ ਬਿਤਾ ਕੇ ਏਨੀ ਕਮਾਈ ਜ਼ਰੂਰ ਹੋਈ ਕਿ 'ਨੈਸ਼ਨਲ ਕਾਊਂਸਲ ਆਫ਼ ਰੂਰਲ ਹਾਇਰ ਐਜੂਕੇਸ਼ਨ, ਨਵੀਂ ਦਿੱਲੀ' ਦੀ ਡਿਗਰੀ ਮਿਲ ਗਈ ਜੋ 'ਭਾਰਤ ਸੇਵਕ ਸਮਾਜ' ਵਿਚ ਨੌਕਰੀ ਦਾ ਵਸੀਲਾ ਬਣੀ। ਮੁੱਖ ਕੰਮ ਪੰਚਾਂ-ਸਰਪੰਚਾਂ ਨੂੰ ਪੰਚਾਇਤ ਐਕਟ ਸਮਝਾਉਣਾ ਤੇ ਉਨ੍ਹਾਂ ਦੇ ਕਾਰਜ-ਖੇਤਰ ਬਾਰੇ ਭਾਸ਼ਨ ਦੇਣਾ ਸੀ। ਦੂਜਾ ਕੰਮ ਪਿੰਡਾਂ ਵਿਚੋਂ ਲੱਕੜ ਦੀਆਂ ਫੋਕੀਆਂ ਬੰਦੂਕਾਂ ਵਾਲੇ ਬਿਨ-ਤਨਖ਼ਾਹੇ ਹੋਮਗਾਰਡੀਏ ਭਰਤੀ ਕਰਨਾ ਸੀ। ਇਕ ਸਹਿਕਰਮੀ ਨੇ ਦੋ ਸੁਹਿਰਦ ਸਲਾਹਾਂ ਦਿੱਤੀਆਂ। ਇਕ ਕਿ ਆਪਣਾ ਕੰਮ ਵਿਹਲਿਆਂ ਵਰਗਾ ਹੈ, ਤੂੰ ਨਾਲ ਹੀ ਐਮ. ਏ. ਕਰਨ ਦੀ ਕੋਸ਼ਿਸ਼ ਕਰ। ਗਾਂਧੀ ਆਸ਼ਰਮ ਵਾਲੀ ਡਿਗਰੀ ਹੁੰਦੀ ਤਾਂ ਬੀ. ਏ. ਦੇ ਬਰਾਬਰ ਸੀ, ਪਰ ਕਿਤੇ ਪੇਸ਼ ਕਰਨ ਸਮੇਂ ਹਰ ਕੋਈ ਪਹਿਲਾ ਸਵਾਲ ਇਹੋ ਕਰਦਾ, 'ਇਹ ਕਿਹੜੀ ਬੀ. ਏ. ਹੋਈ?' ਇਸ ਡਿਗਰੀ ਦਾ ਇਹ ਕਜ ਢਕਣ ਲਈ ਇਹਨੂੰ ਐਮ. ਏ. ਕਰਨਾ ਹੀ ਠੀਕ ਲਗਿਆ। ਦੂਜੀ ਸਲਾਹ ਕਿ ਇਹ ਕੰਮ ਤੇਰੇ ਵਰਗਿਆਂ ਵਾਸਤੇ ਨਹੀਂ, ਜਿੰਨੀ ਛੇਤੀ ਸੰਭਵ ਹੋਵੇ, ਇਥੋਂ ਭੱਜ ਜਾ! ਇਸ ਫ਼ਾਲਤੂ ਝਮੇਲੇ ਵਿਚ ਸਾਲ ਕੁ ਹੀ ਬੀਤਿਆ ਸੀ ਕਿ ਸਬੱਬ ਨਾਲ ਫ਼ੌਜ ਵਿਚ ਅਫ਼ਸਰੀ ਦਾ ਰਾਹ ਖੁੱਲ੍ਹ ਗਿਆ ਤੇ ਇਹ ਸਾਢੇ ਤੇਈ ਸਾਲ ਦੀ ਫ਼ੌਜੀ ਨੌਕਰੀ ਵਿਚੋਂ ਕਰਨੈਲ-ਸਾਅਬ ਬਣ ਕੇ ਮੁੜਿਆ।

ਜਦੋਂ ਨਾਵਲ 'ਚਿੱਟੀ ਗੁਫ਼ਾ ਤੇ ਮੌਲਸਰੀ' ਪੜ੍ਹਿਆ, ਮੈਂ ਹੈਰਾਨ ਰਹਿ ਗਿਆ ਕਿ ਇਹਦੀ ਚਰਚਾ ਕਿਉਂ ਨਹੀਂ ਹੋਈ। ਜਸਬੀਰ ਦਾ ਕਹਿਣਾ ਹੈ, 'ਮੇਰੇ ਕਿਸੇ ਨਾਵਲ ਦੀ ਵੀ ਕਦੀ ਮੁਨਾਸਿਬ ਚਰਚਾ ਨਹੀਂ ਹੋਈ। ਇਧਰ-ਉਧਰ ਟਾਂਵੇਂ-ਟੱਲੇ ਲੇਖ ਜ਼ਰੂਰ ਛਪੇ ਹਨ।...ਦਰਅਸਲ ਪੰਜਾਬੀ ਨਾਵਲਾਂ ਦੇ ਪਾਰਖੂ ਆਲੋਚਕ ਨਹੀਂ, ਪਾਠਕ ਹਨ। ਪਾਠਕਾਂ ਨੇ ਮੇਰੇ ਨਾਵਲਾਂ ਨੂੰ ਦਿਲੋਂ ਪਿਆਰਿਆ ਹੈ। ਉਕਾਈਆਂ ਉੱਤੇ ਉਂਗਲ ਵੀ ਧਰੀ ਹੈ। ਪੰਜਾਬੀ ਸਾਹਿਤ ਦੇ ਆਲੋਚਕਾਂ ਨੇ ਆਮ ਤੌਰ ਉੱਤੇ ਜਮਾਤ ਦੇ ਸਲੇਬਸ ਤੋਂ ਬਾਹਰ ਦਾ ਕੁਝ ਵੀ ਪੜ੍ਹਨਾ ਬੰਦ ਕੀਤਾ ਹੋਇਆ ਹੈ। ਰੱਬ ਖ਼ੈਰ ਕਰੇ।...ਪ੍ਰਕਾਸ਼ਕਾਂ ਨੇ ਤਾਂ ਪਹਿਲੋਂ ਹੀ ਕਿਤਾਬਾਂ ਦੇ ਪ੍ਰਚਾਰ ਤੇ ਪਸਾਰ ਵੱਲੋਂ ਅੱਖਾਂ ਮੀਚੀਆਂ ਹੋਈਆਂ ਹਨ। ਕਿਤਾਬਾਂ ਦੀ ਚਰਚਾ ਦੇ ਪ੍ਰਸੰਗ ਵਿਚ ਮੀਡੀਆ ਦੀ ਪਹੁੰਚ ਵੀ ਉਦਾਸ ਕਰਨ ਵਾਲੀ ਹੈ। ਆਲੋਚਕਾਂ ਲਈ ਪਹਿਲੋਂ ਸ਼ਰਾਬ ਤੇ ਕੁੱਕੜ ਦਾ ਪ੍ਰਬੰਧ ਕਰਾਂ ਤੇ ਫਿਰ ਬੇਨਤੀ ਕਰਾਂ, ਮੇਰੀ ਕਿਤਾਬ ਉੱਤੇ ਮਿਹਰ-ਭਰਿਆ ਹੱਥ ਰੱਖੋ, ਇਹ ਮੈਨੂੰ ਆਪਣੀ ਵੀ ਤੌਹੀਨ ਲਗਦੀ ਹੈ ਤੇ ਆਪਣੀ ਲਿਖਤ ਦੀ ਵੀ।'

ਹੋਰ ਬਹੁਤ ਸਾਰੇ ਚੰਗੇ ਲੇਖਕਾਂ ਵਾਂਗ ਜਸਬੀਰ ਦਾ ਇਹ ਗਿਲਾ ਤੇ ਗੁੱਸਾ ਪੂਰੀ ਤਰ੍ਹਾਂ ਵਾਜਬ ਹੈ। ਗਾਂਧੀ ਆਸ਼ਰਮ ਵਿਚ ਬਿਤਾਏ ਚਾਰ ਵਰ੍ਹਿਆਂ ਨੂੰ ਕਸ਼ੀਦ ਕਰ ਕੇ ਲਿਖੇ ਗਏ 'ਚਿੱਟੀ ਗੁਫ਼ਾ ਤੇ ਮੌਲਸਰੀ' ਤੋਂ ਇਲਾਵਾ ਫ਼ਿਲਮੀ ਖੇਤਰ ਦੇ ਗਲੈਮਰ ਦੇ ਓਹਲੇ ਲੁਕੇ ਹੋਏ ਘਿਣਾਉਣੇ ਤੇ ਬਦਬੂਦਾਰ ਵਾਤਾਵਰਣ ਦੀ ਵਾਰਤਾ ਸੁਣਾਉਂਦਾ 'ਮਹੂਰਤ' ਅਤੇ ਫ਼ੌਜਣਾਂ ਦੀ ਜਿਉਂਦੇ-ਜੀਅ ਮਰੀਆਂ ਹੋਣ ਦੀ ਤ੍ਰਾਸਦੀ ਬਿਆਨਦਾ 'ਰੇਤ ਵਿਚ ਡੁੱਬੀਆਂ ਨਦੀਆਂ' ਇਹਦੇ ਦੋ ਹੋਰ ਅਜਿਹੇ ਨਾਵਲ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਬਣਦਾ ਸੀ। ਵਿਸ਼ੇ, ਬਣਤਰ ਤੇ ਬੁਣਤਰ ਦੇ ਪੱਖੋਂ ਇਹ ਤਿੰਨੇ ਨਾਵਲ ਹੀ ਨਵੇਕਲੇ ਹਨ ਜਿਨ੍ਹਾਂ ਨਾਲ ਪੰਜਾਬੀ ਦੀ ਹੋਰ ਕੋਈ ਰਚਨਾ ਮੇਲ ਖਾਂਦੀ ਹੋਈ ਨਹੀਂ ਦਿਸਦੀ। ਇਹਦੀ ਹਰ ਨਵੀਂ ਕਿਤਾਬ ਇਹਦੀਆਂ ਪਹਿਲੀਆਂ ਕਿਤਾਬਾਂ ਨਾਲੋਂ ਵੀ ਨਿਆਰੀ ਹੁੰਦੀ ਹੈ।

ਜਦੋਂ ਸੱਚ ਆਖਣ-ਲਿਖਣ ਦੀ ਉਹਦੀ ਇਹ ਕਲਮੀ ਆਦਤ ਮੈਂ ਅੰਮ੍ਰਿਤਾ ਪ੍ਰੀਤਮ ਦੇ ਸੰਬੰਧ ਵਿਚ ਵੀ ਅਡੋਲ ਦੇਖੀ, ਮੈਨੂੰ ਕੁਝ ਹੈਰਾਨੀ ਹੋਈ, ਕਿਉਂਕਿ ਅੰਮ੍ਰਿਤਾ ਤੇ ਇਮਰੋਜ਼ ਦੇ ਨਿੱਜ ਤੇ ਪਰਿਵਾਰ ਨਾਲ ਦਿਲੀ ਆਦਰ ਕਰਦਿਆਂ ਕੋਈ ਵੀ ਹੋਰ ਪੰਜਾਬੀ ਲੇਖਕ ਇਸ ਜਿੰਨਾ ਨੇੜਿਉਂ ਜੁੜਿਆ ਨਹੀਂ ਰਿਹਾ। ਇਸ ਗੱਲ ਦਾ ਪੰਜਾਬੀ ਸਾਹਿਤ ਵਿਚ ਸ਼ਾਇਦ ਹੀ ਕਿਸੇ ਨੂੰ ਪਤਾ ਹੋਵੇ ਕਿ ਇਕ ਵਾਰ ਅੰਮ੍ਰਿਤਾ ਤੇ ਜਸਬੀਰ ਭੁੱਲਰ ਕੁੜਮਾਚਾਰੀ ਵਿਚ ਬਝਦੇ-ਬਝਦੇ ਰਹਿ ਗਏ। ਸ਼ੈਲੀ ਇਹਦਾ ਕੁੜਮ ਤੇ ਅੰਮ੍ਰਿਤਾ ਇਹਦੀ ਦੀਦੀ ਦੀ ਥਾਂ ਕੁੜਮ ਦੀ ਮਾਂ ਬਣ ਜਾਣੀ ਸੀ! ਇਹ ਅੰਮ੍ਰਿਤਾ ਨੂੰ ਮਿਲਣ ਗਿਆ ਤਾਂ ਪੁੱਤਰ ਸੈਫੁੱਲ ਇਹਦੇ ਨਾਲ ਸੀ। ਅੰਮ੍ਰਿਤਾ ਗੱਲਾਂ ਕਰਦਿਆਂ ਸੈਫੁੱਲ ਨੂੰ ਘੋਖਦੀ-ਪਰਖਦੀ ਰਹੀ ਤੇ ਮੂੰਹ ਵਾਲੀ ਗੱਲ ਵਿਚਾਲੇ ਛੱਡ ਕੇ ਅਚਾਨਕ ਬੋਲੀ, 'ਜਸਬੀਰ, ਜੇ ਆਪਾਂ ਸੈਫੁੱਲ ਤੇ ਸ਼ਿਲਪਾ ਦਾ ਵਿਆਹ ਕਰ ਦੇਈਏ?' ਸ਼ਿਲਪਾ ਉਹਦੇ ਬੇਟੇ ਨਵਰਾਜ, ਭਾਵ ਸ਼ੈਲੀ ਦੀ ਬੇਟੀ ਸੀ।

ਜਸਬੀਰ ਬੋਲਿਆ, 'ਇਹ ਸੈਫੁੱਲ ਦੀ ਮਰਜ਼ੀ ਹੈ।'

ਅੰਮ੍ਰਿਤਾ ਨੇ ਅਗਲਾ, ਸ਼ਰਤ ਵਰਗਾ, ਸਵਾਲ ਕੀਤਾ, 'ਸੈਫੁੱਲ ਵਾਲ਼ ਕਟਵਾ ਲਵੇਗਾ?'

ਜਸਬੀਰ ਕਹਿੰਦਾ, 'ਇਹ ਵੀ ਸੈਫੁੱਲ ਦੀ ਮਰਜ਼ੀ ਹੈ।'

ਪ੍ਰੀਤਮ ਸਿੰਘ ਨਾਲ ਵਿਆਹ ਤੇ ਟੁੱਟ-ਫੁੱਟ ਬਾਰੇ ਅੰਮ੍ਰਿਤਾ ਦੇ ਅਣਚਾਹੇ ਵਿਆਹ ਦੇ ਬਿਰਤਾਂਤ ਦੇ ਉਲਟ ਜਸਬੀਰ ਆਪਣੀ ਪੁਸਤਕ 'ਅੰਮ੍ਰਿਤਾ ਇਮਰੋਜ਼' ਵਿਚ ਪਿਆਰ-ਵਿਆਹ ਦੀ ਪੁਸ਼ਟੀ ਤਾਂ ਕਰਦਾ ਹੀ ਹੈ ਤੇ, ਸ਼ਾਇਦ ਪਹਿਲੀ ਵਾਰ, ਇਹ ਭੇਤ ਵੀ ਖੋਲ੍ਹਦਾ ਹੈ ਕਿ ਅੰਮ੍ਰਿਤਾ ਨੇ ਪ੍ਰੀਤਮ ਸਿੰਘ ਦੇ ਪਿਆਰ ਦੀਆਂ ਕਵਿਤਾਵਾਂ ਵੀ ਲਿਖੀਆਂ ਸਨ। ਅੰਮ੍ਰਿਤਾ ਬੰਬਈ ਤੋਂ ਪਰਤੀ ਤਾਂ ਉਹਦੇ 'ਪੁਨਰ-ਗ੍ਰਹਿਪ੍ਰਵੇਸ਼' ਦਾ ਨਾਰੀਵਾਦੀ ਸੱਚ ਜਸਬੀਰ ਇਉਂ ਦਸਦਾ ਹੈ, 'ਬਹਿਸ-ਮੁਬਾਹਸੇ ਤੇ ਬੇਨਤੀਆਂ ਤੋਂ ਪਿੱਛੋਂ ਅੰਮ੍ਰਿਤਾ ਨੂੰ ਪਤੀ ਦੇ ਘਰ ਮੁੜ ਵਸੇਵਾ ਮਿਲ ਗਿਆ। ਅੰਮ੍ਰਿਤਾ ਨੇ ਮਰਿਆਦਾ ਵਿਚ ਰਹਿਣ ਦਾ ਹੁੰਗਾਰਾ ਵੀ ਭਰਿਆ।' ਬੰਬਈ ਦੀ ਇਸ਼ਕ-ਯਾਤਰਾ ਬਾਰੇ ਜਸਬੀਰ ਕਹਿੰਦਾ ਹੈ, 'ਓਦੋਂ ਦੋਵਾਂ ਵਿਚ ਆਪਸੀ ਕਲੇਸ਼ ਵਧਿਆ ਸੀ। ਅੰਮ੍ਰਿਤਾ ਨੂੰ ਜਾਪਿਆ ਸੀ, ਇਮਰੋਜ਼ ਆਪਣੇ ਲਈ ਤਾਂ ਕੰਮ ਲੱਭ ਲੈਂਦਾ ਸੀ ਪਰ ਉਹਦੇ ਬਾਰੇ ਗੱਲ ਨਹੀਂ ਸੀ ਕਰਦਾ।... ਤੇ ਫਿਰ ਉਨ੍ਹਾਂ ਨਿਰਣਾ ਲੈ ਲਿਆ ਸੀ ਕਿ ਉਹ ਇਕ ਦੂਸਰੇ ਨਾਲ ਹੋਰ ਨਹੀਂ ਸਨ ਨਿਭ ਸਕਦੇ।'

'ਅੰਮ੍ਰਿਤਾ ਦੇ ਦੁਆਲ਼ੇ ਦੀ ਸਾਜ਼ਿਸ਼ੀ ਹਵਾੜ੍ਹ' ਦੀ ਗੱਲ ਕਰਦਿਆਂ ਇਹ ਉਸ ਦੇ ਘਰ-ਪਰਿਵਾਰ ਵਿਚਲੀ ਸਾਜ਼ਿਸ਼ੀ ਹਵਾੜ੍ਹ ਉੱਤੇ ਵੀ ਪਰਦਾ ਨਹੀਂ ਪਾਉਂਦਾ, 'ਦੂਰੋਂ ਬੜਾ ਕੁਝ ਠੀਕ ਦਿਸਦਾ ਸੀ। ਨੇੜੇ ਜਾ ਕੇ ਲਗਦਾ ਸੀ, ਏਨਾ ਵੀ ਠੀਕ ਨਹੀਂ ਸੀ।...ਹੌਜ਼ ਖਾਸ ਦੇ ਉਸ ਘਰ ਵਿਚ ਇਕ ਜੁਆਨ ਪੁੱਤ ਸੀ। ਉਸ ਘਰ ਵਿਚ ਉਸ ਪੁੱਤ ਦੀ ਮਾਂ ਸੀ। ਉਸ ਘਰ ਵਿਚ ਉਸ ਮਾਂ ਦਾ ਪ੍ਰੇਮੀ ਸੀ। ਉਸ ਘਰ ਵਿਚ ਇਕ ਗਾਲ਼ ਸੀ ਜਿਹੜੀ ਇਮਰੋਜ਼ ਨੂੰ ਵੇਖ ਕੇ ਨਵਰਾਜ ਦੇ ਕੰਨਾਂ ਵਿਚ ਸਾਂ-ਸਾਂ ਕਰਨ ਲੱਗ ਪੈਂਦੀ ਸੀ। ਉਸ ਜਵਾਨ ਪੁੱਤ ਦੇ ਅੰਦਰ ਪੂਰੀ ਉਮਰ ਕੁਝ ਰੋਹ, ਕੁਝ ਵਿਦਰੋਹ, ਕੁਝ ਬੇਵਸੀ, ਕੁਝ ਜ਼ਿੱਲਤ ਤੇ...ਇਹੋ ਜਿਹਾ ਹੀ ਬੜਾ ਕੁਝ ਹੋਰ ਜਮ੍ਹਾਂ ਹੁੰਦਾ ਰਿਹਾ ਸੀ।...ਨਵਰਾਜ ਨੇ ਨਿੱਕੇ ਹੁੰਦਿਆਂ ਤੋਂ ਹੀ ਇਮਰੋਜ਼ ਨੂੰ ਉਸ ਘਰ ਵਿਚ ਤੁਰਿਆਂ-ਫਿਰਦਿਆਂ ਵੇਖਿਆ ਸੀ। 1964 ਦੇ ਵਰ੍ਹੇ ਤਾਂ ਇਮਰੋਜ਼ ਪੱਕੇ ਤੌਰ ਉੱਤੇ ਉਨ੍ਹਾਂ ਦੇ ਘਰ ਵਿਚ ਰਹਿਣ ਲਈ ਆ ਗਿਆ ਸੀ। ਕੌਣ ਸੀ ਉਹ ਆਦਮੀ ਜਿਹੜਾ ਉਹਦੇ ਪਿਉ ਦੀ ਥਾਂ ਮੱਲ ਕੇ ਬੈਠ ਗਿਆ ਸੀ!...ਮਾਂ ਨੂੰ ਚੱਤੇ-ਪਹਿਰ ਪ੍ਰੇਮੀ ਨਾਲ ਵੇਖਣਾ ਦੁਨੀਆ ਦੇ ਕਿਸੇ ਵੀ ਪੁੱਤ ਲਈ ਆਸਾਨ ਨਹੀਂ ਹੁੰਦਾ।'

ਦਲੀਪ ਕੌਰ ਟਿਵਾਣਾ ਦੇ ਜੀਜਾ ਕਰਨਲ ਲੱਖਾ ਸਿੰਘ ਦਿੱਲੀ ਤੈਨਾਤ ਸਨ ਤੇ ਅੰਮ੍ਰਿਤਾ ਨੇ ਵੀ ਉਨ੍ਹਾਂ ਨਾਲ ਜਾਣ-ਪਛਾਣ ਬਣਾਈ ਹੋਈ ਸੀ। ਨਵਰਾਜ ਉਨ੍ਹਾਂ ਰਾਹੀਂ ਕੈਂਟੀਨ ਤੋਂ ਵਿਸਕੀ ਤੇ ਹੋਰ ਚੀਜ਼ਾਂ ਸਸਤੇ ਭਾਅ ਲੈ ਆਉਂਦਾ ਸੀ। ਇਕ ਵਾਰ ਕਰਨਲ ਨੇ ਕੋਲ ਬੈਠੇ ਨਵਰਾਜ ਦੀ ਜਾਣ-ਪਛਾਣ ਇਕ ਹੋਰ ਅਫ਼ਸਰ ਨਾਲ 'ਆਪਣੀ ਮਸ਼ਹੂਰ ਲੇਖਿਕਾ ਅੰਮ੍ਰਿਤਾ ਪ੍ਰੀਤਮ ਦਾ ਬੇਟਾ' ਆਖ ਕੇ ਕਰਵਾਈ, ਤਾਂ ਉਹਦੇ ਜਾਣ ਪਿੱਛੋਂ ਨਵਰਾਜ ਨੇ 'ਠਰੀ ਹੋਈ ਆਵਾਜ਼ ਵਿਚ' ਕਿਹਾ, 'ਅੰਕਲ, ਅੱਜ ਤਾਂ ਤੁਸੀਂ ਮੇਰੀ ਜਾਣ-ਪਛਾਣ ਅੰਮ੍ਰਿਤਾ ਪ੍ਰੀਤਮ ਦਾ ਬੇਟਾ ਕਹਿ ਕੇ ਕਰਵਾ ਦਿੱਤੀ ਹੈ, ਪਰ ਅੱਗੇ ਤੋਂ ਏਸ ਤਰ੍ਹਾਂ ਕਹਿ ਕੇ ਨਾ ਕਰਵਾਇਓ!' ਜਦੋਂ ਕਰਨਲ ਲੱਖਾ ਸਿੰਘ ਨੇ ਇਹ ਗੱਲ ਅੰਮ੍ਰਿਤਾ ਨੂੰ ਦੱਸੀ, ਤਾਂ ਜਸਬੀਰ ਦਸਦਾ ਹੈ, 'ਅੰਮ੍ਰਿਤਾ ਨੇ ਮੱਥੇ ਦੀ ਤਰੇਲ਼ੀ ਪੂੰਝੀ ਸੀ!'

ਸਭ ਤੋਂ ਬਹੁਤੀ ਹੈਰਾਨੀ ਮੈਨੂੰ ਓਦੋਂ ਹੋਈ ਜਦੋਂ ਜਸਬੀਰ ਨੇ ਇਕ ਬੜਾ ਕੌੜਾ ਸੱਚ ਪਿਤਾ ਜੀ ਤੇ ਮਾਮਾ ਜੀ ਬਾਰੇ ਦੱਸਿਆ। ਇਕ ਦਿਨ ਅਸੀਂ ਆਪਣਾ-ਆਪਣਾ ਕੁਰਸੀਨਾਮਾ ਦੱਸਣ ਲੱਗ ਪਏ। ਮੇਰੇ ਸਿੱਧੇ-ਸਾਧਾਰਨ ਕੁਰਸੀਨਾਮੇ ਦੇ ਮੁਕਾਬਲੇ ਜਸਬੀਰ ਦਾ ਕੁਰਸੀਨਾਮਾ ਕਈ ਦਿਲਚਸਪੀਆਂ ਵਾਲਾ ਸੀ। ਤੇ ਇਕ ਦਿਲਚਸਪ ਗੱਲ ਇਹ ਸੀ ਕਿ ਇਸ ਕਥਾ ਦੇ ਅੰਤ ਵੱਲ ਫ਼ਿਲਮ ਦੇ ਐਕਸਟਰਾ ਵਾਂਗ ਛੋਟੀ ਜਿਹੀ ਭੂਮਿਕਾ ਵਿਚ ਮੇਰਾ ਵੀ ਪ੍ਰਵੇਸ਼ ਹੁੰਦਾ ਹੈ।

ਜਸਬੀਰ ਦੇ ਨਾਨਾ ਗੁੱਜਰ ਸਿੰਘ ਸੰਧੂ ਦੇ ਮਲਾਇਆ ਵਿਚ ਰਬੜ ਦੇ ਬਾਗ ਸਨ। ਉਥੋਂ ਦੇ ਸਮਾਜ ਤੇ ਭਾਈਚਾਰੇ ਵਿਚ ਉਹ ਬੋਲਦੇ ਪੁਰਖ ਸਨ। ਅਜੇ ਉਹ ਅਣਵਿਆਹੇ ਸਗੋਂ ਛੜੇ ਸਨ। ਪਰਤਾਪ ਸਿੰਘ ਕੈਰੋਂ ਦੇ ਦਾਦੇ ਨੇ ਵਿਚੋਲਾ ਬਣ ਕੇ ਨਾਨੇ ਦਾ ਘਰ ਵਸਦਾ ਕਰ ਦਿੱਤਾ। ਜੋ ਨਾਨੀ ਬਣੀ, ਇੰਦਰ ਕੌਰ ਨਾਂ ਦੀ ਉਹ ਇਸਤਰੀ ਬ੍ਰਾਹਮਣ ਪਰਿਵਾਰ ਵਿਚੋਂ ਸੀ ਅਤੇ ਪਹਿਲਾਂ ਵਿਆਹੀ ਹੋਈ ਸੀ। ਉਹਦਾ ਪਤੀ ਪਤਾ ਨਹੀਂ ਮਰ ਗਿਆ ਸੀ ਜਾਂ ਛੱਡ-ਛੁਡਾਈ ਹੋ ਗਈ ਸੀ। ਨਾਨੀ ਦੇ ਨਾਲ ਉਹਦਾ ਚਾਰ-ਪੰਜ ਸਾਲ ਦਾ ਇਕ ਬੱਚਾ ਵੀ ਸੀ। ਨਾਨੀ ਨੇ ਨਾਨੇ ਤੋਂ ਇਕੋ ਵਾਅਦਾ ਲਿਆ ਕਿ ਉਹ ਉਹਦੇ ਪਹਿਲੇ ਬੱਚੇ ਨੂੰ ਆਪਣਾ ਪੁੱਤਰ ਸਮਝੇਗਾ ਤੇ ਭਵਿੱਖੀ ਪੁੱਤਰ/ ਪੁੱਤਰਾਂ ਵਾਂਗ ਜਾਇਦਾਦ ਦਾ ਬਰਾਬਰ ਹਿੱਸਾ ਦੇਵੇਗਾ। ਅੱਗੇ ਚੱਲ ਕੇ ਨਾਨਾ ਇਸ ਵਾਅਦੇ ਉੱਤੇ ਪੂਰਾ ਵੀ ਉੱਤਰਿਆ। ਇਹ ਬਾਲ ਵੱਡਾ ਹੋ ਕੇ ਪ੍ਰਸਿੱਧ ਲੇਖਕ ਸ. ਸ. ਅਮੋਲ ਬਣਿਆ।

ਨਾਨੇ ਦੇ ਘਰ ਇਕ ਪੁੱਤਰ ਨੇ ਤੇ ਉਸ ਮਗਰੋਂ ਇਕ ਧੀ ਨੇ ਜਨਮ ਲਿਆ। ਪੁੱਤਰ, ਜਗਜੀਤ ਸਿੰਘ ਸੰਧੂ ਮੋਹਨਪੁਰੀ ਲੇਖਕ ਸੀ ਜਿਸ ਦੀਆਂ ਲਿਖਤਾਂ 'ਪ੍ਰੀਤਲੜੀ' ਤੇ 'ਸੇਧ' ਵਿਚ ਛਪਿਆ ਕਰਦੀਆਂ ਸਨ ਤੇ ਧੀ ਮਨਜੀਤ ਕੌਰ ਜਸਬੀਰ ਦੀ ਮਾਤਾ ਜੀ ਸੀ। ਇਹਨੇ ਮੈਨੂੰ ਮਲਾਇਆ ਦੀ ਇਕ ਤਸਵੀਰ ਦਿਖਾਈ ਜਿਸ ਵਿਚ ਨਾਨਾ ਜੀ ਦੇ ਅੱਗੇ ਸੱਤ-ਅੱਠ ਸਾਲ ਦੇ ਅਮੋਲ ਖੜ੍ਹੇ ਹੋਏ ਹਨ ਤੇ ਨਾਨੀ ਦੀ ਬੁੱਕਲ ਵਿਚ ਸਾਲ ਕੁ ਦਾ ਜਗਜੀਤ ਹੈ। ਸਮੇਂ ਨੇ ਪਲਟਾ ਖਾਧਾ ਤੇ ਦੂਜੀ ਸੰਸਾਰ ਜੰਗ ਨੇ ਉਥੋਂ ਦੀ ਆਰਥਿਕਤਾ ਬਰਬਾਦ ਕਰ ਦਿੱਤੀ। ਬਹੁਤੇ ਹਿੰਦੁਸਤਾਨੀ ਦੇਸ ਪਰਤ ਆਏ ਜਿਨ੍ਹਾਂ ਵਿਚ ਇਹ ਪਰਿਵਾਰ ਵੀ ਸੀ। ਅਜਿਹੇ ਸਭ ਲੋਕ ਦਿਖਾਉਣ ਲਈ ਨੋਟਾਂ ਦੀਆਂ ਦੱਥੀਆਂ ਲੈ ਕੇ ਆਏ ਜਿਨ੍ਹਾਂ ਨਾਲ ਕੁਝ ਵੀ ਖਰੀਦਿਆ ਨਹੀਂ ਸੀ ਜਾ ਸਕਦਾ। ਇਹ ਗੱਲਾਂ ਮੈਂ ਬਚਪਨ ਵਿਚ ਸਿੰਘਾਪੁਰ-ਮਲਾਇਆ ਤੋਂ ਪਰਤੇ ਸਾਡੇ ਪਿੰਡ ਦੇ ਲੋਕਾਂ ਬਾਰੇ ਸੁਣੀਆਂ ਹੋਈਆਂ ਸਨ।

ਸਮਾਂ ਦਹਾਕਿਆਂ ਦੀ ਛਾਲ ਮਾਰਦਾ ਹੈ। ਜਸਬੀਰ ਦੇ ਪਿਤਾ, ਅਮਰ ਸਿੰਘ ਜੀ ਪਟਵਾਰੀ ਬਣ ਜਾਂਦੇ ਹਨ ਤੇ ਬਦਲੀ ਹੋ ਕੇ ਸਹੁਰੇ ਪਿੰਡ ਮੋਹਨਪੁਰ ਪਹੁੰਚ ਜਾਂਦੇ ਹਨ। ਤਦ ਤੱਕ ਨਾਨਾ ਚਲਾਣਾ ਕਰ ਚੁੱਕਿਆ ਸੀ। ਪੜਨਾਨਾ ਆਪਣੇ ਪਟਵਾਰੀ ਪੋਤ-ਜੁਆਈ ਅੱਗੇ ਅਮੋਲ ਹੱਥ ਖੁੱਸੀ ਜ਼ਮੀਨ ਦਾ ਰੋਣਾ ਰੋਂਦਾ ਹੈ। ਨਤੀਜੇ ਵਜੋਂ ਉਹ ਪਟਵਾਰੀ ਵਾਲੀ ਹੇਰਾਫੇਰੀ ਕਰ ਕੇ ਜ਼ਮੀਨ-ਜਾਇਦਾਦ ਵਿਚੋਂ ਅਮੋਲ ਦਾ ਪੱਤਾ ਸਾਫ਼ ਕਰ ਦਿੰਦੇ ਹਨ। ਅਮੋਲ ਦਾ ਸਾਰੀ ਉਮਰ ਇਸ ਪਰਿਵਾਰ ਨਾਲ ਗੁੱਸੇ ਰਹਿਣਾ ਸੁਭਾਵਿਕ ਸੀ। ਉਹ ਤਰਨਤਾਰਨ ਕਾਲਜ ਵਿਚ ਪ੍ਰਿੰਸੀਪਲ ਸਨ ਤੇ ਜਸਬੀਰ ਦਾ ਪਰਿਵਾਰ ਵੀ ਤਰਨਤਾਰਨ ਹੀ ਰਹਿੰਦਾ ਸੀ। ਮਾਂ ਰੱਖੜੀ ਬੰਨ੍ਹਣ ਜਾਂਦੀ, ਉਹ ਬੰਨ੍ਹਵਾ ਲੈਂਦੇ, ਮੂੰਹ ਮਿੱਠਾ ਵੀ ਕਰਵਾ ਦਿੰਦੇ, ਪਰ ਅੱਗੋਂ-ਪਿੱਛੋਂ ਬੁਲਾਉਂਦੇ-ਵਰਤਦੇ ਨਹੀਂ ਸਨ। ਜਦੋਂ ਜਸਬੀਰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਐਮ. ਏ. ਕਰਨ ਲਗਿਆ, ਅਮੋਲ ਜੀ ਉਥੇ ਪੜ੍ਹਾਉਂਦੇ ਸਨ। ਉਨ੍ਹਾਂ ਨੇ ਇਹਦੇ ਬੁਲਾਉਣ ਦੇ ਬਾਵਜੂਦ ਕਦੀ ਇਹ ਜ਼ਾਹਿਰ ਨਹੀਂ ਸੀ ਕੀਤਾ ਕਿ ਇਹ ਉਨ੍ਹਾਂ ਲਈ ਦੂਜੇ ਵਿਦਿਆਰਥੀਆਂ ਨਾਲੋਂ ਕੋਈ ਵੱਖਰਾ ਹੈ। ਮਗਰੋਂ ਦੇ ਜੀਵਨ ਵਿਚ ਬਹੁਤ ਵਾਰ ਮੇਲ ਹੋ ਜਾਂਦਾ। ਇਹ ਉਨ੍ਹਾਂ ਨੂੰ ਮਾਮਾ ਜੀ ਆਖ ਕੇ ਬੁਲਾਉਂਦਾ, ਪਰ ਉਹ ਵਿੱਥ ਰਖਦੇ ਤੇ ਗੱਲ ਕਰਨ ਦੀ ਕੋਈ ਰੁਚੀ ਨਹੀਂ ਸਨ ਦਿਖਾਉਂਦੇ।

ਮੈਂ ਹੈਰਾਨ ਹੋਇਆ, 'ਫੇਰ ਤਾਂ ਆਤਮਜੀਤ ਤੇਰੇ ਮਾਮਾ ਜੀ ਦਾ ਪੁੱਤਰ ਹੈ?'

ਜਸਬੀਰ ਮੁਸਕਰਾਇਆ, 'ਹਾਂ, ਅਰਧ-ਮਾਮਾ ਜੀ ਦਾ ਪੁੱਤਰ।'

ਇਹਨੇ ਦੱਸਿਆ, ਇਕ ਵਾਰ ਆਤਮਜੀਤ ਦੇ ਮਨ ਵਿਚ ਅਮੋਲ ਜੀ ਦੀ ਜੀਵਨੀ ਲਿਖਣ ਦਾ ਵਿਚਾਰ ਆਇਆ। ਉਹਨੇ ਆਪਣੀ ਅਰਧ-ਭੂਆ, ਭਾਵ ਜਸਬੀਰ ਦੀ ਮਾਤਾ ਜੀ ਨਾਲ ਵੀ ਬਹੁਤ ਲੰਮੀ ਗੱਲਬਾਤ ਕੀਤੀ। ਪਰ ਫੇਰ ਜੀਵਨੀ ਦਾ ਪਤਾ ਨਹੀਂ ਕੀ ਬਣਿਆ। ਇਥੇ ਆ ਕੇ ਗੱਲ ਨਾਲ ਮੇਰੀ ਤੰਦ ਜੁੜ ਜਾਂਦੀ ਹੈ। ਬਹੁਤ ਸਾਲ ਹੋਏ, ਸਾਡੇ ਇਕ ਮੋਢੀ ਸਾਹਿਤਕਾਰ ਦੀ, ਜੇ ਮੈਨੂੰ ਚੇਤਾ ਧੋਖਾ ਨਹੀਂ ਦੇ ਰਿਹਾ, ਹੀਰਾ ਸਿੰਘ ਦਰਦ ਜੀ ਦੀ ਜੀਵਨੀ ਤੇ ਰਚਨਾ ਨੂੰ ਉਹਦੇ ਪੁੱਤਰ ਨੇ ਪ੍ਰਕਾਸ਼ਿਤ ਕਰਵਾਇਆ ਸੀ। ਮੈਂ ਇਸ ਗੱਲ ਤੋਂ ਪ੍ਰੇਰਿਤ ਹੋ ਕੇ ਆਤਮਜੀਤ ਨੂੰ ਚਿੱਠੀ ਲਿਖੀ ਸੀ ਕਿ ਦਰਦ ਜੀ, ਅਮੋਲ ਜੀ ਤੇ ਉਨ੍ਹਾਂ ਦੇ ਹੋਰ ਸਮਕਾਲੀ ਉਹ ਲੋਕ ਹਨ ਜਿਨ੍ਹਾਂ ਨੇ ਆਧੁਨਿਕ ਪੰਜਾਬੀ ਸਾਹਿਤ ਦੀਆਂ ਨੀਂਹਾਂ ਭਰੀਆਂ ਹਨ, ਜਿਨ੍ਹਾਂ ਉੱਤੇ ਖਲੋ ਕੇ ਅਸੀਂ ਲੇਖਕ ਕਹਾਉਂਦੇ ਹਾਂ। ਤੇਰਾ ਏਡਾ ਵੱਡਾ ਵਿਰਸਾ ਹੈ, ਤੂੰ ਅਜਿਹਾ ਕੰਮ ਕਿਉਂ ਹੱਥ ਨਹੀਂ ਲੈਂਦਾ? ਸ਼ਾਇਦ, ਮੈਂ ਇਹ ਵੀ ਲਿਖਿਆ ਸੀ ਕਿ ਨਾਟਕ ਤਾਂ ਹੋਰ ਲੋਕ ਵੀ ਲਿਖ ਲੈਣਗੇ, ਪਰ ਅਮੋਲ ਜੀ ਬਾਰੇ ਤੂੰ ਹੀ ਲਿਖ ਸਕਦਾ ਹੈਂ। ਇਹ ਤਾਂ ਆਤਮਜੀਤ ਹੀ ਦੱਸ ਸਕਦਾ ਹੈ ਕਿ ਅਮੋਲ ਜੀ ਬਾਰੇ ਲਿਖਣ ਦੇ ਉਹਦੇ ਯਤਨ ਵਿਚ ਮੇਰੀ ਚਿੱਠੀ ਦੀ ਕੋਈ ਭੂਮਿਕਾ ਸੀ ਕਿ ਨਹੀਂ! ਇਹ ਵੀ ਉਹ ਹੀ ਦੱਸ ਸਕਦਾ ਹੈ ਕਿ ਇਹ ਲੋੜੀਂਦਾ ਕਾਰਜ ਉਹਨੇ ਵਿਚੇ ਕਿਉਂ ਛੱਡ ਦਿੱਤਾ।

ਜਸਬੀਰ ਦੀ ਕਲਮ ਦਾ ਇਕ ਵੱਖਰਾ ਪੱਖ ਮੇਰੇ ਸਾਹਮਣੇ ਓਦੋਂ ਆਇਆ ਜਦੋਂ ਮੈਂ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਵਜੋਂ ਕੰਮ ਕੀਤਾ। ਮੈਂ 'ਪੰਜਾਬੀ ਟ੍ਰਿਬਿਊਨ' ਵਰਗੇ ਪ੍ਰਭਾਵਸ਼ਾਲੀ ਤੇ ਰਾਇ-ਸਿਰਜਕ ਅਖ਼ਬਾਰ ਦੇ ਸੰਪਾਦਕੀ ਪੰਨੇ ਦੀ, ਖਾਸ ਕਰ ਕੇ ਐਤਵਾਰ ਦੇ ਦੋਵਾਂ ਪੰਨਿਆਂ ਦੀ ਆਪਣੀ ਮਰਜ਼ੀ ਅਨੁਸਾਰ ਨਹੀਂ, ਸਮੇਂ ਦੀ ਲੋੜ ਤੇ ਪਾਠਕਾਂ ਦੀ ਚਾਹ ਅਨੁਸਾਰ ਵਰਤੋਂ ਕਰਨੀ ਚਾਹੁੰਦਾ ਸੀ। ਮੈਂ ਚੁਣੇ ਹੋਏ ਵਿਸ਼ਿਆ ਬਾਰੇ ਚੁਣੇ ਹੋਏ ਲੇਖਕਾਂ ਤੇ ਹੋਰ ਮਾਹਿਰਾਂ ਤੋਂ ਉਚੇਚੇ ਆਪਣੇ ਲਈ ਲੇਖ ਲਿਖਵਾਉਣ ਦੀ ਸਲਾਹ ਬਣਾਈ। ਮੈਂ ਆਪਣਾ ਚੇਤਾ ਵੀ ਫਰੋਲਿਆ ਤੇ ਦੋਸਤਾਂ-ਮਿੱਤਰਾਂ ਦੀ ਸਲਾਹ ਵੀ ਲਈ। ਨਤੀਜੇ ਵਜੋਂ ਉਨ੍ਹਾਂ ਕਲਮਾਂ ਵਾਲਿਆਂ ਦੀ ਚੰਗੀ ਭਰਵੀਂ ਸੂਚੀ ਤਿਆਰ ਹੋ ਗਈ ਜਿਨ੍ਹਾਂ ਨੂੰ ਮੈਂ 'ਪੰਜਾਬੀ ਟ੍ਰਿਬਿਊਨ' ਲਈ ਸਾਹਿਤ, ਸਭਿਆਚਾਰ, ਸਮਾਜ, ਕਿਸਾਨੀ ਆਰਥਿਕਤਾ, ਤਕਨਾਲੋਜੀ, ਪੰਜਾਬ ਵਿਚ ਆਵਾਸ, ਦਲਿਤ ਸਮੱਸਿਆਵਾਂ, ਪੰਜਾਬ ਦਾ ਬੁੱਧ ਧਰਮ ਵਾਲ਼ਾ ਵਿਰਸਾ, ਗਿਆਨ-ਤਕਨਾਲੋਜੀ, ਜਿਹੇ ਵੰਨਸੁਵੰਨੇ ਵਿਸ਼ਿਆਂ ਬਾਰੇ ਲਗਾਤਾਰ ਕਾਲਮ ਲਿਖਣ ਵਾਸਤੇ ਕਹਿਣਾ ਸੀ। ਸਾਹਿਤਕਾਰਾਂ ਵਿਚੋਂ ਇਕ ਸਿਖਰਲਾ ਨਾਂ ਜਸਬੀਰ ਭੁੱਲਰ ਦਾ ਸੀ। ਉਹਨੇ ਸਾਹਿਤਕ ਯਾਦਾਂ ਦੀ ਗਠੜੀ ਫਰੋਲਣ ਦਾ ਇਰਾਦਾ ਦੱਸਿਆ।

ਸਾਹਿਤਕਾਰਾਂ ਦੀਆਂ ਯਾਦਾਂ ਵਿਚ ਹੋਰ ਸਾਹਿਤਕਾਰਾਂ ਦੇ ਕਿੱਸੇ-ਕਹਾਣੀਆਂ ਵੀ ਸ਼ਾਮਲ ਹੁੰਦੇ ਹਨ ਜਿਸ ਕਰਕੇ ਉਹ ਪਾਠਕਾਂ ਨੂੰ ਦਿਲਚਸਪ ਲਗਦੀਆਂ ਹਨ। ਜਸਬੀਰ ਸਿਰਫ਼ ਸਾਹਿਤਕਾਰ ਹੀ ਨਹੀਂ, ਚਿੱਤਰਕਾਰ ਵੀ ਹੈ ਤੇ ਫ਼ਿਲਮਾਂ ਵਾਲਿਆਂ ਨਾਲ ਵੀ ਇਹਦਾ ਨੇੜਲਾ ਵਾਹ ਰਿਹਾ ਹੈ। ਇਸ ਸਦਕਾ ਇਹਦੀਆਂ ਯਾਦਾਂ ਦੀ ਵੰਨਸੁਵੰਨਤਾ ਆਮ ਲੇਖਕਾਂ ਨਾਲੋਂ ਵਧੀਕ ਸੀ। ਇਹ ਕੋਈ ਯਾਦ ਚੁਣ ਕੇ ਉਹਨੂੰ ਅਖ਼ਬਾਰੀ ਕਾਲਮ ਵਜੋਂ ਨਹੀਂ ਸੀ ਲਿਖਦਾ, ਸਗੋਂ ਸਾਹਿਤਕ ਸੁਚੱਜ ਨਾਲ ਪਰੋਸਦਾ ਸੀ। ਇਸੇ ਕਰਕੇ ਇਹਦਾ ਕਾਲਮ 'ਵਿਚ ਵਿਚ ਦਿਸਦੇ ਤਾਰੇ' ਬਹੁਤ ਪਸੰਦ ਕੀਤੇ ਗਏ ਨਵੇਂ ਕਾਲਮਾਂ ਵਿਚੋਂ ਸੀ। ਮਗਰੋਂ ਇਸ ਕਾਲਮ ਵਿਚਲੀਆਂ ਲਿਖਤਾਂ ਨੇ ਇਸੇ ਨਾਂ ਨਾਲ ਪੁਸਤਕ ਦਾ ਰੂਪ ਵੀ ਧਾਰਿਆ। ਇਹਦੀਆਂ ਅਜਿਹੀਆਂ ਯਾਦਾਂ ਹੁਣ ਵੀ ਕਿਸੇ ਨਾ ਕਿਸੇ ਅਖ਼ਬਾਰ-ਰਸਾਲੇ ਵਿਚ ਪੜ੍ਹਨ ਨੂੰ ਮਿਲ ਜਾਂਦੀਆਂ ਹਨ।

ਪੰਜਾਬੀ ਵਿਚ ਇਕ ਨਿੱਗਰ ਸਾਹਿਤਕ ਪਹਿਲ ਕਰਨ ਦਾ ਸਿਹਰਾ ਵੀ ਜਸਬੀਰ ਨੂੰ ਜਾਂਦਾ ਹੈ। ਉਹ ਹੈ ਲੇਖਕਾਂ ਨਾਲ ਲੰਮੀਆਂ ਮੁਲਾਕਾਤਾਂ। ਇਕ ਵਾਰ ਮੈਂ ਪੰਜਾਬ ਸਾਹਿਤ ਅਕਾਦਮੀ ਦਾ ਮੈਂਬਰ ਸੀ, ਜਸਬੀਰ ਸਕੱਤਰ ਤੇ ਦਲੀਪ ਕੌਰ

ਬਾਕੀ ਸਫਾ 23'ਤੇ

# ਏਜੰਟਾਂ ਦਾ ਮੱਕੜਜਾਲ - ਸਾਵਧਾਨ

ਬੇਸ਼ੱਕ ਬਾਹਰ ਜਾਣ ਦੇ ਚਾਹਵਾਨ ਪੰਜਾਬੀ ਲੋਕ ਪਹਿਲਾਂ ਦੇ ਮੁਕਾਬਲੇ ਕੁਝ ਹੱਦ ਤਕ ਜਾਗਰੂਕ ਹੋਏ ਹਨ ਪਰ ਹਾਲੇ ਵੀ ਗੈਰ ਮਾਨਤਾ ਪ੍ਰਾਪਤ ਕਰਨ ਦੇ ਨਾਲ-ਨਾਲ ਮਾਨਤਾ ਪ੍ਰਾਪਤ ਏਜੰਟਾਂ ਵਲੋਂ ਵੀ ਭੋਲੇ-ਭਾਲੇ ਪੰਜਾਬੀਆਂ ਦੀ ਲੁਟ ਵੱਡੇ ਪੱਧਰ 'ਤੇ ਜਾਰੀ ਹੈ। ਪਹਿਲਾਂ ਦੋ



ਅਮਰਬੀਰ ਸਿੰਘ ਚੀਮਾ

ਨੰਬਰੀ ਏਜੰਟਾਂ ਦਾ ਬੋਲਬਾਲਾ ਜਿਆਦਾ ਸੀ, ਪਰ ਉਸ ਸਮੇਂ ਅੱਜ ਦੇ ਮੁਕਾਬਲੇ ਲੋਕਾਂ 'ਚ ਬਾਹਰ ਜਾਣ ਦਾ ਰੁਝਾਨ ਵੀ ਘੱਟ ਸੀ। ਅੱਜ ਪੰਜਾਬ ਦਾ ਹਰ ਤੀਜਾ-ਚੌਥਾ ਨੌਜਵਾਨ ਬਾਹਰ ਜਾਣ ਨੂੰ ਲੋਚਦਾ ਹੈ। ਇਹ ਤਾਂ ਮੁਢ-ਕਦੀਮੋ ਹੀ ਚਲਿਆ ਆਉਦੈਂ ਕਿ ਜਿਸ ਚੀਜ਼ ਦੀ ਮੰਡੀ ਜਿਆਦਾ ਹੁੰਦੀ ਹੈ, ਉੱਥੇ ਉਨੇ ਹੀ ਵਪਾਰੀ ਆ ਡੇਰਾ ਲਾਉਂਦੇ ਹਨ। ਇਥੋਂ ਸ਼ੁਰੂ ਹੋ ਜਾਂਦੀ ਹੈ ਕਿਸੇ ਵੀ ਤਰੀਕੇ ਨਾਲ ਗਾਹਕ ਦੀ ਲੁੱਟ-ਖਸੁਟ। ਬਾਹਰ ਜਾਣਾ ਜਾ ਨਾ ਜਾਣਾ ਅਤੇ ਗੈਰ ਕਾਨੂੰਨੀ ਤਰੀਕੇ ਨਾਲ ਏਜੰਟਾਂ ਰਾਹੀ ਬਾਹਰ ਜਾਣਾ, ਇਹ ਦੋਵੇਂ ਵਖਰੇ ਵਿਸ਼ੇ ਹਨ, ਪਰ ਇਥੇ ਗੱਲ ਉਨ੍ਹਾਂ ਮਾਨਤਾ ਪ੍ਰਾਪਤ ਕੰਸਲਟੈਂਟਾਂ (ਏਜੰਟਾਂ) ਦੀ ਕਰ ਰਹੇ ਹਾਂ, ਜਿਹੜੇ ਵੱਖੋ-ਵੱਖ ਮਾਧਿਅਮਾਂ ਰਾਹੀ ਲੁਭਾਉਣੀ ਇਸ਼ਤਿਹਾਰਬਾਜ਼ੀ ਕਰ ਕੇ ਭੋਲੇ-ਭਾਲੇ ਲੋਕਾਂ ਨੂੰ ਆਪਣੇ ਜਾਲ 'ਚ ਫਸਾਉਂਦੇ ਹਨ। ਆਪਣੇ ਆਪ ਨੂੰ ਪੰਜਾਬ 'ਚੋ ਸਭ ਤੋਂ ਵੱਧ ਵੀਜ਼ੇ ਲਗਵਾਉਣ ਵਾਲੀ ਕੰਪਨੀ ਦਾ ਦਾਅਵਾ ਕਰਨ ਵਾਲੀ ਇਕ ਕੰਪਨੀ ਦੇ ਇਸ਼ਤਿਹਾਰਾਂ 'ਚ ਅਕਸਰ ਲਿਖਿਆ ਹੁੰਦਾ ਹੈ ਕਿ ਫਲਾਣੇ ਮਹੀਨੇ ਇੰਨੇ ਵੀਜ਼ੇ ਲੱਗੇ ਤੇ ਫਲਾਣੇ ਮਹੀਨੇ ਇੰਨੇ ਲਗੇ। ਭਾਵ ਉਹ ਕਹਿੰਦੇ ਹਨ ਕਿ ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਿਆਂ ਦੀ ਕਾਪੀ ਦਫ਼ਤਰ ਆ ਕੇ ਚੈਕ ਕਰਨ ਤੋਂ ਬਾਅਦ ਉਨ੍ਹਾਂ ਰਾਹੀਂ ਅਪਲਾਈ ਕਰੋ। ਪਰ ਉਹ ਇਹ ਕਦੇ ਨਹੀਂ ਕਿ ਦੱਸਦੇ ਕਿ ਫਲਾਣੇ ਮਹੀਨੇ ਕੁਲ ਕਿੰਨੇ ਕੇਸ ਅਪਲਾਈ ਕੀਤੇ ਸਨ ਤੇ ਉਨ੍ਹਾਂ 'ਚੋਂ ਕਿੰਨੇ ਰਿਜੈਕਟ ਹੋਏ ਹਨ। ਇਥੋਂ ਸ਼ੁਰੂ ਹੁੰਦੈ ।

ਇਨ੍ਹਾਂ ਦੇ ਵੱਡੇ-ਵੱਡੇ ਇਸ਼ਤਿਹਾਰ ਦੇਖ ਕੇ ਲੋਕ ਇਨ੍ਹਾਂ ਦੇ ਜਾਲ 'ਚ ਫਸਦੇ ਰਹਿੰਦੇ ਹਨ। ਉਸ ਤੋਂ ਬਾਅਦ ਜਦੋਂ ਤਕ ਕਲਾਇੰਟ (ਗਾਹਕ ਜਾਂ ਮੁਰਗ਼ੀ) ਇਨ੍ਹਾਂ ਨੂੰ ਤਹਿ ਕੀਤੇ ਪੈਸੇ ਨਹੀਂ ਦੇ ਦਿੰਦਾ, ਇਹ ਬਿਨ-ਨਾਗ਼ਾ ਫ਼ੋਨ ਕਰਦੇ ਹਨ ਕਿ ਸਰ ਆ ਜਾਉ ਇਹ ਆਫ਼ਰ ਹੈ, ਪੇਮੈਂਟ ਜਮਾਂ ਕਰਵਾ ਦਿਉ ਆਦਿ। ਬਸ ਜਦੋਂ ਇਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਪੈਸੇ ਦੇ ਦਿਤੇ, ਉਸ ਦਿਨ ਤੋਂ ਬਾਅਦ ਇਨ੍ਹਾਂ ਦਾ ਕਦੇ ਫ਼ੋਨ ਨਹੀਂ ਆਉਂਦਾ। ਫਿਰ ਕਲਾਇੰਟ ਆਪ ਰੋਜ਼ ਇਨ੍ਹਾਂ ਨੂੰ ਪੁਛਦੈ ਕਿ ਕਦੋਂ ਤੱਕ ਫਾਈਲ ਤਿਆਰ ਹੋ ਜਾਵੇਗੀ। ਇਕ ਗੱਲ ਹੋਰ, ਗਾਹਕ ਤੋਂ ਲਏ ਪੈਸਿਆਂ ਦੀ ਰਸੀਦ ਵੀ ਇਹ ਆਪਣੇ ਕੋਲ ਹੀ ਰਖਦੇ ਹਨ, ਉਲਟਾ ਗ੍ਰਾਹਕ ਤੋਂ ਪੈਸੇ ਲੈ ਕੇ ਉਸ ਤੋਂ ਹੀ ਰਸੀਦੀ ਟਿਕਟਾਂ 'ਤੇ 25-30 ਦਸਤਖ਼ਤ ਕਰਵਾ ਲੈਂਦੇ ਹਨ, ਤਾਂ ਕਿ ਲੋੜ ਪੈਣ 'ਤੇ ਕਲਾਇੰਟ ਕੋਈ ਕਾਨੂੰਨੀ ਕਰਵਾਈ ਨਾ ਕਰ ਸਕੇ।

ਅੰਬੈਸੀ ਵਾਲੇ ਤੇ ਵੀ.ਐਫ.ਐਸ. ਏਜੰਸੀ ਵਾਲੇ ਸਮੇਂ-ਸਮੇਂ ਜਾਗਰੂਕ ਵੀ ਕਰਦੇ ਰਹਿੰਦੇ ਹਨ ਕਿ ਜੇਕਰ ਕਿਸੇ ਨੇ ਬਾਹਰ ਜਾਣਾ ਤਾਂ ਉਹ ਸਿੱਧਾ ਅਪਲਾਈ ਕਰ ਸਕਦਾ ਹੈ ਪਰ ਉਨ੍ਹਾਂ ਵਲੋਂ ਫੈਲਾਈ ਜਾਗਰੂਕਤਾ ਕੰਪਨੀਆਂ ਦੇ ਇਸ਼ਤਿਹਾਰਾਂ ਸਾਹਮਣੇ ਬੌਣੀ ਹੋ ਕੇ ਰਹਿ ਜਾਂਦੀ ਹੈ। ਇਕ ਕੇਸ ਦਾ ਇਹ ਏਜੰਟ 30 ਤੋਂ 50 ਹਜ਼ਾਰ ਤਕ ਲੈਂਦੇ ਹਨ ਤੇ ਬਦਲੇ 'ਚ ਗ੍ਰਾਹਕ ਨੂੰ 'ਚੈਕਲਿਸਟ' ਦੇ ਨਾਂ 'ਤੇ ਇਕ ਪ੍ਰਿੰਟ ਆਊਟ ਕੱਢ ਕੇ ਦੇ ਦਿੰਦੇ ਹਨ ਕਿ ਇਹ ਸਾਰੇ ਡਾਕੂਮੈਂਟਸ ਤਿਆਰ ਕਰ ਕੇ ਲਿਆਉ। ਉਸ ਤੋਂ ਬਾਅਦ ਫੇਰ ਟਰਾਂਸਲੇਟਰ (ਪੰਜਾਬੀ ਤੋਂ ਅੰਗਰੇਜ਼ੀ), ਅਵੈਲੂਏਟਰ, ਚਾਰਟਰ ਅਕਾਊਂਟੈਂਟ (ਸੀ.ਏ), ਨੋਟਰੀ ਆਦਿ ਵਲੋਂ ਵਖ-ਵਖ ਥਾਵਾਂ 'ਤੇ ਮੋਟੇ ਟੀਕੇ ਲਗਾਏ ਜਾਂਦੇ ਹਨ। ਹੰਭੇ ਹੋਏ ਗ੍ਰਾਹਕ ਜਾਂ ਕਲਾਇੰਟ ਤੋਂ ਜਿਥੇ ਕੋਈ ਜਿੰਨੇ ਪੈਸੇ ਮੰਗਦਾ ਹੈ, ਉਹ ਦਿੰਦਾ ਜਾਂਦਾ ਹੈ। 20-25 ਦਿਨਾਂ 'ਚ 25-30 ਹਜ਼ਾਰ ਰੁਪਏ ਹੋਰ ਖ਼ਰਚ ਕੇ ਥੱਬਾ ਕਾਗਜ਼ਾਂ ਦਾ ਉਹ ਆਪਣੇ ਅਖੌਤੀ ਮਾਨਤਾ ਪ੍ਰਾਪਤ ਏਜੰਟ ਨੂੰ ਦੇ ਦਿੰਦਾ ਹੈ।

ਦਰਅਸਲ ਇਹ ਸਾਰੇ ਲੋਕ ਸੋਚਦੇ ਹਨ ਕਿ ਫਲਾਣਾ ਬੰਦਾ ਬਾਹਰ ਚਲਿਆ ਹੈ, ਇਹਦੇ ਕੋਲ ਵਾਧੂ ਪੈਸੇ ਹਨ, ਸੋ ਜਿੰਨੇ ਮਰਜ਼ੀ ਲੁਟੀ ਜਾਉ, ਅੱਗੋਂ ਅਗਲਾ ਚਾਹੇ ਕਰਜ਼ਾ ਚੁਕ ਕੇ ਬਾਹਰ ਚਲਿਆ ਹੋਵੇ। ਇਨ੍ਹਾਂ ਸਾਰਿਆਂ ਦੀ ਲੁੱਟ ਦਾ ਸ਼ਿਕਾਰ ਹੋਣ ਵਾਲਿਆਂ 'ਚ ਅਜੋਕੇ ਨੌਜਵਾਨ ਪਾੜ੍ਹੇ, ਆਪਣੇ ਖ਼ਾਵੰਦ ਕੋਲ ਵਿਦੇਸ਼ ਜਾਣ ਦੀ ਤਾਂਘ 'ਚ ਸੱਜ ਵਿਆਹੀਆਂ ਚੂੜਿਆਂ ਵਾਲੀਆਂ ਨਾਰਾਂ, ਵਿਦੇਸ਼ ਰਹਿੰਦੇ ਆਪਣੇ ਬੱਚਿਆਂ ਕੋਲ ਜਾਣ ਦੇ ਚਾਹਵਾਨ ਲਾਠੀਆਂ ਸਹਾਰੇ ਤੁਰਦੇ ਬਜ਼ੁਰਗ ਅਤੇ ਜਾਂ ਫਿਰ ਸਾਲ-ਦੋ ਸਾਲ ਦਾ ਜਵਾਕ ਕੁਛੜ ਚੁਕੀ ਉਹ ਪੰਜਾਬਣ ਮੁਟਿਆਰ, ਜਿਸ ਨੇ ਆਪਣੇ ਘਰ ਵਾਲੇ ਨੂੰ ਆਪਣੇ ਬੱਚੇ ਦਾ ਮੂੰਹ ਪਹਿਲੀ ਵਾਰੀ ਦਿਖਾਉਣਾ ਹੁੰਦੈ। ਇਸ ਉਪਰੰਤ 15-20 ਦਿਨਾਂ ਬਾਅਦ ਕੰਸਲਟੈਂਟ ਕਲਾਇੰਟ ਨੂੰ ਆਪਣੇ ਦਫ਼ਤਰ ਬੁਲਾਉਂਦੈ, ਉਸੇ ਦਿਨ ਦੀ ਅਪਾਇੰਟਮੈਂਟ ਫਿਕਸ ਹੁੰਦੀ ਹੈ।

ਅਪਾਇੰਟਮੈਂਟ ਦੇ ਸਮੇਂ ਤੋਂ ਸਿਰਫ ਅੱਧਾ ਕੁ ਘੰਟਾ ਪਹਿਲਾਂ ਹੀ ਅੰਬੈਸੀ 'ਚ ਜਮਾਂ ਕਰਵਾਉਣ ਲਈ ਫਾਈਲ ਕਲਾਇੰਟ ਨੂੰ ਦਿਤੀ ਜਾਂਦੀ ਹੈ। ਇਕ ਦੋ ਦਿਨ ਪਹਿਲਾਂ ਫਾਈਲ ਦੇਣ ਬਾਰੇ ਕਹਿਣ 'ਤੇ ਇਹ ਅਖੌਤੀ ਕੰਸਲਟੈਂਟ ਕੰਪਨੀ ਦੀ ਪਾਲਿਸੀ ਕਹਿ ਕੇ ਆਪਣਾ ਪੱਲਾ ਝਾੜ ਲੈਂਦੇ ਹਨ। ਛਾਣਬੀਣ ਉਪਰੰਤ ਇਸ ਦਾ ਮੁਖ ਕਾਰਨ ਇਹ ਸਾਹਮਣੇ ਆਇਆ ਕਿ ਜੇਕਰ ਫਾਈਲ ਪਹਿਲਾਂ ਹੀ ਗ੍ਰਾਹਕ ਦੇ ਹਵਾਲੇ ਕਰ ਦਿੱਤੀ ਤਾਂ ਇਹ ਉਸ ਦੀ ਫੋਟੋਸਟੇਟ ਨਾ ਕਰਵਾ ਲਵੇ। ਕਲਾਇੰਟ ਕੋਲ ਉਤਨਾ ਕੁ ਹੀ ਸਮਾਂ ਹੋਵੇਗਾ ਕਿ ਉਹ ਟਰੈਫ਼ਿਕ ਜਾਮਾਂ 'ਚ ਫਸਦਾ-ਫਸਦਾ ਮਸਾਂ ਹੀ ਸਮੇਂ ਸਿਰ ਅੰਬੈਸੀ ਤੱਕ ਪਹੁੰਚ ਸਕੇ।

ਅੰਬੈਸੀ ਵਾਲੇ ਫ਼ੀਸ ਅੰਦਰ ਹੀ ਜਮਾਂ ਕਰਵਾਉਂਦੇ ਹਨ ਪਰ ਅੰਬੈਸੀ ਦੇ ਬਾਹਰ ਬਿਨਾਂ ਕਿਸੇ ਮਨਜ਼ੂਰੀ ਦੇ ਘੁੰਮਦੇ ਛੋਟੇ-ਛੋਟੇ ਏਜੰਟ ਕਲਾਇੰਟ ਨੂੰ ਗੇਟ 'ਤੇ ਹੀ ਡਰਾ ਦਿੰਦੇ ਹਨ ਕਿ ਤੂੰ ਤਾਂ ਫ਼ੀਸ ਹੀ ਨਹੀਂ ਭਰੀ। ਧੱਕੇ ਨਾਲ ਹੀ ਉਸ ਨੂੰ ਬਾਂਹ ਤੋਂ ਫੜ ਬਾਹਰ ਮਾਰਕੀਟ 'ਚ ਖੁੱਲ੍ਹੀਆਂ ਦੁਕਾਨਾਂ 'ਚੋਂ ਕਿਸੇ ਇਕ ਦੇ ਹਵਾਲੇ ਕਰ ਦਿੰਦੇ ਹਨ। ਇੱਥੇ ਇਹ ਗਾਹਕ ਦੀ ਮਜਬੂਰੀ ਤੇ ਭੋਲੇਪਣ ਦਾ ਭਰਪੂਰ ਫ਼ਾਇਦਾ ਉਠਾਉਂਦਿਆਂ ਠੱਗੀ ਦੀਆਂ ਹੱਦਾਂ ਟੱਪ ਜਾਂਦੇ ਹਨ। ਇਹ ਅੰਬੈਸੀ ਵੱਲੋਂ ਨਿਰਧਾਰਿਤ ਫ਼ੀਸ ਦੇ ਨਾਲ ਬੈਂਕ ਖਰਚੇ, ਨੈਟ ਬੈਂਕਿੰਗ, ਕੈਨੇਡੀਅਨ ਡਾਲਰ ਐਕਸਚੇਂਜ ਚਾਰਜ ਤੇ ਆਪਣਾ ਕਮਿਸ਼ਨ ਆਦਿ ਲਾ ਕੇ ਇੱਕ ਗਾਹਕ ਤੋਂ 3 ਤੋਂ 5 ਹਜ਼ਾਰ ਤੱਕ ਨਾਜਾਇਜ਼ ਵਸੂਲਦੇ ਹਨ। ਇਸ ਤੋਂ ਬਿਨਾਂ ਮਾਨਤਾ ਪ੍ਰਾਪਤ ਕੰਸਲਟੈਂਟ ਗਾਹਕ ਤੋਂ ਪਹਿਲਾਂ ਹੀ ਦਸਤਖ਼ਤ ਕਰਵਾ ਲੈਂਦੇ ਹਨ ਕਿ ਵੀਜ਼ਾ ਲੱਗਣਾ ਜਾ ਨਾ ਲੱਗਣਾ ਅੰਬੈਸੀ ਦੇ ਹੱਥ ਹੈ। ਇਹ ਹਰ ਮਸ਼ਹੂਰੀ 'ਚ ਕਹਿੰਦੇ ਹਨ ਕਿ ਅਸੀਂ ਫਾਈਲ ਇੰਨੇ ਵਧੀਆ ਤਰੀਕੇ ਨਾਲ ਬਣਾ ਕੇ ਦਿੱਤੀ ਹੈ ਕਿ ਅੰਬੈਸੀ ਨੇ ਵੀਜ਼ਾ ਜਾਰੀ ਕਰ ਦਿੱਤਾ, ਜਦਕਿ ਅਸਲ ਗੱਲ ਇਹ ਹੈ ਕਿ ਫਾਰਮ ਭਰਨ ਤੋਂ ਲੈ ਕੇ ਅਪਲਾਈ ਕਰਨ ਤਕ ਦੀ ਸਮੁੱਚੀ ਪ੍ਰਕਿਰਿਆ ਦੌਰਾਨ ਕਿਤੇ ਵੀ ਕਿਸੇ ਕੰਸਲਟੈਂਟ ਖ਼ਾਸ ਕਰ ਕੇ ਅਖੌਤੀ ਮਾਨਤਾ ਕੰਸਲਟੈਂਟ ਜਾਂ ਏਜੰਟ ਦਾ ਨਾਂ ਨਹੀਂ ਲਿਖਿਆ ਹੁੰਦਾ। ਜਦੋਂ ਵੀਜ਼ਾ ਲੱਗਣਾ ਜਾ ਨਾ ਲੱਗਣਾ ਅੰਬੈਸੀ ਦੇ ਹੱਥ ਹੀ ਹੈ ਫੇਰ ਇਨ੍ਹਾਂ ਸਾਰਿਆਂ ਦੀ ਲੁੱਟ ਦਾ ਸ਼ਿਕਾਰ ਕਾਹਦੇ ਲਈ? ਬਸ ਸਾਨੂੰ ਜਾਗਰੂਕ ਹੋਣ ਦੀ ਲੋੜ ਹੈ ਤੇ ਜਾਗਰੂਕਤਾ ਲਈ ਸਮਾਂ ਤੇ ਸੰਜਮ ਦੋਵੇਂ ਚੀਜ਼ਾਂ ਮਹੱਤਵਪੂਰਨ ਹਨ। ਇੱਕ ਅੰਗਰੇਜ਼ੀ ਦਾ ਲਫ਼ਜ਼ ਹੁੰਦੈ 'ਪੈਨਿਕ', ਬਸ ਪੈਨਿਕ ਨਹੀਂ ਹੋਣਾ।

ਮੁੱਕਦੀ ਗੱਲ ਅਖ਼ਬਾਰਾਂ 'ਚ ਛਪੇ ਇਨ੍ਹਾਂ ਏਜੰਟਾਂ ਦੇ ਵੱਡੇ-ਵੱਡੇ ਇਸ਼ਤਿਹਾਰਾਂ ਨੂੰ ਦੇਖ ਕੇ ਸੋਸ਼ਲ-ਮੀਡੀਆ 'ਤੇ ਘੁੰਮਦੀ ਉਹ ਤਸਵੀਰ ਜ਼ਿਹਨ 'ਚ ਆ ਗਈ ਜਿਸ ਵਿਚ ਲਿਖਿਆ ਸੀ ਕਿ 'ਪਹਿਲਾਂ ਅਖ਼ਬਾਰਾਂ ਛਪ ਕੇ ਵਿਕਦੀਆਂ ਹਨ ਪਰ ਹੁਣ ਵਿਕ ਕੇ ਛਪਦੀਆਂ ਹਨ।

# ਜਸਬੀਰ ਭੁੱਲਰ

ਟਿਵਾਣਾ ਪ੍ਰਧਾਨ ਸੀ। ਇਕ ਮੀਟਿੰਗ ਵਿਚ ਜਸਬੀਰ ਨੇ ਨਿਊਯਾਰਕ ਤੋਂ ਛਪਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਅੰਗਰੇਜ਼ੀ ਤ੍ਰੈਮਾਸਕ 'ਦਿ ਪੈਰਿਸ ਰੀਵਿਊ' ਬਾਰੇ ਸੁਝਾਅ ਦਿੱਤਾ ਕਿ ਸਾਨੂੰ ਪੰਜਾਬੀ ਵਿਚ ਉਸੇ ਕਿਸਮ ਦੀਆਂ ਲੰਮੀਆਂ ਇੰਟਰਵਿਊਆਂ ਦੀ ਰੀਤ ਚਲਾਉਣੀ ਚਾਹੀਦੀ ਹੈ। ਸੁਝਾਅ ਏਨਾ ਚੰਗਾ ਸੀ ਕਿ ਮੌਕੇ ਉੱਤੇ ਹੀ ਸਰਬਸੰਮਤੀ ਨਾਲ ਪ੍ਰਵਾਨ ਹੋ ਗਿਆ।

ਇਥੇ 'ਦਿ ਪੈਰਸ ਰੀਵਿਊ' ਦੇ ਜ਼ਿਕਰ ਤੋਂ ਇਕ ਬੜੀ ਕੰਮ ਦੀ ਗੱਲ ਚੇਤੇ ਆ ਗਈ ਜਿਸ ਦਾ ਸੰਬੰਧ ਜਸਬੀਰ ਨਾਲ ਹੀ ਨਹੀਂ, ਸਗੋਂ ਉਹ, ਮੈਂ ਤੇ ਆਲੋਚਕਾਂ ਦੇ ਛੇਕੇ ਹੋਏ ਹੋਰ ਸਭਨਾਂ ਲੇਖਕਾਂ ਨਾਲ ਹੈ। ਇਸ ਘਟਨਾ ਤੋਂ ਖਾਸ ਕਰ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੇਖਕਾਂ ਤੇ ਆਲੋਚਕਾਂ ਦੇ ਜੋ ਸੰਬੰਧ ਪੰਜਾਬੀ ਵਿਚ ਹਨ, ਉਹੋ ਹੀ, ਇਹ ਬਹੁਤ ਤਸੱਲੀ ਵਾਲ਼ੀ ਗੱਲ ਹੈ, ਦੁਨੀਆ-ਭਰ ਵਿਚ ਹਨ। ਸਾਡੀ ਅਮਰੀਕਾ ਫੇਰੀ ਸਮੇਂ ਮੈਂ ਤੇ ਪਸ਼ੌਰਾ ਸਿੰਘ ਢਿੱਲੋਂ ਪਰਿਵਾਰਾਂ ਸਮੇਤ ਲੇਖਕ ਜਗਜੀਤ ਬਰਾੜ ਕੋਲ ਜਾ ਰਹੇ ਸੀ। ਲੰਮੇ ਜੰਗਲੀ ਰਾਹ ਵਿਚ ਵੀ ਸੜਕ ਦੇ ਨੇੜੇ ਥੋੜ੍ਹੀ-ਥੋੜ੍ਹੀ ਦੂਰ ਵਧੀਆ ਰੰਗ-ਰੋਗਨ ਕੀਤੇ ਹੋਏ ਹਾਈਡਰੈਂਟ ਲੱਗੇ ਹੋਏ ਸਨ, ਅੱਗ ਦੀ ਸੂਰਤ ਵਿਚ ਜਿਨ੍ਹਾਂ ਤੋਂ ਪਾਣੀ ਲਿਆ ਜਾ ਸਕਦਾ ਸੀ। ਜਗਜੀਤ ਦੇ ਘਰ ਦੋਵਾਂ ਦੇਸਾਂ ਦੇ ਪ੍ਰਬੰਧਕੀ ਮਿਆਰ ਦੀ ਗੱਲ ਚੱਲੀ ਤਾਂ ਮੈਂ ਜੰਗਲ ਵਿਚ ਲੱਗੇ ਹਾਈਡਰੈਂਟਾਂ ਦੇ ਹਵਾਲੇ ਨਾਲ ਕਿਹਾ ਕਿ ਆਪਣੇ ਮਹਾਨ ਦੇਸ ਵਿਚ ਤਾਂ ਅੱਗ ਲੱਗੀ ਤੋਂ ਬੁਝਾਉਣ ਵਾਲਿਆਂ ਨੂੰ ਮਹਾਂਨਗਰਾਂ ਵਿਚ ਵੀ ਪਾਣੀ ਨਹੀਂ ਮਿਲਦਾ!

ਜਗਜੀਤ ਉੱਠਿਆ ਤੇ ਇਕ ਰਸਾਲੇ ਦੇ ਵਰਕੇ ਪਲਟਦਿਆਂ ਮੁੜਿਆ, 'ਇਨ੍ਹਾਂ ਹਾਈਡਰੈਂਟਸ ਦਾ ਸਾਹਿਤ ਨਾਲ ਵੀ ਨਾਤਾ ਹੈ।' ਰਸਾਲਾ 'ਦਿ ਪੈਰਸ ਰੀਵਿਊ' ਸੀ ਤੇ ਉਸ ਵਿਚ ਅਮਰੀਕੀ ਗਲਪਕਾਰ ਥਾਮਸ ਪਿਨਚੌਨ ਦੀ ਲੰਮੀ ਇੰਟਰਵਿਊ ਛਪੀ ਹੋਈ ਸੀ, ਜਿਸ ਨੂੰ ਉਹਦਾ ਵਿਸ਼ਾਲ ਕੌਮਾਂਤਰੀ ਪਾਠਕ-ਸਮੂਹ ਉਸ ਸਮੇਂ ਪੰਜ ਨਾਵਲਾਂ ਤੇ ਕੁਝ ਅਣਪੁਸਤਕੀਆਂ ਕਹਾਣੀਆਂ ਨਾਲ ਹੀ ਲੰਮੇ ਸਮੇਂ ਤੋਂ ਨੋਬਲ ਇਨਾਮ ਦਾ ਹੱਕਦਾਰ ਸਮਝਦਾ ਸੀ। ਜਗਜੀਤ ਨੇ ਦੱਸਿਆ, 'ਪਿਨਚੌਨ ਨਿਵਾਸ ਬਦਲਦਾ ਰਹਿੰਦਾ ਹੈ ਤੇ ਆਪਣਾ ਸਿਰਨਾਵਾਂ ਜੱਗ-ਜ਼ਾਹਿਰ ਨਹੀਂ ਕਰਦਾ।

ਉਹ ਤਸਵੀਰ ਵੀ ਨਹੀਂ ਖਿਚਵਾਉਂਦਾ। ਉਹਦੀਆਂ ਉਹੋ ਤਸਵੀਰਾਂ ਮਿਲਦੀਆਂ ਹਨ ਜੋ ਸਕੂਲੀ-ਕਾਲਜੀ ਲੋੜਾਂ ਸਮੇਂ ਖਿਚਵਾਉਣੀਆਂ ਪਈਆਂ ਸਨ ਜਾਂ ਜੇ ਕੋਈ ਕਿਤੇ ਚੋਰੀਉਂ ਖਿੱਚਣ ਵਿਚ ਸਫਲ ਹੋ ਗਿਆ ਹੋਵੇ।' ਉਹਨੇ ਇਕ ਪੰਨੇ ਉੱਤੇ ਅਟਕ ਕੇ ਕਿਹਾ, 'ਹਰ ਜ਼ਬਾਨ ਦੇ ਬਹੁਤੇ ਖਰੇ ਲੇਖਕ ਆਲੋਚਕਾਂ ਦੀ ਉਲਾਰਤਾ ਦੀ ਆਲੋਚਨਾ ਕਰਦੇ ਰਹਿੰਦੇ ਹਨ। ਲਓ ਸੁਣੋ, ਪਿਨਚੌਨ ਲੇਖਕ-ਆਲੋਚਕ ਰਿਸ਼ਤੇ ਨੂੰ ਕਿੰਨੇ ਖ਼ੂਬਸੂਰਤ ਢੰਗ ਨਾਲ ਬਿਆਨਦਾ ਹੈ। ਸਵਾਲ ਕੀਤਾ ਗਿਆ, 'ਆਲੋਚਕਾਂ ਬਾਰੇ ਤੁਹਾਡੇ ਮਨ ਵਿਚ ਕੀ ਵਿਚਾਰ ਆਉਂਦਾ ਹੈ?' ਤੇ ਪਿਨਚੌਨ ਨੇ ਬੜੀ ਸਹਿਜਤਾ ਨਾਲ ਇਕਦਮ ਜਵਾਬ ਦਿੱਤਾ, 'ਉਹੋ ਜੋ ਹਾਈਡਰੈਂਟ ਨੂੰ ਦੇਖ ਕੇ ਕੁੱਤੇ ਦੇ ਮਨ ਵਿਚ ਆਉਂਦਾ ਹੈ!' ਇਉਂ ਪਿਨਚੌਨ ਨੇ ਹਾਈਡਰੈਂਟ ਦਾ ਨਾਤਾ ਸਾਹਿਤ ਨਾਲ ਵੀ ਜੋੜ ਦਿੱਤਾ।' ਸਭ ਦਾ ਹਾਸਾ ਨਿੱਕਲ ਗਿਆ। ਉਸ ਪਿੱਛੋਂ ਕੋਈ ਲੇਖਕ ਜਦੋਂ ਆਲੋਚਕਾਂ ਬਾਰੇ ਗਿਲਾ ਕਰਦਾ ਹੈ, ਮੈਂ ਉਹਨੂੰ ਇਹ ਕਿੱਸਾ ਸੁਣਾ ਕੇ ਸ਼ਾਂਤ ਕਰ ਦਿੰਦਾ ਹਾਂ।

ਖ਼ੈਰ, ਜਸਬੀਰ ਦੇ ਸੁਝਾਅ ਦੇ ਸਿੱਟੇ ਵਜੋਂ ਬਣੀ ਇਸ ਵਿਉਂਤ ਅਧੀਨ ਉਹਨੇ ਆਪ 'ਲਿਖਣ ਵੇਲਾ' ਨਾਂ ਰੱਖ ਕੇ ਦਸ ਕਹਾਣੀਕਾਰਾਂ ਤੇ 'ਗੁਫ਼ਤਗੂ' ਨਾਂ ਰੱਖ ਕੇ ਦਸ ਨਾਵਲਕਾਰਾਂ ਨਾਲ, ਮੈਂ 'ਬਚਨ-ਬਿਲਾਸ' ਨਾਂ ਰਖਦਿਆਂ ਦਸ ਕਹਾਣੀਕਾਰਾਂ ਨਾਲ, ਡਾ. ਰਘਬੀਰ ਸਿੰਘ ਨੇ 'ਮੁਲਾਕਾਤਾਂ' ਨਾਂ ਹੇਠ ਦਸ ਨਾਵਲਕਾਰਾਂ ਨਾਲ ਅਤੇ ਬਲਦੇਵ ਸਿੰਘ ਨੇ 'ਵਾਰਤਾਲਾਪ' ਨਾਂ ਚੁਣ ਕੇ ਰਲਵੇਂ-ਮਿਲਵੇਂ ਲੇਖਕਾਂ, ਪੱਤਰਕਾਰਾਂ ਤੇ ਪ੍ਰਕਾਸ਼ਕਾਂ ਨਾਲ ਲੰਮੀ ਗੱਲਬਾਤ ਕੀਤੀ। ਜਸਬੀਰ ਦੀ ਪਹਿਲਕਦਮੀ ਉੱਤੇ ਪੰਜਾਬੀ ਸਾਹਿਤ ਵਿਚ, ਮੈਂ ਸਮਝਦਾ ਹਾਂ, ਇਹ ਇਕ ਇਤਿਹਾਸਕ ਪਹਿਲ ਸੀ। ਇਨ੍ਹਾਂ ਲੰਮੀਆਂ ਮੁਲਾਕਾਤਾਂ ਨੂੰ ਪਾਠਕਾਂ ਨੇ ਬਹੁਤ ਪਸੰਦ ਕੀਤਾ ਕਿਉਂਕਿ ਇਹ, ਉਨ੍ਹਾਂ ਦੇ ਕਹਿਣ ਅਨੁਸਾਰ, ਲੇਖਕ ਦੀ ਸ਼ਖ਼ਸੀਅਤ, ਸਾਹਿਤਕ ਸੋਚ, ਰਚਨਾਕਾਰੀ, ਆਦਿ ਉੱਤੇ ਭਰਪੂਰ ਝਾਤ ਪੁਆਉਂਦੀਆਂ ਸਨ। ਲੇਖਕਾਂ ਨੇ ਵੀ ਅਜਿਹੀ ਲੰਮੀ ਮੁਲਾਕਾਤ ਨੂੰ ਜਿਵੇਂ ਇਕ ਵਿਧਾ ਵਜੋਂ ਪਰਵਾਨ ਕਰ ਲਿਆ। ਅਜਿਹੀਆਂ ਲੰਮੀਆਂ ਮੁਲਾਕਾਤਾਂ ਅਕਸਰ ਛਪਣ ਲੱਗ ਪਈਆਂ। ਪਿਛਲੇ ਕੁਝ ਸਮੇਂ ਵਿਚ ਤਿੰਨ ਸੰਗ੍ਰਹਿ ਤਾਂ ਮੇਰੇ ਹੀ ਛਪੇ ਹਨ — 'ਸੁਖ਼ਨ ਸੁਣਾਏ ਸਿਰਜਕਾਂ' ਤੇ 'ਮਜਲਸ' ਮੇਰੀਆਂ ਹੋਰਾਂ ਨਾਲ ਕੀਤੀਆਂ ਲੰਮੀਆਂ ਮੁਲਾਕਾਤਾਂ ਅਤੇ 'ਸ਼ਬਦਾਂ ਦੀ ਛਾਂਵੇਂ' ਹੋਰਾਂ ਦੀਆਂ ਮੇਰੇ ਨਾਲ ਕੀਤੀਆਂ ਲੰਮੀਆਂ ਮੁਲਾਕਾਤਾਂ।

ਸ਼ੁਰੂ ਜਿਹੇ ਵਿਚ ਮੈਂ ਚਿੱਤਰਕਾਰ ਕੁੜੀ ਦਾ ਭੇਟ ਕੀਤਾ ਚਿੱਤਰ ਇਹਦੇ ਹੁਜਰੇ ਦਾ ਸ਼ਿੰਗਾਰ ਹੋਣ ਦੀ ਗੱਲ ਕੀਤੀ ਸੀ। ਪਾਠਕ ਸੋਚੇਗਾ, ਇਹ ਹੁਜਰਾ ਕੀ ਹੋਇਆ? ਇਕ ਡਰਾਇੰਗ-ਰੂਮ ਇਹਨੇ ਸਭਨਾਂ ਲੋਕਾਂ ਲਈ, ਸਭਨਾਂ ਲੋਕਾਂ ਦੇ ਡਰਾਇੰਗ-ਰੂਮਾਂ ਵਰਗਾ ਤੇ ਸਭਨਾਂ ਲੋਕਾਂ ਵਾਂਗ ਬੂਹੇ ਵੜਦਿਆਂ ਬਣਾਇਆ ਹੋਇਆ ਹੈ। ਇਕ ਇਹਦੀ ਮੁਸਕਰਾਹਟ ਵਾਂਗ ਰਹੱਸ-ਭਰਿਆ ਡਰਾਇੰਗ-ਰੂਮ ਇਸ ਡਰਾਇੰਗ-ਰੂਮ ਵਿਚੋਂ ਕੁਝ ਪੌੜੀਆਂ ਉੱਤਰ ਕੇ ਹੈ। ਉਸ ਵਿਚ ਕਾਲੀਨ ਹੈ, ਸੋਫ਼ੇ ਹਨ, ਕੰਧਾਂ ਉੱਤੇ ਸਜੇ ਹੋਏ ਇਹਦੇ ਆਪਣੇ ਜਾਂ ਇਹਨੂੰ ਭੇਟ ਕੀਤੇ ਹੋਏ ਚਿੱਤਰ ਹਨ ਤੇ ਮੱਧਮ ਰੌਸ਼ਨੀ ਵਾਲੀਆਂ ਲਾਈਟਾਂ ਹਨ।

ਇਕ ਸੈਂਟਰਲ ਟੇਬਲ ਤੋਂ ਇਲਾਵਾ ਆਪਣੇ-ਆਪਣੇ ਜਾਮ ਰੱਖਣ ਲਈ ਸੋਫ਼ਿਆਂ ਦੇ ਪਾਸੀਂ ਪਏ ਸਟੂਲ ਹਨ। ਹੋਰ ਵਾਧੂ ਇਕ ਵੀ ਚੀਜ਼ ਨਹੀਂ! ਇਹਨੇ ਕੁਝ ਅਜਿਹੀ ਵਾਸਤੂ-ਕਲਾ ਵਰਤੀ ਹੋਈ ਹੈ ਕਿ ਪੌੜੀਆਂ ਉੱਤਰਦਿਆਂ ਹੀ ਤੁਹਾਨੂੰ ਆਪਣੇ ਅੰਦਰਲਾ ਫ਼ਕੀਰ ਦਿੱਸਣ ਲਗਦਾ ਹੈ ਤੇ ਕਮਰੇ ਦੀ ਥਾਂ ਹੁਜਰੇ ਦਾ ਅਹਿਸਾਸ ਹੋਣ ਲਗਦਾ ਹੈ। ਉਥੇ ਬੈਠੇ ਹੋਏ ਦੋਸਤ ਗਿਣਤੀ ਨੂੰ ਬੇਮਾਅਨੀ ਬਣਾ ਕੇ ਮਜਲਸ ਬਣ ਜਾਂਦੇ ਹਨ। ਇਸੇ ਕਰਕੇ ਜਦੋਂ ਪਿਛਲੇ ਸਾਲ ਮੈਂ ਦੋਸਤਾਂ ਨਾਲ ਵੱਖ-ਵੱਖ ਜੀਵਨ-ਖੇਤਰਾਂ ਬਾਰੇ ਕੀਤੀਆਂ ਗੱਲਾਂਬਾਤਾਂ ਦਾ ਸੰਗ੍ਰਹਿ 'ਮਜਲਸ' ਛਪਵਾਇਆ ਤਾਂ ਉਹਦਾ ਸਮਰਪਨ ਇਨ੍ਹਾਂ ਸ਼ਬਦਾਂ ਵਿਚ ਕੀਤਾ: ਦਿਲਦਾਰ ਦੋਸਤ ਤੇ ਰਸ਼ਕਜੋਗ ਸਾਹਿਤ-ਸਿਰਜਕ ਜਸਬੀਰ ਭੁੱਲਰ ਦੇ ਨਾਂ ਜਿਸ ਇਕੱਲੇ ਨਾਲ ਬੈਠਿਆਂ ਹੀ ਭਰੀ-ਪੂਰੀ ਮਜਲਸ ਸਜ ਜਾਂਦੀ ਹੈ!

ਜਸਬੀਰ ਨੇ ਕਹਾਣੀਆਂ ਵੀ ਲਿਖੀਆਂ ਹਨ ਤੇ ਨਾਵਲ ਵੀ, ਕਵਿਤਾਵਾਂ ਵੀ ਲਿਖੀਆਂ ਹਨ ਤੇ ਬਾਲ-ਸਾਹਿਤ ਵੀ, ਵਾਰਤਕ ਵੀ ਲਿਖੀ ਹੈ ਤੇ ਵਿਅਕਤੀ-ਚਿੱਤਰ ਵੀ। ਪਰ ਇਹ ਆਪਣੇ ਆਪ ਵਿਚ ਕੋਈ ਵਿਸ਼ੇਸ਼ ਗੱਲ ਨਹੀਂ, ਬਹੁਤੇ ਲੇਖਕ ਇਕ ਤੋਂ ਵੱਧ ਵਿਧਾਵਾਂ ਵਿਚ ਲਿਖਦੇ ਹਨ। ਵਿਸ਼ੇਸ਼ ਗੱਲ ਹੈ ਜਸਬੀਰ ਦੀ ਹਰ ਵਿਧਾ ਵਿਚ ਅੱਗੋਂ ਵਿਸ਼ਿਆਂ ਦੀ ਵੰਨਸੁਵੰਨਤਾ। ਸਮਾਜਕ ਜੀਵਨ ਵੀ ਵੰਨਸੁਵੰਨਾ ਹੈ ਤੇ ਉਸ ਵਿਚਲੇ ਹਰ ਮਨੁੱਖ ਦਾ ਜੀਵਨ ਵੀ ਵੰਨਸੁਵੰਨਾ ਹੁੰਦਾ ਹੈ।

ਮੁੱਦਾ ਇਹ ਹੈ ਕਿ ਉਸ ਵਿਚੋਂ ਕੋਈ ਲੇਖਕ ਕਿੰਨੀ ਕੁ ਵੰਨਸੁਵੰਨਤਾ ਨੂੰ ਨਿਹਾਰ ਸਕਦਾ ਹੈ, ਉਹਦੇ ਬਲਿਹਾਰੇ ਜਾ ਸਕਦਾ ਹੈ ਤੇ ਉਹਨੂੰ ਸ਼ਬਦਾਂ ਨਾਲ ਸਾਕਾਰ ਕਰ ਸਕਦਾ ਹੈ। ਅਜਿਹੇ ਲੇਖਕ ਵੀ ਮਿਲਦੇ ਹਨ ਜੋ ਜੀਵਨ ਦੀ ਕਿਸੇ ਇਕ ਤੰਦ ਨੂੰ ਫੜ ਕੇ ਸਾਰੀ ਸਾਹਿਤਕ ਉਮਰ ਉਸੇ ਨੂੰ ਚਿੰਬੜੇ ਰਹਿੰਦੇ ਹਨ। ਪੰਜਾਬੀ ਵਿਚ ਅਜਿਹੇ ਸਾਹਿਤਕਾਰ ਵੀ ਹਨ ਜਿਨ੍ਹਾਂ ਦੀ ਕਲਮ ਹੋਰ ਕਿਸੇ ਵਿਸ਼ੇ ਵੱਲ ਦੇਖੇ ਬਿਨਾਂ ਕਾਮ ਦਾ ਚਸਕਾ ਹੀ ਲੈਂਦੀ ਰਹੀ ਹੈ। ਗੱਲ ਇਹ ਨਹੀਂ ਕਿ ਕਾਮ ਕੋਈ ਵਰਜਿਤ ਵਿਸ਼ਾ ਹੈ ਜਾਂ ਇਸ ਬਾਰੇ ਲਿਖਣਾ ਨਹੀਂ ਚਾਹੀਦਾ। ਗੱਲ ਇਹ ਹੈ ਕਿ ਫ਼ੈਜ਼ ਨੂੰ ਵੀ ਸੁਣ ਲੈਣਾ ਚਾਹੀਦਾ ਹੈ, 'ਔਰ ਭੀ ਦੁੱਖ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ, ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ!'

7 ਕਹਾਣੀ-ਸੰਗ੍ਰਹਿਆਂ, 10 ਨਾਵਲਾਂ, 5 ਵਾਰਤਕ ਪੁਸਤਕਾਂ, 2 ਕਾਵਿ-ਸੰਗ੍ਰਹਿ, 3 ਮੁਲਾਕਾਤਾਂ ਦੀਆਂ ਪੁਸਤਕਾਂ, 14 ਸੰਪਾਦਿਤ ਪੁਸਤਕਾਂ, ਹੋਰਾਂ ਭਾਸ਼ਾਵਾਂ ਵਿਚ ਅਨੁਵਾਦਿਤ 13 ਪੁਸਤਕਾਂ, ਹੋਰਾਂ ਭਾਸ਼ਾਵਾਂ ਤੋਂ ਅਨੁਵਾਦਿਤ 6 ਪੁਸਤਕਾਂ, 2 ਸਵੈਜੀਵਨੀਆਂ, 15 ਬਾਲ ਕਹਾਣੀ-ਸੰਗ੍ਰਹਿਆਂ, 14 ਬਾਲ ਨਾਵਲਾਂ ਅਤੇ ਬਾਲਾਂ ਲਈ 3 ਵਾਰਤਕ ਪੁਸਤਕਾਂ ਨਾਲ ਇਹਦੀਆਂ ਰਚਨਾਵਾਂ ਦੀ ਕੁੱਲ ਗਿਣਤੀ 94 ਹੋ ਜਾਂਦੀ ਹੈ। ਆਪਣੀ ਉਮਰ ਦੇ ਸਾਲਾਂ ਤੋਂ ਕਾਫ਼ੀ ਵੱਧ ਪੁਸਤਕਾਂ! ਕੁਝ ਲਘੂ ਫ਼ਿਲਮਾਂ ਤੇ ਛੋਟੀਆਂ ਫ਼ਿਲਮਾਂ ਵੀ ਬਣਾਈਆਂ ਹਨ। ਅਨੇਕ ਸਭਾਵਾਂ-ਸੰਸਥਾਵਾਂ ਨੇ ਤਾਂ ਸਨਮਾਨਿਆ ਹੈ, ਪਰ ਕਈ ਕਥਿਤ ਵੱਡੇ ਇਨਾਮ ਪਾਸਾ ਵੱਟ ਕੇ ਲੰਘਦੇ ਰਹੇ ਹਨ।

ਹੁਣੇ-ਹੁਣੇ ਇਹਦਾ ਨਵਾਂ ਨਾਵਲ 'ਖਿੱਦੋ' ਆਇਆ ਹੈ ਜਿਸ ਵਿਚ ਸਾਹਿਤਕ ਇਨਾਮਾਂ ਦੇ ਸੰਬੰਧ ਵਿਚ ਉਡਦੀ ਖੇਹ ਨੂੰ ਵਿਸ਼ਾ ਬਣਾਇਆ ਗਿਆ ਹੈ। ਇਹ ਹੇਰਾਫੇਰੀਆਂ ਇਹਨੇ ਦੇਖੀਆਂ ਵੀ ਬਹੁਤ ਹਨ ਤੇ ਭੋਗੀਆਂ ਵੀ ਕਈ ਵਾਰ ਹਨ। ਇਕ ਵਾਰ ਤਾਂ ਨਿਰੋਲ ਝੂਠ ਦੇ ਆਧਾਰ ਉੱਤੇ ਇਹਦਾ ਸਾਹਿਤ ਅਕਾਦਮੀ ਦਾ ਹੱਕੀ ਇਨਾਮ ਖੋਹ ਲਿਆ ਗਿਆ। ਜਿਊਰੀ ਦੇ ਤਿੰਨਾਂ ਮੈਂਬਰਾਂ ਵਿਚੋਂ ਦਲੀਪ ਕੌਰ ਟਿਵਾਣਾ ਨੇ ਇਹਦੇ ਨਾਂ ਦੀ ਤਜਵੀਜ਼ ਰੱਖੀ। ਇਸ ਤੋਂ ਪਹਿਲਾਂ ਇਹ ਸਾਹਿਤ ਅਕਾਦਮੀ ਦੇ 2010 ਵਿਚ ਸ਼ੁਰੂ ਕੀਤੇ ਗਏ 'ਬਾਲ ਸਾਹਿਤ ਪੁਰਸਕਾਰ' ਦਾ ਪਲੇਠਾ ਪਰਾਪਤ-ਕਰਤਾ ਬਣ ਚੁਕਿਆ ਸੀ। ਕਨਵੀਨਰ ਨੇ ਕਿਹਾ ਕਿ ਉਹ 'ਬਾਲ ਸਾਹਿਤ ਪੁਰਸਕਾਰ' ਲੈ ਚੁੱਕਿਆ ਹੋਣ ਕਾਰਨ ਅਕਾਦਮੀ ਦੇ ਨੇਮਾਂ ਅਨੁਸਾਰ ਇਸ ਇਨਾਮ ਦਾ ਹੱਕਦਾਰ ਨਹੀਂ ਰਹਿ ਜਾਂਦਾ।

ਟਿਵਾਣਾ ਦੇ ਸ਼ੱਕ ਜ਼ਾਹਿਰ ਕੀਤਿਆਂ ਉਹ ਦਫ਼ਤਰ ਵਿਚੋਂ ਕਿਸੇ ਨੂੰ ਸਿਖਾ ਕੇ ਲੈ ਆਇਆ ਜਿਸ ਨੇ ਉਹਦੀ ਗੱਲ ਦੀ ਪੁਸ਼ਟੀ ਕਰ ਦਿੱਤੀ। ਇਹ ਕੋਰਾ ਝੂਠ ਓਦੋਂ ਬੋਲਿਆ ਗਿਆ ਜਦੋਂ 'ਸਾਹਿਤ ਅਕਾਦਮੀ ਦੇ ਸਾਲਾਨਾ ਪੁਰਸਕਾਰਾਂ ਦੇ ਨੇਮ' ਵਿਚੋਂ 2 (1) ਮੱਦ ਵਿਚ ਸਪੱਸ਼ਟ ਲਿਖਿਆ ਹੋਇਆ ਹੈ: 'ਇਨਾਮ ਦੀ ਹੱਕਦਾਰ ਹੋਣ ਲਈ ਪੁਸਤਕ...ਅਜਿਹੇ ਲੇਖਕ ਦੀ ਰਚਨਾ ਨਹੀਂ ਹੋਣੀ ਚਾਹੀਦੀ ਜੋ ਪਹਿਲਾਂ ਅਕਾਦਮੀ ਤੋਂ (ਅਨੁਵਾਦ ਪੁਰਸਕਾਰ, ਬਾਲ ਸਾਹਿਤ ਪੁਰਸਕਾਰ ਤੇ ਯੁਵਾ ਪੁਰਸਕਾਰ ਤੋਂ ਇਲਾਵਾ) ਕੋਈ ਹੋਰ ਪੁਰਸਕਾਰ ਲੈ ਚੁਕਿਆ ਹੋਵੇ।' ਇਉਂ ਸਾਫ਼ ਹੈ ਕਿ ਨੇਮ ਜਸਬੀਰ ਦੇ ਇਨਾਮ ਦਾ ਰਾਹ ਰੋਕਣ ਲਈ ਆਧਾਰ ਨਹੀਂ ਸਨ ਬਣਦੇ, ਝੂਠ ਆਧਾਰ ਜ਼ਰੂਰ ਬਣ ਗਿਆ!

ਜਸਬੀਰ ਵਾਂਗ ਮੈਂ ਵੀ ਚਿਰਾਂ ਤੋਂ ਇਨਾਮਾਂ ਦੇ ਗੋਰਖਧੰਦੇ ਦਾ ਨੇੜਲਾ ਦਰਸ਼ਕ ਰਿਹਾ ਹਾਂ। ਇਸ ਘਾਲ਼ੇ-ਮਾਲ਼ੇ ਵਿਚ ਇਕ ਗੈਂਗ ਸਾਂਝੀ ਹੈ ਜਿਸ ਦੇ ਜੀਨਜ਼ ਨੂਰ ਤੋਂ ਤੁਰੇ ਸਨ ਤੇ ਉਸ ਪਿੱਛੋਂ ਵੀ ਘਟਣ ਦੀ ਥਾਂ ਵਧਦੇ-ਫੂਲਦੇ ਰਹੇ ਹਨ। ਨੂਰ ਨੇ ਪੰਜਾਬੀ ਦੇ ਸਾਰੇ ਇਨਾਮਾਂ ਦੀਆਂ ਲੀਰਾਂ ਦੀ ਮੜ੍ਹੀ ਖਿੱਦੋ ਆਪਣੀ ਮੁੱਠੀ ਵਿਚ ਘੁੱਟ ਲਈ ਸੀ। ਹੁਣ ਉਹਦੇ ਵਾਰਿਸ ਉਸ ਨਾਲ ਉਹਦੇ ਵਾਂਗ ਹੀ ਖੇਡਣ ਦਾ ਯਤਨ ਕਰਦੇ ਰਹਿੰਦੇ ਹਨ।

ਬੀਮਾਰੀ ਨੂਰ ਤੋਂ ਪਹਿਲਾਂ ਵੀ ਸੀ ਪਰ ਨਜ਼ਲੇ-ਜ਼ੁਕਾਮ ਵਰਗੀ, ਨੂਰ ਨੇ ਇਹਨੂੰ ਕੈਂਸਰ ਵਿਚ ਬਦਲ ਦਿੱਤਾ। ਵਚਿੱਤਰਤਾ ਦੇਖੋ, ਇਸ ਗੈਂਗ ਵਿਚ ਕਈ ਅ-ਲੇਖਕ ਹਨ ਜੋ ਹਰ ਵਾਰ ਹਰ ਇਨਾਮ ਦੀ ਕਮੇਟੀ ਦੇ ਮੋਹਰੀ ਮੈਂਬਰ ਵੀ ਹੁੰਦੇ ਹਨ ਤੇ ਆਪਣੇ ਦੁਆਲੇ ਜੋੜੀ ਜੁੰਡਲੀ ਕਾਰਨ ਮਨਮਰਜ਼ੀ ਦੇ ਕਈ ਫ਼ੈਸਲੇ ਕਰਵਾਉਣ ਵਿਚ ਕਾਮਯਾਬ ਵੀ ਰਹਿੰਦੇ ਹਨ। ਕਿਸੇ ਵੀ ਵਿਧਾ ਵਿਚ ਕੁਝ ਵੀ ਨਾ ਲਿਖਿਆ ਹੋਣ ਕਾਰਨ ਉਹ ਆਪਣੇ ਆਪ ਨੂੰ ਚਿੰਤਕ ਕਹਾਉਂਦੇ ਹਨ। ਉਹ ਏਨੇ ਬੇਸ਼ਰਮ ਹਨ ਕਿ ਜੇ ਸ਼ਬਦੀ ਜੁੱਤੀਆਂ ਵੀ ਮਾਰੋ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ।

ਅਗਲੇ ਇਨਾਮ ਵੇਲੇ ਫੇਰ ਕੋਰੋਨਾ ਦੀ ਦੂਜੀ ਲਹਿਰ ਵਾਂਗ ਆ ਪਰਗਟ ਹੁੰਦੇ ਹਨ। ਜਸਬੀਰ ਭੁੱਲਰ ਨੇ ਉਨ੍ਹਾਂ ਦੀ ਇਸ 'ਖਿੱਦੋ' ਨੂੰ ਉਧੇੜ ਕੇ ਉਹਦੀਆਂ ਲੀਰਾਂ, ਜਿਨ੍ਹਾਂ ਵਿਚੋਂ ਬਹੁਤੀਆਂ ਮੈਲ਼ੀਆਂ-ਕੁਚੈਲ਼ੀਆਂ ਤੇ ਮੁਸ਼ਕੀਆਂ ਹੋਈਆਂ ਹਨ, ਇਕ-ਇਕ ਕਰ ਕੇ ਦਿਖਾਉਣ ਦਾ ਸ਼ੁਭ ਕਾਰਜ ਕੀਤਾ ਹੈ ਜੋ ਜਿਗਰੇ ਵਾਲਾ ਤਾਂ ਹੈ ਹੀ, ਜੋਖਮ-ਭਰਿਆ ਵੀ ਹੈ।

ਆਓ ਇਸ ਲੇਖ ਦੀ ਸਮਾਪਤੀ ਮੇਰੀ ਤੇ ਜਸਬੀਰ ਦੀ ਸਾਂਝ ਦੇ ਇਕ ਨਵੇਂ ਪ੍ਰਮਾਣ ਨਾਲ ਕਰੀਏ। ਜਦੋਂ ਮੈਂ ਅੰਤਿਮ ਪਰੂਫ਼ ਪੜ੍ਹ ਕੇ ਇਹ ਪੁਸਤਕ ਛਪਣ ਲਈ ਭੇਜ ਦਿੱਤੀ ਸੀ, ਇਕ ਲੇਖਿਕਾ ਨੇ ਸਤਿਕਾਰ ਭੇਟ ਕਰਨ ਮਗਰੋਂ ਪੁੱਛਿਆ, 'ਜੀ ਤੁਹਾਡਾ ਨਵਾਂ ਨਾਵਲ 'ਖਿੱਦੋ' ਪੜ੍ਹਨਾ ਹੈ, ਕਿਥੋਂ ਮਿਲੂਗਾ?' ਮੈਂ ਜਵਾਬੀ ਵਟਸਐਪ ਕੀਤਾ, 'ਬੇਟਾ, ਤੂੰ ਵਧੀਆ ਗੱਲ ਕੀਤੀ ਹੈ। ਲੇਖ ਵਿਚ ਨਾਵਲਕਾਰ ਵਜੋਂ ਮੇਰਾ ਨਾਂ ਹੀ ਲਿਖੀਂ। ਤੈਨੂੰ ਪੰਜ ਰੁਪਈਏ, ਇਨਾਮ ਕਹਿ ਲੈ ਚਾਹੇ ਰਿਸ਼ਵਤ, ਨਕਦ ਦੇਵਾਂਗਾ।...ਵੈਸੇ 'ਖਿੱਦੋ' ਨਾਵਲ ਜਸਬੀਰ ਭੁੱਲਰ ਦਾ ਹੈ ਤੇ ਲੋਕਗੀਤ ਨੇ ਛਾਪਿਆ ਹੈ।'

# ਬੋਲਣ ਦੀ ਆਜ਼ਾਦੀ ਅਤੇ ਅਸਫਲ ਹੋ ਰਿਹਾ ਲੋਕਤੰਤਰ

***ਸਟਾਕਹੋਮ ਸਥਿਤ ਸਵੀਡਿਸ਼ ਅਕਾਦਮੀ ਵਿਖੇ 'ਥਾਟ ਐਂਡ ਟਰੁੱਥ ਅੰਡਰ ਪ੍ਰੈਸ਼ਰ' ਵਿਸ਼ੇ 'ਤੇ ਕਾਨਫਰੰਸ ਕੀਤੀ ਗਈ। 22 ਮਾਰਚ 2023 ਨੂੰ ਹੋਈ ਇਸ ਕਾਨਫਰੰਸ ਵਿਚ ਪੰਜ ਹੋਰ ਬੁਲਾਰਿਆਂ ਦੇ ਨਾਲ-ਨਾਲ ਉੱਘੀ ਲੇਖਕਾ ਅਰੁੰਧਤੀ ਰਾਏ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਭਾਰਤ 'ਚ ਮੋਦੀ ਹਕੂਮਤ ਹੇਠ ਬਣ ਰਹੇ ਹਾਲਾਤ ਬਾਰੇ ਚਰਚਾ ਕੀਤੀ। ਇਸ ਮੌਕੇ ਦਿੱਤੇ ਭਾਸ਼ਣ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਲੰਮੇ ਭਾਸ਼ਣ ਦਾ ਅਨੁਵਾਦ ਉਚੇਚੇ ਤੌਰ 'ਤੇ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਪਹਿਲੀ ਕਿਸ਼ਤ ਹਾਜ਼ਰ ਹੈ।***



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਮੈਂ ਸਵੀਡਿਸ਼ ਅਕਾਦਮੀ ਦਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਕਾਨਫਰੰਸ ਵਿਚ ਬੋਲਣ ਲਈ ਸੱਦਿਆ ਅਤੇ ਮੈਨੂੰ ਹੋਰ ਬੁਲਾਰਿਆਂ ਨੂੰ ਸੁਣਨ ਦਾ ਇਹ ਖ਼ਾਸ ਮੌਕਾ ਦਿੱਤਾ। ਇਸ ਦੀ ਯੋਜਨਾ ਦੋ ਸਾਲ ਪਹਿਲਾਂ ਉਦੋਂ ਬਣਾਈ ਗਈ ਸੀ ਜਦੋਂ ਕਰੋਨਾ ਵਾਇਰਸ ਦੀ ਵਿਸ਼ਵ-ਵਿਆਪੀ ਮਹਾਮਾਰੀ ਦੀ ਪੂਰੀ ਦਹਿਸ਼ਤ ਅਜੇ ਸਾਹਮਣੇ ਆਉਣੀ ਬਾਕੀ ਸੀ; ਜਦੋਂ ਯੂਕਰੇਨ ਉੱਪਰ ਰੂਸੀ ਹਮਲਾ ਨਹੀਂ ਹੋਇਆ ਸੀ।

ਉਂਝ, ਇਨ੍ਹਾਂ ਦੋ ਵਿਨਾਸ਼ਕਾਰੀ ਘਟਨਾਵਾਂ ਨੇ ਸਿਰਫ਼ ਉਸ ਜੋਖ਼ਮ ਨੂੰ ਹੋਰ ਡੂੰਘਾ ਹੀ ਕੀਤਾ ਹੈ ਜਿਸ ਬਾਰੇ ਅਸੀਂ ਇੱਥੇ ਵਿਚਾਰ ਕਰਨ ਲਈ ਜੁੜੇ ਹਾਂ- ਉਹ ਇਹ ਵਰਤਾਰਾ ਹੈ ਕਿ ਲੋਕਤੰਤਰ ਨੂੰ ਅਜਿਹੀ ਚੀਜ਼ ਵਿਚ ਬਦਲਿਆ ਜਾ ਰਿਹਾ ਹੈ ਜੋ ਪਛਾਣ ਤੋਂ ਪਰੇ ਹੈ ਪਰ ਉਸ ਵਿਚ ਬਹੁਤ ਹੀ ਡਰਾਉਣੇ ਰੂਪ ਵਿਚ ਪਛਾਣੇ ਹੋਏ ਰੂਪ 'ਚ ਵੀ ਨਜ਼ਰ ਆ ਰਹੇ। ਹਨ। ਦਿਨ-ਬ-ਦਿਨ ਬੋਲਣ ਉੱਪਰ ਪਾਬੰਦੀਆਂ ਵਧਦੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਤਰੀਕਾ ਬਹੁਤ ਪੁਰਾਣਾ ਹੈ ਅਤੇ ਬਹੁਤ ਨਵਾਂ ਵੀ। ਇਹ ਪਾਬੰਦੀਆਂ ਐਸੇ ਮੁਕਾਮ 'ਤੇ ਪਹੁੰਚ ਰਹੀਆਂ ਹਨ ਕਿ ਖ਼ੁਦ ਮਾਹੌਲ ਹੀ ਅਜਿਹੀ ਮਸ਼ੀਨ ਵਿਚ ਬਦਲ ਗਿਆ ਹੈ ਜੋ ਇਹ ਪਤਾ ਲਗਾਉਂਦਾ ਹੈ ਕਿ ਕੌਣ ਗੁਮਰਾਹ ਹੈ ਅਤੇ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ। ਅਸੀਂ ਤੇਜ਼ੀ ਨਾਲ ਅਜਿਹੀ ਥਾਂ 'ਤੇ ਪਹੁੰਚ ਗਏ ਜਾਪਦੇ ਹਾਂ ਜੋ ਬੌਧਿਕ ਬੰਦ ਗਲੀ ਜਾਂ ਚੁਰਾਹੇ 'ਚ ਲੱਗੇ ਜਾਮ ਵਰਗੀ ਕਸੂਤੀ ਹਾਲਤ ਹੈ।

ਮੈਂ ਆਪਣੀ ਗੱਲ ਦਾ ਆਰੰਭ ਆਪਣੇ ਸਿਰਲੇਖ 'ਚ ਅਖ਼ੀਰ 'ਚ ਕਹੀ ਗੱਲ ਤੋਂ, ਤੇ ਸਭ ਤੋਂ ਪਹਿਲਾਂ ਮੈਂ ਨਾਕਾਮ ਹੋ ਰਹੇ ਲੋਕਤੰਤਰ ਉੱਪਰ ਗੱਲ ਕਰਾਂਗੀ।

ਸਵੀਡਨ ਵਿਚ ਮੈਂ ਪਿਛਲੀ ਵਾਰ 2017 ਵਿਚ ਗੋਟੇਨਬਰਗ ਪੁਸਤਕ ਮੇਲੇ ਵਿਚ ਆਈ ਸੀ। ਬਹੁਤ ਸਾਰੇ ਕਾਰਕੁਨਾਂ ਨੇ ਮੈਨੂੰ ਮੇਲੇ ਦਾ ਬਾਈਕਾਟ ਕਰਨ ਲਈ ਕਿਹਾ ਕਿਉਂਕਿ ਮੇਲੇ ਵਾਲਿਆਂ ਨੇ ਬੋਲਣ ਦੀ ਆਜ਼ਾਦੀ ਦੇ ਨਾਮ 'ਤੇ ਘੋਰ ਸੱਜੇਪੱਖੀ ਨੀਯੇ ਟੀਡਰ ਅਖ਼ਬਾਰ ਨੂੰ ਆਪਣਾ ਸਟਾਲ ਲਗਾਉਣ ਦੀ ਖੁੱਲ੍ਹ ਦਿੱਤੀ ਸੀ। ਉਸ ਵਕਤ ਮੈਂ ਕਿਹਾ ਸੀ ਕਿ ਮੇਰੇ ਲਈ ਅਜਿਹਾ ਕਰਨਾ ਬਹੁਤ ਬੇਤੁਕਾ ਹੋਵੇਗਾ ਕਿਉਂਕਿ ਮੇਰੇ ਮੁਲਕ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਸ ਨੂੰ ਦੁਨੀਆ ਦੇ ਰੰਗ-ਮੰਚ ਉੱਪਰ ਬਹੁਤ ਨਿੱਘ ਨਾਲ ਬੁਲਾਇਆ ਜਾਂਦਾ ਸੀ (ਤੇ ਅਜੇ ਵੀ ਸੱਦਿਆ ਜਾਂਦਾ ਹੈ) ਆਰ.ਐੱਸ.ਐੱਸ. ਦਾ ਆਜੀਵਨ ਮੈਂਬਰ ਹੈ। ਇਹ ਆਰ.ਐੱਸ.ਐੱਸ. 1925 ਵਿਚ ਬਣਾਇਆ ਗਿਆ ਘੋਰ ਸੱਜੇਪੱਖੀ ਸੰਗਠਨ ਹੈ ਜਿਸ ਨੂੰ ਮੁਸੋਲਿਨੀ ਦੀ ਨੈਸ਼ਨਲ ਫਾਸ਼ੀਵਾਦੀ ਪਾਰਟੀ ਦੇ 'ਪੂਰੀ ਤਰ੍ਹਾਂ ਸਵੈ-ਸੇਵੀ ਨੀਮ-ਫ਼ੌਜੀ ਬਲੈਕਸ਼ਰਟਸ ਦੀ ਤਰਜ਼ 'ਤੇ ਬਣਾਇਆ ਗਿਆ ਹੈ।

ਗੋਟੇਨਬਰਗ ਵਿਚ ਮੈਂ ਨੌਰਡਿਕ ਰਜਿਸਟੈਂਸ ਮੂਵਮੈਂਟ ਨੂੰ ਮਾਰਚ ਕਰਦੇ ਦੇਖਿਆ। ਦੂਜੇ ਆਲਮੀ ਯੁੱਧ ਤੋਂ ਬਾਅਦ ਯੂਰਪ ਵਿਚ ਪਹਿਲਾ ਨਾਜ਼ੀ ਜਲੂਸ। ਨੌਜਵਾਨ ਫਾਸ਼ੀਵਾਦ ਵਿਰੋਧੀਆ ਨੇ ਸੜਕਾਂ 'ਤੇ ਆ ਕੇ ਇਸ ਦਾ ਵਿਰੋਧ ਕੀਤਾ ਪਰ ਅੱਜ ਕੱਟੜ ਸੱਜੇਪੱਖੀ ਪਾਰਟੀ ਸਵੀਡਨ ਵਿਚ ਸੱਤਾਧਾਰੀ ਗੱਠਜੋੜ ਦਾ ਹਿੱਸਾ ਹੈ, ਭਾਵੇਂ ਉਹ ਖੁੱਲ੍ਹੇਆਮ ਨਾਜ਼ੀ ਨਾ ਹੀ ਹੋਵੇ; ਤੇ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਆਪਣਾ ਨੌਵਾਂ ਸਾਲ ਪੂਰਾ ਕਰ ਰਿਹਾ ਹੈ।

ਨਾਕਾਮ ਹੋ ਰਹੇ ਲੋਕਤੰਤਰ ਦੀ ਗੱਲ ਕਰਦੇ ਹੋਏ ਮੈਂ ਮੁੱਖ ਤੌਰ 'ਤੇ ਭਾਰਤ ਬਾਰੇ ਗੱਲ ਕਰਾਂਗੀ। ਇਸ ਲਈ ਨਹੀਂ ਕਿ ਇਹ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ ਸਗੋਂ ਇਸ ਲਈ ਕਿ ਇਹ ਉਹ ਧਰਤੀ ਹੈ ਜਿਸ ਨੂੰ ਮੈਂ ਪਿਆਰ ਕਰਦੀ ਹਾਂ, ਉਹ ਜਗ੍ਹਾ ਜਿਸ ਨੂੰ ਮੈਂ ਜਾਣਦੀ ਹਾਂ ਅਤੇ ਜਿੱਥੇ ਮੈਂ ਰਹਿੰਦੀ ਹਾਂ, ਉਹ ਜਗ੍ਹਾ ਜੋ ਹਰ ਰੋਜ਼ ਮੇਰਾ ਦਿਲ ਤੋੜਦੀ ਹੈ; ਤੇ ਇਸ ਦਾ ਇਲਾਜ ਵੀ ਕਰਦੀ ਹੈ। ਇਹ ਚੇਤੇ ਰੱਖਣਾ ਕਿ ਮੈਂ ਜੋ ਕੁਛ ਵੀ ਕਹਾਂਗੀ, ਉਹ ਮਦਦ ਦੀ ਪੁਕਾਰ ਹੈ ਕਿਉਂਕਿ ਭਾਰਤ ਵਿਚ ਅਸੀਂ ਲੋਕ ਬਖ਼ੂਬੀ ਜਾਣਦੇ ਹਾਂ ਕਿ ਕੋਈ ਮਦਦ ਨਹੀਂ ਆਵੇਗੀ। ਕੋਈ ਮਦਦ ਨਹੀਂ ਆ ਸਕਦੀ। ਇੱਥੇ ਬੋਲਦੇ ਹੋਏ ਮੈਂ ਤੁਹਾਨੂੰ ਅਜਿਹੇ ਮੁਲਕ ਬਾਰੇ ਦੱਸ ਰਹੀ ਹਾਂ ਜੋ ਆਪਣੀਆਂ ਖ਼ਾਮੀਆਂ ਦੇ ਬਾਵਜੂਦ ਇਕ ਸਮੇਂ ਵਿਲੱਖਣ ਸੰਭਾਵਨਾਵਾਂ ਨਾਲ ਭਰਪੂਰ ਸੀ, ਇਕ ਅਜਿਹਾ ਮੁਲਕ ਜਿਸ ਨੇ ਖ਼ੁਸ਼ਹਾਲੀ, ਸਬਰ-ਸੰਤੋਖ, ਸਹਿਣਸ਼ੀਲਤਾ, ਵੰਨ-ਸੁਵੰਨਤਾ ਅਤੇ ਸਥਿਰਤਾ ਦੀ ਅਜਿਹੀ ਸਮਝ ਪੇਸ਼ ਕੀਤੀ ਕਿ ਪੱਛਮੀ ਦੁਨੀਆ ਤੋਂ ਪੂਰੀ ਤਰ੍ਹਾਂ ਅਲਹਿਦਾ ਸੀ। ਉਸ ਸਭ ਕਾਸੇ ਨੂੰ ਖ਼ਤਮ ਕੀਤਾ ਜਾ ਰਿਹਾ ਹੈ, ਉਸ ਦੀ ਰੂਹ ਨੂੰ ਕੁਚਲਿਆ ਜਾ ਰਿਹਾ ਹੈ।

ਭਾਰਤ ਦੇ ਲੋਕਤੰਤਰ ਨੂੰ ਬਹੁਤ ਸਿਲਸਿਲੇਵਾਰ ਤਰੀਕੇ ਨਾਲ ਟੁਕੜੇ-ਟੁਕੜੇ ਕਰ ਕੇ ਉਧੇੜਿਆ ਜਾ ਰਿਹਾ ਹੈ। ਸਿਰਫ਼ ਰਸਮਾਂ ਬਚੀਆਂ ਹਨ। ਇਹ ਤੈਅ ਹੈ ਕਿ ਅਗਲੇ ਸਾਲ ਤੁਸੀਂ ਸਾਡੀਆਂ ਸਰਗਰਮ, ਰੰਗ-ਬਿਰੰਗੀਆਂ ਚੋਣਾਂ ਬਾਰੇ ਬਹੁਤ ਕੁਝ ਸੁਣੋਗੇ। ਸਿਰਫ਼ ਇਕ ਚੀਜ਼ ਜੋ ਦਿਖਾਈ ਨਹੀਂ ਦੇਵੇਗੀ, ਉਹ ਇਹ ਹੈ ਕਿ ਸਾਰਿਆਂ ਲਈ ਨਿਰਪੱਖ ਅਤੇ ਬਰਾਬਰ ਨਜ਼ਰ ਆਉਣ ਵਾਲੀ ਇਹ ਸਮਤਲ ਜ਼ਮੀਨ- ਜੋ ਨਿਰਪੱਖ ਚੋਣਾਂ ਦਾ ਆਧਾਰ ਹੁੰਦੀ ਹੈ- ਦਰਅਸਲ ਤਿੱਖੀ ਢਲਾਣ ਵਾਲੀ ਚੋਟੀ ਹੈ ਜਿੱਥੇ ਇਕ ਤਰ੍ਹਾਂ ਨਾਲ ਸਾਰੀ ਦੌਲਤ, ਸਾਰਾ ਡੇਟਾ, ਮੀਡੀਆ, ਚੋਣ ਮੈਨੇਜਮੈਂਟ ਅਤੇ ਸੁਰੱਖਿਆ ਪ੍ਰਣਾਲੀ ਲੁੜਕ ਕੇ ਹੁਕਮਰਾਨ ਧਿਰ ਦੇ ਹੱਥਾਂ ਵਿਚ ਆ ਗਈ ਹੈ।

ਸਵੀਡਨ ਦਾ ਵੀ-ਡੈਮ ਇੰਸਟੀਚਿਊਟ ਆਪਣੇ ਵਿਸਤਾਰਤ ਅਤੇ ਵਿਆਪਕ ਡੇਟਾ ਸੈੱਟ ਨਾਲ ਲੋਕਤੰਤਰਾਂ ਦੀ ਸਿਹਤ ਨੂੰ ਮਾਪਦਾ ਹੈ। ਉਸ ਨੇ ਭਾਰਤ ਨੂੰ 'ਚੁਣਾਵੀ ਨਿਰੰਕੁਸ਼ਤਾ' ਦਾ ਦਰਜਾ ਦਿੱਤਾ ਹੈ ਅਤੇ ਇਸ ਨੂੰ ਅਲ ਸਲਵਾਡੋਰ, ਤੁਰਕੀ ਅਤੇ ਹੰਗਰੀ ਦੇ ਨਾਲ ਰੱਖਿਆ ਗਿਆ ਹੈ। ਇੰਸਟੀਚਿਊਟ ਨੇ ਅੰਦੇਸ਼ਾ ਜ਼ਾਹਿਰ ਕੀਤਾ ਹੈ ਕਿ ਉੱਥੇ ਹੁਣ ਚੀਜ਼ਾਂ ਬਦਤਰ ਹੋਣ ਵਾਲੀਆਂ ਹਨ। ਅਸੀਂ 140 ਕਰੋੜ ਲੋਕਾਂ ਨੂੰ ਲੋਕਤੰਤਰ ਤੋਂ ਵਾਂਝੇ ਕੀਤੇ ਜਾਣ ਅਤੇ ਤਾਨਾਸ਼ਾਹੀ ਰਾਜ ਵਿਚ ਧੱਕੇ ਜਾਣ ਦੀ ਗੱਲ ਕਰ ਰਹੇ ਹਾਂ; ਜਾਂ ਇਹ ਇਸ ਤੋਂ ਵੀ ਭੈੜਾ ਹੋ ਸਕਦਾ ਹੈ।

ਲੋਕਤੰਤਰ ਦੇ ਟੁਕੜੇ-ਟੁਕੜੇ ਹੋਣ ਦਾ ਅਮਲ ਮੋਦੀ ਅਤੇ ਆਰ.ਐੱਸ.ਐੱਸ. ਦੇ ਸੱਤਾ ਵਿਚ ਆਉਣ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ। ਪੰਦਰਾਂ ਸਾਲ ਪਹਿਲਾਂ ਮੈਂ 'ਡੈਮੋਕ੍ਰੇਸੀ'ਜ਼ ਫੇਲਿੰਗ ਲਾਈਟਸ' (ਲੋਕਤੰਤਰ ਦਾ ਬੁਝਦਾ ਦੀਵਾ) ਨਾਮ ਦਾ ਲੇਖ ਲਿਖਿਆ ਸੀ। ਉਦੋਂ ਕਾਂਗਰਸ ਪਾਰਟੀ ਸੱਤਾ ਵਿਚ ਸੀ ਜੋ ਕਿ ਪੁਰਾਣੇ ਜਗੀਰੂ ਖ਼ਾਨਦਾਨੀ ਅਤੇ ਖੁੱਲ੍ਹੀ ਮੰਡੀ ਨਾਲ ਜੋਸ਼ ਨਾਲ ਜੁੜੇ ਟੈਕਨੋਕ੍ਰੇਟਾਂ ਦੀ ਪਾਰਟੀ ਹੈ। ਮੈਂ ਉਸ ਲੇਖ ਦਾ ਛੋਟਾ ਜਿਹਾ ਹਿੱਸਾ ਪੜ੍ਹਾਂਗੀ, ਇਸ ਲਈ ਨਹੀਂ ਕਿ ਮੈਂ ਇਹ ਸਾਬਤ ਕਰਨਾ ਚਾਹੁੰਦੀ ਹਾਂ ਕਿ ਮੈਂ ਕਿਵੇਂ ਦਰੁਸਤ ਸੀ ਸਗੋਂ ਤੁਹਾਨੂੰ ਇਹ ਦਿਖਾ ਸਕਾਂ ਕਿ ਉਦੋਂ ਤੋਂ ਲੈ ਕੇ ਹੁਣ ਤੱਕ ਚੀਜ਼ਾਂ ਕਿੰਨੀਆਂ ਬਦਲ ਗਈਆਂ ਹਨ:

'ਹੁਣ ਜਦੋਂ ਅਸੀਂ ਇਸ ਬਹਿਸ ਵਿਚ ਉਲਝੇ ਹੋਏ ਹਾਂ ਕਿ ਕੀ ਮੌਤ ਤੋਂ ਬਾਅਦ ਜ਼ਿੰਦਗੀ ਹੁੰਦੀ ਹੈ, ਕੀ ਅਸੀਂ ਇਸ ਫਹਿਰਿਸਤ ਵਿਚ ਹਿਕ ਹੋਰ ਸਵਾਲ ਜੋੜ ਸਕਦੇ ਹਾਂ? ਕੀ ਲੋਕਤੰਤਰ ਤੋਂ ਬਾਅਦ ਜ਼ਿੰਦਗੀ ਸੰਭਵ ਹੈ? ਉਹ ਕਿਸ ਤਰ੍ਹਾਂ ਦੀ ਜ਼ਿੰਦਗੀ ਹੋਵੇਗੀ?

ਹੁਣ ਦਰਅਸਲ ਸਵਾਲ ਇਹ ਹੈ ਕਿ ਅਸੀਂ ਲੋਕਤੰਤਰ ਨਾਲ ਕੀ ਭਾਣਾ ਵਰਤਾ ਦਿੱਤਾ ਹੈ? ਅਸੀਂ ਇਸ ਨੂੰ ਕਿਸ ਚੀਜ਼ ਵਿਚ ਬਦਲ ਦਿੱਤਾ ਹੈ? ਜਦੋਂ ਲੋਕਤੰਤਰ ਦਾ ਲਾਹਾ ਲੈ ਲਿਆ ਜਾਂਦਾ ਹੈ ਤਾਂ ਕੀ ਵਾਪਰਦਾ ਹੈ? ਜਦੋਂ ਇਸ ਨੂੰ ਇਸ ਤਰ੍ਹਾਂ ਖੋਖਲਾ ਕਰ ਦਿੱਤਾ ਜਾਂਦਾ ਹੈ ਕਿ ਇਸ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ? ਜਦੋਂ ਇਸ ਦੀ ਹਰ ਸੰਸਥਾ ਨੂੰ ਕਿਸੇ ਖ਼ਤਰਨਾਕ ਸ਼ੈਅ 'ਚ ਬਦਲ ਦਿੱਤਾ ਜਾਂਦਾ ਹੈ ਤਾਂ ਕੀ ਵਾਪਰਦਾ ਹੈ? ਹੁਣ ਕੀ ਹੋਵੇਗਾ ਜਦੋਂ ਲੋਕਤੰਤਰ ਅਤੇ ਖੁੱਲ੍ਹੀ ਮੰਡੀ ਨੂੰ ਆਪਸ ਵਿਚ ਮਿਲਾ ਕੇ ਐਸੇ ਵਹਿਸ਼ੀ ਦਰਿੰਦੇ 'ਚ ਬਦਲ ਦਿੱਤਾ ਗਿਆ ਹੈ ਜਿਸ ਦੇ ਕੋਲ ਸਿਰਫ਼ ਇਹੀ ਪਤਲੀ ਅਤੇ ਸੀਮਤ ਜਿਹੀ ਕਲਪਨਾ ਹੈ ਕਿ ਮੁਨਾਫ਼ੇ ਨੂੰ ਜ਼ਿਆਦਾ ਤੋਂ ਜ਼ਿਆਦਾ ਕਿਵੇਂ ਵਧਾਇਆ ਜਾਵੇ, ਤੇ ਉਹ ਇਸੇ ਖ਼ਿਆਲ ਦੇ ਪਿੱਛੇ-ਪਿੱਛੇ ਤੁਰਦਾ ਰਹਿੰਦਾ ਹੈ? ਕੀ ਇਸ ਪ੍ਰਕਿਰਿਆ ਨੂੰ ਪੁੱਠਾ ਗੇੜਾ ਦੇਣਾ ਸੰਭਵ ਹੈ? ਜੋ ਚੀਜ਼ ਆਪਣੇ ਮੂਲ ਚਰਿੱਤਰ ਤੋਂ ਬਦਲ ਕੇ ਕੁਝ ਹੋਰ ਬਣ ਗਈ ਹੈ, ਕੀ ਉਹ ਉਸ ਚੀਜ਼ 'ਚ ਵਾਪਸ ਬਦਲ ਸਕਦੀ ਹੈ ਜੋ ਉਹ ਪਹਿਲਾਂ ਹੁੰਦੀ ਸੀ?'

ਉਹ ਸੰਨ 2009 ਸੀ। ਪੰਜ ਸਾਲ ਬਾਅਦ 2014 ਵਿਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਉਦੋਂ ਤੋਂ ਲੈ ਕੇ ਨੌਂ ਸਾਲਾਂ 'ਚ ਭਾਰਤ ਏਨਾ ਬਦਲ ਗਿਆ ਹੈ ਕਿ ਤੁਸੀਂ ਇਸ ਨੂੰ ਪਛਾਣ ਨਹੀਂ ਸਕਦੇ। ਭਾਰਤ ਦਾ ਸੰਵਿਧਾਨ, ਜਿਸ 'ਧਰਮ ਨਿਰਪੱਖ, ਸਮਾਜਵਾਦੀ ਗਣਰਾਜ' ਦਾ ਵਾਅਦਾ ਕਰਦਾ ਹੈ, ਹੁਣ ਹੋਂਦ ਵਿਚ ਨਹੀਂ ਹੈ। ਸਮਾਜਿਕ ਨਿਆਂ ਦੇ ਮਹਾਨ ਸੰਘਰਸ਼ਾਂ, ਤੇ ਅਡੋਲ, ਦੂਰਅੰਦੇਸ਼ ਵਾਤਾਵਰਣਵਾਦੀ ਅੰਦੋਲਨਾਂ ਨੂੰ ਕੁਚਲ ਦਿੱਤਾ ਗਿਆ ਹੈ। ਹੁਣ ਅਸੀਂ ਮਰ ਰਹੇ ਦਰਿਆਵਾਂ, ਸੁੱਕ ਰਹੇ ਜਲ-ਸਰੋਤਾਂ, ਗ਼ਾਇਬ ਹੁੰਦੇ ਜੰਗਲਾਂ ਜਾਂ ਪਿਘਲਦੇ ਜਾ ਰਹੇ ਗਲੇਸ਼ੀਅਰਾਂ ਦੀਆਂ ਗੱਲਾਂ ਘੱਟ ਹੀ ਕਰਦੇ ਹਾਂ; ਕਿਉਂਕਿ ਉਨ੍ਹਾਂ ਫ਼ਿਕਰਮੰਦੀਆਂ ਦੀ ਜਗ੍ਹਾ ਹੁਣ ਵਧੇਰੇ ਫ਼ੌਰੀ ਦਹਿਸ਼ਤ ਨੇ ਲੈ ਲਈ ਹੈ। ਤੁਸੀਂ ਇਸ ਨੂੰ ਖ਼ੁਸ਼ਹਾਲੀ ਦਾ ਅਹਿਸਾਸ ਵੀ ਕਹਿ ਸਕਦੇ ਹੋ ਜੋ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਵਿਚਾਰਧਾਰਕ ਲਕੀਰ ਦੇ ਕਿਸ ਪਾਸੇ ਖੜ੍ਹੇ ਹੋ।

ਸਾਡਾ ਤਜਰਬਾ ਇਹੀ ਦੱਸਦਾ ਹੈ ਕਿ ਭਾਰਤ ਕਾਰਪੋਰੇਟ, ਧਰਮ-ਤੰਤਰੀ ਹਿੰਦੂ ਰਾਜ ਬਣ ਗਿਆ ਹੈ, ਅਜਿਹਾ ਰਾਜ ਜਿੱਥੇ ਹਕੂਮਤ ਵੱਲੋਂ ਨਿਗਰਾਨੀ ਰੱਖਣ ਅਤੇ ਜ਼ੋਰ-ਜ਼ਬਰਦਸਤੀ ਦੀ ਹਕੂਮਤ ਚਲਦੀ ਹੈ, ਇਕ ਖ਼ੌਫ਼ਨਾਕ ਰਾਜ। ਪਿਛਲੇ ਨਿਜ਼ਾਮ ਵਿਚ ਖੋਖਲੀਆਂ ਬਣਾ ਦਿੱਤੀਆਂ ਗਈਆਂ ਸੰਸਥਾਵਾਂ, ਖ਼ਾਸ ਕਰ ਕੇ ਮੁੱਖ ਧਾਰਾ ਮੀਡੀਆ, ਹੁਣ ਹਿੰਦੂ ਸ੍ਰੇਸ਼ਟਵਾਦੀ ਜਨੂਨ ਨਾਲ ਗੜੁੱਚ ਹੈ। ਇਸ ਦੇ ਨਾਲ-ਨਾਲ ਖੁੱਲ੍ਹੀ ਮੰਡੀ ਨੇ ਉਹ ਕੁਝ ਕਰ ਦਿੱਤਾ ਹੈ ਜੋ ਇਸ ਨੇ ਕਰਨਾ ਹੁੰਦਾ ਹੈ। ਸੰਖੇਪ ਵਿਚ ਕਹਾਂ ਤਾਂ ਔਕਸਫੈਮ ਦੀ 2023 ਦੀ ਰਿਪੋਰਟ ਅਨੁਸਾਰ ਭਾਰਤ ਦੀ ਚੋਟੀ ਦੀ ਇੱਕ ਫ਼ੀਸਦੀ ਆਬਾਦੀ ਮੁਲਕ ਦੀ 40 ਫ਼ੀਸਦੀ ਦੌਲਤ ਦੀ ਮਾਲਕ ਹੈ, ਜਦੋਂ ਕਿ ਹੇਠਲੀ 50 ਫ਼ੀਸਦੀ ਆਬਾਦੀ (70 ਕਰੋੜ ਲੋਕਾਂ) ਕੋਲ ਕੁੱਲ ਦੌਲਤ ਸਿਰਫ਼ 3 ਫ਼ੀਸਦੀ ਦੇ ਕਰੀਬ ਹੈ। ਅਸੀਂ ਬਹੁਤ ਗ਼ਰੀਬ ਲੋਕਾਂ ਦਾ ਅਮੀਰ ਮੁਲਕ ਹਾਂ।

ਪਰ ਇਸ ਨਾਬਰਾਬਰੀ ਤੋਂ ਜੋ ਗੁੱਸਾ ਅਤੇ ਨਾਰਾਜ਼ਗੀ ਜਨਮ ਲੈਂਦੀ ਹੈ, ਉਹ ਉਨ੍ਹਾਂ ਲੋਕਾਂ ਵਿਰੁੱਧ ਨਹੀਂ ਹੈ ਜੋ ਕਿਸੇ ਹੱਦ ਤੱਕ ਇਸ ਲਈ ਜ਼ਿੰਮੇਵਾਰ ਹੋ ਸਕਦੇ ਹਨ। ਇਸ ਦੀ ਬਜਾਇ ਉਸ ਗੁੱਸੇ ਅਤੇ ਨਾਰਾਜ਼ਗੀ ਦਾ ਰੁਖ ਭਾਰਤ ਦੀਆਂ ਘੱਟ-ਗਿਣਤੀਆਂ ਵਿਰੁੱਧ ਮੋੜ ਦਿੱਤਾ ਗਿਆ ਹੈ ਅਤੇ ਇਸ ਨੂੰ ਹੋਰ ਵਧਾਇਆ ਜਾ ਰਿਹਾ ਹੈ। 17 ਕਰੋੜ ਮੁਸਲਮਾਨ ਜੋ ਆਬਾਦੀ ਦਾ 14 ਫ਼ੀਸਦੀ ਹਨ, ਇਸ ਹਮਲੇ ਦਾ ਸਿੱਧਾ ਨਿਸ਼ਾਨਾ ਹਨ ਪਰ ਬਹੁਗਿਣਤੀ ਪ੍ਰਸਤ ਸੋਚ ਜਮਾਤ ਅਤੇ ਜਾਤ ਦੀਆਂ ਹੱਦਾਂ ਦੇ ਆਰ-ਪਾਰ ਜਾਂਦੀ ਹੈ ਅਤੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਿਚ ਇਸ ਦਾ ਵੱਡਾ ਲੋਕ-ਆਧਾਰ ਹੈ।

ਇਸ ਸਾਲ ਜਨਵਰੀ 'ਚ ਬੀ.ਬੀ.ਸੀ. ਨੇ 'ਇੰਡੀਆ: ਦਿ ਮੋਦੀ ਕੁਐਸਚਨ' ਨਾਮ ਦੀ ਡਾਕੂਮੈਂਟਰੀ ਦੋ ਕਿਸ਼ਤਾਂ 'ਚ ਪ੍ਰਸਾਰਿਤ ਕੀਤੀ। ਇਸ ਵਿਚ ਮੋਦੀ ਦਾ ਸਿਆਸੀ ਸਫ਼ਰਨਾਮਾ ਦਿਖਾਇਆ ਗਿਆ ਹੈ, ਸਭ ਤੋਂ ਪਹਿਲਾਂ 2001 'ਚ ਉਸ ਦੇ ਗੁਜਰਾਤ ਰਾਜ ਦਾ ਮੁੱਖ ਮੰਤਰੀ ਬਣਨ ਤੋਂ ਲੈ ਕੇ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਤੱਕ ਦਾ ਸਫ਼ਰ ਦਿਖਾਇਆ ਗਿਆ ਹੈ। ਫਿਲਮ ਨੇ ਬਰਤਾਨਵੀ ਵਿਦੇਸ਼ ਦਫ਼ਤਰ ਦੁਆਰਾ ਅਪਰੈਲ 2002 ਵਿਚ ਤਿਆਰ ਕੀਤੀ ਅੰਦਰੂਨੀ ਰਿਪੋਰਟ ਨੂੰ ਪਹਿਲੀ ਵਾਰ ਜਨਤਕ ਕੀਤਾ ਜੋ ਫਰਵਰੀ-ਮਾਰਚ 2002 ਵਿਚ ਮੋਦੀ ਦੀ ਹਕੂਮਤ ਵਾਲੇ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਬਾਰੇ ਸੀ। ਇਹ ਕਤਲੇਆਮ ਰਾਜ ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਹੋਇਆ ਸੀ।

ਇਨ੍ਹਾਂ ਸਾਰੇ ਸਾਲਾਂ ਤੱਕ ਗੁਪਤ ਰੱਖੀ ਗਈ ਇਹ ਤੱਥ ਖੋਜ ਰਿਪੋਰਟ ਸਿਰਫ਼ ਉਸ ਗੱਲ ਦੀ ਤਸਦੀਕ ਕਰਦੀ ਹੈ ਜਿਸ ਨੂੰ ਭਾਰਤੀ ਕਾਰਕੁਨ, ਪੱਤਰਕਾਰ, ਵਕੀਲ, ਦੋ ਆਹਲਾ ਪੁਲਿਸ ਅਧਿਕਾਰੀ ਅਤੇ ਕਤਲਾਂ ਤੇ ਬਲਾਤਕਾਰਾਂ ਦੇ ਚਸ਼ਮਦੀਦ ਗਵਾਹ ਸਾਲਾਂ ਤੋਂ ਕਹਿੰਦੇ ਆ ਰਹੇ ਹਨ। ਇਹ ਅੰਦਾਜ਼ਾ ਪੇਸ਼ ਕਰਦੀ ਹੈ ਕਿ 'ਘੱਟੋ-ਘੱਟ 2000' ਲੋਕ ਮਾਰੇ ਗਏ ਸਨ। ਇਸ ਰਿਪੋਰਟ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਨੂੰ ਗਿਣੀ-ਮਿਥੀ ਯੋਜਨਾ ਦੇ ਆਧਾਰ 'ਤੇ ਕਤਲੇਆਮ ਕਿਹਾ ਗਿਆ ਹੈ ਜਿਸ ਵਿਚ 'ਨਸਲੀ ਸਫ਼ਾਏ ਦੀਆਂ ਸਾਰੀਆਂ ਖ਼ਾਸ ਨਿਸ਼ਾਨੀਆਂ' ਮੌਜੂਦ ਸਨ। ਰਿਪੋਰਟ ਕਹਿੰਦੀ ਹੈ ਕਿ ਭਰੋਸੇਯੋਗ ਸੂਤਰਾਂ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਸੀ ਕਿ ਜਦੋਂ ਕਤਲੇਆਮ ਸ਼ੁਰੂ ਹੋਇਆ ਤਾਂ ਪੁਲਿਸ ਨੂੰ ਚੁੱਪ-ਚਾਪ ਦੇਖਦੇ ਰਹਿਣ ਦੇ ਹੁਕਮ ਦਿੱਤੇ ਗਏ ਸਨ। ਕਤਲੇਆਮ ਦੀ ਰਿਪੋਰਟ ਐਨ ਸਿੱਧੇ ਰੂਪ 'ਚ ਮੋਦੀ ਵੱਲ ਉਂਗਲ ਉਠਾਉਂਦੀ ਹੈ।

ਉਦੋਂ ਤੋਂ ਲੈ ਕੇ ਭਾਰਤ ਵਿਚ ਫਿਲਮ ਉੱਪਰ ਪਾਬੰਦੀ ਹੈ। ਟਵਿੱਟਰ ਅਤੇ ਯੂਟਿਊਬ ਨੂੰ ਇਸ ਦੇ ਸਾਰੇ ਲਿੰਕ ਹਟਾਉਣ ਦੇ ਆਦੇਸ਼ ਦਿੱਤੇ ਗਏ। ਉਨ੍ਹਾਂ ਨੇ ਤੁਰੰਤ ਹੁਕਮ ਦੀ ਤਾਮੀਲ ਕੀਤੀ। 21 ਫਰਵਰੀ ਨੂੰ ਦਿੱਲੀ ਅਤੇ ਮੁੰਬਈ ਵਿਚ ਬੀ.ਬੀ.ਸੀ. ਦੇ ਦਫ਼ਤਰਾਂ ਨੂੰ ਪੁਲਿਸ ਨੇ ਘੇਰ ਲਿਆ ਅਤੇ ਆਮਦਨ ਕਰ ਅਧਿਕਾਰੀਆਂ ਨੇ ਉੱਥੇ ਛਾਪੇ ਮਾਰੇ; ਜਿਵੇਂ ਔਕਸਫੈਮ ਦੇ ਦਫ਼ਤਰਾਂ ਨਾਲ ਹੋ ਚੁੱਕਾ ਹੈ; ਜਿਵੇਂ ਐਮਨੈਸਟੀ ਇੰਟਰਨੈਸ਼ਨਲ ਦੇ ਦਫ਼ਤਰਾਂ ਨਾਲ ਹੋ ਚੁੱਕਾ ਹੈ; ਜਿਵੇਂ ਕਈ ਵੱਡੇ ਵਿਰੋਧੀ ਧਿਰ ਦੇ ਆਗੂਆਂ ਦੇ ਘਰਾਂ ਤੇ ਦਫ਼ਤਰਾਂ ਨਾਲ ਹੋ ਚੁੱਕਾ ਹੈ; ਜਿਵੇਂ ਲੱਗਭੱਗ ਹਰ ਉਸ ਐੱਨ.ਜੀ.ਓ. ਨਾਲ ਹੁੰਦਾ ਰਿਹਾ ਹੈ ਜੋ ਪੂਰੀ ਤਰ੍ਹਾਂ ਸਰਕਾਰ ਦੇ ਪਾਏ ਪੂਰਨਿਆਂ 'ਤੇ ਨਹੀਂ ਚੱਲਦੀ।

ਜਿੱਥੇ ਮੋਦੀ ਨੂੰ 2002 ਦੇ ਕਤਲੇਆਮ ਦੇ ਲਈ ਸੁਪਰੀਮ ਕੋਰਟ ਵੱਲੋਂ ਕਾਨੂੰਨੀ ਤੌਰ 'ਤੇ ਕਲੀਨ ਚਿੱਟ ਦਿੱਤੀ ਜਾ ਚੁੱਕੀ ਹੈ, ਉੱਥੇ ਜਿਹੜੇ ਕਾਰਕੁਨ ਅਤੇ ਪੁਲਿਸ ਅਧਿਕਾਰੀ ਸਬੂਤਾਂ ਦੇ ਢੇਰ ਅਤੇ ਚਸ਼ਮਦੀਦਾਂ ਦੇ ਆਧਾਰ 'ਤੇ ਕਤਲੇਆਮ ਵਿਚ ਉਸ ਦੀ ਭੂਮਿਕਾ ਦਾ ਦੋਸ਼ ਲਗਾਉਣ ਦੀ ਹਿੰਮਤ ਕਰਦੇ ਰਹੇ, ਉਹ ਜਾਂ ਤਾਂ ਜੇਲ੍ਹ ਵਿਚ ਹਨ ਜਾਂ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ।

ਇਸ ਦੌਰਾਨ ਕਈ ਸਜ਼ਾ ਯਾਫ਼ਤਾ ਕਾਤਲਾਂ ਨੂੰ ਜ਼ਮਾਨਤ ਜਾਂ ਪੈਰੋਲ ਉੱਪਰ ਰਿਹਾਅ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਅਗਸਤ ਵਿਚ ਭਾਰਤ ਦੀ 75ਵੀਂ ਵਰ੍ਹੇਗੰਢ ਮੌਕੇ ਗਿਆਰਾਂ ਸਜ਼ਾਯਾਫ਼ਤਾ ਵਿਅਕਤੀਆਂ ਨੂੰ ਜੇਲ੍ਹ ਵਿਚੋਂ ਰਿਹਾਅ ਕੀਤਾ ਗਿਆ। ਉਨ੍ਹਾਂ ਨੂੰ 2002 ਦੇ ਕਤਲੇਆਮ ਦੌਰਾਨ, ਉੱਨੀ ਸਾਲ ਦੀ ਉਮਰ ਦੀ ਇਕ ਮੁਸਲਿਮ ਔਰਤ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਿਵਾਰ ਦੇ ਚੌਦਾਂ ਲੋਕਾਂ ਦੇ ਕਤਲ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਉਨ੍ਹਾਂ ਨੇ ਜਿਨ੍ਹਾਂ ਲੋਕਾਂ ਨੂੰ ਕਤਲ ਕੀਤਾ, ਉਨ੍ਹਾਂ ਵਿਚ ਬਾਨੋ ਦੀ ਇਕ ਦਿਨ ਦੀ ਭਤੀਜੀ ਅਤੇ ਤਿੰਨ ਸਾਲ ਦੀ ਧੀ ਸਲੇਹਾ ਸ਼ਾਮਿਲ ਸੀ ਜਿਸ ਦਾ ਸਿਰ ਪੱਥਰ ਨਾਲ ਕੁਚਲ ਕੇ ਉਸ ਨੂੰ ਮਾਰ ਦਿੱਤਾ ਗਿਆ ਸੀ। ਇਨ੍ਹਾਂ ਸਜ਼ਾ ਯਾਫ਼ਤਾ ਮੁਜਰਿਮਾਂ ਨੂੰ ਵਿਸ਼ੇਸ਼ ਮੁਆਫ਼ੀ ਦੇ ਦਿੱਤੀ ਗਈ। ਜੇਲ੍ਹ 'ਚੋਂ ਬਾਹਰ ਆਉਣ 'ਤੇ ਕਾਤਲ-ਬਲਾਤਕਾਰੀਆਂ ਦਾ ਨਾਇਕਾਂ ਵਾਂਗ ਸਵਾਗਤ ਕੀਤਾ ਗਿਆ, ਉਨ੍ਹਾਂ ਦੇ ਗਲਾਂ 'ਚ ਫੁੱਲਾਂ ਦੇ ਹਾਰ ਪਾਏ ਗਏ। ਇਕ ਵਾਰ ਫਿਰ, ਸੂਬੇ ਦੀਆਂ ਚੋਣਾਂ ਨੇੜੇ ਸਨ। ਇਹ ਵਿਸ਼ੇਸ਼ ਮੁਆਫ਼ੀ ਸਾਡੇ ਲੋਕਤੰਤਰੀ ਅਮਲ ਦਾ ਹਿੱਸਾ ਹੈ।

ਅੱਜ ਪ੍ਰੋਫੈਸਰ ਟਿਮਥੀ ਸਨਾਈਡਰ ਨੇ ਪੁੱਛਿਆ, "ਆਜ਼ਾਦ ਵਿਚਾਰ ਪ੍ਰਗਟਾਵਾ ਕੀ ਹੈ?" ਮੈਂ ਜੋ ਕੁਝ ਵੀ ਕਿਹਾ ਹੈ, ਉਸ ਤੋਂ ਤੁਸੀਂ ਇਹ ਨਤੀਜਾ ਬਿਲਕੁਲ ਨਾ ਕੱਢਿਓ ਕਿ ਭਾਰਤ ਵਿਚ ਆਜ਼ਾਦ ਵਿਚਾਰ ਪ੍ਰਗਟਾਵਾ ਨਹੀਂ ਹੈ। ਬੋਲਣ ਅਤੇ ਕਾਰਿਆਂ ਦੀ ਆਜ਼ਾਦੀ ਹੈ, ਭਰਪੂਰ ਆਜ਼ਾਦੀ ਹੈ।

ਮੁੱਖ ਧਾਰਾ ਦੇ ਟੀ.ਵੀ. ਐਂਕਰ ਆਜ਼ਾਦੀ ਨਾਲ ਘੱਟ-ਗਿਣਤੀਆਂ ਬਾਰੇ ਇਸ ਤਰ੍ਹਾਂ ਝੂਠ ਬੋਲ ਸਕਦੇ ਹਨ, ਉਨ੍ਹਾਂ ਦੀ ਡਰਾਉਣੀ ਤਸਵੀਰ ਪੇਸ਼ ਕਰ ਸਕਦੇ ਹਨ, ਉਨ੍ਹਾਂ ਨੂੰ ਇਸ ਤਰ੍ਹਾਂ ਦਿਖਾ ਸਕਦੇ ਹਨ ਕਿ ਉਹ ਇਨਸਾਨ ਨਹੀਂ ਹਨ ਅਤੇ ਇਸ ਨਾਲ ਮੁਸਲਮਾਨਾਂ ਦੇ ਜਾਨ-ਮਾਲ ਦਾ ਨੁਕਸਾਨ ਹੋ ਸਕਦਾ ਹੈ; ਇੱਥੋਂ ਤੱਕ ਕਿ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ। ਹਿੰਦੂ ਸੰਤ ਅਤੇ ਤਲਵਾਰਾਂ ਲਹਿਰਾਉਂਦੇ ਹਜੂਮ ਮੁਸਲਮਾਨਾਂ ਦੇ ਸਮੂਹਿਕ ਕਤਲੇਆਮ ਅਤੇ ਸਮੂਹਿਕ ਬਲਾਤਕਾਰ ਦੇ ਸੱਦੇ ਦੇ ਸਕਦੇ ਹਨ। ਦਲਿਤਾਂ ਅਤੇ ਮੁਸਲਮਾਨਾਂ ਨੂੰ ਦਿਨ-ਦਿਹਾੜੇ ਕੋੜੇ ਮਾਰੇ ਜਾ ਸਕਦੇ ਹਨ, ਕੁੱਟ-ਕੁੱਟ ਕੇ ਹਜੂਮੀ ਕਤਲ ਕੀਤਾ ਜਾ ਸਕਦਾ ਹੈ ਅਤੇ ਇਸ ਦਾ ਵੀਡੀਓ ਯੂਟਿਊਬ ਉੱਪਰ ਅਪਲੋਡ ਕੀਤਾ ਜਾ ਸਕਦਾ ਹੈ। ਪੂਰੀ ਆਜ਼ਾਦੀ ਨਾਲ ਚਰਚਾਂ ਉੱਪਰ ਹਮਲੇ ਕੀਤੇ ਜਾ ਸਕਦੇ ਹਨ, ਪਾਦਰੀਆਂ ਅਤੇ ਇਸਾਈ ਸਾਧਵੀਆਂ ਨੂੰ ਕੁੱਟਿਆ ਅਤੇ ਜਲੀਲ ਕੀਤਾ ਜਾ ਸਕਦਾ ਹੈ।

ਭਾਰਤ ਦਾ ਇੱਕੋ-ਇਕ ਮੁਸਲਿਮ ਬਹੁਗਿਣਤੀ ਵਾਲਾ ਖੇਤਰ ਕਸ਼ਮੀਰ ਵਿਚ ਹੈ ਜਿੱਥੋਂ ਦੇ ਲੋਕ ਲੱਗਭੱਗ ਤਿੰਨ ਦਹਾਕਿਆਂ ਤੋਂ ਸਵੈ-ਨਿਰਣੇ ਦੀ ਲੜਾਈ ਲੜ ਰਹੇ ਹਨ, ਜਿੱਥੇ ਭਾਰਤ ਦਾ ਸਭ ਤੋਂ ਸੰਘਣਾ ਫ਼ੌਜ ਰਾਜ ਚਲਾਇਆ ਜਾ ਰਿਹਾ ਹੈ ਅਤੇ ਜਿੱਥੇ ਕਿਸੇ ਵੀ ਵਿਦੇਸ਼ੀ ਪੱਤਰਕਾਰ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ, ਸਰਕਾਰ ਨੇ ਆਪਣੇ ਆਪ ਨੂੰ ਇਹ ਇਜਾਜ਼ਤ ਦੇ ਰੱਖੀ ਹੈ ਕਿ ਉਹ ਪੂਰੀ ਆਜ਼ਾਦੀ ਨਾਲ ਹਰ ਪ੍ਰਗਟਾਵੇ- ਆਨਲਾਈਨ ਅਤੇ ਹੋਰ ਸਾਰੇ ਰੂਪਾਂ 'ਚ ਪ੍ਰਗਟਾਵਿਆਂ- ਉੱਪਰ ਪਾਬੰਦੀ ਲਗਾ ਸਕਦੀ ਹੈ, ਤੇ ਆਜ਼ਾਦੀ ਨਾਲ ਮੁਕਾਮੀ ਪੱਤਰਕਾਰਾਂ ਨੂੰ ਜੇਲ੍ਹ ਵਿਚ ਡੱਕ ਸਕਦੀ ਹੈ।

ਇਹ ਕਬਰਸਤਾਨਾਂ ਨਾਲ ਢਕੀ ਹੋਈ



*ਭਾਰਤ ਵਿਚ ਵਿਰੋਧੀ ਧਿਰ ਵੱਲੋਂ ਕੀਤੇ ਮਾਰਚ ਦੀ ਝਲਕ।*

(ਬਾਕੀ ਅਗਲੇ ਸਫੇ 'ਤੇ)

# ਭਾਰਤੀ ਸਮਾਜ ਸਾਹਮਣੇ ਮੂਲਵਾਦ ਦਾ ਖਤਰਾ

ਨੀਰਾ ਚੰਡੋਕ

ਭਾਰਤ ਦੇ ਬਹੁਵਾਦੀ ਅਤੇ ਸਹਿਣਸ਼ੀਲ ਦੇਸ਼ ਹੋਣ ਬਾਰੇ ਕੀਤਾ ਜਾਂਦਾ ਦਾਅਵਾ ਹੁਣ ਪੂਰੀ ਤਰ੍ਹਾਂ ਸ਼ੱਕੀ ਹੋ ਗਿਆ ਹੈ। ਇਸ ਬਾਰੇ ਵਾਰ-ਵਾਰ ਦੁਹਰਾਇਆ ਜਾਂਦਾ ਇਹ ਬਿਆਨ ਨਿਰਾਰਥਕ ਅਤੇ ਬੇਸੁਆਦਾ ਬਣ ਕੇ ਰਹਿ ਗਿਆ ਹੈ। ਇਹ ਧਾਰਨਾ ਕਿ ਭਾਰਤ ਦੀ ਸਮਾਜਿਕ ਬਣਤਰ ਬਹੁਵਾਦੀ ਹੈ, ਇਸ ਦਾ ਹਰਗਿਜ਼ ਮਤਲਬ ਨਹੀਂ ਕਿ ਇੱਥੋਂ ਦੀ ਹਾਕਮ ਜਮਾਤ ਬਹੁਵਾਦ ਦਾ ਸਤਿਕਾਰ ਵੀ ਕਰਦੀ ਹੈ। 1980ਵਿਆਂ ਦੇ ਅਖੀਰ ਤੋਂ 1990ਵਿਆਂ ਤੱਕ ਬਹੁ-ਸੱਭਿਆਚਾਰਵਾਦ ਦਾ ਸਤਿਕਾਰ ਕਰਨ ਦੀ ਲੋੜ ਬਾਬਤ ਸਾਹਿਤ ਆਮ ਤੌਰ 'ਤੇ ਕੈਨੇਡਾ, ਅਮਰੀਕਾ ਅਤੇ ਆਸਟਰੇਲੀਆ ਦੇ ਪਰਵਾਸੀ ਸਮਾਜਾਂ ਤੋਂ ਸਾਡੇ ਤੱਕ ਅੱਪੜਿਆ ਸੀ, ਫਿਰ ਇਹ ਸਾਹਿਤ ਅਕਾਦਮਿਕ ਖੇਤਰ ਵਿਚ ਜ਼ੋਰ ਫੜ ਗਿਆ।

1990ਵਿਆਂ ਦੇ ਅੰਤਲੇ ਸਾਲਾਂ ਵਿਚ ਕਈ ਸਿਆਸੀ ਸਿਧਾਂਤਕਾਰਾਂ ਨੇ ਇਹ ਪ੍ਰਵਾਨ ਕੀਤਾ ਕਿ ਬਹੁ-ਸੱਭਿਆਚਾਰਵਾਦ ਨੂੰ ਤੱਥ ਵਜੋਂ ਪੇਸ਼ ਕਰਨਾ ਕਾਫ਼ੀ ਨਹੀਂ ਹੋਵੇਗਾ ਕਿਉਂਕਿ ਕਿਸੇ ਭਾਈਚਾਰੇ ਦੇ ਦਾਬੇ ਵਾਲੇ ਸਮਾਜ ਅੰਦਰ ਘੱਟਗਿਣਤੀ ਸੱਭਿਆਚਾਰ ਹਮੇਸ਼ਾ ਖ਼ਤਰੇ ਵਿਚ ਹੀ ਰਹਿੰਦੇ ਹਨ। ਬਹੁਵਾਦ ਦੀ ਧਾਰਨਾ ਜਾਂ ਇਹ ਵਿਚਾਰ ਕਿ ਇੱਕ ਸਿਆਸੀ ਭਾਈਚਾਰੇ ਵੱਲੋਂ ਆਪਣੀਆਂ ਹੱਦਾਂ ਅੰਦਰ ਬਹੁਤ ਸਾਰੇ ਮੱਤ ਆ ਜਾਂਦੇ ਹਨ ਜਿਸ ਕਰ ਕੇ ਘੱਟਗਿਣਤੀ ਹੱਕਾਂ ਦਾ ਵਿਚਾਰ ਉਭਾਰਿਆ ਜਾਂਦਾ ਹੈ। ਇਹ ਸਿਧਾਂਤਕ ਕਵਾਇਦ ਭਾਰਤ ਲਈ ਨਿਰਾਰਥਕ ਹੈ ਜਿੱਥੇ ਸੁਤੰਤਰਤਾ ਸੰਗਰਾਮ ਦੇ ਆਗੂਆਂ ਅਤੇ ਸੰਵਿਧਾਨ ਘਾੜਿਆਂ ਨੇ ਘੱਟਗਿਣਤੀ ਹੱਕਾਂ ਦੀ ਧਾਰਨਾ ਨੂੰ ਆਪਣੇ ਸੰਕਲਪ ਵਿਚ ਥਾਂ ਦਿੱਤੀ ਸੀ। ਉਸ ਪਲ ਜਦੋਂ ਹਿੰਦੂਤਵ ਅੰਦੋਲਨ ਬਾਬਰੀ ਮਸਜਿਦ ਨੂੰ ਡੇਗਣ ਦੇ ਮੰਤਵ ਦੁਆਲੇ ਗੋਲਬੰਦ ਕੀਤਾ ਜਾ ਰਿਹਾ ਸੀ ਤਾਂ ਘੱਟਗਿਣਤੀਆਂ ਦੇ ਹੱਕਾਂ ਦਾ ਮੁੱਦਾ ਅਕਾਦਮਿਕ ਏਜੰਡੇ 'ਤੇ ਉੱਭਰ ਕੇ ਸਾਹਮਣੇ ਆ ਗਿਆ। ਉਸੇ ਸਮੇਂ ਆਇਆ ਬਹੁਗਿਣਤੀਵਾਦ ਦਾ ਹੜ੍ਹ ਇਸ ਨੂੰ ਹੂੰਝ ਕੇ ਲੈ ਗਿਆ।

ਅਸੀਂ ਜਾਣਦੇ ਹਾਂ ਕਿ ਬਹੁਵਾਦ ਸਮਾਜ ਆਮਤੌਰ 'ਤੇ ਵੰਡੇ ਹੋਏ ਹੁੰਦੇ ਹਨ। ਵੰਡੀਆਂ ਸਿਰਫ਼ ਵੱਖ ਵੱਖ ਧਾਰਨਾਵਾਂ ਤੱਕ ਸੀਮਤ ਨਹੀਂ ਹੁੰਦੀਆਂ। ਉਹ ਉਦੋਂ ਵੰਡੇ ਜਾਂਦੇ ਹਨ ਜਦੋਂ ਭਾਈਚਾਰੇ/ਸਿਆਸੀ ਪਾਰਟੀਆਂ ਚੰਗਿਆਈ ਦੀਆਂ ਧਾਰਨਾਵਾਂ ਦੇ ਪ੍ਰਗਟਾਓ ਜਾਂ ਨੇਮਬੰਦੀ ਬਾਰੇ ਵੰਡੀਆਂ ਜਾਂਦੀਆਂ ਹਨ। ਧਰਮ ਨਿਰਪੱਖਤਾ ਜਨਤਕ ਖੇਤਰ ਵਿਚ ਇਸੇ ਕਿਸਮ ਦਾ ਇੱਕ ਨੇਮ ਤੈਅ ਕਰਦਾ ਹੈ ਕਿ ਨਾ ਕਿਸੇ ਵੀ ਧਰਮ ਨੂੰ ਵਾਧੂ ਲਾਹਾ ਮਿਲੇ ਅਤੇ ਨਾ ਹੀ ਕਿਸੇ ਧਰਮ ਨਾਲ ਧੱਕਾ ਹੋਵੇ ਪਰ ਅਸੀਂ ਅਜੀਬੋ ਗ਼ਰੀਬ ਸਮਿਆਂ ਵਿਚ ਰਹਿ ਰਹੇ ਹਾਂ। ਸੱਜੇਪੱਖੀਆਂ ਦਾ ਮੰਨਣਾ ਹੈ ਕਿ ਬਹੁਗਿਣਤੀ ਦੇ ਧਰਮ ਨੂੰ ਬਾਕੀ ਸਾਰੇ ਧਾਰਮਿਕ ਭਾਈਚਾਰਿਆਂ ਦੀਆਂ ਜ਼ਿੰਦਗੀਆਂ 'ਤੇ ਦਾਬਾ ਪਾਉਣ ਦਾ ਹੱਕ ਹੋਣਾ ਚਾਹੀਦਾ ਹੈ।



ਹਿੰਦੂਤਵ ਦੇ ਤਿੱਖੀ ਸੁਰ ਵਿਚ ਗੱਲ ਕਰਨ ਵਾਲੇ ਸਮਰਥਕ ਇੱਕ ਅਕੀਦੇ ਦੇ ਤੌਰ 'ਤੇ ਧਰਮ ਅਤੇ ਰਾਜਨੀਤਕ ਸ਼ਕਤੀ ਦੇ ਰੂਪ ਵਿਚ ਧਰਮ ਵਿਚਕਾਰ ਕੋਈ ਵਖਰੇਵਾਂ ਨਹੀਂ ਕਰ ਪਾਉਂਦੇ। ਹਿੰਦੂਮਤ ਇੱਕ ਜਟਿਲ ਮੱਤ ਹੈ। ਇਸ ਦਾ ਹਿੰਦੂਤਵ ਨਾਲ ਕੋਈ ਲਾਗਾ ਦੇਗਾ ਨਹੀਂ ਹੈ ਜਿਸ ਨੇ ਅਕੀਦੇ ਦੀ ਇੱਕ ਸੂਖਮ ਪ੍ਰਣਾਲੀ ਨੂੰ ਮੰਦਰਾਂ ਅਤੇ ਰਹੁ-ਰੀਤਾਂ ਦੀ ਲਿਸ਼ਕ ਪੁਸ਼ਕ ਤੱਕ ਮਹਿਦੂਦ ਕਰ ਦਿੱਤਾ ਹੈ। ਕਾਸ਼! ਮੰਦਰਾਂ ਵਿਚ ਪੂਜਾ ਅਰਚਨਾ ਅਤੇ ਬ੍ਰਾਹਮਣੀ ਜਾਤੀ ਵਿਵਸਥਾ ਅੱਗੇ ਡੰਡੌਤ ਕਰਨ ਨਾਲ ਗ਼ੁਰਬਤ ਤੇ ਭੁੱਖਮਰੀ ਜਿਹੀਆਂ ਅਲਾਮਤਾਂ ਮਿਟ ਜਾਂਦੀਆਂ, ਗੈਰ-ਬਰਾਬਰੀ ਦੂਰ ਹੋ ਜਾਂਦੀ, ਇਸ ਦੇ ਸ਼ਰਧਾਲੂਆਂ ਨੂੰ ਦੂਜੇ ਧਰਮਾਂ ਦਾ ਸਤਿਕਾਰ ਕਰਨ ਦੀ ਸੁਮੱਤ ਆ ਜਾਵੇ ਅਤੇ ਇਵੇਂ ਸਾਰੇ ਲੋਕਾਂ ਨੂੰ ਸੁਰੱਖਿਅਤ ਤੇ ਇੱਜ਼ਤ ਮਾਣ ਦੀ ਜ਼ਿੰਦਗੀ ਹਾਸਲ ਹੋ ਸਕੇ। ਅਫ਼ਸੋਸ ਕਿ ਇਤਿਹਾਸ ਵਿਚ ਅਜਿਹਾ ਹੋਇਆ ਨਹੀਂ। ਇਸ ਲਈ ਸਾਨੂੰ ਬਹੁਧਰਮੀ ਭਾਈਚਾਰੇ ਨੂੰ ਇਕਜੁੱਟ ਰੱਖਣ ਲਈ ਹੋਰਨਾਂ ਤਰੀਕਿਆਂ ਵੱਲ ਦੇਖਣਾ ਪਵੇਗਾ।

ਇਹੋ ਜਿਹਾ ਇੱਕ ਰਾਹ ਸ਼ਾਇਦ ਅਜਿਹਾ ਸਿਆਸੀ ਬਿਰਤਾਂਤ ਮੁੜ ਘੜਨ ਦਾ ਹੈ ਜੋ ਚੰਗਿਆਈ ਦੀਆਂ ਵੱਖੋ-ਵੱਖ ਧਾਰਨਾਵਾਂ ਪ੍ਰਤੀ ਨਿਰਲੇਪ ਰਹਿੰਦਾ ਹੈ। ਸਿਆਸੀ ਬਿਰਤਾਂਤ ਹਮੇਸ਼ਾ ਜਨਤਕ ਹੁੰਦਾ ਹੈ ਅਤੇ ਜਨਤਕ ਬਿਰਤਾਂਤ ਹਮੇਸ਼ਾ ਸਾਂਝੀ ਸੂਝ-ਬੂਝ 'ਤੇ ਆਧਾਰਿਤ ਹੁੰਦੇ ਹਨ। ਇੱਕ ਜਮਹੂਰੀ ਸਿਆਸੀ ਬਿਰਤਾਂਤ ਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਸਾਰੇ ਹਿੱਤਾਂ ਨੂੰ ਜਗ੍ਹਾ ਮਿਲ ਸਕੇ; ਜ਼ਮੀਰ ਦੀ ਆਜ਼ਾਦੀ ਦਾ ਹੱਕ, ਆਪਣੇ ਧਰਮ ਦਾ ਪਾਲਣ ਕਰਨ ਦਾ ਹੱਕ ਅਤੇ ਸਭ ਤੋਂ ਉੱਪਰ ਕਿ ਦੂਜਿਆਂ ਨੂੰ ਵੀ ਅਜਿਹਾ ਕਰਨ ਦੀ ਖੁੱਲ੍ਹ ਦੇਣੀ।

ਇੱਕ ਅਜਿਹਾ ਸਿਆਸੀ ਬਿਰਤਾਂਤ ਜਿਹੜਾ ਬਹੁਗਿਣਤੀ ਦੇ ਹਿੱਤਾਂ ਨੂੰ ਸਭ ਤੋਂ ਅੱਵਲ ਰੱਖਦਾ ਹੈ ਅਤੇ ਧਰਮ ਦੇ ਆਧਾਰ 'ਤੇ ਘੱਟਗਿਣਤੀਆਂ ਨੂੰ ਦੁਤਕਾਰਦਾ ਤੇ ਤ੍ਰਿਸਕਾਰਦਾ ਹੈ, ਉਹ ਇਹ ਭੁੱਲ ਜਾਂਦਾ ਹੈ ਕਿ ਸੱਤਾ ਹਾਸਲ ਕਰਨ ਲਈ ਧਰਮ ਕੋਈ ਔਜ਼ਾਰ ਨਹੀਂ ਹੈ। ਆਖ਼ਰ ਇੰਨੇ ਸਾਲਾਂ ਬਾਅਦ ਸਿਆਸੀ ਖੇਤਰ ਵਿਚ ਖਾਲਿਸਤਾਨ ਦਾ ਹਊਆ ਮੁੜ ਕਿਵੇਂ ਉੱਭਰ ਆਇਆ ਹੈ? ਆਖਰ ਇਹ ਨਾਕਾਮ ਪ੍ਰੋਜੈਕਟ ਇੱਕ ਵਾਰ ਫਿਰ ਦੇਸ਼ ਦੀ ਏਕਤਾ ਅਖੰਡਤਾ ਲਈ ਖ਼ਤਰਾ ਕਿਉਂ ਬਣ ਗਿਆ ਹੈ? ਕੀ ਇਹ ਇਸ ਕਰ ਕੇ ਹੋਇਆ ਹੈ ਕਿ ਹਿੰਦੂਤਵ ਨੇ ਰਾਜਨੀਤੀ ਨੂੰ ਧਰਮ ਦੀ ਮਾਤਹਿਤ ਬਣਾਉਣ ਦੇ ਕੰਮ ਨੂੰ ਜਾਇਜ਼ ਕਰਾਰ ਦੇ ਦਿੱਤਾ ਹੈ?

ਸਾਡੇ ਹਾਕਮ ਇਹ ਪ੍ਰਵਾਨ ਕਰਨ ਵਿਚ ਨਾਕਾਮ ਰਹੇ ਹਨ ਕਿ ਔਜ਼ਾਰ ਦੇ ਰੂਪ ਵਿਚ ਧਾਰਮਿਕ ਹਿੰਸਾ ਦੀ ਵਰਤੋਂ ਵੱਖੋ-ਵੱਖਰੇ ਰੂਪ ਲੈ ਕੇ ਸਾਹਮਣੇ ਆਉਂਦੀ ਰਹਿੰਦੀ ਹੈ। ਕੀ ਉਨ੍ਹਾਂ ਭਾਰਤ ਦੀ ਵੰਡ ਤੋਂ ਪਹਿਲਾਂ ਹੋਈ ਧਾਰਮਿਕ ਖੇਮੇਬੰਦੀ ਤੋਂ ਕੁਝ ਵੀ ਨਹੀਂ ਸਿੱਖਿਆ? ਤੇ ਨਾਗਰਿਕਾਂ ਨੇ ਇਹ ਨਹੀਂ ਸਮਝਿਆ ਕਿ ਧਾਰਮਿਕ ਹਿੰਸਾ ਨਾਲ ਲੋਹੇ ਦੇ ਗੇਟਾਂ ਤੇ ਵਾੜਾਂ ਅੰਦਰ ਰਹਿੰਦੇ ਤਾਕਤਵਰਾਂ ਦਾ ਕੁਝ ਨਹੀਂ ਵਿਗੜਦਾ। ਇਸ ਨਾਲ ਸੁਰੱਖਿਆ ਪਹਿਰੇ ਹੇਠ ਵਿਚਰਨ ਵਾਲੇ ਸਿਆਸਤਦਾਨਾਂ ਨੂੰ ਕੋਈ ਸੇਕ ਨਹੀਂ ਪਹੁੰਚਦਾ। ਧਾਰਮਿਕ ਹਿੰਸਾ ਆਮ ਲੋਕਾਂ ਨੂੰ ਹੀ ਸੱਟ ਮਾਰਦੀ ਹੈ, ਉਹ ਬੱਸਾਂ ਤੇ ਰੇਲਗੱਡੀਆਂ ਵਿਚ ਸਫ਼ਰ ਕਰਦੇ ਹੋਏ ਬੰਬ ਧਮਾਕਿਆਂ ਵਿਚ ਮਰਦੇ ਹਨ ਜਾਂ ਹਜੂਮ ਵੱਲੋਂ ਕੋਹ ਕੋਹ ਕੇ ਮਾਰੇ ਜਾਂਦੇ ਹਨ ਜਾਂ ਧਰਮ ਦੀ ਸਿਆਸੀ ਲਾਮਬੰਦੀ ਦੀ ਭੇਟ ਚੜ੍ਹ ਜਾਂਦੇ ਹਨ।

ਰਾਜਨੇਤਾ ਸਿਆਸੀ ਰਚਨਾਤਮਿਕਤਾ ਅਤੇ ਲੋਕਾਂ ਨਾਲ ਖਲੂਸ ਜ਼ਰੀਏ ਬਹੁਵਾਦੀ ਸਮਾਜ ਨੂੰ ਇਕਮੁੱਠ ਰੱਖਣ ਦਾ ਹੁਨਰ ਸਿੱਖਦੇ ਹਨ। ਹੋਛੀਆਂ ਸੰਵੇਦਨਾਵਾਂ ਦੇ ਧਾਰਨੀ ਸਿਆਸਤਦਾਨ ਸਾਡੇ ਲੋਕਾਂ ਨੂੰ ਵੰਡਦੇ ਹਨ ਜੋ ਮਿਲ-ਜੁਲ ਕੇ ਰਹਿੰਦੇ ਹਨ, ਇੱਕੋ ਭਾਸ਼ਾ ਬੋਲਦੇ ਹਨ, ਸੂਫ਼ੀ ਸੰਤਾਂ ਦੀਆਂ ਦਰਗਾਹਾਂ ਵਿਚ ਮੱਥਾ ਟੇਕਦੇ ਹਨ, ਲੋਕ ਸੰਗੀਤ ਅਤੇ ਰਹੁ-ਰੀਤਾਂ ਦੀ ਸਾਂਝ ਪਾਲਦੇ ਹਨ ਅਤੇ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਦੇ ਸੁਪਨੇ ਸੰਜੋਦੇ ਹਨ। ਭਾਵੇਂ ਹਿੰਦੂਤਵ ਦੇ ਵਪਾਰੀ ਹੋਣ ਜਾਂ ਫਿਰ ਖ਼ਾਲਿਸਤਾਨੀ, ਭਾਰਤੀ ਸਮਾਜ ਜਦੋਂ ਵੀ ਕਦੇ ਕਿਸੇ ਵੀ ਤਰ੍ਹਾਂ ਦੇ ਮੂਲਵਾਦ ਦਾ ਬੰਧਕ ਬਣਾ ਲਿਆ ਜਾਂਦਾ ਹੈ ਤਾਂ ਸਾਡੇ ਬੱਚਿਆਂ ਦਾ ਭਵਿੱਖ ਦਾਅ 'ਤੇ ਲੱਗ ਜਾਂਦਾ ਹੈ।

ਪਿਛਲੇ ਲੰਮੇ ਸਮੇਂ ਤੋਂ ਅਸੀਂ ਆਪਣੇ ਲੋਕਾਂ ਵੱਲੋਂ ਆਪਣੇ ਹੀ ਲੋਕਾਂ ਖਿਲਾਫ਼ ਕੀਤੀ ਜਾ ਰਹੀ ਹਿੰਸਾ ਦੇ ਮੂਕ ਦਰਸ਼ਕ ਬਣੇ ਹੋਏ ਹਾਂ। ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਕਿ ਹਿੰਸਾ ਨੇ ਸਾਨੂੰ ਕੀ ਤੋਂ ਕੀ ਬਣਾ ਦਿੱਤਾ ਹੈ ਅਤੇ ਇਸ ਹਿੰਸਾ ਨੂੰ ਹੱਲਾਸ਼ੇਰੀ ਦੇਣ ਲਈ ਅਸੀਂ ਕੀ ਕੁਝ ਕੀਤਾ ਹੈ। ਆਜ਼ਾਦੀ ਦੇ ਅਲੰਬਰਦਾਰ ਜੌਨ੍ਹ ਸਟੂਅਰਟ ਮਿੱਲ ਨੇ 1867 ਵਿਚ ਸੇਂਟ ਐਂਡ੍ਰਿਊ ਯੂਨੀਵਰਸਿਟੀ ਵਿਚ ਭਾਸ਼ਣ ਦਿੰਦਿਆਂ ਆਖਿਆ ਸੀ, "ਉਸ ਨੂੰ ਅਸੀਂ ਭਲਾ ਆਦਮੀ ਨਹੀਂ ਮੰਨ ਸਕਦੇ ਜੋ ਆਪਣੇ ਨਾਂ ਹੇਠ ਹੋ ਰਹੀ ਕਿਸੇ ਗ਼ਲਤ ਕਾਰਵਾਈ ਨੂੰ ਕੋਈ ਰੋਸ ਪ੍ਰਗਟਾਏ ਬਿਨਾਂ ਹੋਣ ਦੀ ਆਗਿਆ ਦਿੰਦਾ ਹੈ ਕਿਉਂਕਿ ਉਹ ਇਸ ਵਿਸ਼ੇ 'ਤੇ ਆਪਣਾ ਪੱਖ ਪੇਸ਼ ਕਰ ਕੇ ਮੁਸੀਬਤ ਮੁੱਲ ਨਹੀਂ ਲੈਣਾ ਚਾਹੁੰਦਾ।" ਭਾਰਤ ਵਿਚ ਇਸ ਵੇਲੇ ਬਿਲਕੁਲ ਇਹੀ ਕੁਝ ਹੋ ਰਿਹਾ ਹੈ।

---

# ਬੋਲਣ ਦੀ ਆਜ਼ਾਦੀ ਅਤੇ ਅਸਫਲ ਹੋ ਰਿਹਾ ਲੋਕਤੰਤਰ

*(ਪਿਛਲੇ ਸਫੇ ਦੀ ਬਾਕੀ)*

ਖ਼ੂਬਸੂਰਤ ਘਾਟੀ ਹੈ, ਅਜਿਹੀ ਘਾਟੀ ਜਿੱਥੋਂ ਕੋਈ ਖ਼ਬਰ ਨਹੀਂ ਆ ਰਹੀ। ਲੋਕ ਕਹਿੰਦੇ ਹਨ, "ਕਸ਼ਮੀਰ ਵਿਚ ਮੁਰਦੇ ਜ਼ਿੰਦਾ ਹਨ ਅਤੇ ਜ਼ਿੰਦਾ ਲੋਕ ਦਰਅਸਲ ਉਹ ਮੁਰਦੇ ਹਨ ਜੋ ਮਹਿਜ਼ ਜ਼ਿੰਦਾ ਹੋਣ ਦਾ ਨਾਟਕ ਕਰ ਰਹੇ ਹਨ।" ਉਹ ਅਕਸਰ ਭਾਰਤ ਦੇ ਲੋਕਤੰਤਰ ਨੂੰ 'ਡੇਮਨ-ਕਰੇਜ਼ੀ' (ਪਾਗਲ ਸ਼ੈਤਾਨ) ਕਹਿੰਦੇ ਹਨ।

2019 ਦੀਆਂ ਚੋਣਾਂ ਤੋਂ ਬਾਦ ਮੋਦੀ ਅਤੇ ਉਸ ਦੀ ਪਾਰਟੀ ਦੇ ਦੂਜੀ ਵਾਰ ਸੱਤਾ 'ਤੇ ਕਾਬਜ਼ ਹੋਣ ਤੋਂ ਕੁਝ ਹਫ਼ਤੇ ਬਾਅਦ ਜੰਮੂ ਕਸ਼ਮੀਰ ਤੋਂ ਰਾਜ ਹੋਣ ਦਾ ਉਸ ਦਾ ਦਰਜਾ ਖੋਹ ਲਿਆ ਗਿਆ ਅਤੇ ਇਕ ਹੱਦ ਤੱਕ ਉਸ ਨੂੰ ਹਾਸਲ ਖ਼ੁਦਮੁਖਤਾਰੀ ਇਕਤਰਫ਼ਾ ਤੌਰ 'ਤੇ ਖ਼ਤਮ ਕਰ ਦਿੱਤੀ ਗਈ ਜਦੋਂ ਕਿ ਭਾਰਤੀ ਸੰਵਿਧਾਨ ਵਿਚ ਜੰਮੂ ਕਸ਼ਮੀਰ ਰਾਜ ਦੀ ਇਸ ਖ਼ੁਦਮੁਖਤਾਰੀ ਦੀ ਗਾਰੰਟੀ ਦਿੱਤੀ ਗਈ ਸੀ। ਇਸ ਤੋਂ ਤੁਰੰਤ ਬਾਅਦ ਸੰਸਦ ਨੇ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਨੂੰ ਮਨਜ਼ੂਰੀ ਦਿੱਤੀ। ਇਹ ਨਵਾਂ ਕਾਨੂੰਨ ਖੁੱਲ੍ਹੇਆਮ ਮੁਸਲਮਾਨਾਂ ਨਾਲ ਵਿਤਕਰਾ ਕਰਦਾ ਹੈ। ਇਸ ਤਹਿਤ ਹੁਣ ਲੋਕਾਂ ਨੂੰ ਆਪਣੀ ਨਾਗਰਿਕਤਾ ਖੁੱਸ ਜਾਣ ਦਾ ਖ਼ੌਫ਼ ਹੈ ਅਤੇ ਅਜਿਹੇ ਲੋਕਾਂ 'ਚ ਜ਼ਿਆਦਾਤਰ ਮੁਸਲਮਾਨ ਹਨ।

ਸੀ.ਏ.ਏ.ਰਾਸ਼ਟਰੀ ਨਾਗਰਿਕਤਾ ਰਜਿਸਟਰ (ਐੱਨ.ਆਰ.ਸੀ.) ਤਿਆਰ ਕਰਨ ਦੀ ਪ੍ਰਕਿਰਿਆ ਦਾ ਹਿੱਸਾ ਹੈ। ਐੱਨ.ਆਰ.ਸੀ. ਵਿਚ ਦਰਜ ਹੋਣ ਲਈ ਇਹ ਜ਼ਰੂਰੀ ਹੈ ਕਿ ਲੋਕ ਰਾਜ ਦੁਆਰਾ ਪ੍ਰਵਾਨਿਤ ਕੁਝ 'ਪੁਰਾਣੇ ਦਸਤਾਵੇਜ਼' ਪੇਸ਼ ਕਰਨ- ਇਹ ਅਜਿਹੀ ਪ੍ਰਕਿਰਿਆ ਹੈ ਜੋ ਨਾਜ਼ੀ ਜਰਮਨੀ ਦੇ ਨਿਊਰਮਬਰਗ ਕਾਨੂੰਨਾਂ ਦੁਆਰਾ ਜਰਮਨ ਲੋਕਾਂ ਲਈ ਲਾਜ਼ਮੀ ਬਣਾਈਆਂ ਸ਼ਰਤਾਂ ਤੋਂ ਬਹੁਤੀ ਵੱਖਰੀ ਨਹੀਂ ਹੈ। ਅਸਾਮ ਰਾਜ ਵਿਚ 20 ਲੱਖ ਲੋਕ ਪਹਿਲਾਂ ਹੀ ਐੱਨ.ਆਰ.ਸੀ. ਤੋਂ ਬਾਹਰ ਕੀਤੇ ਜਾ ਚੁੱਕੇ ਹਨ ਅਤੇ ਉਨ੍ਹਾਂ ਨੂੰ ਆਪਣੇ ਅਧਿਕਾਰ ਖੁੱਸ ਜਾਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸ਼ਾਲ ਨਜ਼ਰਬੰਦੀ ਕੇਂਦਰ ਬਣਾਏ ਜਾ ਰਹੇ ਹਨ ਜਿਨ੍ਹਾਂ ਨੂੰ ਬਣਾਉਣ ਦਾ ਕੰਮ ਕਰਨ ਵਾਲੇ ਲੋਕ ਆਉਣ ਵਾਲੇ ਦਿਨਾਂ ਵਿਚ ਉਨ੍ਹਾਂ ਦੇ ਕੈਦੀ ਹੋਣਗੇ- ਅਜਿਹੇ ਲੋਕ ਜਿਨ੍ਹਾਂ ਨੂੰ 'ਵਿਦੇਸ਼ੀ ਐਲਾਨੇ' ਜਾਂ 'ਸ਼ੱਕੀ ਵੋਟਰ' ਵਜੋਂ ਚਿੰਨ੍ਹਤ ਕੀਤਾ ਗਿਆ ਹੈ।

ਸਾਡਾ ਨਵਾਂ ਭਾਰਤ ਆਡੰਬਰਾਂ ਅਤੇ ਚਮਤਕਾਰਾਂ ਦਾ ਮੁਲਕ ਹੈ; ਮਸਲਨ ਗੁਜਰਾਤ ਦੇ ਅਹਿਮਦਾਬਾਦ ਵਿਚ ਇਕ ਕ੍ਰਿਕਟ ਸਟੇਡੀਅਮ ਹੈ। ਇਸ ਨੂੰ ਨਰਿੰਦਰ ਮੋਦੀ ਸਟੇਡੀਅਮ ਕਿਹਾ ਜਾਂਦਾ ਹੈ ਅਤੇ ਇਸ ਦੀ ਸਮਰੱਥਾ 132000 ਲੋਕਾਂ ਦੀ ਹੈ। ਜਨਵਰੀ 2020 'ਚ ਇਹ 'ਨਮਸਤੇ ਟਰੰਪ ਰੈਲੀ' ਲਈ ਪੂਰੀ ਤਰ੍ਹਾਂ ਭਰ ਦਿੱਤਾ ਗਿਆ ਸੀ ਜਦੋਂ ਮੋਦੀ ਨੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਵਾਗਤ ਕੀਤਾ ਸੀ। ਉਸ ਸ਼ਹਿਰ ਵਿਚ ਜਿੱਥੇ 2002 ਦੇ ਕਤਲੇਆਮ ਦੌਰਾਨ ਦਿਨ-ਦਿਹਾੜੇ ਮੁਸਲਮਾਨਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਅਤੇ ਹਜ਼ਾਰਾਂ ਲੋਕਾਂ ਨੂੰ ਘਰਾਂ ਤੋਂ ਬੇਘਰ ਕਰ ਦਿੱਤਾ ਗਿਆ ਸੀ ਅਤੇ ਜਿੱਥੇ ਮੁਸਲਮਾਨ ਅਜੇ ਵੀ ਘੁਰਨਿਆਂ ਵਰਗੀਆਂ ਗ਼ਰੀਬ ਬਸਤੀਆਂ ਵਿਚ ਰਹਿੰਦੇ ਹਨ, ਉਸ ਸ਼ਹਿਰ ਵਿਚ ਭੀੜ ਦੇ ਸਾਹਮਣੇ ਖੜ੍ਹੇ ਹੋ ਕੇ ਅਤੇ ਹੱਥ ਲਹਿਰਾ ਕੇ ਟਰੰਪ ਨੇ ਸਹਿਣਸ਼ੀਲਤਾ ਅਤੇ ਵੰਨ-ਸੁਵੰਨਤਾ ਲਈ ਭਾਰਤ ਦੀ ਤਾਰੀਫ਼ ਕੀਤੀ ਸੀ। ਮੋਦੀ ਨੇ ਲੋਕਾਂ ਨੂੰ ਕਿਹਾ ਸੀ ਤਾੜੀਆਂ ਵਜਾਓ।

ਇਕ ਦਿਨ ਬਾਅਦ ਟਰੰਪ ਦਿੱਲੀ ਪਹੁੰਚੇ। ਜਦੋਂ ਉਸ ਨੇ ਰਾਜਧਾਨੀ ਵਿਚ ਚਰਨ ਪਾਏ ਤਾਂ ਉਦੋਂ ਉੱਥੇ ਇਕ ਹੋਰ ਕਤਲੇਆਮ ਚੱਲ ਰਿਹਾ ਸੀ। ਗੁਜਰਾਤ ਦੇ ਮੁਕਾਬਲੇ ਇਕ ਛੋਟਾ ਕਤਲੇਆਮ। ਇਹ ਸਭ ਟਰੰਪ ਦੇ ਆਲੀਸ਼ਾਨ ਹੋਟਲ ਤੋਂ ਕੁਝ ਕਿਲੋਮੀਟਰ ਦੂਰ ਰਾਜਧਾਨੀ ਦੇ ਇੱਕ ਮਜ਼ਦੂਰ ਮੁਹੱਲੇ ਵਿਚ ਹੋ ਰਿਹਾ ਸੀ ਜੋ ਕਿ ਉਸ ਜਗ੍ਹਾ ਤੋਂ ਬਹੁਤੀ ਦੂਰ ਨਹੀਂ ਹੈ ਜਿੱਥੇ ਮੈਂ ਰਹਿੰਦੀ ਹਾਂ। ਹਮਲਾਵਰ ਹਿੰਦੂ ਹਜੂਮ ਇਕ ਵਾਰ ਫਿਰ ਮੁਸਲਮਾਨ ਵਿਰੁੱਧ ਸੜਕਾਂ 'ਤੇ ਨਿਕਲਿਆ। ਇਕ ਵਾਰ ਫਿਰ ਪੁਲਿਸ ਨੇ ਉਸ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਇਸ ਦੀ ਵਜ੍ਹਾ ਇਹ ਸੀ ਕਿ ਇਸ ਇਲਾਕੇ ਵਿਚ ਸੀ.ਏ.ਏ. (ਨਾਗਰਿਕਤਾ ਸੋਧ ਕਾਨੂੰਨ) ਦੇ ਖ਼ਿਲਾਫ਼ ਮੁਸਲਿਮ ਵਿਰੋਧੀ ਅੰਦੋਲਨ ਚੱਲ ਰਿਹਾ ਸੀ। ਤਰਵੰਜਾ ਲੋਕ ਮਾਰੇ ਗਏ ਜਿਨ੍ਹਾਂ ਵਿਚੋਂ ਜ਼ਿਆਦਾਤਰ ਮੁਸਲਮਾਨ ਸਨ। ਸੈਂਕੜੇ ਦੁਕਾਨਾਂ, ਘਰ ਅਤੇ ਮਸਜਿਦਾਂ ਜਲਾ ਦਿੱਤੇ ਗਏ। ਟਰੰਪ ਨੇ ਇਕ ਸ਼ਬਦ ਤੱਕ ਨਹੀਂ ਕਿਹਾ।




*ਇਕ ਰੋਸ ਵਿਖਾਵੇ ਦੌਰਾਨ ਲੋਕਤੰਤਰ 'ਤੇ ਸਵਾਲ ਕਰਦੀ ਤਖਤੀ।*

*ਭਾਰਤ ਦੇ ਲੋਕਤੰਤਰ ਨੂੰ ਸਿਲਸਿਲੇਵਾਰ ਟੁਕੜੇ-ਟੁਕੜੇ ਕਰ ਕੇ ਉਧੇੜਿਆ ਜਾ ਰਿਹਾ ਹੈ। ਇਹ ਤੈਅ ਹੈ ਕਿ ਅਗਲੇ ਸਾਲ ਤੁਸੀਂ ਸਾਡੀਆਂ ਸਰਗਰਮ, ਰੰਗ-ਬਿਰੰਗੀਆਂ ਚੋਣਾਂ ਬਾਰੇ ਬਹੁਤ ਕੁਝ ਸੁਣੋਗੇ। ਸਿਰਫ਼ ਇਕ ਚੀਜ਼ ਜੋ ਦਿਖਾਈ ਨਹੀਂ ਦੇਵੇਗੀ, ਉਹ ਹੈ ਕਿ ਨਿਰਪੱਖ ਤੇ ਬਰਾਬਰ ਨਜ਼ਰ ਆਉਣ ਵਾਲੀ ਇਹ ਸਮਤਲ ਜ਼ਮੀਨ- ਜੋ ਨਿਰਪੱਖ ਚੋਣਾਂ ਦਾ ਆਧਾਰ ਹੁੰਦੀ ਹੈ- ਦਰਅਸਲ ਤਿੱਖੀ ਢਲਾਣ ਵਾਲੀ ਚੋਟੀ ਹੈ ਜਿੱਥੇ ਇਕ ਤਰ੍ਹਾਂ ਨਾਲ ਸਾਰੀ ਦੌਲਤ, ਡੇਟਾ, ਮੀਡੀਆ, ਚੋਣ ਮੈਨੇਜਮੈਂਟ ਅਤੇ ਸੁਰੱਖਿਆ ਪ੍ਰਣਾਲੀ ਲੁੜਕ ਕੇ ਹੁਕਮਰਾਨ ਧਿਰ ਦੇ ਹੱਥਾਂ ਵਿਚ ਆ ਗਈ ਹੈ।*

ਉਨ੍ਹਾਂ ਖ਼ੌਫ਼ਨਾਕ ਦਿਨਾਂ ਦੀ ਇਕ ਵੱਖਰੀ ਤਰ੍ਹਾਂ ਦੀ ਲੀਲਾ ਸਾਡੇ ਜ਼ਿਹਨ 'ਚ ਦਰਜ ਹੈ। ਭਾਰਤ ਦੀ ਰਾਜਧਾਨੀ ਦੀ ਇਕ ਸੜਕ ਉੱਪਰ ਇਕ ਨੌਜਵਾਨ ਮੁਸਲਮਾਨ ਅੱਧਮਰੀ ਹਾਲਤ 'ਚ ਬੁਰੀ ਤਰ੍ਹਾਂ ਜ਼ਖ਼ਮੀ ਪਿਆ ਹੈ। ਪੁਲਿਸ ਦੇ ਜਵਾਨ ਉਸ ਨੂੰ ਨੋਚਦੇ ਹੋਏ, ਕੁੱਟਦੇ ਹੋਏ ਭਾਰਤ ਦਾ ਕੌਮੀ ਗੀਤ ਗਾਉਣ ਲਈ ਮਜਬੂਰ ਕਰ ਰਹੇ ਹਨ। ਕੁਝ ਹੀ ਦਿਨਾਂ ਵਿਚ ਉਸ ਦੀ ਮੌਤ ਹੋ ਗਈ। ਉਸ ਦਾ ਨਾਮ ਫ਼ੈਜਾਨ ਸੀ। ਉਸ ਦੀ ਉਮਰ 23 ਸਾਲ ਸੀ। ਉਨ੍ਹਾਂ ਪੁਲਿਸ ਮੁਲਾਜਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ।

ਲੋਕਤੰਤਰੀ ਦੁਨੀਆ ਦੇ ਜਗੀਰਦਾਰਾਂ ਲਈ ਇਨ੍ਹਾਂ ਵਿਚੋਂ ਕਿਸੇ ਵੀ ਗੱਲ ਦੀ ਕੋਈ ਖ਼ਾਸ ਮਹੱਤਤਾ ਨਹੀਂ ਹੋਣੀ ਚਾਹੀਦੀ; ਤੇ ਅਸਲ ਵਿਚ ਹੈ ਵੀ ਨਹੀਂ; ਕਿਉਂਕਿ ਕੁਝ ਵੀ ਹੋਵੇ, ਕਈ ਜ਼ਰੂਰੀ ਕੰਮਾਂ ਨੂੰ ਅੰਜਾਮ ਦੇਣਾ ਹੈ; ਕਿਉਂਕਿ ਭਾਰਤ ਉੱਭਰ ਰਹੇ ਚੀਨ ਦੇ ਵਿਰੁੱਧ ਪੱਛਮ ਦੀ ਦੀਵਾਰ ਹੈ (ਜਾਂ ਉਹ ਇਸ ਤਰ੍ਹਾਂ ਦੀ ਉਮੀਦ ਕਰਦੇ ਹਨ), ਤੇ ਕਿਉਂਕਿ ਖੁੱਲ੍ਹੀ ਮੰਡੀ ਵਿਚ ਤੁਹਾਡੇ ਸਮੂਹਿਕ ਬਲਾਤਕਾਰ ਜਾਂ ਤੁਹਾਨੂੰ ਭੀੜ ਦੁਆਰਾ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਜਾਂ ਰਤਾ ਕੁ ਨਸਲੀ ਸਫ਼ਾਏ ਨੂੰ ਜਾਂ ਕਿਸੇ ਗੰਭੀਰ ਵਿਤੀ ਭ੍ਰਿਸ਼ਟਾਚਾਰ ਨੂੰ ਵੇਚ ਕੇ ਬਦਲੇ 'ਚ ਭਾਰਤੀ ਤਾਦਾਦ 'ਚ ਲੜਾਕੂ ਜਾਂ ਵਪਾਰਕ ਜਹਾਜ਼ ਖ਼ਰੀਦੇ ਜਾ ਸਕਦੇ ਹਨ; ਜਾਂ ਰੂਸ ਤੋਂ ਖ਼ਰੀਦੇ ਕੱਚੇ ਤੇਲ ਨੂੰ ਸੋਧ ਕੇ ਅਤੇ ਇਸ ਨੂੰ ਅਮਰੀਕੀ ਪਾਬੰਦੀਆਂ ਦੇ ਕਲੰਕ ਤੋਂ ਮੁਕਤ ਕਰ ਕੇ, ਤੁਸੀਂ ਇਸ ਨੂੰ ਯੂਰਪ, ਤੇ ਜੀ ਹਾਂ, ਅਮਰੀਕਾ ਨੂੰ ਵੀ ਵੇਚ ਸਕਦੇ ਹੋ, ਜਿਵੇਂ ਸਾਡੇ ਅਖ਼ਬਾਰਾਂ ਨੇ ਖ਼ਬਰ ਦਿੱਤੀ ਹੈ। ਹਰ ਕੋਈ ਖ਼ੁਸ਼ ਹੈ; ਤੇ ਹੋਵੇ ਵੀ ਕਿਉਂ ਨਾ?

ਯੂਕਰੇਨੀ ਲੋਕਾਂ ਲਈ ਯੂਕਰੇਨ ਉਨ੍ਹਾਂ ਦਾ ਮੁਲਕ ਹੈ। ਰੂਸ ਲਈ ਇਹ ਬਸਤੀ ਹੈ, ਤੇ ਪੱਛਮੀ ਯੂਰਪ ਅਤੇ ਅਮਰੀਕਾ ਲਈ ਇਹ ਮੋਰਚਾ ਹੈ (ਜਿਵੇਂ ਵੀਅਤਨਾਮ ਸੀ, ਜਿਵੇਂ ਅਫ਼ਗਾਨਿਸਤਾਨ ਸੀ); ਪਰ ਮੋਦੀ ਲਈ ਇਹ ਇਕ ਹੋਰ ਰੰਗ-ਮੰਚ ਹੈ ਜਿੱਥੇ ਉਹ ਆਪਣੀ ਅਭਿਨੈ ਦਿਖਾ ਸਕਦਾ ਹੈ। ਇਸ ਵਾਰ ਉਸ ਦੀ ਭੂਮਿਕਾ ਅਮਨ ਲਿਆਉਣ ਵਾਲੇ ਇਕ ਸੁਲਝੇ ਹੋਏ ਰਾਜਨੇਤਾ ਦੀ ਹੈ ਜੋ ਉਪਦੇਸ਼ ਦਿੰਦਾ ਹੈ ਕਿ "ਇਹ ਯੁੱਧ ਲੜਨ ਦਾ ਸਮਾਂ ਨਹੀਂ ਹੈ।"

ਨਿੱਤ ਵਧ ਰਹੀ ਸਨਕ ਵਾਂਗ ਨਜ਼ਰ ਆਉਣ ਵਾਲੇ ਮੁਲਕ 'ਚ ਬੇਹੱਦ ਨਫ਼ੀਸ ਨਿਆਂ ਪ੍ਰਣਾਲੀ ਕਾਇਮ ਹੈ ਪਰ ਕਾਨੂੰਨ ਦੇ ਅੱਗੇ ਕੋਈ ਬਰਾਬਰੀ ਨਹੀਂ ਹੈ। ਕਾਨੂੰਨ ਜਾਤੀ, ਧਰਮ, ਲਿੰਗ ਅਤੇ ਜਮਾਤ ਦੇਖ ਕੇ ਚੁਣਵੇਂ ਤਰੀਕੇ ਨਾਲ ਲਾਗੂ ਕੀਤੇ ਜਾਂਦੇ ਹਨ। ਮਿਸਾਲ ਵਜੋਂ, ਕੋਈ ਹਿੰਦੂ ਜਿਹੜੀ ਗੱਲ ਕਹਿ ਸਕਦਾ ਹੈ, ਉਹ ਕੋਈ ਮੁਸਲਮਾਨ ਨਹੀਂ ਕਹਿ ਸਕਦਾ। ਕੋਈ ਕਸ਼ਮੀਰੀ ਉਹ ਗੱਲਾਂ ਨਹੀਂ ਕਹਿ ਸਕਦਾ ਜੋ ਹੋਰ ਲੋਕ ਕਹਿ ਸਕਦੇ ਹਨ। ਇਸ ਨਾਲ ਇਕਜੁੱਟਤਾ, ਇਕ ਦੂਜੇ ਦੇ ਲਈ ਬੋਲਣਾ ਕਿਸੇ ਵੀ ਹੋਰ ਸਮੇਂ ਨਾਲੋਂ ਜ਼ਿਆਦਾ ਮਹੱਤਵਪੂਰਨ ਹੋ ਗਿਆ ਹੈ ਪਰ ਇਹ ਵੀ ਜੋਖ਼ਮ ਵਾਲਾ ਕੰਮ ਹੋ ਗਿਆ ਹੈ ਅਤੇ ਇਹੀ ਉਹ ਗੱਲ ਹੈ ਜੋ ਮੇਰੇ ਭਾਸ਼ਣ ਦਾ ਸਿਰਲੇਖ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ - ਅਸੀਂ ਜਮੂਦ ਕੰਢੇ 'ਤੇ ਪਹੁੰਚ ਰਹੇ ਹਾਂ, ਬੰਦ ਗਲੀ 'ਚ ਵੜ ਰਹੇ ਹਾਂ।

ਬਦਕਿਸਮਤੀ ਨਾਲ ਅਜਿਹੇ ਸਮੇਂ ਦੌਰਾਨ ਉਹ ਗੱਲਾਂ ਜੋ ਤੁਸੀਂ ਨਹੀਂ ਕਹਿ ਸਕਦੇ ਅਤੇ ਉਹ ਸ਼ਬਦ ਜਿਨ੍ਹਾਂ ਨੂੰ ਤੁਸੀਂ ਆਪਣੀ ਜ਼ਬਾਨ ਉੱਪਰ ਨਹੀਂ ਲਿਆ ਸਕਦੇ, ਉਨ੍ਹਾਂ ਗੱਲਾਂ ਅਤੇ ਸ਼ਬਦਾਂ ਦੀ ਫਹਿਰਿਸਤ ਪਲ-ਪਲ ਲੰਮੀ ਹੋ ਰਹੀ ਹੈ। ***(ਚੱਲਦਾ)***

# ਮਹਿੰਗਾਈ ਦਾ ਚੱਕਰਵਿਊ ਅਤੇ ਆਮ ਲੋਕ


ਭਾਰਤ ਦੇ ਕੇਂਦਰੀ ਬੈਂਕ- ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵਲੋਂ ਪਿਛਲੇ ਸਾਲ ਗਰਮੀਆਂ ਤੋਂ ਵਿਆਜ ਦਰਾਂ ਵਿਚ ਲਗਾਤਾਰ ਵਾਧਾ ਕੀਤਾ ਜਾ ਰਿਹਾ ਸੀ ਜਿਸ 'ਤੇ ਹੁਣ ਵਿਰਾਮ ਲੱਗ ਗਿਆ ਹੈ। ਮੁੱਖ ਧਾਰਾ ਦੇ ਬਹੁਤ ਸਾਰੇ ਅਰਥ ਸ਼ਾਸਤਰੀਆਂ ਦੀ ਆਸ ਤੋਂ ਉਲਟ ਆਰ.ਬੀ.ਆਈ. ਵਲੋਂ ਆਪਣੀ ਹਾਲੀਆ ਮੁਦਰਾ ਨੀਤੀ ਸਮੀਖਿਆ ਵਿਚ ਰੈਪੋ ਦਰ ਜੋ ਕੇਂਦਰੀ ਵਿਆਜ ਦਰ ਹੁੰਦੀ ਹੈ, ਵਿਚ ਵਾਧਾ ਨਹੀਂ ਕੀਤਾ ਗਿਆ। ਬੈਂਕਾਂ ਨੂੰ ਆਰ.ਬੀ.ਆਈ. ਤੋਂ ਲਏ ਗਏ ਥੁੜ੍ਹਚਿਰੇ ਕਰਜ਼ਿਆਂ 'ਤੇ ਜੋ ਵਿਆਜ ਅਦਾ ਕਰਨਾ ਪੈਂਦਾ ਹੈ, ਉਸ ਨੂੰ ਰੈਪੋ ਦਰ ਕਹਿੰਦੇ ਹਨ। ਜਦੋਂ ਰੈਪੋ ਦਰ ਨੀਵੀਂ ਹੁੰਦੀ

**ਔਨਿੰਦਯੋ ਚੱਕਰਵਰਤੀ**

ਹੈ ਤਾਂ ਬੈਂਕ ਵੀ ਆਪਣੇ ਕਾਰੋਬਾਰੀ ਜਾਂ ਸਾਧਾਰਨ ਗਾਹਕਾਂ ਤੋਂ ਘੱਟ ਵਿਆਜ ਵਸੂਲਦੇ ਹਨ। ਮਈ 2022 ਤੋਂ ਲੈ ਕੇ ਆਰ.ਬੀ.ਆਈ. ਨੇ ਰੈਪੋ ਦਰ ਵਿਚ ਪੰਜ ਵਾਰ ਵਾਧਾ ਕੀਤਾ ਹੈ ਜੋ 4 ਫ਼ੀਸਦ ਤੋਂ ਵਧ ਕੇ 6.5 ਫ਼ੀਸਦ ਹੋ ਗਈ ਹੈ ਜਿਸ ਨਾਲ ਕਰਜ਼ ਲੈਣਾ ਕਾਫ਼ੀ ਮਹਿੰਗਾ ਹੋ ਗਿਆ ਹੈ।

ਆਰ.ਬੀ.ਆਈ. ਨੇ ਰੈਪੋ ਦਰਾਂ ਵਿਚ ਤੇਜ਼ੀ ਨਾਲ ਵਾਧਾ ਕਿਉਂ ਕੀਤਾ ਸੀ ਅਤੇ ਫਿਰ ਯਕਦਮ ਇਹ ਰੋਕ ਕਿਉਂ ਦਿੱਤਾ ਗਿਆ ਹੈ? ਅਸਲ ਵਿਚ ਆਰ.ਬੀ.ਆਈ.ਗਿਣੇ ਮਿੱਥੇ ਆਰਥਿਕ ਸਿਧਾਂਤ 'ਤੇ ਚੱਲ ਰਹੀ ਹੈ। ਘੱਟ ਦਰਾਂ ਨਾਲ ਲੋਕ ਵੱਡੇ ਪੱਧਰ 'ਤੇ ਖਰੀਦਦਾਰੀ ਲਈ ਉਤਸਾਹਿਤ ਹੁੰਦੇ ਹਨ। ਉਹ ਘਰਾਂ ਲਈ ਕਰਜ਼ਾ ਲੈਂਦੇ ਹਨ ਕਿਉਂਕਿ ਉਹ ਔਖੇ ਸੌਖੇ ਕਰਜ਼ੇ ਦੀਆਂ ਮਾਹਵਾਰ ਕਿਸ਼ਤਾਂ ਕੱਢ ਲੈਂਦੇ ਹਨ। ਉਹ ਕਾਰ ਲੋਨ ਲੈਂਦੇ ਹਨ ਜਾਂ ਫਿਰ ਮਾਹਵਾਰ ਕਿਸ਼ਤਾਂ 'ਤੇ ਹੋਰ ਸਾਮਾਨ ਵੀ ਖਰੀਦ ਲੈਂਦੇ ਹਨ। ਇਸ ਤਰ੍ਹਾਂ ਅਰਥਚਾਰੇ ਵਿਚ ਕੁੱਲ ਮਿਲਾ ਕੇ ਵਸਤਾਂ ਦੀ ਮੰਗ ਵਧਦੀ ਹੈ। ਕਾਰੋਬਾਰ ਆਪੋ ਆਪਣੇ ਉਤਪਾਦਨ ਵਿਚ ਵਾਧਾ ਕਰ ਕੇ ਮੰਗ ਦੀ ਪੂਰਤੀ ਕਰਦੇ ਹਨ ਅਤੇ ਨਵੀਆਂ ਮਸ਼ੀਨਾਂ ਖਰੀਦਣ ਅਤੇ ਦੁਕਾਨਾਂ ਅਤੇ ਦਫ਼ਤਰਾਂ ਦਾ ਵਿਸਤਾਰ ਕਰਨ ਲਈ ਕਰਜ਼ਾ ਚੁੱਕਦੇ ਹਨ। ਜੇ ਵਿਆਜ ਦਰਾਂ ਬਹੁਤ ਜ਼ਿਆਦਾ ਉੱਚੀਆਂ ਹੋਣ ਤਾਂ ਕਾਰੋਬਾਰਾਂ ਨੂੰ ਕਾਫ਼ੀ ਸੋਚ ਵਿਚਾਰ ਕਰਨੀ ਪੈਂਦੀ ਹੈ ਕਿਉਂਕਿ ਉਤਪਾਦਨ ਦੇ ਵਿਸਤਾਰ ਲਈ ਕਰਜ਼ੇ ਦੀ ਉੱਚੀ ਲਾਗਤ ਉਨ੍ਹਾਂ ਨੂੰ ਵਿਕਰੀ ਵਧਣ ਕਰ ਕੇ ਹੋਣ ਵਾਲੇ ਮੁਨਾਫ਼ੇ ਨਿਗਲ ਜਾਂਦੀ ਹੈ। ਘੱਟ ਦਰਾਂ ਨਾਲ ਇਹ ਜੋਖ਼ਮ ਘਟ ਜਾਂਦਾ ਹੈ ਅਤੇ ਉਨ੍ਹਾਂ ਨੂੰ ਨਿਵੇਸ਼ ਲਈ ਹੱਲਾਸ਼ੇਰੀ ਮਿਲਦੀ ਹੈ।

ਉਤਪਾਦਨ ਵਧਣ ਨਾਲ ਜ਼ਿਆਦਾ ਵਰਕਰਾਂ ਦੀ ਭਰਤੀ ਦੀ ਲੋੜ ਪੈਂਦੀ ਹੈ ਅਤੇ ਲੇਬਰ ਦੀ ਮੰਗ ਵਧਣ ਨਾਲ ਮੁਲਾਜ਼ਮਾਂ ਨੂੰ ਜ਼ਿਆਦਾ ਮੌਕੇ ਮਿਲਦੇ ਹਨ ਅਤੇ ਉਨ੍ਹਾਂ ਨੂੰ ਚੰਗੀਆਂ ਉਜਰਤਾਂ ਮਿਲਦੀਆਂ ਹਨ। ਇਸ ਨਾਲ ਦੋ ਚੀਜ਼ਾਂ ਹੁੰਦੀਆਂ ਹਨ- ਵਰਕਰ ਜ਼ਿਆਦਾ ਖਰਚ ਕਰਦੇ ਹਨ ਤੇ ਅਰਥਚਾਰੇ ਵਿਚ ਸਮੁੱਚੀ ਮੰਗ ਵਿਚ ਹੋਰ ਵਾਧਾ ਹੁੰਦਾ ਹੈ ਅਤੇ ਉਜਰਤਾਂ ਵਿਚ ਵਾਧਾ ਹੋਣ ਨਾਲ ਉਤਪਾਦਨ ਲਾਗਤਾਂ ਵਧ ਜਾਂਦੀਆਂ ਹਨ। ਕੁੱਲ ਮਿਲਾ ਕੇ ਮਹਿੰਗਾਈ ਦਰ ਵਿਚ ਵਾਧਾ ਹੁੰਦਾ ਹੈ ਜਿਸ ਨਾਲ ਵਸਤਾਂ ਅਤੇ ਸੇਵਾਵਾਂ ਦੀ ਮੰਗ ਵਧਦੀ ਹੈ ਅਤੇ ਨਾਲ ਹੀ ਉਜਰਤ ਲਾਗਤਾਂ ਵਿਚ ਵੀ ਵਾਧਾ ਹੁੰਦਾ ਹੈ। ਮਹਿੰਗਾਈ ਦਰ ਵਧਣ ਨਾਲ ਵਰਕਰ ਉਜਰਤਾਂ ਵਿਚ ਵਾਧੇ ਦੀ ਮੰਗ ਕਰਦੇ ਹਨ ਅਤੇ ਉਨ੍ਹਾਂ ਨੂੰ ਭਵਿੱਖ ਵਿਚ ਮਹਿੰਗਾਈ ਦਰ ਹੋਰ ਵਧਣ ਦੀ ਚਿੰਤਾ ਹੁੰਦੀ ਹੈ।



ਮੁੱਖਧਾਰਾ ਦੇ ਨਵਉਦਾਰਵਾਦੀ ਅਰਥ ਸ਼ਾਸਤਰੀ ਦਲੀਲ ਦਿੰਦੇ ਹਨ ਕਿ ਮਹਿੰਗਾਈ ਦਰ ਦੀਆਂ ਚਿੰਤਾਵਾਂ ਕਰ ਕੇ ਉਜਰਤ-ਕੀਮਤ ਚੱਕਰ ਚੱਲ ਪੈਂਦਾ ਹੈ ਜਿਸ ਨਾਲ ਮਹਿੰਗਾਈ ਦਰ ਬੇਕਾਬੂ ਹੋ ਜਾਂਦੀ ਹੈ। ਇਸ ਦਾ ਫੋਕਸ ਹਮੇਸ਼ਾ ਮਿਹਨਤਕਸ਼ ਜਮਾਤ ਦੇ ਪੇਟੇ ਪੈਣ ਵਾਲੇ ਕੌਮੀ ਆਮਦਨ ਦੇ ਹਿੱਸੇ 'ਤੇ ਰਹਿੰਦਾ ਹੈ। ਲਗਭਗ ਹਰ ਥਾਂ ਬੇਤਹਾਸ਼ਾ ਮੁਨਾਫਿਆਂ ਦੇ ਦੌਰ ਕਰ ਕੇ ਮਹਿੰਗਾਈ ਦਰ ਵਿਚ ਇਜ਼ਾਫ਼ਾ ਹੁੰਦਾ ਹੈ। ਸਮੱਰਥਾਵਾਂ ਵਿਚ ਕਿਸੇ ਵੀ ਤਰ੍ਹਾਂ ਦੇ ਵਿਸਤਾਰ ਤੋਂ ਪਹਿਲਾਂ ਮੰਗ ਵਿਚ ਵਾਧਾ ਹੋ ਜਾਂਦਾ ਹੈ ਜਿਸ ਕਰ ਕੇ ਕਾਰਪੋਰੇਟ ਕੰਪਨੀਆਂ ਕੀਮਤਾਂ ਚੁੱਕ ਕੇ ਹਮੇਸ਼ਾ ਸਪਲਾਈ ਵਿਚ ਵਕਤੀ ਕਮੀ ਦਾ ਲਾਹਾ ਲੈਂਦੀਆਂ ਹਨ। ਉਹ ਭਵਿੱਖ ਵਿਚ ਕੱਚੇ ਮਾਲ ਅਤੇ ਲੇਬਰ ਦੇ ਖਰਚਿਆਂ ਦੇ ਹਿਸਾਬ ਨਾਲ ਵੀ ਕੀਮਤਾਂ ਵਧਾਉਂਦੀਆਂ ਹਨ। ਦੂਜੇ ਸ਼ਬਦਾਂ ਵਿਚ, ਕਾਰਪੋਰੇਟਾਂ ਦੀ ਮੁਨਾਫ਼ਾਖੋਰੀ ਕੀਮਤਾਂ ਵਿਚ ਵਾਧੇ ਦਾ ਕਾਰਨ ਬਣਦੀ ਹੈ ਜਿਸ ਕਰ ਕੇ ਉਨ੍ਹਾਂ ਦੇ ਵਰਕਰਾਂ ਦੀਆਂ ਮਹਿੰਗਾਈ ਦਰ ਦੀਆਂ ਚਿੰਤਾਵਾਂ ਵਧ ਜਾਂਦੀਆਂ ਹਨ।

ਕਾਰਪੋਰੇਟ ਟੈਕਸਾਂ ਵਿਚ ਵਾਧਾ ਕਰ ਕੇ, ਨਿੱਤ ਵਰਤੋਂ ਦੀਆਂ ਵਸਤਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਦੀ ਹੱਦ ਨਿਯਤ ਕਰ ਕੇ, ਵਾਧੂ ਟੈਕਸ ਮਾਲੀਏ ਦੀ ਵਰਤੋਂ ਨਾਲ ਉਜਰਤੀ ਵਸਤਾਂ ਜਾਂ ਉਹ ਚੀਜ਼ਾਂ ਜੋ ਜ਼ਿਆਦਾਤਰ ਕਾਮੇ ਵਰਤਦੇ ਹਨ, ਉੱਤੇ ਸਬਸਿਡੀ ਦੇ ਕੇ ਇਸ ਤਰ੍ਹਾਂ ਦੀ ਮੁਨਾਫਾਖੋਰੀ ਸੇਧਤ ਮਹਿੰਗਾਈ ਦਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਜੇ ਸਟੇਟ/ਰਿਆਸਤ ਚੀਜ਼ਾਂ ਦੀਆਂ ਕੀਮਤਾਂ 'ਤੇ ਚੈੱਕ ਯਕੀਨੀ ਬਣਾ ਦੇਵੇ ਤਾਂ ਉਨ੍ਹਾਂ ਵਲੋਂ ਉਜਰਤਾਂ ਵਿਚ ਵਾਧੇ ਦੀ ਮੰਗ ਦਾ ਕੋਈ ਕਾਰਨ ਨਹੀਂ ਹੋਵੇਗਾ ਅਤੇ ਉਨ੍ਹਾਂ ਨੂੰ ਮਹਿੰਗਾਈ ਵਾਧੇ ਕਰ ਕੇ ਭਵਿੱਖ ਦੀ ਚਿੰਤਾ ਵੀ ਨਹੀਂ ਰਹੇਗੀ।

ਉਂਝ, ਇਸ ਨਾਲ ਕਾਰਪੋਰੇਟ ਕੰਪਨੀਆਂ ਨਾਰਾਜ਼ ਹੋ ਜਾਣਗੀਆਂ। ਇਸ ਲਈ ਮੁੱਖਧਾਰਾ ਦਾ ਅਰਥ ਸ਼ਾਸਤਰ ਜੋ ਪੂੰਜੀਪਤੀਆਂ ਦੀ ਬੋਲੀ ਬੋਲਦਾ ਹੈ, ਕਦੇ ਵੀ ਇਹੋ ਜਿਹੇ ਕਦਮਾਂ ਦੀ ਵਕਾਲਤ ਨਹੀਂ ਕਰਦਾ। ਦਰਅਸਲ, ਬਹੁਗਿਣਤੀ ਅਰਥ ਸ਼ਾਸਤਰੀ ਇਸ ਤੋਂ ਬਿਲਕੁਲ ਉਲਟ ਸੁਝਾਅ ਦਿੰਦੇ ਹਨ। ਉਨ੍ਹਾਂ ਮੁਤਾਬਕ ਜ਼ਿਆਦਾ ਟੈਕਸਾਂ ਅਤੇ ਕੀਮਤਾਂ 'ਤੇ ਕੰਟਰੋਲ ਨਾਲ ਉਦਮਸ਼ੀਲਤਾ ਕਮਜ਼ੋਰ ਪੈਂਦੀ ਹੈ, ਨਿਵੇਸ਼ ਨਿਰਉਤਸ਼ਾਹਿਤ ਹੁੰਦਾ ਹੈ ਜਿਸ ਕਰ ਕੇ ਬੇਰੁਜ਼ਗਾਰੀ ਵਧਦੀ ਹੈ ਅਤੇ ਜੀਵਨ ਦੇ ਮਿਆਰ ਵਿਚ ਗਿਰਾਵਟ ਆਉਂਦੀ ਹੈ। ਉਨ੍ਹਾਂ ਦਾ ਮੁੱਖ ਔਜ਼ਾਰ ਹੁੰਦਾ ਹੈ ਮੁਦਰਾ ਨੀਤੀ ਜਿਸ ਨੂੰ 'ਸੁਤੰਤਰ' ਕੇਂਦਰੀ ਬੈਂਕਾਂ ਵਲੋਂ ਕੰਟਰੋਲ ਕੀਤਾ ਜਾਂਦਾ ਹੈ। ਮੁੱਖਧਾਰਾ ਦੇ ਅਰਥ ਸ਼ਾਸਤਰੀ ਕਹਿੰਦੇ ਹਨ ਕਿ ਕੀਮਤਾਂ ਵਿਚ ਨਰਮੀ ਲਿਆਉਣ ਲਈ ਸਹੀ ਰਾਹ ਵਿਆਜ ਦਰਾਂ ਵਿਚ ਵਾਧਾ ਕਰ ਕੇ ਅਰਥਚਾਰੇ ਵਿਚ ਧਨ ਦਾ ਮੁਹਾਣ ਘਟਾ ਦਿੱਤਾ ਜਾਵੇ। ਵਿਆਜ ਦਰਾਂ ਵਿਚ ਵਾਧਾ ਹੋਣ ਨਾਲ ਕਾਰਪੋਰੇਟਾਂ ਲਈ ਪੂੰਜੀ ਪ੍ਰਾਪਤੀ ਦੀਆਂ ਲਾਗਤਾਂ ਵਧ ਜਾਂਦੀਆਂ ਹਨ; ਉਹ ਨਿਵੇਸ਼ ਪ੍ਰਤੀ ਜ਼ਿਆਦਾ ਚੌਕਸ ਹੋ ਜਾਂਦੀਆਂ ਹਨ ਅਤੇ ਹੋਰਨਾਂ ਲਾਗਤਾਂ ਨੂੰ ਘਟਾ ਕੇ ਉਤਪਾਦਕਤਾ ਵਧਾਉਣ 'ਤੇ ਜ਼ੋਰ ਦਿੰਦੀਆਂ ਹਨ। ਇਸ ਤਰ੍ਹਾਂ, ਉਹ ਵਰਕਰਾਂ ਦੀ ਛਾਂਟੀ ਕਰਦੀਆਂ ਹਨ ਅਤੇ ਬਾਕੀ ਕਾਮਿਆਂ ਤੋਂ ਜ਼ਿਆਦਾ ਲੰਮਾ ਸਮਾਂ ਅਤੇ ਸਖ਼ਤ ਹਾਲਾਤ ਵਿਚ ਕੰਮ ਲੈਣ ਲੱਗ ਜਾਂਦੀਆਂ ਹਨ। ਲੇਬਰ ਦੀ ਮੰਗ ਵਿਚ ਕਮੀ ਨਾਲ ਉਜਰਤਾਂ ਵਿਚ ਕਮੀ ਆਉਂਦੀ ਹੈ ਅਤੇ ਇਸ ਤਰ੍ਹਾਂ ਸਮੁੱਚੀ ਮੰਗ 'ਤੇ ਅਸਰ ਪੈਂਦਾ ਹੈ ਤਾਂ ਕਿ ਉਜਰਤ ਅਤੇ ਮੰਗ ਦੇ ਦੋਤਰਫ਼ਾ ਦਬਾਅ ਰਾਹੀਂ ਮਹਿੰਗਾਈ ਦਰ 'ਤੇ ਕਾਬੂ ਪਾਇਆ ਜਾ ਸਕੇ।

ਪਿਛਲੇ ਤਿੰਨ ਦਹਾਕਿਆਂ ਤੋਂ ਜਦੋਂ ਤੋਂ ਵਿੱਤ ਪੂੰਜੀ ਨੇ ਆਲਮੀ ਅਰਥਚਾਰੇ 'ਤੇ ਕਬਜ਼ਾ ਕੀਤਾ ਹੈ ਤੇ ਪੂਰੀ ਦੁਨੀਆ ਨਵਉਦਾਰਵਾਦੀ ਆਰਥਿਕ ਨੀਤੀਆਂ 'ਤੇ ਚੱਲ ਰਹੀ ਹੈ, ਸਾਰੇ ਦੇਸ਼ ਇਹੀ ਨੁਸਖ਼ਾ ਅਪਣਾ ਰਹੇ ਹਨ। ਮਹਿੰਗਾਈ ਦਰ 'ਤੇ ਹਮੇਸ਼ਾ ਵਿਆਜ ਦਰਾਂ ਵਿਚ ਵਾਧਾ ਕਰ ਕੇ ਹੀ ਕਾਬੂ ਪਾਇਆ ਗਿਆ ਹੈ ਜਿਸ ਨਾਲ ਖਪਤ ਦੀ ਮੰਗ ਅਤੇ ਉਜਰਤਾਂ ਵਿਚ ਵਾਧਾ ਵੀ ਘਟ ਜਾਂਦਾ ਹੈ। ਕੀਮਤਾਂ ਘਟਾਉਣ ਦਾ ਬੋਝ ਸਭ ਕਮਜ਼ੋਰ ਵਰਗ ਦੇ ਸਿਰ 'ਤੇ ਪਾ ਦਿੱਤਾ ਜਾਂਦਾ ਹੈ। ਜਿੰਨੀ ਦੇਰ ਤੱਕ ਖਪਤਕਾਰੀ ਵਸਤਾਂ ਅਤੇ ਕੱਚੇ ਮਾਲ ਦੀ ਮੰਗ ਨੀਵੀਂ ਰਹਿੰਦੀ ਹੈ, ਬੇਰੁਜ਼ਗਾਰੀ ਵਧਦੀ ਚਲੀ ਜਾਂਦੀ ਹੈ ਅਤੇ ਉਜਰਤਾਂ ਵਿਚ ਕਮੀ ਹੁੰਦੀ ਰਹਿੰਦੀ ਹੈ। ਉਦੋਂ ਇਕ ਵਾਰ ਫਿਰ ਕੇਂਦਰੀ ਬੈਂਕ ਦਖ਼ਲ ਦਿੰਦੇ ਹਨ ਅਤੇ ਵਿਆਜ ਦਰਾਂ ਵਿਚ ਵਾਧਾ ਰੋਕ ਦਿੰਦੇ ਹਨ।

ਬਸ, ਕੁਝ ਇਸ ਤਰ੍ਹਾਂ ਹੀ ਮੁੱਖਧਾਰਾ ਦੇ ਅਰਥ ਸ਼ਾਸਤਰੀ ਖੁੱਲ੍ਹੀ ਮੰਡੀ ਦੇ ਇਸ 'ਦਸਤੂਰ' ਨੂੰ ਬਰਕਰਾਰ ਰੱਖਦੇ ਹਨ। ਉਹ ਭੁੱਲ ਹੀ ਜਾਂਦੇ ਹਨ ਕਿ ਕੇਂਦਰੀ ਬੈਂਕ ਦਰਅਸਲ ਸਰਕਾਰੀ ਖੇਤਰ ਦਾ ਹਿੱਸਾ ਅਤੇ ਸਟੇਟ ਦਾ ਅਟੁੱਟ ਅੰਗ ਹੁੰਦੇ ਹਨ।

ਨਵਉਦਾਰਵਾਦ ਦਾ ਇਹੀ ਨੁਸਖ਼ਾ ਹੈ ਜਿਸ ਕਰ ਕੇ ਆਰ.ਬੀ.ਆਈ. ਨੇ ਇਕ ਸਾਲ ਤੋਂ ਘੱਟ ਸਮੇਂ ਵਿਚ ਵਿਆਜ ਦਰਾਂ ਵਿਚ 250 ਆਧਾਰ ਅੰਕਾਂ (2.5 ਫ਼ੀਸਦ) ਦਾ ਵਾਧਾ ਕੀਤਾ ਸੀ। ਆਰ.ਬੀ.ਆਈ. ਜੋ ਚਾਹੁੰਦੀ ਸੀ, ਉਹ ਇੱਛਾ ਪੂਰੀ ਹੋ ਗਈ ਹੈ। ਸਰਕਾਰੀ ਅੰਕੜਿਆਂ ਵਿਚ ਦਰਸਾਇਆ ਗਿਆ ਹੈ ਕਿ ਘਰੇਲੂ ਖਪਤ ਵਿਚ 2022 ਦੀ ਆਖਰੀ ਤਿਮਾਹੀ ਵਿਚ 2021 ਦੇ ਇਸੇ ਅਰਸੇ ਦੇ ਮੁਕਾਬਲੇ ਸਿਰਫ 2.1 ਫ਼ੀਸਦ ਵਾਧਾ ਹੋਇਆ ਸੀ। ਹੁਣ ਖ਼ਤਰਾ ਹੈ ਕਿ ਘਰੇਲੂ ਖਪਤਕਾਰੀ ਖਰਚਾ ਤਾਂ ਕੀ ਵਧਣਾ ਹੈ, ਇਹ ਮਨਫ਼ੀ ਵੀ ਹੋ ਸਕਦਾ ਹੈ। ਇਸ ਹਾਲਾਤ ਵਿਚ ਅਰਥ ਸ਼ਾਸਤਰੀ ਚਾਹੁੰਦੇ ਸਨ ਕਿ ਵਿਆਜ ਦਰਾਂ ਵਿਚ ਆਖਰੀ ਵਾਰ ਇਕ ਹੋਰ ਵਾਧਾ ਕਰ ਦਿੱਤਾ ਜਾਵੇ ਕਿਉਂਕਿ ਪ੍ਰਚੂਨ ਮਹਿੰਗਾਈ ਦਰ ਹਾਲੇ ਵੀ ਆਰ.ਬੀ.ਆਈ. ਵਲੋਂ ਤੈਅਸ਼ੁਦਾ ਹੱਦ, ਭਾਵ 6 ਫ਼ੀਸਦ ਤੋਂ ਉਪਰ ਚੱਲ ਰਹੀ ਹੈ। ਤਕਨੀਕੀ ਤੌਰ 'ਤੇ ਦੇਖਿਆ ਜਾਵੇ ਤਾਂ ਜਦੋਂ ਵੀ ਮਹਿੰਗਾਈ ਦਰ ਇਹ ਹੱਦ ਪਾਰ ਕਰਦੀ ਹੈ ਤਾਂ ਆਰ.ਬੀ.ਆਈ. ਨੂੰ ਦਖ਼ਲ ਦੇਣਾ ਚਾਹੀਦਾ ਹੈ। ਚੰਗੇ ਭਾਗੀਂ, ਸਿਆਸਤ ਨੇ ਨਵਉਦਾਰਵਾਦੀ ਅਰਥਚਾਰੇ ਦਾ ਗਣਿਤ ਪਿਛਾਂਹ ਧੱਕ ਦਿੱਤਾ ਹੈ ਅਤੇ ਆਰ.ਬੀ.ਆਈ. ਸਿਰਫ ਮਹਿੰਗਾਈ ਦਰ ਨੂੰ ਨਿਸ਼ਾਨਾ ਬਣਾਉਣ ਦੀ ਬਜਾਇ ਵਿਕਾਸ ਦੇ ਹੱਕ ਵਿਚ ਆ ਗਈ ਹੈ।

ਦੇਸ਼ ਦੇ ਮਿਹਨਤਕਸ਼ ਲੋਕ ਜੋ ਮਹਿੰਗਾਈ ਦਰ ਅਤੇ ਮਹਿੰਗਾਈ ਦਰ ਨੂੰ ਕਾਬੂ ਕਰਨ ਦੀਆਂ ਨੀਤੀਆਂ ਦੀ ਕੀਮਤ ਅਦਾ ਕਰਦੇ ਹਨ, ਲਈ ਇਹ ਇਕ ਆਰਜ਼ੀ ਰਾਹਤ ਹੈ। ਜੇ ਕੀਮਤਾਂ ਵਿਚ ਵਾਧਾ ਜਾਰੀ ਰਹਿੰਦਾ ਹੈ ਤਾਂ ਕੇਂਦਰੀ ਬੈਂਕ ਇਕ ਵਾਰ ਫਿਰ ਵਿਆਜ ਦਰਾਂ ਵਿਚ ਵਾਧੇ ਦੇ ਰਾਹ ਪੈ ਜਾਵੇਗਾ। ਇਸ ਗੱਲ ਦੀ ਸੰਭਾਵਨਾ ਵੀ ਹੈ ਕਿਉਂਕਿ ਪੱਛਮੀ ਦੇਸ਼ਾਂ ਦੇ ਕੇਂਦਰੀ ਬੈਂਕ ਆਪਣੇ ਦੇਸ਼ਾਂ 'ਚੋਂ ਪੂੰਜੀ ਬਾਹਰ ਜਾਣ ਤੋਂ ਰੋਕਣ ਲਈ ਵਿਆਜ ਦਰਾਂ ਵਾਧਾ ਕਰਦੇ ਜਾ ਰਹੇ ਹਨ ਅਤੇ ਸੰਸਾਰੀਕਰਨ ਦੇ ਇਸ ਯੁੱਗ ਵਿਚ ਆਰ.ਬੀ.ਆਈ. ਕੋਲ ਉਨ੍ਹਾਂ ਦਾ ਨੁਸਖ਼ਾ ਅਪਣਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਹੈ।

# ਨਾਗਰਿਕਾਂ ਦਾ ਸਿਹਤ ਅਧਿਕਾਰ

ਰਾਜਸਥਾਨ ਸਰਕਾਰ ਨੇ ਲੋਕਾਂ ਨੂੰ ਸਿਹਤ ਦਾ ਹੱਕ ਦੇਣ ਲਈ ਕਾਨੂੰਨ ਬਣਾਇਆ ਹੈ ਪਰ ਪ੍ਰਾਈਵੇਟ ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਇਸ ਕਾਨੂੰਨ ਦੀਆਂ ਮੱਦਾਂ ਦੇ ਕੀਤੇ ਜਾ ਰਹੇ ਵਿਰੋਧ ਕਰ ਕੇ ਭਾਰਤੀ ਸਿਹਤ ਸੰਭਾਲ ਪ੍ਰਣਾਲੀ ਦੇ ਅਰਥਚਾਰੇ ਅਤੇ ਹਕੀਕਤਾਂ 'ਤੇ ਧਿਆਨ ਕੇਂਦਰਤ ਹੋ ਗਿਆ ਹੈ।

ਹਕੀਕਤ ਇਹ ਹੈ ਕਿ ਭਾਰਤ ਵਿਚ ਸਿਹਤ ਸੰਭਾਲ ਉੱਪਰ ਮਾਮੂਲੀ ਜਿਹੀ ਰਕਮ ਖ਼ਰਚ ਕੀਤੀ ਜਾਂਦੀ ਹੈ ਅਤੇ ਲੋੜ ਪੈਣ 'ਤੇ ਗ਼ਰੀਬਾਂ ਨੂੰ ਢੁਕਵੀਂ

**ਸੁਬੀਰ ਰੌਏ**

ਮੈਡੀਕਲ ਇਮਦਾਦ ਨਹੀਂ ਮਿਲਦੀ। ਸੱਜਰੇ ਅੰਕੜਿਆਂ ਮੁਤਾਬਕ ਭਾਰਤ ਆਪਣੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ ਸਿਰਫ਼ 3.2 ਫ਼ੀਸਦ ਹਿੱਸਾ ਸਿਹਤ ਸੰਭਾਲ 'ਤੇ ਖ਼ਰਚ ਕਰਦਾ ਹੈ ਜੋ ਦੱਖਣੀ ਏਸ਼ੀਆ ਦੇ ਦੇਸ਼ਾਂ ਵੱਲੋਂ ਸਿਹਤ ਸੰਭਾਲ 'ਤੇ ਖ਼ਰਚ ਕੀਤੇ ਜਾਂਦੇ ਔਸਤਨ 3.5 ਫ਼ੀਸਦ ਖ਼ਰਚ ਤੋਂ ਵੀ ਘੱਟ ਹੈ। ਸ੍ਰੀਲੰਕਾ ਆਪਣੀ ਜੀ.ਡੀ.ਪੀ. ਦੇ 3.8 ਫ਼ੀਸਦ ਖ਼ਰਚ ਨਾਲ ਰਵਾਇਤਨ ਭਾਰਤ ਨਾਲੋਂ ਅੱਗੇ ਰਿਹਾ ਹੈ ਜਦਕਿ ਖ਼ਰਚ ਦੇ ਪੱਖੋਂ ਭਾਵੇਂ ਬੰਗਲਾਦੇਸ਼ 3 ਫ਼ੀਸਦ ਨਾਲ ਭਾਰਤ ਤੋਂ ਪਿੱਛੇ ਹੈ ਪਰ ਆਪਣੀਆਂ ਗ਼ੈਰ-ਸਰਕਾਰੀ ਸੰਸਥਾਵਾਂ ਦੇ ਮਜ਼ਬੂਤ ਤਾਣੇ ਸਦਕਾ ਕੁੱਲ ਖ਼ਰਚ ਦੇ ਬਿਹਤਰ ਇਸਤੇਮਾਲ ਪੱਖੋਂ ਇਸ ਦੀ ਸਥਿਤੀ ਬਿਹਤਰ ਹੈ। ਦੂਜੇ ਬੰਨ੍ਹੇ, ਵਿਕਸਤ ਦੁਨੀਆ ਅੰਦਰ ਅਮਰੀਕਾ ਸਿਹਤ ਸੰਭਾਲ 'ਤੇ 18 ਫ਼ੀਸਦ, ਬਰਤਾਨੀਆ 12 ਫ਼ੀਸਦ ਅਤੇ ਜਪਾਨ 11 ਫ਼ੀਸਦ ਖ਼ਰਚ ਕਰਦਾ ਹੈ।

ਇਸ ਪੱਖੋਂ ਭਾਰਤ ਦੀ ਸਭ ਤੋਂ ਮਾੜੀ ਗੱਲ ਇਹ ਹੈ ਕਿ ਸਿਹਤ ਸੰਭਾਲ 'ਤੇ ਕੀਤੇ ਜਾਂਦੇ ਕੁੱਲ ਖ਼ਰਚ 'ਚੋਂ ਕਰੀਬ ਅੱਧਾ ਹਿੱਸਾ ਪੀੜਤ ਵੱਲੋਂ ਆਪਣੀ ਜੇਬ 'ਚੋਂ ਖ਼ਰਚ ਕੀਤਾ ਜਾਂਦਾ ਹੈ। 2018-19 ਵਿਚ 48 ਫ਼ੀਸਦ ਖ਼ਰਚ ਮਰੀਜ਼ਾਂ ਦੇ ਵਾਰਸਾਂ ਦੀ ਜੇਬ 'ਚੋਂ ਕੀਤਾ ਗਿਆ ਸੀ ਜਦਕਿ ਬਾਕੀ 41 ਫ਼ੀਸਦ ਸਰਕਾਰਾਂ ਵੱਲੋਂ ਕੀਤਾ ਗਿਆ ਸੀ। ਇਸ ਕਰ ਕੇ ਹਾਲੇ ਵੀ ਗ਼ਰੀਬ ਦੇਸ਼ਾਂ ਦੀ ਸ੍ਰੇਣੀ ਵਿਚ ਆਉਣ ਵਾਲਾ ਕੋਈ ਮੁਲਕ ਅਜਿਹੇ ਸਮੇਂ ਆਪਣੇ ਨਾਗਰਿਕਾਂ ਦੇ ਵੱਡੇ ਹਿੱਸੇ ਦੀ ਬਹੁਤੀ ਮਦਦ ਕਰਨ ਦੇ ਯੋਗ ਨਹੀਂ ਹੁੰਦਾ ਜਦੋਂ ਉਨ੍ਹਾਂ ਨੂੰ ਮਦਦ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਜਨਤਕ ਸਿਹਤ ਸੰਭਾਲ ਪ੍ਰਣਾਲੀ ਨਾ ਕੇਵਲ ਨਾਕਾਫ਼ੀ ਹੈ ਸਗੋਂ ਸੇਵਾਵਾਂ ਦੇ ਮਿਆਰ ਪੱਖੋਂ ਵੀ ਮਾੜੇ ਹਾਲੀਂ ਹੈ। ਮੰਜ਼ਰ ਦੇ ਦੂਜੇ ਬੰਨ੍ਹੇ 'ਤੇ ਬਰਤਾਨੀਆ ਖੜ੍ਹਾ ਹੈ ਜੋ ਆਪਣੀ ਕੌਮੀ ਸਿਹਤ ਸੇਵਾ (ਐੱਨ.ਐੱਚ.ਐੱਸ.) ਲਈ ਸਰਕਾਰੀ ਫੰਡ ਮੁਹੱਈਆ ਕਰਾਉਂਦਾ ਹੈ ਜਿਸ ਦੀ ਆਲਮੀ ਪੱਧਰ 'ਤੇ ਮਿਸਾਲ ਦਿੱਤੀ ਜਾਂਦੀ ਹੈ। ਐੱਨ.ਐੱਚ.ਐੱਸ. ਆਪਣੇ ਲੋਕਾਂ ਨੂੰ ਬਿਨਾ ਕੋਈ ਖ਼ਰਚ ਕੀਤਿਆਂ ਹਰ ਲੋੜੀਂਦੀ ਸੇਵਾ ਮੁਹੱਈਆ ਕਰਾਉਂਦੀ ਹੈ।

ਅਜਿਹੇ ਮਾਹੌਲ ਵਿਚ ਰਾਜਸਥਾਨ ਸਰਕਾਰ ਨੇ ਲੋਕਾਂ ਨੂੰ ਸਿਹਤ ਸੰਭਾਲ ਦਾ ਹੱਕ ਦੇ ਕੇ ਸਰਕਾਰੀ ਜਾਂ ਪ੍ਰਾਈਵੇਟ ਸਿਹਤ ਸੰਭਾਲ ਪ੍ਰਣਾਲੀ ਰਾਹੀਂ ਇਸ ਅਣਸਰਦੀ ਲੋੜ ਦੀ ਪੂਰਤੀ ਕਰਨੀ ਚਾਹੀ ਹੈ, ਭਾਵੇਂ ਲੋੜਵੰਦ ਵਿਅਕਤੀ ਉਸ ਸੇਵਾ ਬਦਲੇ ਫੌਰੀ ਅਦਾਇਗੀ ਕਰਨ ਦੇ ਯੋਗ ਨਾ ਵੀ ਹੋਵੇ। ਪ੍ਰਾਈਵੇਟ ਡਾਕਟਰਾਂ ਵੱਲੋਂ ਇਸ ਕਾਨੂੰਨ ਦੀ ਮੁੱਖ ਮੱਦ ਦਾ ਵਿਰੋਧ ਕੀਤਾ ਜਾ ਰਿਹਾ ਹੈ ਜਿਸ ਤਹਿਤ ਮਰੀਜ਼ ਭਾਵੇਂ ਅਦਾਇਗੀ ਕਰਨ ਦੇ ਯੋਗ ਨਾ ਵੀ ਹੋਵੇ ਪਰ ਉਨ੍ਹਾਂ ਨੂੰ ਐਮਰਜੈਂਸੀ ਸੰਭਾਲ ਕਰਨੀ ਪਵੇਗੀ ਅਤੇ ਜੇ ਮਰੀਜ਼ ਕਿਸੇ ਵੀ ਸੂਰਤ ਵਿਚ ਪੈਸੇ ਅਦਾ ਕਰਨ ਦੇ ਯੋਗ ਨਹੀਂ ਹੁੰਦਾ ਤਾਂ ਉਸ ਸੂਰਤ ਵਿਚ ਇਸ ਦੀ ਭਰਪਾਈ ਸਰਕਾਰ ਵੱਲੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਜੇ ਅਜਿਹੇ ਕਿਸੇ ਮਰੀਜ਼ ਦਾ ਇਲਾਜ ਕਰਨ ਤੋਂ ਨਾਂਹ ਕੀਤੀ ਗਈ ਤਾਂ ਜੁਰਮਾਨਾ ਕੀਤਾ ਜਾ ਸਕਦਾ ਹੈ। ਇਕ ਹੋਰ ਇਤਰਾਜ਼ ਇਹ ਹੈ ਕਿ ਅਜਿਹੇ ਕਈ ਚੈਨਲ ਹਨ ਜਿਨ੍ਹਾਂ ਰਾਹੀਂ ਲੋਕ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ ਅਤੇ ਸਾਰੀਆਂ ਸ਼ਿਕਾਇਤਾਂ ਲੈਣ ਲਈ ਇਕਹਿਰੀ ਪ੍ਰਣਾਲੀ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਡਾਕਟਰਾਂ ਨੂੰ ਇਹ ਵੀ ਗਿਲਾ ਹੈ ਕਿ ਕਾਨੂੰਨ ਵਿਚ ਐਮਰਜੈਂਸੀ ਦੀ ਕੋਈ ਵਿਆਖਿਆ ਨਹੀਂ ਕੀਤੀ ਗਈ।

ਸੂਬਾ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਜਦੋਂ ਨੇਮ ਘੜੇ ਜਾਣਗੇ ਤਾਂ ਡਾਕਟਰਾਂ ਦੇ ਸਰੋਕਾਰਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਆਖਰਕਾਰ ਸਰਕਾਰ ਨਾਲ ਸਮਝੌਤਾ ਹੋਣ 'ਤੇ ਪ੍ਰਾਈਵੇਟ ਡਾਕਟਰ ਆਪਣੀ ਹੜਤਾਲ ਵਾਪਸ ਲੈਣ ਲਈ ਰਾਜ਼ੀ ਹੋ ਗਏ। ਜੇ ਪ੍ਰਾਈਵੇਟ ਡਾਕਟਰਾਂ ਦੇ ਇਤਰਾਜ਼ਾਂ ਦਾ ਹੱਲ ਲੱਭਣਾ ਹੈ ਤਾਂ ਵੱਖ-ਵੱਖ ਪੱਧਰਾਂ 'ਤੇ ਮੁਹੱਈਆ ਕਰਵਾਈ ਜਾਂਦੀ ਪ੍ਰਾਈਵੇਟ ਸਿਹਤ ਸੰਭਾਲ ਦੇ ਅਰਥਚਾਰੇ ਨੂੰ ਸਮਝਣ ਦੀ ਲੋੜ ਹੈ। ਪ੍ਰਾਈਵੇਟ ਸਿਹਤ ਸੰਭਾਲ ਦੇ ਆਰਥਿਕ ਪੌੜੀ (ਪਿਰਾਮਿਡ) ਦੀ ਸਿਖਰ 'ਤੇ ਕਾਰਪੋਰੇਟ ਹਸਪਤਾਲਾਂ ਦੀਆਂ ਚੇਨਾਂ ਹਨ ਜੋ ਆਪਣੇ ਮੁਨਾਫਿਆਂ ਵਿਚ ਮਾਮੂਲੀ ਕਮੀ ਵੀ ਬਰਦਾਸ਼ਤ ਨਹੀਂ ਕਰਦੀਆਂ। ਜੇ ਉਨ੍ਹਾਂ ਦੇ ਕਾਰੋਬਾਰੀ ਮੁਨਾਫਿਆਂ ਵਿਚ ਮਾਮੂਲੀ ਕਮੀ ਵੀ ਆਉਂਦੀ ਹੈ ਤਾਂ ਉਨ੍ਹਾਂ ਲਈ ਨਵੇਂ ਨਿਵੇਸ਼ ਆਕਰਸ਼ਿਤ ਕਰਨੇ ਮੁਸ਼ਕਿਲ ਹੋ ਸਕਦੇ ਹਨ। ਦੇਸ਼ ਦੀ ਸਭ ਤੋਂ ਵੱਡੀ ਹਸਪਤਾਲ ਚੇਨ ਮਨੀਪਾਲ ਹੈਲਥ ਨੇ ਹਾਲ ਹੀ ਵਿਚ 2400 ਕਰੋੜ ਰੁਪਏ ਵਿਚ ਏ.ਐੱਮ.ਆਰ.ਆਈ. ਹਸਪਤਾਲ ਖ਼ਰੀਦੇ ਹਨ। ਇਸ ਤੋਂ ਪਹਿਲਾਂ ਰਿਪੋਰਟਾਂ ਆਈਆਂ ਸਨ ਕਿ ਸਿੰਗਾਪੁਰ ਦੇ ਸੌਵਰਨ ਫੰਡ 'ਟੁਮਾਸੇਕ' ਨੇ ਮਨੀਪਾਲ ਹੈਲਥ ਦੇ 13200 ਕਰੋੜ ਰੁਪਏ ਖ਼ਰਚ ਕੇ ਮਨੀਪਾਲ ਹੈਲਥ ਦਾ ਵੱਡਾ ਹਿੱਸਾ ਖ਼ਰੀਦਣ ਦੀ ਤਿਆਰੀ ਕਰ ਲਈ ਹੈ।


ਇਸ ਪੌੜੀ ਦੀ ਸਭ ਤੋਂ ਹੇਠਲੀ ਕੜੀ ਹਨ ਪਿੰਡਾਂ ਤੇ ਕਸਬਿਆਂ ਵਿਚ ਕੰਮ ਕਰਦੇ ਪ੍ਰਾਈਵੇਟ ਮੈਡੀਕਲ ਪ੍ਰੈਕਟੀਸ਼ਨਰ ਜੋ ਮਰੀਜ਼ਾਂ ਵੱਲੋਂ ਦਿੱਤੇ ਜਾਂਦੇ ਪੈਸਿਆਂ 'ਤੇ ਹੀ ਇਸ ਪੇਸ਼ੇ ਵਿਚ ਟਿਕੇ ਹੋਏ ਹਨ। ਉਨ੍ਹਾਂ ਦਾ ਤਰਕ ਹੈ ਕਿ ਜੇ ਉਨ੍ਹਾਂ ਨੂੰ ਸਰਕਾਰੀ ਬਿੱਲਾਂ ਦੀ ਉਡੀਕ ਕਰਨੀ ਪਈ ਤਾਂ ਉਹ ਇਹ ਪ੍ਰੈਕਟਿਸ ਨਹੀਂ ਕਰ ਸਕਣਗੇ ਅਤੇ ਬਿਨਾ ਭੁਗਤਾਨ ਦੇ ਕੇਸਾਂ ਦੀ ਪੂਰਤੀ ਲਈ ਉਨ੍ਹਾਂ ਨੂੰ ਹੋਰ ਸਟਾਫ਼ ਰੱਖਣਾ ਪਵੇਗਾ।

ਮਰੀਜ਼ਾਂ ਨੂੰ ਅਕਸਰ ਇਲਾਜ ਲਈ ਮੁਕਾਮੀ ਪ੍ਰਾਈਵੇਟ ਪ੍ਰੈਕਟੀਸ਼ਨਰਾਂ ਕੋਲ ਜਾਣਾ ਪੈਂਦਾ ਹੈ ਕਿਉਂਕਿ ਇਕ ਤਾਂ ਸਰਕਾਰੀ ਸਿਹਤ ਕੇਂਦਰ ਨੇੜੇ ਤੇੜੇ ਨਹੀਂ ਹੁੰਦੇ, ਦੂਜਾ ਉਨ੍ਹਾਂ ਵਿਚ ਨਰਸਿੰਗ ਅਟੈਂਡੈਂਟ, ਡਾਕਟਰ, ਦਵਾਈਆਂ ਅਤੇ ਘੱਟੋ-ਘੱਟ ਜਾਂਚ ਸਹੂਲਤਾਂ ਦੀ ਘਾਟ ਹੁੰਦੀ ਹੈ। ਜੇ ਇਸ ਕਾਨੂੰਨ ਸਦਕਾ ਰਾਜਸਥਾਨ ਸਰਕਾਰ ਢੁਕਵਾਂ ਸਟਾਫ਼ ਅਤੇ ਸਾਜ਼ੋ ਸਾਮਾਨ ਮੁਹੱਈਆ ਕਰਵਾ ਕੇ ਆਪਣੀ ਜਨਤਕ ਸਿਹਤ ਸੰਭਾਲ ਪ੍ਰਣਾਲੀ ਵਿਚ ਸੁਧਾਰ ਲੈ ਆਉਂਦੀ ਹੈ ਤਾਂ ਫਿਰ ਇਹ ਕਾਨੂੰਨ ਕਾਫ਼ੀ ਅਹਿਮ ਭੂਮਿਕਾ ਨਿਭਾ ਸਕਦਾ ਹੈ। ਜੇ ਪ੍ਰਾਈਵੇਟ ਪ੍ਰੈਕਟੀਸ਼ਨਰਾਂ ਵੱਲੋਂ ਮਰੀਜ਼ਾਂ ਤੋਂ ਜ਼ਿਆਦਾ ਫੀਸਾਂ ਵਸੂਲਣ ਦਾ ਮੁੱਦਾ ਹੈ ਤਾਂ ਬਹੁਤ ਸਾਰੇ ਪ੍ਰਾਈਵੇਟ ਹਸਪਤਾਲਾਂ ਵੱਲੋਂ ਕਈ ਕਈ ਗੁਣਾ ਜ਼ਿਆਦਾ ਫੀਸਾਂ ਵਸੂਲ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਹਸਪਤਾਲਾਂ ਖਿਲਾਫ਼ ਬੇਲੋੜੀਆਂ ਦਵਾਈਆਂ, ਟੈਸਟ ਅਤੇ ਗ਼ੈਰ ਮੈਡੀਕਲ ਸਾਜ਼ੋ-ਸਾਮਾਨ ਮੰਗਵਾਉਣ ਬਾਰੇ ਅਕਸਰ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ ਤਾਂ ਕਿ ਭਾਰੀ ਭਰਕਮ ਬਿੱਲ ਬਣਾ ਕੇ ਮਰੀਜ਼ਾਂ ਦੀ ਛਿੱਲ ਲਾਹੀ ਜਾ ਸਕੇ। ਇਸ ਤੋਂ ਇਲਾਵਾ, ਇਨ੍ਹਾਂ ਹਸਪਤਾਲਾਂ 'ਤੇ ਮਰੀਜ਼ਾਂ ਨੂੰ ਬਿਨਾਂ ਮਤਲਬ ਆਈ.ਸੀ.ਯੂ. ਵਿਚ ਰੱਖਣ ਦੇ ਦੋਸ਼ ਵੀ ਲੱਗਦੇ ਰਹਿੰਦੇ ਹਨ। ਆਮ ਤੌਰ 'ਤੇ ਪ੍ਰਾਈਵੇਟ ਹਸਪਤਾਲ ਮਰੀਜ਼ਾਂ ਦੇ ਵਾਰਸਾਂ ਨੂੰ ਜੈਨਰਿਕ ਦਵਾਈਆਂ ਵਰਤਣ ਦੀ ਆਗਿਆ ਨਹੀਂ ਦਿੰਦੇ ਸਗੋਂ ਹਸਪਤਾਲਾਂ ਵਿਚਲੀਆਂ ਦੁਕਾਨਾਂ ਤੋਂ ਮਹਿੰਗੇ ਭਾਅ ਦੀਆਂ ਬ੍ਰਾਂਡਿਡ ਦਵਾਈਆਂ ਖ਼ਰੀਦਣ ਲਈ ਮਜਬੂਰ ਕਰਦੇ ਹਨ। ਪ੍ਰਾਈਵੇਟ ਹਸਪਤਾਲਾਂ ਨਾਲ ਸਬੰਧਤ ਪ੍ਰੈਕਟੀਸ਼ਨਰ ਮਰੀਜ਼ਾਂ ਦੇ ਟੈਸਟ ਕਰਾਉਣ ਬਦਲੇ ਕਮਿਸ਼ਨ ਲੈਂਦੇ ਹਨ। ਇਸੇ ਲਈ ਉਹ ਗ਼ੈਰ-ਜ਼ਰੂਰੀ ਟੈਸਟ ਕਰਵਾਉਂਦੇ ਹਨ।

ਸਰਕਾਰ ਜਨਤਕ ਸਿਹਤ ਸੰਭਾਲ ਡਲਿਵਰੀ ਵਿਚ ਵਿਆਪਕ ਸੁਧਾਰ ਲਿਆ ਸਕਦੀ ਹੈ ਤਾਂ ਕਿ ਇਹ ਪ੍ਰਾਈਵੇਟ ਸਿਹਤ ਸੰਭਾਲ ਨਾਲ ਮੁਕਾਬਲਾ ਕਰ ਸਕੇ ਅਤੇ ਇਸ ਨੂੰ ਆਪਣੀਆਂ ਲਾਗਤਾਂ ਘਟਾਉਣ ਜਾਂ ਫਿਰ ਪੇਸ਼ਾ ਛੱਡ ਜਾਣ ਲਈ ਮਜਬੂਰ ਕਰ ਸਕਦੀ ਹੈ। ਇਕ ਹੋਰ ਹੱਲ ਸਿਹਤ ਬੀਮੇ ਦੀ ਵਿਆਪਕ ਖ਼ਰੀਦ ਰਾਹੀਂ ਸਿਹਤ ਸੰਭਾਲ ਦੇ ਖ਼ਰਚੇ ਘਟਾਉਣ ਨਾਲ ਜੁੜਿਆ ਹੋਇਆ ਹੈ ਪਰ ਕਿਉਂਕਿ ਖਾਂਦੇ ਪੀਂਦੇ ਤਬਕੇ ਹੀ ਸਿਹਤ ਬੀਮੇ ਦਾ ਖ਼ਰਚਾ ਚੁੱਕ ਸਕਦੇ ਹਨ, ਇਸ ਲਈ ਸਰਕਾਰ ਆਯੂਸ਼ਮਾਨ ਭਾਰਤ ਪੀ.ਐੱਮ.-ਜੇ.ਏ.ਵਾਈ. ਪ੍ਰੋਗਰਾਮ ਰਾਹੀਂ 10 ਕਰੋੜ ਗ਼ਰੀਬ ਪਰਿਵਾਰਾਂ ਨੂੰ ਸਿਹਤ ਬੀਮਾ ਦੇ ਕੇ ਇਸ ਦਾ ਦਾਇਰਾ ਵਧਾਉਣਾ ਚਾਹ ਰਹੀ ਹੈ। ਇਸ ਤਹਿਤ ਪਰਿਵਾਰ ਨੂੰ ਹਰ ਸਾਲ ਪੰਜ ਲੱਖ ਰੁਪਏ ਤੱਕ ਸੈਕੰਡਰੀ ਤੇ ਮੁੱਢਲੀ ਸਿਹਤ ਸੰਭਾਲ ਹਾਸਲ ਕਰਨ ਦਾ ਅਧਿਕਾਰ ਹੋਵੇਗਾ। ਮੰਡੀ ਆਧਾਰਿਤ ਆਰਥਿਕ ਪ੍ਰਬੰਧਾਂ ਤੋਂ ਕੁਝ ਹੱਦ ਤੱਕ ਮਦਦ ਮਿਲ ਸਕਦੀ ਹੈ, ਪਰ ਬਰਤਾਨੀਆ ਦੀ ਕੌਮੀ ਸਿਹਤ ਸੇਵਾ (ਐੱਨ.ਐੱਚ.ਐੱਸ.) ਜਿਹੇ ਪ੍ਰੋਗਰਾਮ ਦੇ ਫਾਇਦਿਆਂ ਦਾ ਕੋਈ ਸਾਨੀ ਨਹੀਂ ਹੈ।

# ਜਾਮਣ ਦਾ ਦਰੱਖਤ, ਨਾਗਾ ਅਤੇ ਸਤਰੰਗੀ ਪਰਿਵਾਰ

## ਸਾਧੂਆਂ ਦੀ ਦੁਨੀਆ ਅਤੇ ਸਿਆਸਤ-5




*ਕਿਸੇ ਸਮੇਂ ਅਯੁੱਧਿਆ ਦੇ ਸਾਧੂ ਵੱਖਰੀ ਕਿਸਮ ਦੀ ਕਲਾ ਦੇ ਮਾਹਰ ਹੁੰਦੇ ਸਨ ਪਰ 1980 ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਰਗਰਮੀ ਤੋਂ ਬਾਅਦ ਸਾਧੂਆਂ ਨੂੰ ਧਾਰਮਿਕ-ਸਿਆਸੀ ਕਾਰਜਾਂ ਲਈ ਵਰਤਿਆ ਜਾਣ ਲੱਗਾ। ਹੁਣ ਤਾਂ ਇਹ ਸਾਧੂ ਪੁਰਾਣੀਆਂ ਪ੍ਰੰਪਰਾਵਾਂ, ਵਿਸ਼ਵਾਸ, ਗੁਰਗੱਦੀ ਅਤੇ ਗਿਆਨ ਦੀ ਥਾਂ ਤਾਕਤ, ਪੈਸਾ ਅਤੇ ਸ਼ਕਤੀ ਲਈ ਖੇਡਾਂ ਖੇਡਦੇ ਹਨ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਨੇ ਇਸ ਸਿਆਸੀ ਸ਼ਕਤੀ ਦੇ ਵੇਰਵੇ ਆਪਣੀ ਅੰਗਰੇਜ਼ੀ ਕਿਤਾਬ 'ਅਸੈਟਿਕ ਗੇਮਜ਼' ਵਿਚ ਪੇਸ਼ ਕੀਤੇ ਹਨ। ਇਸ ਕਿਤਾਬ ਦਾ ਪੰਜਾਬੀ ਤਰਜਮਾ ਤਰਸੇਮ ਲਾਲ ਨੇ ਕੀਤਾ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਕਿਤਾਬ ਲੜੀਵਾਰ ਛਾਪ ਰਹੇ ਹਾਂ। ਇਸ ਅਹਿਮ ਕਿਤਾਬ ਦੀ ਪੰਜਵੀਂ ਕਿਸ਼ਤ ਹਾਜ਼ਿਰ ਹੈ।*



**ਧੀਰੇਂਦਰ ਕੇ. ਝਾਅ**
**ਅਨੁਵਾਦ: ਤਰਸੇਮ ਲਾਲ**

ਦੁਪਹਿਰ ਸਮੇਂ ਵਿਸ਼ਨੂੰ ਘਾਟ (ਹਰਿਦੁਆਰ ਦੀ ਇਸ਼ਨਾਨ ਵਾਲੀ ਘਾਟ) 'ਤੇ ਸ਼ਰਧਾਲੂਆਂ ਦੀ ਭੀੜ, ਇਸ਼ਨਾਨ ਤੋਂ ਬਾਅਦ ਘਟ ਰਹੀ ਸੀ। ਸ਼ਿਵਰਾਜ ਗਿਰੀ ਸੌ-ਸੌ ਦੇ ਨੋਟ ਨਾਗਾ ਸਾਧੂਆਂ ਨੂੰ ਵੰਡ ਰਿਹਾ ਸੀ। ਬਹੁਤ ਸਾਰੇ ਦੁਕਾਨਦਾਰ, ਰੇਹੜੀ ਪਟੜੀ ਵਾਲੇ ਅਤੇ ਮੰਗਤੇ ਵੀ ਸ਼ਾਮਲ ਸਨ। ਇਹ ਝਗੜੇ ਵਾਲੀ ਧੂਣੀ ਵਾਪਸ ਮਿਲਣ 'ਤੇ ਕੀਤੀ ਮਦਦ ਦੇ ਸ਼ੁਕਰਾਨੇ ਵਜੋਂ ਵੰਡ ਰਿਹਾ ਸੀ।

ਦੋ ਸਾਲ ਪਹਿਲਾਂ ਵਿਰੋਧੀ ਨਾਗਿਆਂ ਨੇ ਉਸ ਨੂੰ ਧੂਣੀ ਤੋਂ ਖਦੇੜ ਦਿੱਤਾ ਸੀ ਕਿਉਂਕਿ ਉਸ ਦੀਆਂ ਲੰਮੀਆਂ ਜਟਾਵਾਂ (7 ਫੁੱਟ) ਲੰਮੀ ਦਾੜ੍ਹੀ (5 ਫੁੱਟ), ਦਰਖਤ ਤੋਂ ਪੁੱਠਾ ਲਟਕ ਕੇ ਡਮਰੂ ਵਜਾਉਣਾ, ਗੰਗਾ ਵਿਚ ਇੱਕ ਲੱਤ ਭਾਰ ਨਮਸਕਾਰ ਦੀ ਮੁਦਰਾ ਵਿਚ ਖੜ੍ਹਨਾ ਆਦਿ ਖੇਡਾਂ ਵਿਦੇਸ਼ੀ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਸਨ। ਉਹ ਦਸਨਾਮੀ-ਅਵਹਾਨ ਅਖਾੜੇ ਦਾ ਸਾਧੂ ਸੀ ਜਿਸ ਦੀ 2010 ਦੇ ਕੁੰਭ ਸਮੇਂ ਖੂਬ ਚਰਚਾ ਹੋਈ। ਸਾਉਣ ਦੇ ਕੁੰਭ ਦੀ ਸਮਾਪਤੀ 'ਤੇ ਵਿਸ਼ਨੂੰ ਘਾਟ 'ਤੇ ਅਸ਼ਾਂਤੀ ਦਾ ਭਾਵ ਸਾਫ ਦਿਖਾਈ ਦੇ ਰਿਹਾ ਸੀ। ਸ਼ਿਵਰਾਜ ਗਿਰੀ ਦੀ ਧੂਣੀ ਵਿਸ਼ਵ ਘਾਟ ਦੇ ਵਿਚਕਾਰ ਹਾਥੀਵਾਲਾ ਸੇਤੂ ਅਤੇ ਵਿਸ਼ਨੂੰ ਘਾਟ ਸੇਤੂ (2 ਪਗਡੰਡੀ ਪੁਲ ਕੋਲ) ਗੰਗਾ ਪਾਰ ਜਾਮਣ ਦੇ ਦਰਖਤ ਹੇਠ ਸੀ। ਧੂਣੀ ਪਵਿੱਤਰ ਅਗਨੀ ਦਾ ਪ੍ਰਤੀਕ ਹੈ ਜੋ ਲਗਾਤਾਰ ਜਲਦੀ ਰਹਿੰਦੀ ਹੈ। ਇਹ ਸ਼ੈਵ ਨਾਗੇ ਦੀ ਭਗਤੀ ਦਾ ਮੁੱਖ ਬਿੰਦੂ ਹੈ ਜਿਸ ਦੀ ਰਾਖ ਉਹ ਪਿੰਡੇ ਅਤੇ ਮੱਥੇ 'ਤੇ ਮਲਦੇ ਹਨ। ਸ਼ਿਵਰਾਜ ਗਿਰੀ 2010 ਤੱਕ ਆਦਰਸ਼ ਨਾਗਾ ਸੀ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਹੋਰ ਧਾਰਮਿਕ ਆਗੂਆਂ ਦੀ ਦਖਲਅੰਦਾਜ਼ੀ ਦੇ ਬਾਵਜੂਦ ਉਸ ਦਾ ਕ੍ਰਿਸ਼ਮਾ ਕਾਇਮ ਸੀ। ਉਸ ਦੀਆਂ ਤਸਵੀਰਾਂ ਅਕਸਰ ਮੀਡੀਆ ਵਿਚ ਛਾਈਆਂ ਰਹਿੰਦੀਆਂ ਸਨ।

ਜਿਸ ਦਿਨ ਸ਼ਿਵਰਾਜ ਗਿਰੀ 'ਤੇ ਹਮਲਾ ਹੋਇਆ, ਉਹ ਬਵਾਸੀਰ ਤੋਂ ਪੀੜਤ ਸੀ। ਦੁਪਹਿਰ ਤੋਂ ਪਹਿਲਾਂ ਬਿੰਦੂ ਯਾਦਵ 35 ਹਜ਼ਾਰ ਰੁਪਏ ਜੋ ਅਮਰਨਾਥ ਗਿਰੀ ਨੇ ਭੇਜੇ ਸਨ, ਦੇਣ ਆਇਆ। ਅਮਰਨਾਥ ਗਿਰੀ ਰੂਸੀ ਚੇਲੇ ਦਾ ਨਵਾਂ ਨਾਮ ਸੀ। ਉਸ ਨੇ ਵਾਰਾਣਸੀ ਵਿਚ ਹਿੰਦੂ ਧਾਰਮਿਕ ਗ੍ਰੰਥ ਪੜ੍ਹੇ ਸਨ। ਉਸ ਨੇ ਸੋਨ ਚੜ੍ਹਿਆ 'ਇੱਕ ਮੁਖੀ ਰੁਦਰਾਕਸ਼' ਸ਼ਿਵਰਾਜ ਗਿਰੀ ਤੋਂ ਖਰੀਦਿਆ ਸੀ ਜੋ ਸ਼ੈਵ ਅਖਾੜੇ ਦੇ ਸਾਧੂ ਪਹਿਨਦੇ ਹਨ। ਉਹ ਇਸ ਨੂੰ ਸ਼ਿਵ ਦੀ ਤੀਜੀ ਅੱਖ ਦੇ ਰੂਪ ਵਿਚ ਦੇਖਦੇ ਹਨ। ਉਸ ਤੋਂ ਬਾਅਦ 11 ਮੁਖੀ ਰੁਦਰਾਕਸ਼ ਠੀਕ ਸਮਝੇ ਜਾਂਦੇ ਹਨ। ਰੁਦਰਾਕਸ਼ 50 ਹਜ਼ਾਰ ਦਾ ਸੀ ਜਿਸ ਲਈ ਉਸ ਨੇ 15000 ਨਕਦ ਅਤੇ ਬਾਕੀ 35 ਹਜ਼ਾਰ ਚੈੱਕ ਰਾਹੀਂ ਬਿੰਦੂ ਯਾਦਵ ਜੋ ਕਿਸੇ ਪ੍ਰਾਈਵੇਟ ਕੰਪਨੀ ਵਿਚ ਨੌਕਰੀ ਕਰਦਾ ਸੀ, ਰਾਹੀਂ ਸ਼ਿਵਰਾਜ ਗਿਰੀ ਨੂੰ ਦਿੱਤੇ ਜਾਣੇ ਸਨ। ਬਿੰਦੂ ਯਾਦਵ ਸਾਰਿਆਂ ਦੇ ਸਾਹਮਣੇ ਪੈਸੇ ਦੇਣ ਲਈ ਬਜ਼ਿੱਦ ਸੀ। ਜਿਵੇਂ ਹੀ ਬਿੰਦੂ ਯਾਦਵ ਥੈਲੇ ਵਿਚੋਂ ਕੱਢ ਕੇ ਨੋਟ ਗਿਣਨ ਲੱਗਿਆ, ਸ਼ਿਵਰਾਜ ਗਿਰੀ ਦੀਆਂ ਗਰਦਨ ਦੀਆਂ ਨਸਾਂ ਵਿਚ ਤਣਾਅ ਆ ਰਿਹਾ ਸੀ। ਉਹ ਅੱਧਾ ਘੰਟਾ ਨੋਟ ਗਿਣੀ ਗਿਆ। ਉਸ ਨੇ ਆਪਣੇ ਇੱਕ ਚੇਲੇ ਨੂੰ ਬੈਗ ਸੰਭਾਲਣ ਲਈ ਕਿਹਾ। ਕੁਝ ਮਹੀਨਿਆਂ ਤੋਂ ਉਸ ਨੇੜੇ ਰਹਿ ਰਹੇ ਜੂਨਾ ਅਖਾੜੇ ਦੇ ਸੰਨਿਆਸੀ ਨੇ ਉਧਾਰ ਪੈਸੇ ਮੰਗੇ ਜੋ ਆਦਤਨ ਸ਼ਰਾਬੀ ਸੀ। ਉਸ ਦੇ ਇਨਕਾਰ ਕਰਨ 'ਤੇ ਉਸ ਨੇ ਸਿੱਟੇ ਭੁਗਤਣ ਦੀ ਧਮਕੀ ਦਿੱਤੀ। ਕੁਝ ਸਮਾਂ ਵਿਸ਼ਨੂੰ ਘਾਟ 'ਤੇ ਸ਼ਾਂਤੀ ਰਹੀ। ਉਸ ਦੇ ਚੇਲੇ ਡਰੇ ਹੋਏ ਸਨ; ਖਾਸ ਤੌਰ 'ਤੇ ਭਾਰਤੀ ਚੇਲੇ ਗਿਆਨ ਗਿਰੀ ਤੇ ਧਰਮ ਗਿਰੀ ਅਤੇ ਫਰਾਂਸ ਦੀ ਔਰਤ ਉਮਾ ਗਿਰੀ ਜਿਸ ਨੇ ਪੂਰੇ ਕੁੰਭ ਦੌਰਾਨ ਉਸ ਦੀ ਹਿਫਾਜ਼ਤ ਲਈ ਯਤਨ ਕੀਤੇ ਸਨ। ਸ਼ਿਵਰਾਜ ਗਿਰੀ ਉਸ ਦੇ ਫਲੈਟ ਵਿਚ ਉਸ ਦੇ ਨਾਲ ਨਹੀਂ ਸੀ ਜਾਣਾ ਚਾਹੁੰਦਾ। ਉੱਥੇ ਉਸ ਨੂੰ ਮਾਰੇ ਜਾਣ ਅਤੇ ਬਦਨਾਮੀ ਦਾ ਡਰ ਸੀ ਕਿ ਨਾਗਾ ਔਰਤ ਨਾਲ ਫੜਿਆ ਗਿਆ। ਉਹ ਪੈਸੇ ਲੈ ਕੇ ਚਲੀ ਗਈ। ਉਸ ਨੇ ਸੋਚਿਆ ਕਿ ਧੂਣੀ 'ਤੇ ਮਰਨ ਨਾਲ ਉਸ ਦੀ ਲਾਸ਼ ਰੁੜ੍ਹ ਕੇ ਗੰਗਾ ਵਿਚ ਜਲ ਪ੍ਰਵਾਹ ਹੋ ਜਾਵੇਗੀ। ਸ਼ਿਵਰਾਜ ਗਿਰੀ ਨੂੰ ਕਿਸੇ ਜ਼ਿਆਦਾ ਖਤਰੇ ਬਾਰੇ ਨਹੀਂ ਸੀ ਪਤਾ। ਰਾਤ ਪੈਣ 'ਤੇ ਵਿਸ਼ਨੂੰ ਘਾਟ 'ਤੇ ਭੀੜ ਘਟ ਗਈ। ਉਸ ਦੇ ਚੇਲੇ ਗਿਆਨ ਗਿਰੀ ਅਤੇ ਧਰਮ ਗਿਰੀ ਸੌਂ ਗਏ। ਉਹਨਾਂ ਅਗਲੀ ਸਵੇਰ ਰਿਸ਼ੀਕੇਸ਼ ਵਿਦੇਸ਼ੀ ਸੈਲਾਨੀਆਂ ਨੂੰ ਮਿਲਣ ਜਾਣਾ ਸੀ। ਰਾਤ ਬੜੀ ਸੁਹਾਵਣੀ ਸੀ ਪਰ ਸ਼ਿਵਰਾਜ ਗਿਰੀ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਉੱਠਿਆ, ਚਿਲਮ ਦੇ ਡੂੰਘੇ ਸੂਟੇ ਲਾਏ ਅਤੇ ਫਿਰ ਸੌਣ ਦੀ ਕੋਸ਼ਿਸ਼ ਕੀਤੀ। 11 ਵਜੇ ਦੇ ਕਰੀਬ ਵਿਸ਼ਨੂੰ ਘਾਟ 'ਤੇ ਹਿਲਜੁਲ ਸ਼ੁਰੂ ਹੋਈ। ਕੁਝ ਹੀ ਮਿੰਟਾਂ ਵਿਚ 15-20 ਨਾਗੇ ਤੇਜ਼ੀ ਨਾਲ ਘਾਟ ਵੱਲ ਆ ਰਹੇ ਸਨ। ਉਹ ਜਾਗ ਪਿਆ। ਗਿਆਨ ਅਤੇ ਧਰਮ ਗਿਰੀ ਵੀ ਜਾਗ ਉੱਠ ਖੜ੍ਹੇ। ਧੂਣੀ ਦੀ ਛੱਤ 'ਤੇ ਬਲਬ ਜਗ ਰਿਹਾ ਸੀ। ਚੇਲੇ ਘਬਰਾਏ ਹੋਏ ਸਨ। ਹਮਲਾਵਰ ਨਾਗਿਆਂ ਨੇ ਪਹਿਲਾਂ ਬਲਬ ਤੋੜਿਆ, ਫਿਰ ਉਹਨਾਂ ਨੂੰ ਕੁੱਟਣ ਲੱਗੇ ਅਤੇ ਉਸ ਦੀ ਧੂਣੀ ਸਮੇਟਣ ਲੱਗੇ, ਬਣੀ ਹੋਈ ਉਸਾਰੀ ਢਾਹੁਣ ਲੱਗੇ। ਜਦੋਂ ਉਸ ਦੀ ਧੌਣ 'ਤੇ ਮੁੱਕਾ ਲੱਗਿਆ, ਉਹ ਬੇਹੋਸ਼ ਹੋ ਗਿਆ। ਕੁਝ ਮਿੰਟਾਂ ਬਾਅਦ ਉਸ ਨੂੰ ਹੋਸ਼ ਆਈ ਤਾਂ ਉਸ ਨੂੰ ਲੱਗਿਆ, ਜਿਵੇਂ ਪੁਨਰ ਜਨਮ ਹੋਇਆ ਹੋਵੇ ਪਰ ਉਸ ਦੇ ਸਰੀਰ ਵਿਚ ਅਸਹਿ ਦਰਦ ਹੋ ਰਿਹਾ ਸੀ। ਉਸ ਨੇ ਗਿਆਨ ਗਿਰੀ ਅਤੇ ਧਰਮ ਗਿਰੀ ਨੂੰ ਆਵਾਜ਼ ਮਾਰੀ। ਉਹ ਲੰਗੜਾ-ਲੰਗੜਾ ਕੇ ਜਾਮਣ ਦੇ ਦਰਖਤ ਕੋਲ ਲੱਕੜ ਇਕੱਠੀ ਕਰ ਰਹੇ ਸਨ। ਤਾਂ ਜੋ ਧੂਣੀ ਦੁਬਾਰਾ ਜਲਾਈ ਜਾ ਸਕੇ। ਉਹ ਸਾਰਾ ਕੁਝ ਨਸ਼ਟ ਕਰ ਗਏ ਸਨ। ਚਾਰੇ ਪਾਸੇ ਖੂਨ ਤੇ ਤਬਾਹੀ ਸੀ, ਜਿਵੇਂ ਜਮਰਾਜ ਧੂਣੀ ਦਾ ਗੇੜਾ ਮਾਰ ਕੇ ਗਿਆ ਹੋਵੇ।

ਧਰਮ ਗਿਰੀ ਡਰਦਾ ਭੱਜ ਗਿਆ। ਸ਼ਿਵਰਾਜ ਗਿਰੀ ਦੀਆਂ ਸਭ ਤੋਂ ਕੀਮਤੀ ਜਟਾਂ ਅਤੇ ਦਾੜ੍ਹੀ ਘਾਟ ਦੇ ਨੇੜੇ ਪਈ ਸੀ। ਉਸ ਲਈ ਹੁਣ ਜ਼ਿੰਦਗੀ ਬੇਅਰਥ ਸੀ। ਇਹੀ ਉਸ ਦੀ ਖਿੱਚ ਦਾ ਚਿੰਨ੍ਹ ਸਨ। ਗਿਆਨ ਗਿਰੀ ਉਸ ਦੇ ਦਰਦ ਨੂੰ ਸਮਝਦਾ ਸੀ। ਉਸ ਨੇ ਜਟਾਵਾਂ ਚੁੱਕੀਆਂ ਅਤੇ ਗੰਗਾ ਵਿਚ ਵਹਾ ਦਿੱਤੀਆਂ। ਗਿਆਨ ਗਿਰੀ ਆਪ ਵੀ ਜ਼ਖ਼ਮੀ ਸੀ, ਲੱਤਾਂ ਸੁੱਜੀਆਂ ਹੋਈਆਂ ਸਨ। ਉਹ ਕਿਵੇਂ ਨਾ ਕਿਵੇਂ ਵਿਸ਼ਨੂੰ ਘਾਟ ਸੇਤੂ ਪਾਰ ਕਰ ਕੇ ਭਗਵਾਨ ਸ਼ਿਵ ਦੇ ਛੋਟੇ ਜਿਹੇ ਮੰਦਰ ਵਿਚ ਪਹੁੰਚ ਗਏ ਜਿੱਥੇ ਉਹ ਪਹਿਲਾਂ ਆਮ ਆਉਂਦੇ-ਜਾਂਦੇ ਸਨ। ਉੱਥੇ ਸ਼ਿਵਲਿੰਗ ਤੋਂ ਬਿਨਾ ਹੋਰ ਕੁਝ ਵੀ ਨਹੀਂ ਸੀ। ਸਵੇਰ ਹੋਣ ਤੱਕ ਉਸ ਦੀ ਪੁਰਾਣੀ ਜਾਣ-ਪਛਾਣ ਦੇ ਲੋਕਾਂ ਨੂੰ ਘਟਨਾ ਦਾ ਪਤਾ ਲੱਗਿਆ। ਇੱਕ ਬੁੱਢੀ ਔਰਤ ਜੋ ਕਾਫੀ ਸਮਾਂ ਪਹਿਲਾਂ ਉਸ ਨੂੰ ਦੁੱਧ ਦੇ ਕੇ ਜਾਂਦੀ ਸੀ, ਉਸ ਦੀ ਹਾਲਤ ਦੇਖ ਕੇ ਚਾਹ ਲੈ ਕੇ ਆਈ। ਉਹ ਉਸਨੂੰ ਸਰਕਾਰੀ ਹਸਪਤਾਲ ਲੈ ਗਏ ਪਰ ਡਾਕਟਰ ਪੁਲਿਸ ਰਿਪੋਰਟ ਤੋਂ ਬਿਨਾ ਇਲਾਜ ਲਈ ਤਿਆਰ ਨਹੀਂ ਸਨ। ਪੁਲਿਸ ਰਿਪੋਰਟ ਹੋਰ ਮੁਸੀਬਤ ਦਾ ਕਾਰਨ ਬਣ ਸਕਦੀ ਸੀ। ਨਾਗਿਆਂ ਦੇ ਸੰਸਾਰ ਵਿਚ ਵਢਾਂਗਾ ਬਹੁਤ ਤੇਜ਼ੀ ਨਾਲ ਹੁੰਦਾ ਹੈ। ਕੋਈ ਨੋਟਿਸ ਨਹੀਂ, ਅਪੀਲ ਨਹੀਂ, ਸੁਣਵਾਈ ਨਹੀਂ ਤੇ ਕੋਈ ਨੁਕਸਾਨ ਪੂਰਤੀ ਨਹੀਂ। ਸਾਧੂਆਂ ਦੇ ਸਿਆਸਤ ਅਤੇ ਵਪਾਰ ਨੇੜੇ ਜਾਣ ਨਾਲ ਇਹਨਾਂ ਘਟਨਾਵਾਂ ਵਿਚ ਤੇਜ਼ੀ ਆਈ ਹੈ। ਸਾਧੂਆਂ ਵਿਚ ਧਨ ਦੌਲਤ ਇਕੱਠੀ ਕਰਨ ਦਾ ਲਾਲਚ ਪੈਦਾ ਹੋ ਗਿਆ ਹੈ ਜੋ ਗ੍ਰਹਿਸਥੀ ਤੋਂ ਦੂਰ ਨਵੀਂ ਗ੍ਰਹਿਸਥ ਸੰਸਾਰ ਵਿਚ ਪ੍ਰਵੇਸ਼ ਜਾਪਦਾ ਹੈ।



*ਹਰਿਦੁਆਰ ਵਿਚ ਵਿਸ਼ਨੂੰ ਘਾਟ ਦੀ ਇਕ ਝਲਕ।*

ਸ਼ਿਵਰਾਜ ਗਿਰੀ ਨੂੰ ਜਾਪਦਾ ਸੀ, ਜਿਵੇਂ ਭਗਵਾਨ ਸ਼ਿਵ ਨੇ ਉਸ ਨੂੰ ਬਚਾ ਲਿਆ ਹੋਵੇ। ਉਸ ਨੂੰ ਬਿਨਾ ਕਿਸੇ ਵਿਰੋਧ ਤੋਂ ਹਸਪਤਾਲ ਤੋਂ ਛੁੱਟੀ ਮਿਲ ਗਈ ਤੇ ਮੁੜ ਮੰਦਰ ਆ ਗਿਆ। ਮੰਗਤੇ ਉਸ ਦੀ ਧੂਣੀ ਤੋਂ ਜੋ ਕੁਝ ਥੋੜ੍ਹਾ ਬਹੁਤ ਹਮਲਾਵਰ ਨਾਗੇ ਛੱਡ ਗਏ ਸਨ, ਇਕੱਠਾ ਕਰ ਰਹੇ ਸਨ। ਸ਼ਿਵਰਾਜ ਗਿਰੀ ਨੇ ਉਸ ਪਾਸਿਓਂ ਧਿਆਨ ਹਟਾ ਲਿਆ। ਉਹ ਰਾਤ ਦੀ ਘਟਨਾ ਭੁੱਲਣ ਦੀ ਕੋਸ਼ਿਸ਼ ਕਰ ਰਿਹਾ ਸੀ, ਭਾਵੇਂ ਉਸ ਨੂੰ ਪਤਾ ਸੀ ਕਿ ਹਮਲਾਵਰ ਜੂਨਾ ਤੇ ਅਵਹਾਨ ਅਖਾੜਿਆਂ ਤੋਂ ਸਨ। ਉਹ ਉਹਨਾਂ ਖਿਲਾਫ ਸ਼ਿਕਾਇਤ ਦਰਜ ਕਰਵਾ ਸਕਦਾ ਸੀ ਪਰ ਉਸ ਨੇ ਅਜਿਹਾ ਨਾ ਕੀਤਾ।

ਸ਼ਿਵਰਾਜ ਗਿਰੀ ਨੇ ਲਗਭਗ 20 ਸਾਲ ਦੀ ਉਮਰ ਵਿਚ ਦੁਨਿਆਵੀ ਸੰਸਾਰ ਨੂੰ ਅਲਵਿਦਾ ਕਹਿ ਦਿੱਤਾ ਸੀ। ਜਵਾਨੀ ਸਮੇਂ ਉਹ ਆਸ਼ਰਮਾਂ ਅਖਾੜਿਆਂ ਵਿਚ ਮਜ਼ਦੂਰੀ ਕਰਦਾ ਰਿਹਾ ਸੀ। ਉਹ ਉਜੈਨ ਦੇ 1992 ਵਾਲੇ ਕੁੰਭ ਸਮੇਂ ਦਿਗੰਬਰ (ਅਸਮਾਨ ਬਸਤਰ ਜਾਂ ਨਾਗਾ) ਬਣ ਗਿਆ ਸੀ। ਬਾਬਰੀ ਮਸਜਿਦ ਢਾਹੁਣ ਵੇਲੇ ਉਹ 29 ਸਾਲਾਂ ਦਾ ਸੀ। ਉਹ ਬਾਕੀ ਸਾਧੂਆਂ ਵਾਂਗ ਬਚਪਨ ਤੋਂ ਹੀ ਸਕੂਲ ਦੀ ਥਾਂ ਧਰਮ, ਅਧਿਆਤਮ ਅਤੇ ਮੰਦਰਾਂ ਵਿਚ ਰੁਚੀ ਰੱਖਦਾ ਸੀ। ਨਾਗੇ ਆਮ ਤੌਰ 'ਤੇ ਮੋਕਸ਼ ਪ੍ਰਾਪਤੀ ਤੋਂ ਪਹਿਲਾਂ ਦੀ ਜ਼ਿੰਦਗੀ ਬਾਰੇ ਕੋਈ ਗੱਲ ਨਹੀਂ ਕਰਦੇ ਕਿਉਂਕਿ ਉਹ ਉਸ ਤੋਂ ਪਹਿਲਾਂ ਦੀ ਦੁਨਿਆਵੀ ਜ਼ਿੰਦਗੀ ਤੋਂ ਮੁਕੰਮਲ ਤੌਰ 'ਤੇ ਨਾਤਾ ਤੋੜ ਲੈਂਦੇ ਸਨ ਪਰ ਸ਼ਿਵਰਾਜ ਗਿਰੀ ਕੋਲ ਆਪਣੀ ਪਿਛਲੀ ਜ਼ਿੰਦਗੀ ਦਾ ਸੱਚ ਛੁਪਾਉਣ ਦਾ ਕੋਈ ਕਾਰਨ ਨਹੀਂ ਸੀ। ਉਹ ਉੱਤਰ ਪ੍ਰਦੇਸ਼ ਵਿਚ ਮਾਂ ਰਾਮ ਰੱਤੀ ਦੇਵੀ ਅਤੇ ਪਿਤਾ ਰਾਮ ਸਾਗਰ ਰਾਮ ਦੇ ਘਰ 1963 (ਕਾਗਜ਼ਾਂ ਵਿਚ ਪਹਿਲੀ ਮਈ 1967) ਨੂੰ ਪੈਦਾ ਹੋਇਆ। ਉਹ ਬੇਜ਼ਮੀਨੇ ਮਜ਼ਦੂਰ ਸਨ। ਉਸ ਨੂੰ ਬਚਪਨ ਵਿਚ ਹੀ ਮਜ਼ਦੂਰੀ ਕਰਨੀ ਪਈ। ਉਸ ਦਾ ਪਿਤਾ ਉਸ ਨੂੰ ਪੜ੍ਹਾਉਣਾ ਚਾਹੁੰਦਾ ਸੀ। ਉਸ ਦਾ ਰਿਸ਼ਤੇਦਾਰ ਜਿਸ ਨੇ ਸਰਕਾਰ ਵੱਲੋਂ ਮਿਲੇ ਪਲਾਟ ਉੱਪਰ ਘਰ ਬਣਾਉਣ ਵਿਚ ਉਹਨਾਂ ਦੀ ਮਦਦ ਕੀਤੀ ਸੀ, ਉਸ ਨੂੰ ਬਨਾਰਸ (ਹੁਣ ਵਾਰਾਣਸੀ) ਲੈ ਆਇਆ ਅਤੇ ਉਥੇ ਮਜ਼ਦੂਰੀ ਕਰਨ ਲੱਗ ਪਿਆ। ਉਸ ਨੂੰ ਭਾਵੇਂ ਨਾਗਾ ਸਾਧੂਆਂ ਦੀ ਜ਼ਿੰਦਗੀ ਔਖੀ ਜਾਪਦੀ ਸੀ ਪਰ ਉਹ ਆਪਣੀ ਮਜ਼ਦੂਰੀ ਨੂੰ ਪਰਮਾਤਮਾ ਦੇ ਦਲਾਲਾਂ ਕੋਲ ਵੇਚਣ ਦੀ ਥਾਂ ਸਿੱਧੀ ਰੱਬ ਨੂੰ ਵੇਚਣਾ ਪਸੰਦ ਕਰਦਾ ਸੀ। ਸ੍ਰੀ ਦਿਗੰਬਰ ਓਮਕਾਰ ਗਿਰੀ ਅਵਹਾਨ ਅਖਾੜੇ ਦੀ ਮੜ੍ਹੀ ਦਾ ਸ੍ਰੀ ਮਹੰਤ ਸੀ ਜਿਸ ਨੇ 1992 ਵਿਚ ਉਜੈਨ ਦੇ ਕੁੰਭ ਸਮੇਂ ਉਸ ਨੂੰ ਸ਼ਮਸ਼ੇਰ ਤੋਂ ਸ਼ਿਵਰਾਜ ਗਿਰੀ ਬਣਾਇਆ। ਬਾਅਦ ਵਿਚ ਉਹ ਦੋਨੋਂ ਗੁਰੂ ਚੇਲਾ ਵਾਰਾਣਸੀ ਤੋਂ ਹਰਿਦੁਆਰ ਚਲੇ ਗਏ।

ਛੇ ਅਖਾੜਿਆਂ (ਦਸਨਾਮੀ, ਜੂਨਾ, ਨਿਰੰਜਨੀ, ਮਹਾਂ ਨਿਰਵਾਣੀ, ਅਟੱਲ, ਅਨੰਦ ਅਵਹਾਨ) ਤੋਂ ਪਹਿਲਾਂ 52 ਮੜ੍ਹੀਆਂ (ਮੱਠ) ਹੁੰਦੀਆਂ ਸਨ। ਸੱਤਵਾਂ ਅਖਾੜਾ ਅਗਨੀ ਬਾਕੀਆਂ ਨਾਲੋਂ ਵੱਖ ਹੈ ਕਿਉਂਕਿ ਇਸ ਦੀ ਕੋਈ ਮੜ੍ਹੀ ਨਹੀਂ ਸੀ ਅਤੇ ਇਸ ਦੇ ਮੈਂਬਰ ਨਾਗੇ ਨਹੀਂ ਹੁੰਦੇ। ਇਹ ਮੜ੍ਹੀਆਂ ਅਖਾੜੇ ਮੁਤਾਬਕ 4 ਜਾਂ 8 ਵਰਗਾਂ ਵਿਚ ਵੰਡੀਆਂ ਹੋਈਆਂ ਸਨ। ਇਹਨਾਂ ਨੂੰ ਅਗਾਂਹ ਦਾਅਵਾ (ਭਾਵ ਵੋਟ) ਵਿਚ ਵੰਡਿਆ ਹੋਇਆ ਹੈ।

ਮਹਾਂ ਨਿਰਵਾਣੀ ਅਖਾੜੇ ਦੇ 8 ਦਾਅਵੇ ਹਨ; ਬਾਕੀ ਦਸਨਾਮੀ ਅਖਾੜਿਆਂ ਦੇ 4 ਹਨ। ਅਵਹਾਨ ਅਖਾੜੇ ਦੀਆਂ 4 ਮੜ੍ਹੀਆਂ ਹਨ। 13-14 ਮੜ੍ਹੀਆਂ ਗਿਰੀ ਦੀਆਂ ਹਨ। 16 ਮੜ੍ਹੀ ਪੁਰੀ ਦੀ, 4 ਭਾਰਤੀ ਸਰਸਵਤੀ ਵੰਸ਼ ਅਤੇ ਅਰਾਨਿਆਸ ਦੀਆਂ ਹਨ। ਓਂਕਾਂਰ ਦਾਸ ਗਿਰੀ 16 ਮੜ੍ਹੀ ਤੋਂ ਸੀ, ਇਸੇ ਤਰ੍ਹਾਂ ਸ਼ਿਵਰਾਜ ਗਿਰੀ ਵੀ 16 ਮੜ੍ਹੀ ਤੋਂ ਸੀ।

ਹਰ ਮੜ੍ਹੀ ਆਪਣਾ ਸ੍ਰੀਮਹੰਤ ਚੁਣਦੀ ਹੈ। ਚਾਰੇ ਮੜ੍ਹੀਆਂ ਦੇ ਸ੍ਰੀਮਹੰਤ ਆਪਣੇ ਅਖਾੜੇ ਬਾਰ ਨਿਰਣੇ ਲੈਂਦੇ ਹਨ। 4 ਅਤੇ 14 ਮੜ੍ਹੀ ਵਾਲੇ ਸ੍ਰੀਮਹੰਤਾਂ ਦਾ ਅਲੱਗ ਗਰੁੱਪ ਹੈ; 13 ਅਤੇ 14 ਮੜ੍ਹੀ ਵਾਲਿਆਂ ਦਾ ਅਲੱਗ ਹੈ। ਸ੍ਰੀਮਹੰਤ ਨੂੰ ਆਪਣੀ ਪੁਗਾਉਣ ਲਈ ਪੈਸੇ ਅਤੇ ਤਾਕਤ ਦੀ ਲੋੜ ਹੁੰਦੀ ਹੈ। ਸ੍ਰੀਮਹੰਤ ਭਾਵੇਂ ਛੇ ਸਾਲ ਲਈ ਚੁਣਿਆ ਜਾਂਦਾ ਹੈ ਪਰ ਇਹ ਬਾਅਦ ਵਿਚ ਵੀ ਪ੍ਰਭਾਵ ਰੱਖਦਾ ਹੈ। ਓਂਕਾਰ ਗਿਰੀ 1992 ਵਿਚ 14 ਮੜ੍ਹੀ ਦਾ ਮਹੰਤ ਬਣਿਆ ਸੀ। ਅਵਹਾਨ ਅਖਾੜੇ ਵਿਚ ਉਸ ਦੀ 2004 ਤੱਕ ਪੁੱਗਤ ਰਹੀ। ਬਾਅਦ ਵਿਚ ਮਧੂ ਸੂਦਨ ਗਿਰੀ ਜੋ 13 ਮੜ੍ਹੀ ਦਾ ਸ੍ਰੀ ਮਹੰਤ ਸੀ, ਦੇ ਸਰਗਰਮ ਹੋਣ ਤੋਂ ਬਾਅਦ ਉਸ ਨੇ ਇਸ ਨੂੰ ਛੋਟਾ ਕਰ ਦਿੱਤਾ। ਮਧੂ ਸੂਦਨ ਗਿਰੀ ਦੇ ਸ੍ਰੀਮਹੰਤ ਬਣਨ ਵੇਲੇ ਤੋਂ ਹੀ 14 ਮੜ੍ਹੀ ਦੇ ਨਾਗਿਆਂ ਦੀ ਸ਼ਾਮਤ ਆ ਗਈ ਸੀ। ਜਿਹੜੇ ਚੁੱਪ ਕਰ ਕੇ ਸਭ ਕੁਝ ਸਹਿ ਰਹੇ ਸਨ, ਉਹੀ ਰਹਿ ਰਹੇ ਸਨ। ਉਸ ਦੇ ਗੁਰੂ ਨੇ ਸਹਿਣ ਨਹੀਂ ਕੀਤਾ, ਇਸ ਲਈ 2006 ਵਿਚ ਉਸ ਦੀ ਮੌਤ ਤੱਕ ਇਸ ਦੇ ਖੰਭ ਕੁਤਰੇ ਹੀ ਰਹੇ। ਜਿੰਨੀ ਦੇਰ ਤੁਸੀਂ ਨਵੇਂ ਸ੍ਰੀਮਹੰਤ ਦੇ ਚਮਚੇ ਬਣ ਕੇ ਨਹੀਂ ਚਲਦੇ, ਤੁਹਾਡਾ ਅਖਾੜੇ ਵਿਚ ਰਹਿਣਾ ਮੁਸ਼ਕਿਲ ਹੈ। ਤੁਹਾਨੂੰ ਵਿਰੋਧੀ ਆਖ ਕੇ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸ਼ਿਵਰਾਜ ਗਿਰੀ ਅਨੁਸਾਰ, "ਅਖਾੜਿਆਂ ਵਿਚ ਕਿਸ ਦੀ ਚੜ੍ਹਤ ਹੁੰਦੀ ਹੈ ਤੇ ਕਿਸ ਦੀ ਬਰਬਾਦੀ; ਕਿਹੜਾ ਅੰਦਰ ਆਉਂਦਾ ਹੈ ਤੇ ਕਿਹੜਾ ਬਾਹਰ; ਇਹ ਕਿਸੇ ਨਾਗੇ ਸਾਧੂ ਦੀ ਤਪੱਸਿਆ ਜਾਂ ਸਿਆਣਪ ਕਾਰਨ ਨਹੀਂ ਸਗੋਂ ਅਕਸਰ ਉਸ ਦੀ ਤਾਕਤ ਪ੍ਰਾਪਤੀ ਦੀ ਇੱਛਾ, ਆਫਤ ਵਿਚ ਅਵਸਰ ਤਲਾਸ਼ਣ ਦੀ ਚਾਹ, ਹਰ ਸੰਕਟ ਨੂੰ ਆਪਣੇ ਲਾਹੇ ਵਿਚ ਵਰਤਣ 'ਤੇ ਹੀ ਨਿਰਭਰ ਹੈ।"

1998 ਦੇ ਹਰਿਦੁਆਰ ਕੁੰਭ ਸਮੇਂ ਇਹ ਸੰਕਟ ਹੋਰ ਡੂੰਘਾ ਹੋ ਗਿਆ ਜਦੋਂ ਦਸਨਾਮੀ ਅਖਾੜੇ ਦੇ ਨਾਗੇ ਸਾਧੂਆਂ ਦੀ ਆਪਸ ਵਿਚ ਲੜਾਈ ਹੋ ਗਈ। ਇਹ ਲੜਾਈ ਜੂਨਾ ਅਤੇ ਨਿਰੰਜਨੀ ਅਖਾੜੇ ਵਿਚਕਾਰ ਹੋਈ। ਅਵਹਾਨ ਅਖਾੜਾ ਇਸ ਦਾ ਭਾਗ ਨਹੀਂ ਸੀ। 15 ਮਾਰਚ 1998 ਨੂੰ ਸੋਮਵਤੀ ਅਮਾਵਸ ਦੇ ਪਵਿੱਤਰ ਦਿਵਸ 'ਤੇ ਹਰ ਕੀ ਪੌੜੀ ਦੇ ਪਵਿੱਤਰ ਸਥਾਨ 'ਤੇ ਜੂਨਾ ਨਾਗਿਆ ਨੇ ਮਾਧਵ ਆਸ਼ਰਮ ਦਾ ਰਥ ਲੁੱਟ ਲਿਆ। ਇਹ ਜੋਤਿਸ਼ ਪੀਠ ਦੇ ਸੰਕਰਚਾਰੀਆ ਦੀ ਸੀਟ ਦਾ ਤਿੰਨਾਂ ਵਿਚ ਇੱਕ ਦਾਅਵੇਦਾਰ ਸੀ। ਜੋਤਿਸ਼ ਪੀਠ ਬਦਰੀਨਾਥ ਕੇਦਾਰਨਾਥ ਚਾਰ ਵੱਡੀਆਂ ਪੀਠਾਂ ਵਿਚੋਂ ਇੱਕ ਹੈ ਜਿਸ ਨੂੰ ਆਦਿ ਸ਼ੰਕਰ ਵੱਲੋਂ ਸਥਾਪਤ ਕੀਤਾ ਮੰਨਿਆ ਜਾਂਦਾ ਹੈ। ਲੜਾਈ ਕੁੰਭ ਤੋਂ ਪਹਿਲਾਂ ਹੀ ਪੀਠ ਦੀ ਮਾਲਕੀ ਦੇ ਝਗੜੇ ਨੂੰ ਲੈ ਕੇ ਚੱਲ ਰਹੀ ਸੀ। ਮਾਧਵ ਆਸ਼ਰਮ, ਵਾਸੂਦੇਵ ਨੰਦ ਸਰਸਵਤੀ ਅਤੇ ਸਵਰੂਪਾ ਨੰਦ ਸਰਸਵਤੀ ਪੀਠ ਦੇ ਸ਼ੰਕਰਚਾਰੀਆ ਬਣਨ ਲਈ ਦਾਅਵੇਦਾਰ ਸਨ। ਜੂਨਾ ਅਖਾੜੇ ਦੇ ਕੁੱਝ ਨਾਗੇ, ਮਾਧਵ ਆਸ਼ਰਮ ਅਤੇ ਕੁੱਝ ਵਾਸੂਦੇਵਨੰਦ ਸਰਸਵਤੀ ਦੀ ਹਮਾਇਤ ਕਰਦੇ ਸਨ। ਸਵਰੂਪਾਨੰਦ ਸਰਸਵਤੀ ਨੂੰ ਡਾਂਡੀ ਸਾਧੂਆਂ ਦੀ ਹਮਾਇਤ ਸੀ। ਨਿਰੰਜਨੀ ਅਖਾੜੇ ਦੇ ਨਾਗੇ ਵੀ ਉਸ ਦੇ ਹਮਾਇਤੀ ਸਨ।

ਇਸ ਝਗੜੇ ਵਿਚ ਮਾਧਵ ਆਸ਼ਰਮ ਦੇ ਕਾਫੀ ਸੱਟਾਂ ਲੱਗੀਆਂ ਜੋ ਉਸ ਅਨੁਸਾਰ ਵਾਸੂਦੇਵਾ ਨੰਦ ਅਤੇ ਸਵਰੂਪਾ ਨੰਦ ਦੇ ਭੇਜੇ ਨਾਗਿਆ ਨੇ ਮਾਰੀਆਂ। ਪ੍ਰਸ਼ਾਸਨ ਨੇ ਵਿਚ-ਵਿਚਾਲਾ ਕਰ ਕੇ ਮਸਲਾ ਠੰਢਾ ਪਾ ਦਿੱਤਾ। ਸ਼ਾਹੀ ਇਸ਼ਨਾਨ ਲਈ ਅਵਹਾਨ ਅਤੇ ਅਗਨੀ, ਜੂਨਾ ਨਾਲ ਜੁੜੇ ਹੋਏ ਹਨ। ਅਨੰਦ ਨਿਰੰਜਨੀ ਨਾਲ, ਅਟੱਲ ਮਹਾਂ ਨਿਰਵਾਣੀ ਨਾਲ ਜੁੜਿਆ ਹੋਇਆ ਸੀ। ਹਰਿਦੁਆਰ ਕੁੰਭ ਦੀ ਪ੍ਰਥਾ ਹੈ ਕਿ ਨਿਰੰਜਨੀ ਅਖਾੜਾ ਪਹਿਲਾਂ ਇਸ਼ਨਾਨ ਕਰਦਾ ਹੈ, ਫਿਰ ਜੂਨਾ, ਅਵਹਾਨ ਅਤੇ ਅਗਨੀ। ਉਸ ਤੋਂ ਬਾਅਦ ਮਹਾਂ ਨਿਰਵਾਣੀ ਅਤੇ ਅਟੱਲ ਤੇ ਫਿਰ ਵੈਸ਼ਨਵ ਅਤੇ ਹੋਰ ਅਖਾੜੇ। ਜਦੋਂ ਜੂਨਾ ਨਾਗੇ ਪਹੁੰਚ ਗਏ ਤਾਂ ਨਿਰੰਜਨੀ ਨਾਗੇ ਬਾਹਰ ਨਹੀਂ ਸੀ ਆਏ। ਜੂਨਾ ਅਖਾੜੇ ਨੇ ਹਮਲਾ ਬੋਲ ਦਿੱਤਾ। ਤਲਵਾਰਾਂ, ਭਾਲੇ, ਨੇਜੇ ਅਤੇ ਤ੍ਰਿਸ਼ੂਲਾਂ ਨਾਲ ਨਾਗਿਆ ਦੇ ਸਰੀਰ ਲਹੂ-ਲੁਹਾਣ ਸਨ। ਕੋਈ ਪਛਾਣ ਨਹੀਂ ਸੀ ਆ ਰਿਹਾ ਕਿ ਕੌਣ ਕਿਹੜੇ ਅਖਾੜੇ ਦਾ ਹੈ। ਉਸ ਕੋਲ ਖੜ੍ਹੀ ਇੱਕ ਮੂਰਤੀ (ਨਾਗੇ) 'ਤੇ ਤਲਵਾਰ ਨਾਲ ਹਮਲਾ ਹੋਣ ਤੋਂ ਰੋਕਣ ਲਈ ਜਦੋਂ ਉਹ ਮੂਹਰੇ ਆਇਆ ਤਾਂ ਉਹ ਉਸ 'ਤੇ ਟੁੱਟ ਪਏ। ਉਸ ਨੇ ਡੁਬਕੀ ਲਗਾ ਕੇ ਮਸਾਂ ਜਾਨ ਬਚਾਈ।

**(ਬਾਕੀ ਅਗਲੇ ਸਫੇ 'ਤੇ)**

# ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਹੈ ਗੰਗਾਸਾਗਰ

ਪ੍ਰਿੰਸੀਪਲ ਸਰਵਣ ਸਿੰਘ

2023 ਦੀ ਵਿਸਾਖੀ ਮੌਕੇ 13, 14, 15 ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਮਾਲਟਨ, ਟੋਰਾਂਟੋ ਵਿਖੇ ਸੰਗਤਾਂ ਨੂੰ ਗੰਗਾ ਸਾਗਰ ਦੇ ਦਰਸ਼ਨ ਕਰਵਾਏ ਜਾ ਗਏ। 16-17 ਅਪ੍ਰੈਲ ਨੂੰ ਗੁਰਦੁਆਰਾ ਦਰਬਾਰ ਸਾਹਿਬ ਸਰੀ, ਬ੍ਰਿਟਿਸ਼ ਕੋਲੰਬੀਆ ਵਿਖੇ ਵੀ ਦਰਸ਼ਨ ਕਰਵਾਏ ਜਾਣਗੇ। ਨਵਾਬ ਰਾਏਕੱਲ੍ਹਾ ਦੇ ਨੌਵੇਂ ਵਾਰਸ ਰਾਏ ਅਜ਼ੀਜ਼ ਉੱਲਾ ਖਾਂ ਦੱਸਦੇ ਹਨ, "ਅਤਿ ਭਿਆਨਕ ਸਮੇਂ ਸਾਡੇ ਵਡੇਰੇ ਰਾਏ ਕੱਲ੍ਹਾ ਜੀ ਨੇ ਆਪਣੇ ਖਾਨਦਾਨ 'ਤੇ ਪੈਣ ਵਾਲੀ ਬਿਪਤਾ ਦੀ ਪਰਵਾਹ ਕਰੇ ਬਿਨਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਸੁਰੱਖਿਅਤ ਠਾਹਰ ਦਿੱਤੀ ਅਤੇ ਨਿਸ਼ਕਾਮ ਸੇਵਾ ਕੀਤੀ। ਉਸ ਸੇਵਾ ਤੋਂ ਖ਼ੁਸ਼ ਹੋ ਕੇ ਗੁਰੂ ਜੀ ਨੇ ਗੰਗਾਸਾਗਰ ਦੀ ਦਾਤ ਬਖ਼ਸ਼ੀ ਜੋ ਇਨਸਾਨੀਅਤ ਦੇ ਅਜ਼ੀਮ ਰਿਸ਼ਤੇ ਦੀ ਪਵਿੱਤਰ ਨਿਸ਼ਾਨੀ ਹੈ। ਸਾਨੂੰ ਫਖ਼ਰ ਹੈ ਕਿ ਸਾਡੇ ਵਡੇਰੇ ਨੇ ਔਰੰਗਜ਼ੇਬ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਕੁਰਬਾਨੀ ਦਾ ਜਜ਼ਬਾ ਵਿਖਾਇਆ ਜਦਕਿ ਕਈ ਨੇੜਲੇ ਰਾਜੇ ਡਰਦੇ ਮਾਰੇ ਗੁਰੂ ਜੀ ਤੋਂ ਪਿੱਛੇ ਹਟ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਗੰਗਾਸਾਗਰ ਦੀ ਥਾਂ ਸਾਨੂੰ ਮਿੱਟੀ ਦਾ ਪਿਆਲਾ ਵੀ ਬਖ਼ਸ਼ ਦਿੰਦੇ ਤਦ ਵੀ ਅਸੀਂ ਏਨੀ ਹੀ ਸ਼ਰਧਾ ਨਾਲ ਸੰਭਾਲ ਕੇ ਰੱਖਣਾ ਸੀ।''

ਗਜ਼ਟੀਅਰ ਆਫ਼ ਦਾ ਲੁਧਿਆਣਾ ਡਿਸਟ੍ਰਿਕਟ 1888-89 ਦੇ ਪੰਨਾ 112 ਉਪਰ ਅੰਕਿਤ ਹੈ ਕਿ ਰਾਏਕਿਆਂ ਨੇ ਸਮਰਾਟ ਅਕਬਰ ਨੂੰ ਧੀ ਦਾ ਡੋਲਾ ਦੇਣੋਂ ਨਾਂਹ ਕਰ ਦਿੱਤੀ ਸੀ ਜਿਸ ਬਦਲੇ ਉਨ੍ਹਾਂ ਦੀ ਰਾਏਕੋਟ ਰਿਆਸਤ ਜ਼ਬਤ ਕਰ ਲਈ ਗਈ ਸੀ। ਬਾਅਦ ਵਿਚ ਸ਼ਾਹਜਹਾਂ ਨੇ ਰਿਆਸਤ ਮੋੜੀ। ਔਰੰਗਜ਼ੇਬ ਵੇਲੇ ਰਾਏਕਿਆਂ ਦੀ ਸਰਹੰਦ ਦੇ ਸੂਬੇਦਾਰ ਨਾਲ ਖੜਕਦੀ ਸੀ। ਉਨ੍ਹਾਂ ਨੇ ਬੰਦਾ ਬਹਾਦਰ ਦੇ ਹਮਲਿਆਂ ਤੋਂ ਪਹਿਲਾਂ ਲੁਧਿਆਣੇ ਤੇ ਫਿਰੋਜ਼ਪੁਰ ਦਾ ਕਾਫੀ ਸਾਰਾ ਇਲਾਕਾ ਰਿਆਸਤ ਰਾਏਕੋਟ ਵਿਚ ਮਿਲਾ ਲਿਆ ਸੀ। 1947 ਤੋਂ ਪਹਿਲਾਂ ਖਾਨ ਬਹਾਦਰ ਰਾਏ ਅਨਾਇਤ ਖਾਂ ਆਨਰੇਰੀ ਮੈਜਿਸਟ੍ਰੇਟ ਸਨ। ਰਾਏਕੋਟ 'ਚ ਜਿੱਥੇ ਕਚਹਿਰੀ ਲੱਗਦੀ ਸੀ ਉਥੇ ਹੁਣ ਲੜਕੀਆਂ ਦਾ ਸਕੂਲ ਹੈ।

ਰਾਏ ਅਜ਼ੀਜ਼ ਉੱਲਾ ਖਾਂ ਪਾਕਿਸਤਾਨ ਪਾਰਲੀਮੈਂਟ ਦੇ ਮੈਂਬਰ ਰਹੇ ਹਨ। ਉਹ ਤੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਐਟੀਸਨ ਕਾਲਜ ਲਾਹੌਰ ਵਿਚ 'ਕੱਠੇ ਪੜ੍ਹਦੇ ਤੇ ਹਾਕੀ ਖੇਡਦੇ ਸਨ। 1964 ਵਿਚ ਉਹ ਕਾਲਜ ਦੀ ਜੂਨੀਅਰ ਹਾਕੀ ਟੀਮ ਦੇ ਮੈਂਬਰ ਸਨ। ਉਨ੍ਹਾਂ ਦੀ ਦੋਸਤੀ ਬਰਕਰਾਰ ਹੈ। ਇਸ ਵਿਚਕਾਰ ਨਾ ਕੋਈ ਲੋਭ ਹੈ ਨਾ ਲਾਲਚ। ਇਮਰਾਨ ਖਾਨ ਜਦ ਵੀ ਲਾਹੌਰ ਗੇੜਾ ਮਾਰਦਾ ਹੈ ਤਾਂ ਆਪਣੇ ਕਾਲਜੀਏਟ ਦੋਸਤ ਨੂੰ ਅਕਸਰ ਮਿਲਦਾ ਗਿਲਦਾ ਹੈ। ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜੋ ਲਾਂਘਾ ਖੁੱਲ੍ਹਿਆ ਉਹਦੇ ਪਿਛੋਕੜ ਵਿਚ ਇਮਰਾਨ ਖਾਨ ਦੇ ਖਿਡਾਰੀ ਦੋਸਤਾਂ ਰਾਏ ਅਜ਼ੀਜ਼ ਉੱਲਾ ਤੇ ਨਵਜੋਤ ਸਿੰਘ ਸਿੱਧੂ ਦਾ ਵੀ ਰੋਲ ਸੀ। ਰਾਏ ਸਾਹਿਬ ਹੀ ਨੇ ਸਿੱਖਾਂ ਲਈ ਨਨਕਾਣਾ ਸਾਹਿਬ ਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ, ਮੁਸਲਮਾਨਾਂ ਲਈ ਮੱਕੇ ਤੇ ਮਦੀਨੇ ਦੇ ਹੱਜ ਵਾਂਗ ਦੱਸਣ ਦੀ ਦਲੀਲ ਇਮਰਾਨ ਖਾਨ ਨੂੰ ਦਿੱਤੀ ਸੀ। ਰਾਏ ਅਜ਼ੀਜ਼ ਉੱਲਾ ਗੁਰਮੁਖੀ ਪੜ੍ਹ ਲੈਂਦੇ ਹਨ ਜਿਸ ਕਰਕੇ ਗੁਰੂ ਸਾਹਿਬਾਨ ਤੇ ਸਿੱਖ ਇਤਿਹਾਸ ਦੇ ਪੂਰੇ ਜਾਣੂ ਹਨ।

ਮੈਂ ਨਿੱਕਾ ਹੁੰਦਾ ਸੁਣਦਾ ਸਾਂ ਕਿ ਰਾਏ ਕੱਲ੍ਹਾ ਦੇ ਵਾਰਸਾਂ ਕੋਲ ਗੁਰੂ ਗੋਬਿੰਦ ਸਿੰਘ ਜੀ ਦਾ ਬਖ਼ਸ਼ਿਆ ਗੰਗਾਸਾਗਰ ਹੈ ਜੀਹਦੇ 'ਚੋਂ ਰੇਤ ਕਿਰ ਜਾਂਦੀ ਹੈ, ਪਾਣੀ ਨਹੀਂ ਡੁਲ੍ਹਦਾ। 1947 ਤੋਂ ਪਹਿਲਾਂ ਰਾਏਕੋਟ ਦੇ ਮੁਖੀ ਖ਼ਾਨ ਬਹਾਦਰ ਰਾਏ ਅਨਾਇਤ ਖਾਂ ਆਪਣੀ ਹਵੇਲੀ ਵਿਚ ਹਰ ਸਾਲ 2 ਤੋਂ 4 ਜਨਵਰੀ ਤਕ ਗੰਗਾਸਾਗਰ ਦੇ ਦਰਸ਼ਨ ਕਰਵਾਉਂਦੇ ਸਨ। ਗੁਰਦੁਆਰਾ ਟਾਹਲੀਆਣਾ ਸਾਹਿਬ ਤੋਂ ਰਾਏਕਿਆਂ ਦੀ ਹਵੇਲੀ ਤਕ ਸੰਗਤਾਂ ਨੰਗੇ ਪੈਰੀਂ ਚੱਲ ਕੇ ਜਾਂਦੀਆਂ। ਅਸੀਂ ਗੰਗਾਸਾਗਰ ਦੀਆਂ ਹੈਰਾਨ ਕਰਨ ਵਾਲੀਆਂ ਸਾਖੀਆਂ ਸੁਣਦੇ। ਮੈਂ ਉਦੋਂ ਸੱਤਾਂ ਸਾਲਾਂ ਦਾ ਸਾਂ। ਮੇਰੇ ਮਨ ਵਿਚ ਗੰਗਾਸਾਗਰ ਦੇ ਦਰਸ਼ਨ ਕਰਨ ਦੀ ਰੀਝ ਜਾਗਦੀ। ਆਖ਼ਰ ਸੱਠ ਸਾਲਾਂ ਬਾਅਦ ਦਰਸ਼ਨ ਹੋਏ। ਗੰਗਾਸਾਗਰ ਨੂੰ ਮੈਂ ਅਦਬ ਨਾਲ ਨੀਝ ਲਾ ਕੇ ਵੇਖਿਆ। ਰਾਏ ਅਜ਼ੀਜ਼ ਉੱਲਾ ਨਾਲ ਗੱਲਾਂ ਕਰਨ ਦੇ ਮੌਕੇ ਮਿਲੇ ਅਤੇ ਉਨ੍ਹਾਂ ਦੀ ਪ੍ਰਾਹੁਣਚਾਰੀ ਮਾਣੀ। ਅੱਜ-ਕੱਲ੍ਹ ਉਹ ਸਰਦੀਆਂ ਵਿਚ ਲਾਹੌਰ ਤੇ ਗਰਮੀਆਂ 'ਚ ਕੈਨੇਡਾ ਦੇ ਸ਼ਹਿਰ ਸਰੀ ਵਿਚ ਰਹਿੰਦੇ ਹਨ। ਮੈਂ ਉਨ੍ਹਾਂ ਨੂੰ ਲਾਹੌਰ ਵੀ ਮਿਲਿਆ ਅਤੇ ਸਰੀ ਤੇ ਟੋਰਾਂਟੋ ਵਿਚ ਵੀ। ਉਹ ਪੰਜਾਬੀ ਲੇਖਕਾਂ ਦੇ ਚੰਗੇ ਵਾਕਫ਼ ਹਨ। ਕਾਲਜ ਪੜ੍ਹਦਿਆਂ ਹਾਕੀ ਖੇਡਦੇ ਸਨ ਹੁਣ ਗੌਲਫ਼ ਖੇਡਦੇ ਹਨ। ਪਾਕਿਸਤਾਨ ਦੀ ਗੌਲਫ਼ ਫੈਡਰੇਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਹਨ। 1982 ਵਿਚ ਨਵੀ ਦਿੱਲੀ ਦੀਆਂ ਏਸ਼ਿਆਈ ਖੇਡਾਂ ਵੇਖਣ ਭਾਰਤ ਆਏ ਸਨ। 2004 ਵਿਚ ਛੋਟੇ ਸਾਹਿਬਜ਼ਾਦਿਆਂ ਦੇ ਤਿੰਨ ਸੌ ਸਾਲਾ ਸ਼ਹੀਦੀ ਜੋੜ ਮੇਲੇ ਸਮੇਂ ਸੰਗਤਾਂ ਨੂੰ ਦਰਸ਼ਨ ਕਰਾਉਣ ਲਈ ਗੰਗਾਸਾਗਰ ਭਾਰਤ ਵਿਚ ਲਿਆਏ ਸਨ।

ਚਾਰਟਡ ਫਲਾਈਟ ਦੁਆਰਾ ਗੰਗਾਸਾਗਰ ਰਾਜਾਸਾਂਸੀ ਹਵਾਈ ਅੱਡੇ 'ਤੇ ਪੁੱਜਾ ਤਾਂ ਬੇਸ਼ੁਮਾਰ ਸੰਗਤਾਂ ਉਡੀਕ ਵਿਚ ਖੜ੍ਹੀਆਂ ਸਨ। ਇਕ ਸਿੱਖ ਦੌੜਦਾ ਰਾਏ ਸਾਹਿਬ ਪਾਸ ਪਹੁੰਚਾ ਤੇ ਰੁਮਾਲੇ ਵਿਚ ਲਪੇਟਿਆ ਤੋਹਫ਼ਾ ਅਦਬ ਸਹਿਤ ਭੇਟ ਕੀਤਾ। ਖੋਲ੍ਹਿਆ ਤਾਂ ਉਹ ਪਾਕਿ ਕੁਰਾਨ ਸ਼ਰੀਫ਼ ਸੀ। ਉਸ ਮੌਕੇ ਦੋਹਾਂ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਉਮਡ ਆਏ। ਇਹ ਸੀ ਇਕ ਦੂਜੇ ਦੇ ਅਕੀਦੇ ਲਈ ਅਦਬ ਸਤਿਕਾਰ! ਸੰਗਤਾਂ ਦੇ ਭਾਰੀ ਜਲੌਅ ਨਾਲ ਗੰਗਾਸਾਗਰ ਸ੍ਰੀ ਹਰਿਮੰਦਰ ਸਾਹਿਬ ਪਹੁੰਚਾਇਆ ਗਿਆ। ਫਿਰ ਫਤਿਹਗੜ੍ਹ ਸਾਹਿਬ, ਚਮਕੌਰਸਾਹਿਬ, ਆਲਮਗੀਰ ਤੇ ਮੁੱਲਾਂਪੁਰ ਰਾਹੀਂ ਰਾਏਕੋਟ ਲਿਜਾਇਆ ਗਿਆ। ਲੁਧਿਆਣੇ ਤੋਂ ਰਾਏਕੋਟ ਪਹੁੰਚਦਿਆਂ ਸਾਢੇ ਦਸ ਘੰਟੇ ਲੱਗੇ। 1947 ਤੋਂ 57 ਸਾਲ ਬਾਅਦ ਰਾਏਕੋਟ ਲਿਆਂਦੇ ਗਏ ਗੰਗਾਸਾਗਰ ਦੇ ਲੱਖਾਂ ਲੋਕਾਂ ਨੇ ਦਰਸ਼ਨ ਕੀਤੇ।

ਗੰਗਾਸਾਗਰ ਤਾਂਬੇ ਦਾ ਲੋਟਾ ਨੁਮਾ ਬਰਤਨ ਹੈ ਜਿਸ ਵਿਚ 288 ਛੇਕ ਹਨ। ਉਸਦੇ ਕਮਾਨੀਦਾਰ ਹੱਥੀ ਤੇ ਕੇਤਲੀ ਵਾਂਗ ਟੂਟੀ ਲੱਗੀ ਹੈ। ਸਦੀਆਂ ਪੁਰਾਣੇ ਬਰਤਨ ਦੀ ਕੁਝ ਮੁਰੰਮਤ ਵੀ ਹੋਈ ਦਿਸਦੀ ਹੈ। ਸੁਰਾਹੀ ਵਰਗੇ ਲੋਟਾਨੁਮਾ ਬਰਤਨ ਦੀ ਲੰਮੀ ਗਰਦਨ ਉਪਰ ਧਾਤ ਦੀ ਜਾਲੀ ਵਾਲਾ ਨਿੱਕਾ ਮੂੰਹ ਹੈ ਜਿਸ ਉਤੇ ਟੋਪੀਦਾਰ ਢੱਕਣ ਹੈ। ਲੋਟੇ ਦੇ ਪੇਟ ਦੀ ਗੁਲਾਈ ਉਤੇ ਅਤੇ ਥੱਲੇ ਵਿਚ ਦੂਹਰੀਆਂ ਮੋਰੀਆਂ ਹਨ। ਇਨ੍ਹਾਂ ਮੋਰੀਆਂ ਵਿਚੋਂ ਰੇਤ ਕਿਰ ਜਾਂਦੀ ਹੈ ਜਦਕਿ ਤਰਲ ਪਦਾਰਥ ਨਹੀਂ ਡੁੱਲ੍ਹਦਾ। ਦੁੱਧ ਜਾਂ ਪਾਣੀ ਪਾਈਏ ਤਾਂ ਪਹਿਲਾਂ ਕੁਝ ਬੂੰਦਾਂ ਸਿਮਦੀਆਂ ਹਨ ਜੋ ਬਰਤਨ ਭਰ ਜਾਣ 'ਤੇ ਬੰਦ ਹੋ ਜਾਂਦੀਆਂ ਹਨ। ਇਸਦੀ ਚੌੜਾਈ ਅੱਧੇ ਫੁੱਟ ਤੋਂ ਵੱਧ ਤੇ ਉਚਾਈ ਇਕ ਫੁੱਟ ਤੋਂ ਘੱਟ ਹੈ। ਵਜ਼ਨ ਅੱਧਾ ਕੁ ਕਿਲੋਗਰਾਮ ਹੈ। ਗੰਗਾਸਾਗਰ ਦੇ ਹਿੰਦੂਤਵੀ ਨਾਂ ਅਤੇ ਇਸਲਾਮੀ ਲੋਟੇ ਦੀ ਬਣਤਰ ਵਾਲੇ ਬਰਤਨ ਦੇ ਨਿੱਕੇ ਨਿੱਕੇ ਛੇਕਾਂ ਵਿਚ ਦੀ ਆਰਪਾਰ ਦਿਸਦਾ ਹੈ। ਅਜਬ ਕਾਰੀਗਰੀ ਹੈ ਇਸ ਅਦਭੁੱਤ ਗੰਗਾ ਸਾਗਰ ਦੀ!

ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਇਹ ਬਰਤਨ, ਬਣਤਰ ਅਤੇ ਨਾਮ ਤੋਂ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਦੀ ਸਾਂਝ ਦਾ ਪ੍ਰਤੀਕ ਹੈ। ਧਰਮਾਂ ਦੇ ਆਪਸੀ ਪਿਆਰ ਦੀ ਨਿਸ਼ਾਨੀ। ਮੁਸਲਮਾਨ ਲੋਟੇ ਨਾਲ ਉਜ਼ੂ ਕਰ ਕੇ ਨਮਾਜ਼ ਅਦਾ ਕਰਦੇ ਹਨ, ਹਿੰਦੂਆਂ ਲਈ ਗੰਗਾਸਾਗਰ ਕੁੰਭ ਤੋਂ ਬਾਅਦ ਦੂਜਾ ਵੱਡਾ ਤੀਰਥ ਸਥਾਨ ਹੈ ਜੋ ਗੰਗਾ ਨਦੀ ਦੇ ਬੰਗਾਲ ਦੀ ਖਾੜੀ ਵਿਚ ਸਮਾਉਣ ਨਾਲ ਟਾਪੂ ਬਣਿਆ ਹੈ। ਉਸ ਟਾਪੂ ਦਾ ਰਕਬਾ 282 ਵਰਗ ਕਿਲੋਮੀਟਰ ਹੈ। ਮਾਘੀ ਮੌਕੇ ਲੱਖਾਂ ਲੋਕ ਗੰਗਾਸਾਗਰ ਦਾ ਇਸ਼ਨਾਨ ਕਰਦੇ ਹਨ। ਕਲਕੱਤੇ ਤੋਂ 142 ਕਿਲੋਮੀਟਰ ਦੂਰ ਹੈ। ਸਿੱਖਾਂ ਲਈ ਗੰਗਾਸਾਗਰ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਨਿਸ਼ਾਨੀ ਹੈ।

1947 ਦੇ ਉਜਾੜੇ ਵੇਲੇ ਰਾਏਕੱਲ੍ਹਾ ਦੇ ਵਾਰਸ ਰਾਏ ਇਨਾਇਤ ਖਾਂ ਬਾਕੀ ਸਾਰਾ ਕੁਝ ਪਿੱਛੇ ਛੱਡ ਕੇ ਗੰਗਾਸਾਗਰ ਆਪਣੇ ਨਾਲ ਲਾਹੌਰ ਲੈ ਚਲੇ ਗਏ ਸਨ। ਰਸਤੇ ਵਿਚ ਮੁਸੀਬਤਾਂ ਸਨ ਪਰ ਗੰਗਾਸਾਗਰ ਦੀ ਸੁਰੱਖਿਆ ਉਨ੍ਹਾਂ ਲਈ ਜਾਨ ਤੋਂ ਪਿਆਰੀ ਸੀ। ਉਨ੍ਹਾਂ ਨੇ ਰਿਹਾਇਸ਼ ਲਾਹੌਰ ਦੇ ਮਾਡਲ ਟਾਊਨ ਵਿਚ ਰੱਖੀ। ਗੰਗਾਸਾਗਰ ਪਹਿਲਾਂ ਘਰ ਤੇ ਫਿਰ ਲੰਡਨ ਦੇ ਬੈਂਕ ਲੌਕਰ ਵਿਚ ਰੱਖ ਕੇ ਉਹਦੀ ਕੋਹਿਨੂਰ ਤੋਂ ਵੀ ਵੱਧ ਸੰਭਾਲ ਕੀਤੀ। 1951 ਵਿਚ ਜਨਮੇ ਅਜ਼ੀਜ਼ ਉੱਲਾ ਅਜੇ ਡੇਢ ਸਾਲ ਦੇ ਸਨ ਕਿ ਉਹਦੇ ਦਾਦਾ ਰਾਏ ਅਨਾਇਤ ਖਾਂ ਫ਼ੌਤ ਹੋ ਗਏ। ਚਾਰ ਸਾਲ ਦੇ ਸਨ ਕਿ ਮਾਂ ਚੱਲ ਵਸੀ। ਸਾਢੇ ਛੇ ਸਾਲ ਦੇ ਹੋਏ ਤਾਂ ਵਾਲਦ ਵੀ ਚਲਾਣਾ ਕਰ ਗਏ। ਅਜ਼ੀਜ਼ ਉੱਲਾ ਬਿਰਧ ਦਾਦੀ ਨੇ ਪਾਲਿਆ ਤੇ ਪੜ੍ਹਾਇਆ। ਉਸ ਨੇ ਗੰਗਾਸਾਗਰ ਦੀ ਅਹਿਮੀਅਤ ਦੱਸੀ। ਉਹ ਚੌਵੀ ਸਾਲ ਦੇ ਹੋਏ ਤਾਂ ਬਿਰਧ ਦਾਦੀ ਵੀ ਚਲਾਣਾ ਕਰ ਗਈ। ਦਾਦੀ ਦੇ ਜਿਊਂਦਿਆਂ ਅਜ਼ੀਜ਼ ਉੱਲਾ ਕੇਵਲ ਦੋ ਵਾਰ ਗੰਗਾਸਾਗਰ ਨੂੰ ਛੋਹ ਸਕੇ।

ਅਪਰੈਲ 2001 ਵਿਚ ਆਲਮੀ ਪੰਜਾਬੀ ਕਾਨਫਰੰਸ ਸਮੇਂ ਸਾਨੂੰ ਲਾਹੌਰ ਜਾਣ ਦਾ ਮੌਕਾ ਮਿਲਿਆ ਤਾਂ ਉਥੇ ਰਾਏ ਅਜ਼ੀਜ਼ ਉੱਲਾ ਖਾਂ ਨਾਲ ਮੁਲਾਕਾਤ ਹੋ ਗਈ। ਗੱਲਾਂ ਕਰਦਿਆਂ ਗੰਗਾਸਾਗਰ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਇਹ ਸਾਂਝ ਵੀ ਨਿਕਲ ਆਈ ਕਿ ਉਨ੍ਹਾਂ ਦਾ ਵਡੇਰਾ ਸ਼ੇਖ਼ ਚਾਚੂ ਸਾਡੇ ਪਿੰਡ ਚਕਰ ਦਾ ਵਾਸੀ ਸੀ। ਇਸ ਸਾਂਝ ਨਾਲ ਅਸੀਂ ਗਰਾਂਈਂ ਬਣ ਗਏ!

ਮੇਰੇ ਨਾਲ ਚਕਰੋਂ ਮਾਸਟਰ ਸ਼ੰਗਾਰਾ ਸਿੰਘ ਵੀ ਲਾਹੌਰ ਗਿਆ ਸੀ। ਅਸੀਂ ਸ਼ਾਹ ਤਾਜ ਹੋਟਲ ਵਿਚ ਠਹਿਰੇ ਸਾਂ। ਅਗਲੇ ਦਿਨ ਸਾਡੇ ਲਈ ਫੋਨ ਆਇਆ। ਅੱਗੋਂ ਰਾਏ ਸਾਹਿਬ ਬੋਲ ਰਹੇ ਸਨ। ਉਨ੍ਹਾਂ ਦਾ ਨਿੱਘਾ ਸੱਦਾ ਸੀ ਕਿ ਸ਼ਾਮੀਂ ਉਨ੍ਹਾਂ ਦੇ ਘਰ ਪਧਾਰੀਏ। ਉਹ ਖ਼ੁਦ ਆ ਕੇ ਲੈ ਜਾਣਗੇ। ਆਪਸ ਵਿਚ ਪੇਂਡੂ ਹੋਣ ਦੀ ਸਾਂਝ ਬੜੀ ਵੱਡੀ ਹੁੰਦੀ ਹੈ। ਸੱਦਾ ਪਰਵਾਨ ਕਰਦਿਆਂ ਸਾਨੂੰ ਮਾਣ ਹੋਇਆ ਕਿ ਲਾਹੌਰ ਵਿਚ ਵੀ ਚਕਰੀਆਂ ਦੀ ਅੰਗਲੀ ਸੰਗਲੀ ਰਲ ਗਈ ਹੈ ਤੇ ਉਹ ਵੀ ਰਾਏ ਅਜ਼ੀਜ਼ ਉੱਲਾ ਖਾਂ ਵਰਗੇ ਮੋਹਤਬਰ ਸੱਜਣ ਨਾਲ!

ਸ਼ਾਮ ਨੂੰ ਰਾਏ ਸਾਹਿਬ ਸਾਨੂੰ ਆਪਣੇ ਘਰ ਲੈ ਗਏ। ਨਾਲ ਵਰਿਆਮ ਸਿੰਘ ਸੰਧੂ ਵੀ ਸੀ। ਘਰ ਵਿਚ ਖ਼ਾਨ ਦੀ ਭੂਆ, ਬੇਗਮ ਤੇ ਬੱਚੇ ਮੌਜੂਦ ਸਨ। ਖ਼ਾਨ ਦੀ ਭੂਆ ਸੱਤਰ ਸਾਲ ਤੋਂ ਵਡੇਰੀ ਹੋਣ ਕਰਕੇ ਰਾਏਕੋਟ ਤੇ ਆਲੇ-ਦੁਆਲੇ ਦੇ ਪਿੰਡਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਉਸ ਨੇ ਤਲਵੰਡੀ ਰਾਏ, ਹਲਵਾਰਾ, ਆਂਡਲੂ, ਹਠੂਰ ਤੇ ਚਕਰ ਦਾ ਖ਼ਾਸ ਜ਼ਿਕਰ ਕੀਤਾ। ਦੱਸਿਆ ਕਿ ਕਿਵੇਂ ਸ਼ਰਧਾ ਨਾਲ ਗੰਗਾਸਾਗਰ ਦੇ ਦਰਸ਼ਨ ਕਰਵਾਏ ਜਾਂਦੇ ਸਨ ਅਤ ਉਨ੍ਹਾਂ ਦੇ ਪਰਿਵਾਰ ਤੇ ਸੰਗਤਾਂ ਵਿਚ ਕਿੰਨਾ ਸੇਵਾ ਭਾਵ ਤੇ ਪਿਆਰ ਸਤਿਕਾਰ ਸੀ। ਮੈਂ ਆਪਣੀ ਚਿਰੋਕਣੀ ਰੀਝ ਪੂਰੀ ਕਰਨ ਲਈ ਬੇਨਤੀ ਕੀਤੀ ਕਿ ਅਸੀਂ ਵੀ ਗੰਗਾਸਾਗਰ ਦੇ ਦਰਸ਼ਨ ਕਰਨੇ ਚਾਹੁੰਦੇ ਹਾਂ। ਰਾਏ ਸਾਹਿਬ ਨੇ ਕਿਹਾ ਕਿ ਇਸ ਵੇਲੇ ਗੰਗਾਸਾਗਰ ਲੰਡਨ ਦੇ ਬੈਂਕ ਲੌਕਰ ਵਿਚ ਸੁਰੱਖਿਅਤ ਹੈ। ਉਨ੍ਹਾਂ ਨੇ ਗੰਗਾਸਾਗਰ ਤੇ ਆਪਣੇ ਪਰਿਵਾਰਕ ਪਿਛੋਕੜ ਨਾਲ ਸੰਬੰਧਿਤ ਕੁਝ ਪੜ੍ਹਨ ਸਮੱਗਰੀ ਸਾਨੂੰ ਦਿੱਤੀ।

ਰਾਏ ਅਜ਼ੀਜ਼ ਉਲਾ ਖਾਂ ਨੇ ਆਪਣੇ ਪੁਰਖੇ ਰਾਏਕਿਆਂ ਦਾ ਪਿਛੋਕੜ ਜਾਣਨ ਲਈ ਲਾਹੌਰ ਤੋਂ ਲੰਡਨ ਤਕ ਦੀਆਂ ਲਾਇਬ੍ਰੇਰੀਆਂ ਛਾਣ ਮਾਰੀਆਂ ਹਨ। ਪੰਜਾਬ ਡਿਸਟ੍ਰਿਕਟ ਗਜ਼ਟੀਅਰ ਲੁਧਿਆਣਾ ਭਾਗ ਪਹਿਲੇ ਵਿਚ ਦਰਜ ਹੈ ਕਿ ਬਾਰ੍ਹਵੀਂ ਸਦੀ ਵਿਚ ਮੋਕਲ ਚੰਦ ਨਾਂ ਦਾ ਹਿੰਦੂ ਰਾਜਪੂਤ ਜੈਸਲਮੇਰ ਦੇ ਇਲਾਕੇ 'ਚੋਂ ਉਠ ਕੇ ਪੰਜਾਬ ਆਇਆ ਸੀ। ਉਸਦੀ ਚੌਥੀ ਪੀੜ੍ਹੀ ਦੇ ਤੁਲਸੀ ਰਾਮ ਨੇ 1323 ਵਿਚ ਪਿੰਡ ਚਕਰ ਦੀ ਮੋਹੜੀ ਗੱਡੀ। ਉਹ ਬਹਾਵਲਪੁਰ ਦੇ 'ਉੱਚ ਦੇ ਪੀਰ' ਦੇ ਪ੍ਰਭਾਵ ਨਾਲ ਇਸਲਾਮ ਵਿਚ ਆਇਆ ਅਤੇ ਉਸਦਾ ਨਾਂ ਸਿਰਾਜਉਦੀਨ ਉਰਫ਼ ਸ਼ੇਖ਼ਚੱਕੂ ਰੱਖਿਆ ਗਿਆ। ਸ਼ੇਖ਼ਚੱਕੂ ਦੀ ਛੇਵੀਂ ਪੀੜ੍ਹੀ 'ਚ ਰਾਏ ਕਮਾਲਉਦੀਨ ਪਹਿਲਾ ਤੇ ਸੱਤਵੀਂ ਪੀੜ੍ਹੀ 'ਚ ਰਾਏ ਕੱਲ੍ਹਾ ਪਹਿਲਾ ਹੋਇਆ ਜਿਸਨੂੰ ਸੁਲਤਾਨ ਅਲਾਉਦੀਨ ਗੌਰੀ ਨੇ ਰਾਏਕੋਟ ਦੇ ਆਲੇ-ਦੁਆਲੇ ਦਾ ਕਾਫੀ ਸਾਰਾ ਇਲਾਕਾ ਜਗੀਰ ਵਜੋਂ ਦੇ ਕੇ 'ਰਾਏ' ਦਾ ਖ਼ਿਤਾਬ ਬਖ਼ਸ਼ਿਆ। ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਰਾਏ ਕੱਲ੍ਹਾ ਪਹਿਲਾ ਨੇ 1478 ਈਸਵੀ ਵਿਚ ਪਿੰਡ ਤਲਵੰਡੀ ਰਾਏ ਬੰਨ੍ਹਿਆ।

ਰਾਏ ਕੱਲ੍ਹਾ ਪਹਿਲਾ ਦੀ ਪੀੜ੍ਹੀ ਅੱਗੇ ਤੁਰਦੀ ਰਾਏ ਕਮਾਲਉਦੀਨ ਪਹਿਲਾ, ਰਾਏ ਅਹਿਮਦ ਜਿਸਨੇ 1648 ਵਿਚ ਰਾਏ ਕੋਟਬੱਧਾ, ਫਿਰ ਰਾਏ ਕਮਾਲਉਦੀਨ ਦੂਜਾ ਜਿਸ ਨੇ 1680 ਵਿਚ ਜਗਰਾਓਂ ਦੀ ਮੋਹੜੀ ਗੱਡੀ। ਅੱਗੇ ਰਾਏ ਕੱਲ੍ਹਾ ਦੂਜਾ, ਰਾਏ ਕਮਾਲਉਦੀਨ ਤੀਜਾ ਤੇ ਰਾਏ ਕੱਲ੍ਹਾ ਤੀਜਾ। ਅਗਾਂਹ ਰਾਏ ਮੁਹੰਮਦ, ਰਾਏ ਇਲੀਆਸ, ਨੂਰ-ਉਲ-ਨਿਸਾ ਰਾਣੀ ਭਾਗਭਰੀ, ਰਾਏ ਇਮਾਮ ਬਖ਼ਸ਼, ਰਾਏ ਫੈਜ਼ਤ ਲਬਖਾਂ, ਰਾਏ ਇਨਾਇਤ ਖਾਂ, ਰਾਏ ਫ਼ਕੀਰ ਉੱਲਾ ਖਾਂ ਅਤੇ ਰਾਏ ਅਜ਼ੀਜ਼ ਉੱਲਾ ਖਾਂ। ਅਜ਼ੀਜ਼ ਉੱਲਾ ਦਾ ਵਾਰਸ ਹੈ ਰਾਏ ਮੁਹੰਮਦ ਅਲੀ ਖਾਂ।

ਰਾਏ ਕੱਲ੍ਹਾ ਤੀਜਾ ਉਦੋਂ ਰਾਏਕੋਟ ਰਿਆਸਤ ਦਾ ਮਾਲਕ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ 'ਚੋਂ ਨਿਕਲੇ। ਉਥੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਗਏ ਸਨ। ਮਾਛੀਵਾੜੇ ਦੇ ਜੰਗਲਾਂ ਵਿਚ ਗੁਰੂ ਜੀ ਨੂੰ ਗ਼ਨੀ ਖਾਂ ਤੇ ਨਬੀ ਖਾਂ ਮਿਲੇ ਜੋ ਘੋੜਿਆਂ ਦੇ ਵਪਾਰੀ ਅਤੇ 'ਉੱਚ ਦੇ ਪੀਰ' ਦੇ ਮੁਰੀਦ ਸਨ। ਉਹ ਅਨੰਦਪੁਰ ਸਾਹਿਬ ਘੋੜੇ ਲੈ ਕੇ ਜਾਂਦੇ ਸਨ ਜਿਸ ਕਰਕੇ ਗੁਰੂ ਜੀ ਨੂੰ ਪਛਾਣਦੇ ਸਨ। ਸੰਕਟ ਦੇ ਸਮੇਂ ਉਨ੍ਹਾਂ ਨੇ ਗੁਰੂ ਜੀ ਨੂੰ ਉੱਚ ਦੇ ਪੀਰ ਵਾਲਾ ਵੇਸ ਪੁਆ ਕੇ ਪਲੰਘ ਉਤੇ ਬਿਠਾਇਆ ਤੇ ਫੌਜਾਂ ਦੇ ਘੇਰੇ ਵਿਚੋਂ ਨਿਕਲੇ। ਸੰਭਵ ਹੈ ਉਥੇ ਉਨ੍ਹਾਂ ਨੇ ਪੀਰੀ ਵੇਸ ਨਾਲ ਰੇਹਲ ਸਮੇਤ ਕੁਰਾਨ ਸ਼ਰੀਫ਼ ਤੇ ਗੰਗਾਸਾਗਰ ਵੀ ਦਿੱਤਾ ਹੋਵੇ। ਮਾਛੀਵਾੜੇ ਦੇ ਜੰਗਲਾਂ ਵਿਚੋਂ ਨਿਕਲ ਕੇ ਆਲਮਗੀਰ ਹੁੰਦੇ ਹੋਏ ਉਹ ਪਿੰਡ ਹੇਰ੍ਹਾਂ ਵਿਚ ਮਹੰਤ ਕਿਰਪਾਲ ਦਾਸ ਦੇ ਡੇਰੇ ਪੁੱਜੇ। ਉਥੋਂ ਗ਼ਨੀ ਖਾਂ ਤੇ ਨਬੀ ਖਾਂ ਨੂੰ ਕੁਰਾਨ ਸ਼ਰੀਫ਼ ਦੇ ਕੇ ਵਾਪਸ ਭੇਜ ਦਿੱਤਾ। ਮਹੰਤ ਮੁਗ਼ਲਾਂ ਦੇ ਡਰ ਦਾ ਮਾਰਿਆ ਗੁਰੂ ਜੀ ਨੂੰ ਠਾਹਰ ਨਾ ਦੇ ਸਕਿਆ।

1705 ਦੇ ਪਹਿਲੇ ਹਫ਼ਤੇ ਗੁਰੂ ਜੀ ਰਾਏਕੋਟ ਦੀ ਜੂਹ ਵਿਚ ਪਹੁੰਚੇ। ਉਸ ਸਮੇਂ ਗੁਰੂ ਜੀ ਨੂੰ ਠਾਹਰ ਦੇਣੀ ਔਰੰਗਜ਼ੇਬ ਦੇ ਕਹਿਰ ਨੂੰ ਸੱਦਾ ਦੇਣਾ ਸੀ। ਪਰ ਅਸ਼ਕੇ ਜਾਈਏ ਉਸ ਦਲੇਰ ਮਰਦ ਰਾਏ ਕੱਲ੍ਹੇ ਦੇ, ਜੀਹਨੇ ਜ਼ਾਲਮ ਬਾਦਸ਼ਾਹ ਦੇ ਕਹਿਰ ਦੀ ਪਰਵਾਹ ਨਾ ਕਰਦਿਆਂ ਗੁਰੂ ਜੀ ਨੂੰ ਸ਼ਰਧਾ ਤੇ ਪ੍ਰੇਮ ਨਾਲ ਨਿਵਾਸ ਦਿੱਤਾ ਅਤੇ ਆਪਣੇ ਵਿਸ਼ਵਾਸਪਾਤਰ ਨੂਰੇ ਮਾਹੀ ਨੂੰ ਗੁਰੂ ਜੀ ਦੀ ਟਹਿਲ ਸੇਵਾ ਵਿਚ ਲਾਇਆ। ਇਹ ਰਾਏ ਖਾਨਦਾਨ ਦਾ ਅਜਿਹਾ ਸ਼ੁਭ ਕਰਮ ਸੀ ਜਿਸਨੂੰ ਸਿੱਖ ਕਦੇ ਵੀ ਨਹੀਂ ਭੁਲਾ ਸਕਦੇ।

ਸਾਖੀ ਪ੍ਰਚਲਿਤ ਹੈ ਕਿ ਨੂਰਾਮਾਹੀ ਮੱਝਾਂ ਚਰਾ ਰਿਹਾ ਸੀ ਜਦੋਂ ਗੁਰੂ ਜੀ ਉਥੇ ਪੁੱਜੇ। ਉਨ੍ਹਾਂ ਨੇ ਜਲ ਜਾਂ ਦੁੱਧ ਛਕਣ ਦੀ ਇੱਛਾ ਪ੍ਰਗਟ ਕੀਤੀ। ਨੂਰੇ ਨੇ ਕਿਹਾ ਕਿ ਉਹਦੇ ਕੋਲ ਇਸ ਵੇਲੇ ਜਲ ਨਹੀਂ ਅਤੇ ਦੁੱਧ ਵੀ ਕੋਈ ਮੱਝ ਨਹੀਂ ਲਾਹੇਗੀ ਕਿਉਂਕਿ ਉਹ ਧਾਰਾਂ ਚੋਅ ਆਇਆ ਹੈ। ਉਸ ਕੋਲ ਬਰਤਨ ਵੀ ਕੋਈ ਨਹੀਂ ਸੀ। ਤਦ ਗੁਰੂ ਜੀ ਨੇ ਨੂਰੇ ਮਾਹੀ ਨੂੰ ਗੰਗਾਸਾਗਰ ਫੜਾਉਂਦਿਆਂ ਆਖਿਆ ਕਿ ਔਸ ਝੋਟੀ ਨੂੰ ਥਾਪੀ ਦੇ ਕੇ ਚੋਣ ਦੀ ਕੋਸ਼ਿਸ਼ ਕਰ। ਨੂਰੇ ਮਾਹੀ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਝੋਟੀ ਨੇ ਦੁੱਧ ਲਾਹ ਲਿਆ ਤੇ ਉਹ ਛੇਕਾਂ ਵਾਲੇ ਬਰਤਨ ਵਿਚੋਂ ਡੁੱਲ੍ਹਿਆ ਵੀ ਨਾ। ਉਹ ਭੱਜਾ ਭੱਜਾ ਆਪਣੇ ਮਾਲਕ ਪਾਸ ਪੁੱਜਾ ਤੇ ਆਖਣ ਲੱਗਾ ਆਪਣੇ ਕੋਲ ਕੋਈ ਰੱਬ ਦਾ ਬੰਦਾ ਆਇਆ ਹੈ। ਰਾਏ ਕੱਲ੍ਹਾ ਉਸੇ ਵੇਲੇ ਗੁਰੂ ਜੀ ਪਾਸ ਆਇਆ ਅਤੇ ਅਦਬ ਸਤਿਕਾਰ ਨਾਲ ਆਪਣੇ ਪਾਸ ਠਹਿਰਨ ਦੀ ਬੇਨਤੀ ਕੀਤੀ।

ਰਾਏ ਕੱਲ੍ਹੇ ਨੂੰ ਮਿਲਣ ਤਕ ਗੁਰੂ ਜੀ ਨੂੰ ਪਤਾ ਨਹੀਂ ਸੀ ਕਿ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨਾਲ ਕੀ ਭਾਣਾ ਵਰਤਿਆ ਹੈ? ਗੁਰੂ ਜੀ ਦੇ ਕਹਿਣ ਉਤੇ ਰਾਏ ਕੱਲ੍ਹੇ ਨੇ ਆਪਣੇ ਭਰੋਸੇਯੋਗ ਨੌਕਰ ਨੂਰੇ ਮਾਹੀ ਨੂੰ ਸਰਹੰਦ ਭੇਜਿਆ ਤਾਂ ਜੋ ਗੁਰੂ ਜੀ ਦੇ ਪਰਿਵਾਰ ਦੀ ਕੋਈ ਉੱਘ-ਸੁੱਘ ਮਿਲ ਸਕੇ। ਨੂਰੇ ਦੀ ਭੈਣ ਨੂਰਾਂ ਸਰਹੰਦ ਵਿਆਹੀ ਹੋਈ ਸੀ। ਗੁਰੂ ਜੀ ਨਾਲ ਕਰਾਮਾਤਾਂ ਜੋੜਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਆਪਣੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਕਿਸੇ ਕਰਾਮਾਤ ਨਾਲ ਨਹੀਂ, ਨੂਰੇ ਮਾਹੀ ਰਾਹੀਂ ਮਿਲੀ ਸੀ। ਉਸ ਵੇਲੇ ਗੁਰੂ ਜੀ ਦੇ ਦਿਲ 'ਤੇ ਜੋ ਬੀਤੀ ਹੋਵੇਗੀ ਉਹਦਾ ਅੰਦਾਜ਼ਾ ਸੰਵੇਦਨਸ਼ੀਲ ਵਿਅਕਤੀ ਹੀ ਲਾ ਸਕਦੇ ਹਨ। ਗੁਰੂ ਜੀ ਤੀਰ ਨਾਲ ਦੱਭ ਦੀ ਜੜ੍ਹ ਪੁੱਟਦਿਆਂ ਬੋਲੇ ਕਿ ਜੀਹਨੇ ਇਹ ਜ਼ੁਲਮ ਕੀਤਾ ਉਹਦੀ ਜੜ੍ਹ ਵੀ ਇਸੇ ਤਰ੍ਹਾਂ ਪੁੱਟੀ ਜਾਵੇਗੀ। ਰਾਏਕੋਟ ਤੋਂ ਵਿਦਾ ਹੁੰਦਿਆਂ ਗੁਰੂ ਜੀ ਨੇ ਰਾਏ ਕੱਲ੍ਹਾ ਦੀ ਇਨਸਾਨੀ ਹਮਦਰਦੀ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦੇ ਜਜ਼ਬੇ ਦੀ ਕਦਰ ਕਰਦਿਆਂ ਸ਼ੁਕਰਾਨੇ ਵਜੋਂ ਉਸਨੂੰ ਗੰਗਾਸਾਗਰ, ਤਲਵਾਰ ਤੇ ਰੇਹਲ ਤਿੰਨ ਤੋਹਫੇ ਪ੍ਰੇਮ ਸਹਿਤ ਦਿੱਤੇ।

ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਬਖ਼ਸ਼ੇ ਇਹ ਤੋਹਫੇ ਅਜ਼ੀਜ਼ ਉੱਲਾ ਦੇ ਵਡੇਰਿਆਂ ਨੇ ਬੜੀ ਸ਼ਰਧਾ ਨਾਲ ਸੰਭਾਲ ਕੇ ਰੱਖੇ। ਫਿਰ ਵੀ ਲਕੜੀ ਦੀ ਰੇਹਲ ਸਮੇਂ ਨਾਲ ਨਸ਼ਟ ਹੋ ਗਈ ਤੇ ਤਲਵਾਰ ਅੰਗਰੇਜ਼ ਹਾਕਮਾਂ ਨੇ ਹਥਿਆ ਲਈ। ਰਾਏ ਖਾਨਦਾਨ ਪਾਸ ਗੰਗਾਸਾਗਰ ਹੀ ਸੁਰੱਖਿਅਤ ਰਹਿ ਸਕਿਆ ਜਿਸਦੀ ਉਹ ਸਵਾ ਤਿੰਨ ਸੌ ਸਾਲਾਂ ਤੋਂ ਪੀੜ੍ਹੀ ਦਰ ਪੀੜ੍ਹੀ ਸੇਵਾ ਸੰਭਾਲ ਕਰਦਾ ਆ ਰਿਹੈ। ਗੰਗਾਸਾਗਰ ਦੀ ਵਡਿਆਈ ਉਸ ਨੇ ਅਦਭੁੱਤ ਬਰਤਨ ਹੋਣ ਵਿਚ ਨਹੀਂ ਸਗੋਂ ਗੁਰੂ ਜੀ ਦੇ ਪਵਿੱਤਰ ਹੱਥਾਂ ਦੀ ਛੋਹ ਪ੍ਰਾਪਤ ਹੋਣ ਵਿਚ ਹੈ। ਕਈ ਪੀੜ੍ਹੀਆਂ ਤੋਂ ਰਾਏ ਪਰਿਵਾਰ ਇਕਲੌਤੇ ਪੁੱਤਰਾਂ ਦੇ ਰੂਪ ਵਿਚ ਹੀ ਵਿਗਸ ਰਿਹਾ ਹੈ। ਅਜ਼ੀਜ਼ ਉੱਲਾ ਦੇ ਵੀ ਅੱਗੋਂ ਇਕੋ ਪੁੱਤਰ ਰਾਏ ਮੁਹੰਮਦ ਅਲੀ ਖ਼ਾਂ ਤੇ ਚਾਰ ਧੀਆਂ ਹਨ। ਚਾਰੇ ਧੀਆਂ ਵਿਆਹੁਣ ਪਿੱਛੋਂ ਜੁਲਾਈ 2019 ਵਿਚ ਅਲੀ ਖ਼ਾਂ ਦਾ ਵੀ ਵਿਆਹ ਕਰ ਦਿੱਤਾ ਹੈ।

1947 ਦੇ ਉਜਾੜੇ ਤੋਂ 47 ਸਾਲਾਂ ਬਾਅਦ 1994 ਵਿਚ ਇੰਗਲੈਂਡ ਦੀ ਸੰਗਤ ਨੂੰ ਗੰਗਾਸਾਗਰ ਦੇ ਦਰਸ਼ਨ ਕਰਵਾਏ ਗਏ ਸਨ। ਸਪਤਾਹਿਕ 'ਦੇਸ ਪ੍ਰਦੇਸ' ਦੇ 10 ਜੂਨ 1994 ਦੇ ਮੋਮੀ ਟਾਈਟਲ ਉਤੇ ਗੰਗਾਸਾਗਰ ਦੀ ਰੰਗੀਨ ਤਸਵੀਰ ਛਾਪੀ ਗਈ ਸੀ ਜੋ ਸ਼ਰਧਾਲੂਆਂ ਨੇ ਫਰੇਮ ਕਰਾ ਕੇ ਘਰੋ-ਘਰੀ ਸਜਾ ਲਈ। ਉਦੋਂ ਤੋਂ ਅਜ਼ੀਜ਼ ਉੱਲਾ ਖਾਂ ਇੰਗਲੈਂਡ, ਮਲੇਸ਼ੀਆ, ਆਸਟ੍ਰੇਲੀਆ, ਨਿਊਜ਼ੀਲੈਂਡ, ਭਾਰਤ, ਹਾਂਗਕਾਂਗ, ਅਮਰੀਕਾ ਤੇ ਕੈਨੇਡਾ ਆਦਿ ਮੁਲਕਾਂ ਵਿਚ ਸੰਗਤਾਂ ਨੂੰ ਗੰਗਾਸਾਗਰ ਦੇ ਦਰਸ਼ਨ ਕਰਵਾਉਂਦੇ ਆ ਰਹੇ ਹਨ। 2017 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ 'ਤੇ ਮਲੇਸ਼ੀਆ ਸਰਕਾਰ ਨੇ ਗੰਗਾਸਾਗਰ ਅਤੇ ਅਜ਼ੀਜ਼ ਉੱਲਾ ਦੀ ਤਸਵੀਰ ਵਾਲੀ ਵਿਸ਼ੇਸ਼ ਡਾਕ ਟਿਕਟ ਜਾਰੀ ਕੀਤੀ। ਰਾਏਕੋਟ ਵਿਖੇ ਗੰਗਾਸਾਗਰ ਪਾਰਕ ਬਣਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਅਜਾਇਬ ਘਰ ਵਿਚ ਗੰਗਾਸਾਗਰ ਨਾਲ ਸੰਬੰਧਿਤ ਚਿੱਤਰ ਸਜਾਏ ਗਏ। ਤਲਵੰਡੀ ਰਾਏ ਵਿਚ ਗੁਰਦੁਆਰਾ ਗੰਗਾਸਾਗਰ ਸੁਭਾਏਮਾਨ ਹੈ।

1971 ਵਿਚ ਭਾਸ਼ਾ ਵਿਭਾਗ ਪੰਜਾਬ ਨੇ ਰਾਏਕੋਟ ਦੇ ਸਰਵੇ ਦੀ ਪੁਸਤਕ ਪ੍ਰਕਾਸ਼ਿਤ ਕੀਤੀ। ਉਸ ਸਮੇਂ 85 ਸਾਲਾਂ ਦੇ ਇਕ ਵਿਅਕਤੀ ਉਤਮ ਚੰਦ ਵੋਹਰਾ ਨੇ ਜੋ ਰਾਣੀ ਭਾਗਭਰੀ ਦੇ ਅਹਿਲਕਾਰ ਲਾਲਾ ਦੁਨੀ ਚੰਦ ਵੋਹਰਾ ਦਾ ਅੱਠਵਾਂ ਵਾਰਸ ਸੀ, ਦੱਸਿਆ ਕਿ ਰਾਵਲਪਿੰਡੀ ਦੇ ਸਿੱਖਾਂ ਨੇ 1947 ਤੋਂ ਪਹਿਲਾਂ ਰਾਏ ਅਨਾਇਤ ਖਾਂ ਨੂੰ ਤਿੰਨ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਸੀ ਪਈ ਗੰਗਾਸਾਗਰ ਸਾਨੂੰ ਸੌਂਪ ਦਿਓ। ਾਏ ਸਾਹਿਬ ਦਾ ਜਵਾਬ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਬਖ਼ਸ਼ਿਸ਼ ਅਨਮੋਲ ਹੈ ਜਿਸਦੀ ਅਸੀਂ ਸਦਾ ਸ਼ਰਧਾ ਨਾਲ ਸੰਭਾਲ ਕਰਦੇ ਰਹਾਂਗੇ। ਜੋ ਖੁਸ਼ੀ ਹਰ ਸਾਲ ਪੰਜਾਹ ਹਜ਼ਾਰ ਸੰਗਤਾਂ ਨੂੰ ਗੰਗਾਸਾਗਰ ਦੇ ਦਰਸ਼ਨ ਕਰਵਾ ਕੇ ਮਿਲਦੀ ਹੈ ਉਹ ਦੁਨਿਆਵੀ ਦੌਲਤਾਂ ਤੋਂ ਕਿਤੇ ਉਤੇ ਹੈ।

ਅਜ਼ੀਜ਼ ਉੱਲਾ ਇਮਰਾਨ ਖਾਨ ਦੀ ਪਾਰਟੀ ਦੇ ਮੈਂਬਰ ਹਨ। ਉਨ੍ਹਾਂ ਦੇ ਅੰਬੈਸਡਰ ਬਣਨ ਦੀਆਂ ਕਿਆਸਅਰਾਈਆਂ ਸਨ। ਉਹ ਨਿਮਰ, ਮਿਠ ਬੋਲੜੇ ਤੇ ਮਿਲਵਰਤਨ ਵਾਲੇ ਦਾਨੇ ਇਨਸਾਨ ਹਨ। ਮੈਂ ਉਨ੍ਹਾਂ ਨੂੰ ਪੁਸਤਕ 'ਪੰਜਾਬ ਦੇ ਕੋਹੇਨੂਰ' ਭੇਟ ਕੀਤੀ ਤਾਂ ਮਨ 'ਚ ਆਇਆ ਕਿ ਉਨ੍ਹਾਂ ਦਾ ਰੇਖਾਚਿੱਤਰ ਵੀ ਉਲੀਕਾਂ ਅਤੇ ਅਗਲੇ ਭਾਗ ਵਿਚ ਸ਼ਾਮਲ ਕਰਾਂ। ਤਦ ਤਕ ਉਹ ਆਪਣੇ ਵਡੇਰਿਆਂ ਦੇ ਵਸਾਏ ਪਿੰਡ ਚਕਰ ਦੀ ਫੇਰੀ ਵੀ ਪਾ ਚੁੱਕੇ ਹੋਣਗੇ।

ਉਨ੍ਹਾਂ ਦੀ ਮਨਸ਼ਾ ਹੈ ਕਿ ਉਹ ਗੰਗਾਸਾਗਰ ਮੁੜ ਰਾਏਕੋਟ ਲੈ ਕੇ ਜਾਣ, ਆਪਣੇ ਦਾਦੇ ਵਾਂਗ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਕਰਵਾਉਣ ਅਤੇ ਆਪਣੇ ਵਡੇਰਿਆਂ ਦੇ ਵਸਾਏ ਪਿੰਡਾਂ ਵਿਚ ਵੀ ਜਾਣ। ਭਾਰਤ ਸਰਕਾਰ/ ਪੰਜਾਬ ਸਰਕਾਰ/ ਸ਼੍ਰੋਮਣੀ ਕਮੇਟੀ ਰਾਏ ਅਜ਼ੀਜ਼ ਉੱਲਾ ਖਾਂ ਨੂੰ ਉਚੇਚਾ ਸੱਦਾ ਦੇ ਸਕਦੀ ਹੈ। ਉਹ ਹਿੰਦ-ਪਾਕਿ ਦੇ ਸਾਂਝੇ ਸਲਾਹਕਾਰ/ਅੰਬੈਸਡਰ ਹੋ ਸਕਦੇ ਹਨ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਦਿਲ ਵਿਚ ਰਾਏ ਸਾਹਿਬ ਦੀ ਬੜੀ ਕਦਰ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਹੁੰਦਿਆਂ ਰਾਏ ਸਾਹਿਬ ਨੂੰ ਉਚੇਚਾ ਆਪਣੇ ਘਰ ਬੁਲਾਇਆ ਸੀ ਤੇ ਸ਼ਰਧਾ ਨਾਲ ਗੰਗਾਸਾਗਰ ਦਰਸ਼ਨ ਕੀਤੇ ਸਨ।

ਗੰਗਾਸਾਗਰ ਦੀ ਵਡਿਆਈ ਇਸਦੇ ਚਮਤਕਾਰੀ ਬਰਤਨ ਹੋਣ ਵਿਚ ਨਹੀਂ ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਕਰ ਕਮਲਾਂ ਨਾਲ ਵਰੋਸਾਈ, ਮਜ਼੍ਹਬਾਂ, ਨਸਲਾਂ, ਜਾਤਾਂ, ਕੌਮਾਂ ਤੇ ਦੇਸ਼ਾਂ ਦੀਆਂ ਹੱਦਾਂ ਤੋਂ ਉਪਰ ਉਠੀ, ਇਨਸਾਨੀ ਹਮਦਰਦੀ ਤੇ ਮੁਹੱਬਤ ਦੀ ਮੁਤਬਰਕ ਨਿਸ਼ਾਨੀ ਹੋਣ ਵਿਚ ਹੈ। ਗੰਗਾਸਾਗਰ ਅਤੇ ਕਰਤਾਰਪੁਰ ਲਾਂਘਾ ਹਿੰਦ-ਪਾਕਿ ਰਿਸ਼ਤਿਆਂ ਵਿਚਕਾਰ ਇਨਸਾਨੀਅਤ ਤੇ ਮੁਹੱਬਤ ਦੇ ਪੁਲ ਬਣ ਸਕਦੇ ਹਨ।

# ਫਰਾਂਸੀਸੀ ਰਾਸ਼ਟਰਪਤੀ ਦੀ ਚੀਨ ਫੇਰੀ

ਫਰਾਂਸੀਸੀ ਰਾਸ਼ਟਰਪਤੀ ਇਮੈਨੂਅਲ ਮੈਕਰੌਂ ਨੂੰ ਵਿਵਾਦਗ੍ਰਸਤ ਪੈਨਸ਼ਨ ਸੁਧਾਰਾਂ ਦੇ ਮੁੱਦੇ 'ਤੇ ਆਪਣੇ ਦੇਸ਼ ਅੰਦਰ ਸਖਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੈਕਰੌਂ ਨੇ ਹਾਲ ਹੀ ਵਿਚ ਚੀਨ ਦਾ ਦੌਰਾ ਕੀਤਾ ਅਤੇ ਆਪਣੇ ਬਿਆਨਾਂ ਨਾਲ ਤੂਫ਼ਾਨ ਲਿਆ ਦਿੱਤਾ ਹੈ। ਪਤਾ ਲੱਗਿਆ ਹੈ ਕਿ ਉਨ੍ਹਾਂ ਨਾਲ 50 ਤੋਂ ਵੱਧ ਫਰਾਂਸੀਸੀ ਕਾਰੋਬਾਰੀ ਆਗੂ ਗਏ ਸਨ ਜਿਨ੍ਹਾਂ ਵਿਚ ਏਅਰਬਸ, ਈ.ਡੀ.ਐਫ. ਅਤੇ ਵਿਓਲਿਆ ਦੇ ਮੁਖੀ ਵੀ ਸ਼ਾਮਲ ਸਨ।

**ਲਵ ਪੁਰੀ**

ਇਸ ਦੌਰੇ ਤੋਂ ਬਾਅਦ ਮੈਕਰੌਂ ਨੇ ਯੂਰਪੀ ਯੂਨੀਅਨ ਦੀ ਰਣਨੀਤਕ ਖ਼ੁਦਮੁਖ਼ਤਾਰੀ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਯੂਰਪ ਨੂੰ ਅਮਰੀਕੀ ਵਿਦੇਸ਼ ਨੀਤੀ ਦਾ ਹੱਥਾ ਨਹੀਂ ਬਣਨਾ ਚਾਹੀਦਾ। ਦੌਰੇ ਤੋਂ ਬਾਅਦ ਦਿੱਤੀ ਇਕ ਇੰਟਰਵਿਊ ਵਿਚ ਮੈਕਰੌਂ ਨੇ ਆਖਿਆ, "ਯੂਰਪੀਅਨਾਂ ਨੂੰ ਇਸ ਸਵਾਲ ਦਾ ਜਵਾਬ ਦੇਣ ਦੀ ਲੋੜ ਹੈ... ਕੀ ਤਾਇਵਾਨ 'ਤੇ ਤਣਾਅ ਵਧਾਉਣਾ ਸਾਡੇ ਹਿੱਤ ਵਿਚ ਹੈ? ਨਹੀਂ, ਸਭ ਤੋਂ ਮਾੜੀ ਗੱਲ ਇਹ ਸੋਚਣਾ ਹੋਵੇਗਾ ਕਿ ਕੀ ਸਾਨੂੰ ਯੂਰਪੀਅਨਾਂ ਨੂੰ ਇਸ ਮੁੱਦੇ 'ਤੇ ਸਿਰਫ਼ ਝੋਲੀਚੁੱਕ ਬਣੇ ਰਹਿਣਾ ਚਾਹੀਦਾ ਅਤੇ ਅਮਰੀਕੀ ਏਜੰਡੇ ਤੇ ਚੀਨੀ ਅਤਿ ਪ੍ਰਤੀਕਿਰਿਆ ਤੋਂ ਇਸ਼ਾਰੇ ਲੈਂਦੇ ਰਹਿਣਾ ਹੈ।"

ਉਨ੍ਹਾਂ ਅੱਗੇ ਆਖਿਆ: "ਜੇ ਯੂਰਪੀਅਨ ਯੂਕਰੇਨ ਵਿਚ ਚੱਲ ਰਿਹਾ ਸੰਕਟ ਨਹੀਂ ਸੁਲਝਾ ਸਕਦੇ; ਤਾਂ ਅਸੀਂ ਤਾਇਵਾਨ ਦੇ ਮਾਮਲੇ 'ਤੇ ਕਿਸ ਮੂੰਹ ਨਾਲ ਆਖਾਂਗੇ ਕਿ 'ਖ਼ਬਰਦਾਰ, ਜੇ ਤੁਸੀਂ ਕੁਝ ਗਲਤ ਕੀਤਾ ਤਾਂ ਅਸੀਂ ਉਥੇ ਖੜ੍ਹੇ ਹੋਵਾਂਗੇ?' ਉਂਝ, ਜੇ ਤੁਸੀਂ ਟਕਰਾਅ ਵਧਾਉਣਾ ਹੈ ਤਾਂ ਫਿਰ ਯਕੀਨਨ ਇਹੀ ਰਾਹ ਜਾਂਦਾ ਹੈ।" ਹਾਲਾਂਕਿ ਇਹ ਬਿਆਨ ਤਾਇਵਾਨ 'ਤੇ ਅਮਰੀਕੀ ਅਗਵਾਈ ਵਾਲੀ ਪੁਜ਼ੀਸ਼ਨ ਦੇ ਵਿਰੋਧ ਤੋਂ ਗੁਰੇਜ਼ ਕਰਨ 'ਤੇ ਕੇਂਦਰਿਤ ਹੈ। ਦਰਅਸਲ, ਇਸ ਦਾ ਸੰਦਰਭ ਅਮਰੀਕੀ ਮੀਡੀਆ ਵਿਚ ਆਈਆਂ ਉਨ੍ਹਾਂ ਰਿਪੋਰਟਾਂ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ 'ਚੀਨੀ ਕੰਪਨੀਆਂ ਜਿਨ੍ਹਾਂ ਵਿਚ ਚੀਨ ਸਰਕਾਰ ਨਾਲ ਜੁੜੀਆਂ ਕੰਪਨੀਆਂ ਵੀ ਸ਼ਾਮਲ ਹਨ, ਨੇ ਰੂਸੀ ਇਕਾਈਆਂ ਨੂੰ 1000 ਅਸਾਲਟ ਰਾਈਫਲਾਂ ਅਤੇ ਹੋਰ ਸਾਜ਼ੋ ਸਾਮਾਨ ਭਿਜਵਾਇਆ ਹੈ ਜਿਸ ਦੀ ਫ਼ੌਜੀ ਮੰਤਵਾਂ ਲਈ ਵਰਤੋਂ ਕੀਤੀ ਜਾ ਸਕਦੀ ਹੈ।"

ਰੂਸ ਤੇ ਯੂਕਰੇਨ ਯੁੱਧ ਦੇ ਚਲਦਿਆਂ ਚੀਨ ਦੇ ਦੌਰੇ 'ਤੇ ਗਏ ਫਰਾਂਸੀਸੀ ਰਾਸ਼ਟਰਪਤੀ ਦੇ ਬਿਆਨਾਂ ਤੋਂ ਬਹੁਤ ਸਾਰੇ ਲੋਕ ਹੈਰਾਨ ਹਨ ਕਿਉਂਕਿ ਇਹ ਰੂਸ ਖਿਲਾਫ਼ ਸਾਂਝਾ ਮੁਹਾਜ਼ ਵਿੱਢਣ ਦੀਆਂ ਅਮਰੀਕੀ ਕੋਸ਼ਿਸ਼ਾਂ ਤੋਂ ਬਿਲਕੁਲ ਉਲਟ ਹਨ। ਇਸ ਮੁਹਾਜ਼ ਨੂੰ ਯੂਰਪ ਦੀਆਂ ਕਈ ਵੱਡੀਆਂ ਤਾਕਤਾਂ ਤੋਂ ਹਮਾਇਤ ਹਾਸਲ ਹੋਣ ਦੀ ਉਮੀਦ ਸੀ ਜਿਨ੍ਹਾਂ ਵਿਚ ਜਰਮਨੀ, ਬਰਤਾਨੀਆ ਅਤੇ ਫਰਾਂਸ ਸ਼ਾਮਲ ਹਨ। ਅਮਰੀਕਾ ਨੇ ਪਿਛਲੇ ਇਕ ਸਾਲ ਦੌਰਾਨ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਸਮੇਤ ਵੱਖ-ਵੱਖ ਮੰਚਾਂ 'ਤੇ ਰੂਸ ਦੀ ਹਮਾਇਤ ਕਰਨ ਬਦਲੇ ਚੀਨ ਦੀ ਨੁਕਤਾਚੀਨੀ ਕੀਤੀ ਹੈ। ਅਮਰੀਕਾ ਦੇ ਰੁਖ਼ ਦੀ ਯੂਰਪੀ ਕਮਿਸ਼ਨ ਦੀ ਮੁਖੀ ਉਰਸਲਾ ਵੌਨ ਡੇਰ ਲੇਯਨ ਨੇ ਹਮਾਇਤ ਕੀਤੀ ਸੀ ਜੋ ਉਦੋਂ ਮੈਕਰੌਂ ਦੇ ਚੀਨ ਦੌਰੇ ਸਮੇਂ ਉਥੇ ਹੀ ਸੀ। ਉਰਸਲਾ ਨੇ ਆਖਿਆ ਕਿ ਜੇ ਚੀਨ ਵੱਲੋਂ ਰੂਸ ਨੂੰ ਹਥਿਆਰ ਸਪਲਾਈ ਕੀਤੇ ਜਾਂਦੇ ਹਨ ਤਾਂ ਇਹ ਕੌਮਾਂਤਰੀ ਕਾਨੂੰਨ ਦੇ ਉਲਟ ਹੋਵੇਗਾ ਅਤੇ ਇਸ ਨਾਲ ਯੂਰਪੀਅਨ ਯੂਨੀਅਨ ਅਤੇ ਚੀਨ ਦਰਮਿਆਨ ਸਬੰਧਾਂ ਨੂੰ ਚੋਖਾ ਨੁਕਸਾਨ ਹੋ ਸਕਦਾ ਹੈ।

ਦੂਜੇ ਬੰਨੇ, ਮੈਕਰੌਂ ਦੀ ਪਹੁੰਚ ਸੁਲ੍ਹਾਵਾਦੀ ਰਹੀ। ਫਰਾਂਸੀਸੀ ਸੱਤਾਧਾਰੀ ਕੁਲੀਨ ਵਰਗ ਦੂਜੀ ਆਲਮੀ ਜੰਗ ਤੋਂ ਬਾਅਦ ਦੇ ਮਾਹੌਲ ਵਿਚ ਆਪਣੀ ਸੁਤੰਤਰ ਵਿਦੇਸ਼ ਨੀਤੀ ਦਾ ਖੁੱਲ੍ਹ ਕੇ ਮੁਜ਼ਾਹਰਾ ਕਰਨ ਵਿਚ ਮਾਣ ਮਹਿਸੂਸ ਕਰਦਾ ਰਿਹਾ ਹੈ।

ਇਸ ਨੇ ਆਲਮੀ ਅਮਨ ਅਤੇ ਸੁਰੱਖਿਆ ਦੇ ਅਹਿਮ ਮੁੱਦਿਆਂ 'ਤੇ ਅਮਰੀਕੀ ਰੁਖ਼ ਤੋਂ ਉਲਟ ਪੁਜ਼ੀਸ਼ਨ ਲੈਣ ਵਿਚ ਕਦੇ ਝਿਜਕ ਨਹੀਂ ਦਿਖਾਈ। 2003 ਵਿਚ ਅਮਰੀਕਾ ਨੇ ਸੰਯੁਕਤ ਰਾਸ਼ਟਰ ਦਾ ਫਤਵਾ ਹਾਸਲ ਕੀਤੇ ਬਗ਼ੈਰ ਇਸ ਬਿਨਾਅ 'ਤੇ ਇਰਾਕ ਉਪਰ ਹਮਲਾ ਕੀਤਾ ਸੀ ਕਿ ਉਸ ਕੋਲ ਜਨ ਤਬਾਹੀ ਦੇ ਹਥਿਆਰਾਂ ਦੇ ਭੰਡਾਰ ਹਨ ਤਾਂ ਫਰਾਂਸ ਨੇ ਅਮਰੀਕੀ ਰੁਖ਼ ਦਾ ਖੁੱਲ੍ਹੇਆਮ ਵਿਰੋਧ ਕੀਤਾ ਸੀ। ਪਿਛਾਂਹ ਮੁੜ ਕੇ ਦੇਖਿਆ ਜਾਵੇ ਤਾਂ ਫਰਾਂਸ ਦੀ ਪੁਜ਼ੀਸ਼ਨ ਸਹੀ ਸਾਬਿਤ ਹੋਈ ਕਿਉਂਕਿ ਅਮਰੀਕੀ ਹਮਲੇ ਕਰਕੇ ਇਰਾਕ ਵਿਚ ਅਫਰਾ-ਤਫ਼ਰੀ ਫੈਲ ਗਈ ਜੋ ਹਾਲੇ ਤੱਕ ਵੀ ਜਾਰੀ ਹੈ ਅਤੇ ਉਥੋਂ ਦੇ ਸਰਕਾਰੀ ਅਦਾਰਿਆਂ ਦੇ ਹੋਏ ਨੁਕਸਾਨ ਦੀ ਅੱਜ ਤੱਕ ਭਰਪਾਈ ਨਹੀਂ ਹੋ ਸਕੀ।

ਫਰਾਂਸੀਸੀ ਰਾਸ਼ਟਰਪਤੀ ਦੇ ਹਾਲੀਆ ਬਿਆਨ ਦੀ ਸੁਰ ਯੂਰਪ ਦੇ ਕੁਝ ਹਿੱਸਿਆਂ ਵਿਚ ਆ ਰਹੀਆਂ ਅਹਿਮ ਤਬਦੀਲੀਆਂ ਦੇ ਸੰਦਰਭ ਵਿਚ ਸਮਝੀ ਜਾ ਸਕਦੀ ਹੈ। ਰੂਸ ਦੀ ਸਰਹੱਦ ਨਾਲ ਲੱਗਦੇ ਕੁਝ ਯੂਰਪੀ ਮੁਲਕ ਜਿਨ੍ਹਾਂ ਵਿਚ ਨੌਰਡਿਕ ਤੇ ਪੂਰਬੀ ਯੂਰਪੀ ਦੇਸ਼ ਵੀ ਸ਼ਾਮਲ ਹਨ, ਯੂਕਰੇਨ ਵਿਚ ਰੂਸੀ ਹਮਲੇ ਤੋਂ ਕਾਫ਼ੀ ਘਬਰਾਏ ਹੋਏ ਹਨ। ਫਿਨਲੈਂਡ ਦੀ 1340 ਕਿਲੋਮੀਟਰ ਲੰਮੀ ਸਰਹੱਦ ਰੂਸ ਨਾਲ ਲੱਗਦੀ ਹੈ। ਇਸ ਨੇ ਤੁਰਕੀ ਦੀ ਪਾਰਲੀਮੈਂਟ ਵੱਲੋਂ ਇਸ ਦੀ ਅਰਜ਼ੀ ਦੀ ਪ੍ਰੋੜ੍ਹਤਾ ਕਰਨ ਤੋਂ ਬਾਅਦ ਨਾਟੋ (ਅਮਰੀਕੀ ਅਗਵਾਈ ਵਾਲਾ ਫ਼ੌਜੀ ਸੁਰੱਖਿਆ ਸੰਗਠਨ) ਦੀ ਮੈਂਬਰਸ਼ਿਪ ਹਾਸਲ ਕਰ ਲਈ ਹੈ। ਸਵੀਡਨ ਦੀ ਅਰਜ਼ੀ ਅਜੇ ਵਿਚਾਰ ਅਧੀਨ ਹੈ ਕਿਉਂਕਿ ਤੁਰਕੀ ਨੇ ਇਸ 'ਤੇ ਕੁਰਦ ਬਾਗ਼ੀਆਂ ਨੂੰ ਸ਼ਹਿ ਦੇਣ ਦਾ ਦੋਸ਼ ਲਾ ਕੇ ਇਸ ਦੀ ਪ੍ਰਵਾਨਗੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ। ਨਾਟੋ ਸੰਧੀ ਦੀ ਧਾਰਾ 5 ਤਹਿਤ ਇਸ ਦੇ ਮੈਂਬਰ ਦੇਸ਼ਾਂ ਦੀ ਸਮੂਹਿਕ ਰੂਪ ਵਿਚ ਰਾਖੀ ਕਰਨ ਦਾ ਅਹਿਦ ਲਿਆ ਜਾਂਦਾ ਹੈ।

ਇਸੇ ਤਰ੍ਹਾਂ ਪੂਰਬੀ ਯੂਰਪ ਵਿਚ ਹੋਂਦ ਦਾ ਸੰਕਟ ਚੱਲ ਰਿਹਾ ਹੈ। ਸੋਵੀਅਤ ਸੰਘ ਦੇ ਜ਼ਮਾਨੇ ਤੋਂ ਹੀ ਪੋਲੈਂਡ, ਰੂਸ ਨਾਲ ਵੈਰ ਪਾਲਦਾ ਆ ਰਿਹਾ ਸੀ ਜਿਸ ਨੇ 1999 ਵਿਚ ਹੰਗਰੀ ਅਤੇ ਚੈੱਕ ਗਣਰਾਜ ਸਹਿਤ ਨਾਟੋ ਦੀ ਮੈਂਬਰਸ਼ਿਪ ਲੈ ਲਈ ਸੀ। ਪਿਛਲੇ ਵੀਹ ਸਾਲਾਂ ਦੌਰਾਨ ਬੁਲਗਾਰੀਆ, ਅਸਤੋਨੀਆ, ਲਾਤਵੀਆ, ਲਿਥੂਆਨੀਆ, ਰੋਮਾਨੀਆ, ਸਲੋਵਾਕੀਆ ਅਤੇ ਸਲੋਵੇਨੀਆ 2004, ਮੋਂਟੇਨੇਗਰੋ 2017 ਅਤੇ ਉੱਤਰੀ ਮੈਸੇਡੋਨੀਆ 2020 ਵਿਚ ਨਾਟੋ ਦੀ ਮੈਂਬਰਸ਼ਿਪ ਹਾਸਲ ਕਰ ਗਏ।

ਉਂਝ, ਇਕ ਤੱਥ ਬਾਰੇ ਬਹੁਤੇ ਲੋਕ ਨਹੀਂ ਜਾਣਦੇ ਕਿ ਰੂਸ ਅਤੇ ਯੂਰਪੀ ਸੰਘ ਦੇ ਪੰਜ ਮੈਂਬਰ ਦੇਸ਼ਾਂ ਸਮੇਤ ਯੂਰਪੀ ਖੇਤਰ ਵਿਚਲੇ ਕਈ ਦੇਸ਼ ਵੱਖ-ਵੱਖ ਕਾਰਨਾਂ ਕਰਕੇ ਹਾਲੇ ਵੀ ਨਾਟੋ ਦੇ ਮੈਂਬਰ ਨਹੀਂ ਬਣ ਸਕੇ। ਆਸਟਰੀਆ, ਆਇਰਲੈਂਡ ਅਤੇ ਸਵਿਟਜ਼ਰਲੈਂਡ ਜਿਹੇ ਕੁਝ ਨਿਰਪੱਖ ਦੇਸ਼ ਹਨ ਜਿਨ੍ਹਾਂ ਦਾ ਸੰਵਿਧਾਨ ਉਨ੍ਹਾਂ ਨੂੰ ਕਿਸੇ ਫ਼ੌਜੀ ਖੇਮੇ ਵਿਚ ਸ਼ਾਮਲ ਹੋਣ ਦੀ ਮਨਾਹੀ ਕਰਦਾ ਹੈ ਜਦੋਂਕਿ ਮਾਲਡੋਵਾ ਜਿਹੇ ਕੁਝ ਹੋਰ ਦੇਸ਼ ਨਾਟੋ ਵਿਚ ਸ਼ਾਮਲ ਹੋ ਕੇ ਰੂਸ ਦੀ ਨਾਰਾਜ਼ਗੀ ਨਹੀਂ ਸਹੇੜਨਾ ਚਾਹੁੰਦੇ। ਜੌਰਜੀਆ ਅਤੇ ਬੇਲਾਰੂਸ ਦੀ ਲੀਡਰਸ਼ਿਪ ਇਸ ਵੇਲੇ ਰੂਸ ਦਾ ਪੱਖ ਪੂਰ ਰਹੀ ਹੈ ਹਾਲਾਂਕਿ ਇਨ੍ਹਾਂ ਮੁਲਕਾਂ ਦੀ ਆਬਾਦੀ ਦਾ ਇਕ ਭਰਵਾਂ ਹਿੱਸਾ ਰੂਸ ਦੇ ਪਰਛਾਵੇਂ ਹੇਠੋਂ ਨਿਕਲਣ ਦੀ ਮੰਗ ਉਠਾਉਂਦਾ ਰਹਿੰਦਾ ਹੈ।

ਇਨ੍ਹਾਂ ਵਖਰੇਵਿਆਂ ਦੀ ਸੂਝ ਭਾਰਤ ਜਿਹੇ ਵਿਕਾਸਸ਼ੀਲ ਮੁਲਕਾਂ ਲਈ ਅਹਿਮ ਕਾਰਕ ਹੈ ਜਿਨ੍ਹਾਂ ਦੇ ਆਧਾਰ 'ਤੇ ਇਹ ਆਪਣੇ ਰਾਜਨੀਤਕ ਤੇ ਆਰਥਿਕ ਹਿੱਤਾਂ ਮੁਤਾਬਿਕ ਯੂਕਰੇਨ ਸੰਕਟ ਉਪਰ ਆਪਣੀ ਪੁਜ਼ੀਸ਼ਨ ਨੂੰ ਮੇਲਣ ਦੀ ਕੋਸ਼ਿਸ਼ ਕਰਦੇ ਆ ਰਹੇ ਹਨ। ਰੂਸ ਤੇ ਚੀਨ ਦੀ ਰਾਜਸੀ ਤੇ ਫ਼ੌਜੀ ਨੇੜਤਾ ਇਕ ਤੱਥ ਹੈ। ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਇਸ ਕਰਕੇ ਯੂਰਪ ਤੇ ਚੀਨ ਦੇ ਰਿਸ਼ਤੇ ਟੁੱਟ ਜਾਣਗੇ। ਚੀਨ ਨੂੰ ਇਸ ਗੱਲ ਦਾ ਭਰਵਾਂ ਲਾਹਾ ਮਿਲ ਰਿਹਾ ਹੈ ਕਿ ਇਸ ਦੀ ਆਬਾਦੀ ਦਾ ਆਕਾਰ ਬਹੁਤ ਵੱਡਾ ਹੈ ਅਤੇ ਮਨੁੱਖੀ ਸਰੋਤਾਂ ਦਾ ਚੋਖਾ ਹਿੱਸਾ ਨਿਰਮਾਣ ਖੇਤਰ ਵਿਚ ਜੁਟਿਆ ਹੈ।

ਯੂਕਰੇਨ 'ਤੇ ਰੂਸੀ ਹਮਲੇ ਨੂੰ ਯੂਰਪ ਦੇ ਬਹੁਤ ਸਾਰੇ ਮੁਲਕਾਂ ਨੇ ਆਪਣੀ ਹੋਂਦ ਦੇ ਖ਼ਤਰੇ ਵਜੋਂ ਲਿਆ ਹੈ। ਜਪਾਨ ਅਤੇ ਦੱਖਣੀ ਕੋਰੀਆ ਜਿਹੀਆਂ ਏਸ਼ਿਆਈ ਆਰਥਿਕ ਸ਼ਕਤੀਆਂ ਨੇ ਵੀ ਇਸ ਹਮਲੇ ਦਾ ਖੁੱਲ੍ਹ ਕੇ ਵਿਰੋਧ ਕੀਤਾ ਹੈ ਕਿਉਂਕਿ ਇਨ੍ਹਾਂ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਹਮਲਿਆਂ ਨਾਲ ਖਿੱਤੇ ਅੰਦਰ ਚੀਨ ਨੂੰ ਇਸ ਕਿਸਮ ਦੀਆਂ ਧੱਕੇਸ਼ਾਹੀ ਵਾਲੀਆਂ ਕਾਰਵਾਈਆਂ ਕਰਨ ਦੀ ਸ਼ਹਿ ਮਿਲੇਗੀ। ਬਹਰਹਾਲ, ਫਰਾਂਸੀਸੀ ਰਾਸ਼ਟਰਪਤੀ ਨੇ ਆਪਣੇ ਹਾਲੀਆ ਚੀਨ ਦੌਰੇ ਮੌਕੇ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਬਾਇਡਨ ਪ੍ਰਸ਼ਾਸਨ ਅਟਲਾਂਟਿਕ ਸਾਗਰ ਦੇ ਆਰ-ਪਾਰ ਰੂਸੀ-ਚੀਨੀ ਗੱਠਜੋੜ ਨੂੰ ਵੰਗਾਰਨ ਦੀਆਂ ਜੋ ਚਾਰਾਜੋਈਆਂ ਕਰ ਰਿਹਾ ਹੈ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਮੌਜੂਦਾ ਆਰਥਿਕ ਹਕੀਕਤਾਂ ਅਤੇ ਹਿੱਤਾਂ ਦੇ ਮੱਦੇਨਜ਼ਰ ਕਈ ਮੋਰਚਿਆਂ 'ਤੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਜਾਮਣ ਦਾ ਦਰੱਖਤ, ਨਾਗਾ ਅਤੇ ਸਤਰੰਗੀ ਪਰਿਵਾਰ

*(ਪਿਛਲੇ ਸਫੇ ਦੀ ਬਾਕੀ)*

ਸ਼ਿਵਰਾਜ ਗਿਰੀ ਨੇ ਦੱਸਿਆ ਕਿ ਨਿਰੰਜਨੀ ਅਤੇ ਹੋਰ ਅਖਾੜਿਆਂ ਦੇ ਆਸ਼ਰਮ ਜਲਾ ਦਿੱਤੇ ਗਏ ਸਨ ਅਤੇ ਜੂਨਾ ਅਖਾੜੇ ਦੀ ਚੜ੍ਹਤ ਸ਼ਾਮ ਤੱਕ ਕਾਇਮ ਹੋ ਗਈ। ਅਵਹਾਨ ਅਖਾੜੇ 'ਤੇ ਵੀ ਇਸ ਦਾ ਅਸਰ ਪਿਆ।

ਮਧੂਸੂਦਨ ਗਿਰੀ ਨੇ ਅਵਹਾਨ ਨੂੰ ਜੂਨਾ ਅਖਾੜੇ ਤੋਂ ਵੱਖ ਕਰਨ ਦੀ ਮੁਹਿੰਮ ਚਲਾਈ ਜਿਸ ਨੂੰ ਸਮਰਥਨ ਮਿਲਿਆ। ਸ਼ਿਵਰਾਜ ਗਿਰੀ ਦੀ 14 ਮੜ੍ਹੀ ਦਾ ਹੁਣ ਤੱਕ ਬੋਲਬਾਲਾ ਭਾਵੇਂ ਰਿਹਾ ਸੀ ਪਰ 13 ਮੜ੍ਹੀ ਵੱਲੋਂ ਮੁਹਿੰਮ ਚਲਾਉਣ ਕਾਰਨ ਉਜੈਨ ਦੇ ਕੁੰਭ ਤੱਕ (2004) ਇਹ ਕਾਫੀ ਹੱਦ ਤੱਕ ਹਾਵੀ ਹੋ ਗਏ। ਅਵਹਾਨ ਅਤੇ ਅਗਨੀ ਨੇ ਮੇਲਾ ਪ੍ਰਬੰਧਕਾਂ ਨੂੰ ਉਹਨਾਂ ਲਈ ਵੱਖਰਾ ਟਾਈਮ (ਜੂਨਾ ਤੋਂ ਵੱਖਰਾ) ਦੇਣ ਲਈ ਬੇਨਤੀ ਕੀਤੀ ਜੋ ਠੁਕਰਾਏ ਜਾਣ 'ਤੇ ਉਹ ਅਦਾਲਤ ਗਏ ਤਾਂ ਅਦਾਲਤ ਨੇ ਬੇਨਤੀ 'ਤੇ ਗੌਰ ਕਰਨ ਲਈ ਕਿਹਾ।

ਅਵਹਾਨ ਤੇ ਅਗਨੀ ਨੇ ਉਜੈਨ ਕੁੰਭ, ਨਾਸਿਕ ਕੁੰਭ 2005 ਅਤੇ ਅਲਾਹਾਬਾਦ ਕੁੰਭ 2007 ਦੌਰਾਨ ਮੇਲੇ ਦਾ ਬਾਈਕਾਟ ਕੀਤਾ। 2010 ਦੇ ਹਰਿਦੁਆਰ ਕੁੰਭ ਸਮੇਂ ਇਹ ਝਗੜਾ ਮੁੱਕਿਆ ਤੇ ਅਵਹਾਨ ਅਤੇ ਅਗਨੀ ਜੂਨਾ ਨਾਲ ਹੀ ਇਸ਼ਨਾਨ ਕਰਨ ਲਈ ਸਹਿਮਤ ਹੋ ਗਏ। ਮਧੁਸੂਦਨ ਗਿਰੀ ਦਾ ਮੁੱਲ ਵਧ ਗਿਆ। ਉਹ 13 ਮੜੀ ਦਾ ਸ੍ਰੀ ਮਹੰਤ ਬਣ ਗਿਆ। ਪੂਰੇ ਅਖਾੜੇ 'ਤੇ ਉਸ ਦੀ ਚੌਧਰ ਸੀ ਜਿਸ ਕਾਰਨ ਸ਼ਿਵਰਾਜ ਗਿਰੀ ਦੇ ਗੁਰੂ ਉਂਕਾਰ ਗਿਰੀ ਦੀ ਤਾਕਤ ਘਟ ਗਈ। 1995 ਤੋਂ 1998 ਤੱਕ ਕੋਠਾਰੀ (ਸਟੋਰਕੀਪਰ) ਰਹਿਣ ਵਾਲੇ ਸ਼ਿਵਰਾਜ ਗਿਰੀ ਕੋਲ ਪਹਿਲਾਂ ਦੋ ਮੰਦਰਾਂ ਦੀ ਮਾਲਕੀ ਵੀ ਸੀ ਜਿਹਨਾਂ ਕੋਲ ਕਾਫੀ ਜ਼ਮੀਨ ਸੀ ਜੋ ਮੱਧ ਪ੍ਰਦੇਸ਼ ਦੇ ਗਵਾਲੀਅਰ ਵਿਚ ਹਨ। ਉਹ ਇਨ੍ਹਾਂ ਦਾ ਮੱਠਾਧੀਸ਼ ਰਿਹਾ ਸੀ।

ਕੋਠਾਰੀ ਦੀ ਪੋਸਟ ਖੁੱਸਣ ਬਾਅਦ ਉਸ ਦੀ ਸ਼ਕਤੀ ਘਟਣ ਲੱਗੀ ਜੋ ਉਂਕਾਰ ਗਿਰੀ ਦੀ ਮੌਤ ਬਾਅਦ ਹੋਰ ਵੀ ਘਟ ਗਈ। ਅਖਾੜਾ ਉਸ ਤੋਂ ਵੱਧ ਟੈਕਸ ਮੰਗਣ ਲੱਗਿਆ। 2010 ਦੇ ਕੁੰਭ ਤੋਂ ਪਹਿਲਾਂ ਉਸ ਨੂੰ 11000 ਰੁਪਏ ਮਿਤੀਬੱਧ ਜਮ੍ਹਾਂ ਕਰਨ ਲਈ ਕਿਹਾ ਗਿਆ ਜਿਸ ਲਈ ਉਸ ਨੂੰ ਗਵਾਲੀਅਰ ਤੱਕ ਜਾਣਾ ਪਿਆ ਅਤੇ ਪੈਸੇ ਦਾ ਪ੍ਰਬੰਧ ਕਰ ਕੇ ਦੇਣਾ ਪਿਆ। ਉਹ ਦੋਵੇਂ ਮੰਦਰ ਵੀ ਅਖਾੜੇ ਦੇ ਹੀ ਸਨ। ਉਸ ਦਾ ਗੁਰੂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇੜੇ ਨਹੀਂ ਸੀ ਲੱਗਦਾ ਪਰ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਹਮਾਇਤ ਬਿਨਾ ਤੁਸੀਂ ਜਿਉਂਦੇ ਨਹੀਂ ਰਹਿ ਸਕਦੇ। ਉਸ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਮਜਬੂਰੀ ਵੱਸ ਨੇੜਤਾ ਬਣਾਈ ਪਰ ਉਹਨਾਂ ਉਸ 'ਤੇ ਬਹੁਤਾ ਭਰੋਸਾ ਨਾ ਕੀਤਾ। ਹੁਣ ਸ਼ਿਵਰਾਜ ਗਿਰੀ ਦੀ ਨਿਗ੍ਹਾ ਜਾਮਣ ਧੂਣੀ 'ਤੇ ਸੀ। ਵਿਸ਼ਨੂੰ ਘਾਟ 'ਤੇ ਇਹ ਧੂਣੀ ਭਾਰਤੀ ਪਰੰਪਰਾ ਦੇ ਦਸਨਾਮੀ ਅਖਾੜੇ ਦੇ ਸਾਧੂ ਨੇ ਸਥਾਪਤ ਕੀਤੀ ਸੀ। ਇਸ ਲਈ ਇਸ ਨੂੰ ਜਾਮਣ ਭਾਰਤੀ ਧੂਣੀ ਕਹਿੰਦੇ ਹਨ (ਜਾਮਣ ਦਾ ਦਰਖਤ ਵੀ ਉਸੇ ਨੇ ਲਗਾਇਆ ਸੀ)। ਉਸ ਦੀ ਮੌਤ ਉਪਰੰਤ (ਕਾਫੀ ਲੰਮਾ ਸਮਾਂ ਉਥੇ ਬਤੀਤ ਕਰਨ ਤੋਂ ਬਾਅਦ) ਉਸ ਦੇ ਚੇਲੇ ਮੰਜੂਨੰਦ ਭਾਰਤੀ ਕੋਲ ਚਲੀ ਗਈ ਜਿਸ ਨੂੰ ਸਥਾਨਕ ਨਾਗਿਆਂ ਨਾਲ ਝਗੜੇ ਕਾਰਨ ਜਾਣਾ ਪਿਆ।

ਹੁਣ ਇਸ 'ਤੇ ਰਾਮ ਪੁਰੀ ਦੀ ਮਾਲਕੀ ਸੀ। 1998 ਵਿਚ ਜਦੋਂ ਉਹ ਹਰਿਦੁਆਰ ਆਇਆ ਅਤੇ ਧੂਣੀ ਕੋਲ ਬੈਠਿਆ ਤਾਂ ਰਾਮ ਪੁਰੀ ਸਥਾਨਕ ਗੁੰਡੇ ਨਾਲ ਝਗੜ ਰਿਹਾ ਸੀ ਜਿਸ 'ਤੇ ਉਸ ਨੂੰ ਸ਼ੱਕ ਸੀ ਕਿ ਉਸ ਦਾ ਕੀਮਤੀ ਵਿਦੇਸ਼ੀ ਟੈਂਟ ਜੋ ਉਸ ਦੀ ਵਿਦੇਸ਼ੀ ਸ਼ਰਧਾਲੂ ਨੇ ਦਾਨ ਦਿੱਤਾ ਸੀ, ਚੋਰੀ ਕਰ ਲਿਆ। ਉਸੇ ਰਾਤ ਗੁੰਡੇ ਆਏ ਅਤੇ ਰਾਮ ਪੁਰੀ ਦੀ ਕੁੱਟਮਾਰ ਕਰ ਕੇ ਉਸ ਨੂੰ ਭਜਾ ਦਿੱਤਾ। ਪੰਜ ਸਾਲ ਧੂਣੀ ਦੀ ਕਿਸੇ ਨੇ ਸਾਰ ਨਾ ਲਈ। ਉਸੇ ਗੁੰਡੇ ਜਿਸ ਨਾਲ ਰਾਮ ਪੁਰੀ ਦਾ ਚੋਰੀ ਲਈ ਤਕਰਾਰ ਹੋਇਆ ਸੀ, ਨਾਲ ਮਿਲ ਕੇ ਧੂਣੀ 'ਤੇ ਬੈਠਣ ਲਈ ਆਗਿਆ ਮੰਗੀ ਜੋ ਉਸ ਨੇ ਦੇ ਦਿੱਤੀ। ਉਸ ਨੇ ਕਾਫੀ ਪੈਸੇ ਖਰਚ ਕੇ ਚਬੂਤਰਾ ਅਤੇ ਉਸ ਉੱਤੇ ਛੱਤ ਦਾ ਪ੍ਰਬੰਧ ਕੀਤਾ।

ਇਸ ਧੂਣੀ ਦਾ ਅਜਿਹਾ ਇਤਿਹਾਸ ਹੋਣ ਕਾਰਨ ਕਿਸੇ ਨੂੰ ਸ਼ਿਵਰਾਮ ਗਿਰੀ 'ਤੇ ਹੋਏ ਹਮਲੇ ਤੋਂ ਬਹੁਤੀ ਹੈਰਾਨੀ ਨਾ ਹੋਈ। ਆਲੇ-ਦੁਆਲੇ ਦੇ ਦੁਕਾਨਦਾਰ ਹਰ ਸਵੇਰ ਉਸ ਨੂੰ ਸੁਰੱਖਿਅਤ ਦੇਖ ਕੇ ਇੱਕ ਦਿਨ ਹੋਰ ਬਿਨਾ ਹਮਲੇ ਤੋਂ ਲੰਘਣ ਲਈ ਸ਼ੁਕਰ ਕਰਦੇ ਸਨ। ਫਰਾਂਸੀਸੀ ਚੇਲੀ ਉਮਾ ਗਿਰੀ ਨੂੰ ਜਦੋਂ ਸਵੇਰੇ ਹਮਲੇ ਬਾਰੇ ਪਤਾ ਲੱਗਿਆ ਤਾਂ ਰੇਨਬੋ ਦੇ ਬਾਕੀ ਮੈਂਬਰ ਵੀ ਗੱਡੀ ਲੈ ਕੇ ਆ ਗਏ ਅਤੇ ਸ਼ਿਵਰਾਜ ਗਿਰੀ ਨੂੰ ਆਪਣੇ ਰਿਸ਼ੀਕੇਸ਼ ਵਾਲੇ ਕੈਂਪ ਵਿਚ ਲੈ ਗਏ।

ਨਾਗਾ ਬਣਨ ਦੇ 18 ਸਾਲ ਬਾਅਦ ਉਹ ਪੂਰੀ ਤਰ੍ਹਾਂ ਨਿਰਾਸ਼ ਸੀ। ਰੇਨਬੋ ਪਰਿਵਾਰ ਹਿੱਪੀ, ਸੰਗੀਤਕਾਰਾਂ ਅਤੇ ਮਜ਼ਾਕੀਆਂ ਲੋਕਾਂ ਦਾ ਪਰਿਵਾਰ ਹੈ ਜੋ ਪਹਾੜਾਂ ਵਿਚ ਚੰਦਰਮਾ ਮਹੀਨੇ ਦੇ ਦਿਨ ਹੀ ਇੱਕ ਥਾਂ 'ਤੇ ਰੁਕਦੇ ਹਨ। ਉਥੇ ਉਹ ਹੱਥਾਂ ਨਾਲ ਟੋਆ ਪੁੱਟਦੇ ਹਨ; ਸਾਂਝੀ ਰਸੋਈ, ਲੱਕੜ


ਸ਼ਿਵਰਾਜ ਗਿਰੀ

ਵਾਲਾ ਚੁੱਲ੍ਹਾ ਚਲਾਉਂਦੇ ਹਨ ਅਤੇ ਧੂਣੀ ਦੁਆਲੇ ਚੱਕਰ ਵਿਚ ਬੈਠਦੇ ਹਨ। ਉਹ ਕਮਿਊਨ ਵਾਂਗ ਰਹਿੰਦੇ ਹਨ ਅਤੇ ਹਰ ਮੈਂਬਰ ਕੋਈ ਨਾ ਕੋਈ ਕਾਰਜ ਕਰਦਾ ਹੈ। ਸਮਾਂ ਪੂਰਾ ਹੋਣ 'ਤੇ ਉਹ ਗੱਡੀਆਂ ਵਿਚ ਸਮਾਨ ਲੱਦ ਕੇ ਅਗਲੀ ਠਹਿਰ ਲਈ ਰਵਾਨਾ ਹੋ ਜਾਂਦੇ ਹਨ ਅਤੇ ਪਿੱਛੇ ਕੋਈ ਚਿੰਨ੍ਹ ਨਹੀਂ ਛੱਡਦੇ। ਇਹਨਾਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਮੈਂਬਰ ਹਨ। ਭਾਰਤ ਵਿਚ ਜ਼ਿਆਦਾਤਰ ਵਿਦੇਸ਼ੀ ਹੀ ਇਨ੍ਹਾਂ ਦੇ ਮੈਂਬਰ ਹਨ। ਸ਼ਿਵਰਾਜ ਗਿਰੀ ਦੇ ਵੀ ਰੇਨਬੋ ਪਰਿਵਾਰ 'ਚੋਂ ਕੁੱਝ ਚੇਲੇ ਸਨ। ਇੱਕ ਵਾਰ ਕੁੰਭ ਸ਼ੁਰੂ ਹੋਣ ਤੋਂ ਤਿੰਨ ਮਹੀਨੇ ਪਹਿਲਾਂ ਉਹ ਉਸ ਨੂੰ ਜੰਗਲ ਵਿਚਲੇ ਆਪਣੇ ਕੈਂਪ 'ਚ ਲੈ ਗਏ ਸਨ। ਉਹ ਪੂਰਾ ਦਿਨ ਕੈਂਪ ਵਿਚ ਬਿਤਾ ਕੇ ਸ਼ਾਮ ਨੂੰ ਧੂਣੀ 'ਤੇ ਆਉਣ ਬਾਰੇ ਸੋਚ ਰਿਹਾ ਸੀ ਕਿ 100 ਦੇ ਕਰੀਬ ਪੁਲਿਸ ਵਾਲੇ ਉੱਧਰ ਆ ਰਹੇ ਸਨ। ਉਹ ਡਰ ਵਿਚ ਕੈਂਪ ਉਖਾੜਨ ਲੱਗੇ। ਉਸ ਨੇ ਪੁਲਿਸ ਨਾਲ ਗੱਲਬਾਤ ਕਰ ਕੇ ਉਹਨਾਂ ਨੂੰ ਸਮਾਂ ਦੇਣ ਲਈ ਕਿਹਾ ਤਾਂ ਉਹ ਮੰਨ ਗਏ।

ਇਸ ਤਰ੍ਹਾਂ ਰੇਨਬੋ ਪਰਿਵਾਰ ਨਾਲ ਉਸ ਦਾ ਸੰਪਰਕ ਵਧ ਗਿਆ। ਉਹ ਦਰਜਨ ਦੇ ਕਰੀਬ ਮੈਂਬਰ ਉਸ ਨੂੰ ਗੱਡੀ ਵਿਚ ਬਿਠਾ ਕੇ, ਅਲਮੋੜਾ ਵੱਲ ਲੈ ਤੁਰੇ। ਇਸ ਨੇ ਝਗੜੇ ਦੌਰਾਨ ਹੋਈ ਲੁੱਟਮਾਰ ਅਤੇ ਕੁੱਟ ਨੂੰ ਵੀ ਭੁਲਾ ਦਿੱਤਾ। ਬੜਾ ਸੁਹਾਵਣਾ ਸਫਰ ਸੀ। ਸ਼ਾਮ ਨੂੰ ਸਾਰੇ ਅਲਮੋੜਾ ਪਹੁੰਚ ਗਏ। ਸ਼ਹਿਰ ਦੇ ਬਾਹਰ ਵਾਰ ਜੰਗਲ ਵਿਚ ਕੈਂਪ ਲਗਾ ਲਿਆ। ਉਹਨਾਂ ਉਸੇ ਤਰ੍ਹਾਂ ਟੋਏ ਪੁੱਟੇ, ਲੱਕੜਾਂ ਇਕੱਠੀਆਂ ਕੀਤੀਆਂ।

ਚੁੱਲ੍ਹੇ ਦਾ ਇੰਤਜ਼ਾਮ ਕੀਤਾ ਅਤੇ ਧੂਣੀ ਦੁਆਲੇ ਇਕੱਠੇ ਬੈਠੇ। ਉਹਨਾਂ ਦੀ ਨਿਗਰਾਨੀ ਵਿਚ ਉਸ ਦੇ ਜ਼ਖਮ ਠੀਕ ਹੋਣ ਲੱਗੇ। ਉਸ ਦੀ ਬਵਾਸੀਰ ਵੀ ਠੀਕ ਹੋਣ ਲੱਗੀ। ਰੇਨਬੋ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ 100 ਤੱਕ ਪਹੁੰਚ ਗਈ। ਉਹ ਉਥੇ ਮਹੀਨਾ ਰਿਹਾ ਅਤੇ ਫਿਰ ਚੱਲ ਪਿਆ। ਉਹ ਪਿੰਦਰੀ ਗਲੇਸ਼ੀਅਰ ਵੱਲ ਤੁਰ ਪਿਆ। ਰਸਤੇ ਵਿਚ ਪਹਾੜ ਬਰਫ, ਜੰਗਲਾਂ ਵਿਚ ਦੀ ਹੁੰਦਾ ਹੋਇਆ ਇਕ ਗੁਫਾ ਵਿਚ 7 ਦਿਨ 7 ਰਾਤਾਂ ਕੱਟ ਕੇ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਅੱਕ-ਥੱਕ ਕੇ ਮਰਨ ਦੀ ਇੱਛਾ ਮਨ ਵਿਚ ਸੀ ਪਰ ਮੌਤ ਵੀ ਚਾਹੇ ਤੋਂ ਨਹੀਂ ਆਉਂਦੀ। ਹਰਿਦੁਆਰ ਉਹ ਧਰਮ ਅਤੇ ਅਧਿਆਤਮਵਾਦ ਬਾਰੇ ਨਹੀਂ ਸੀ ਸੋਚ ਪਾਉਂਦਾ, ਹੁਣ ਉਸ ਕੋਲ ਇਸ ਬਾਰੇ ਸੋਚਣ ਦਾ ਸਮਾਂ ਸੀ ਪਰ ਛੇਤੀ ਹੀ ਉਸ ਨੂੰ ਪਿਛਲੀ ਜ਼ਿੰਦਗੀ ਦੀ ਯਾਦ ਆਉਣ ਲੱਗੀ। ਉਹ ਗੰਗਾ ਲਾਗੇ ਆਪਣੀ ਧੂਣੀ 'ਤੇ ਵਾਪਸ ਜਾਣਾ ਚਾਹੁੰਦਾ ਸੀ।

ਕੁੱਝ ਮਹੀਨਿਆਂ ਬਾਅਦ ਉਹ ਹਰਿਦੁਆਰ ਵਾਪਸ ਪਹੁੰਚ ਗਿਆ ਪਰ ਆਪਣੀ ਧੂਣੀ ਕੋਲ ਜਾਣ ਦੀ ਹਿੰਮਤ ਨਾ ਜੁਟਾ ਸਕਿਆ। ਉਹ ਕਿੰਨੀ ਦੇਰ ਨੈਨੀਤਾਲ, ਉੱਤਰ ਕਾਸ਼ੀ, ਸ੍ਰੀਨਗਰ ਅਤੇ ਹੋਰ ਥਾਵਾਂ 'ਤੇ ਘੁੰਮਦਾ ਰਿਹਾ। ਇੱਕ ਸਵੇਰ ਉਹ ਵਿਸ਼ਨੂੰ ਘਾਟ ਪਹੁੰਚਿਆ ਤਾਂ ਦੇਖਿਆ ਕਿ ਜੂਨਾ ਅਖਾੜੇ ਦਾ ਭੂਰਾ ਬਾਬਾ ਜਿਸ ਨੇ 2010 ਦੇ ਕੁੰਭ 'ਤੇ ਸੰਨਿਆਸ ਲਿਆ ਸੀ, ਹੁਣ ਰਜਿੰਦਰ ਗਿਰੀ ਬਣ ਗਿਆ ਸੀ। ਵੱਡੇ ਚਬੂਤਰੇ ਦੀ ਨਾਲ ਕਾਫੀ ਖੁੱਲੀ ਜਗ੍ਹਾ ਜਿੱਥੇ ਉਸ ਨੇ ਬੋਹੜ ਦਾ ਦਰੱਖਤ ਲਾਇਆ ਸੀ, ਉੱਥੇ ਜੂਨਾ ਅਖਾੜੇ ਦੇ ਇੱਕ ਹੋਰ ਨਾਗੇ ਸ਼ੰਕਰਗਿਰੀ ਨੇ ਧੂਣੀ ਲਾ ਲਈ ਸੀ। ਸ਼ਿਵਰਾਜ ਗਿਰੀ ਨੇ ਆਪਣੀ ਕਮਜ਼ੋਰ ਸਥਿਤੀ ਦੇਖਦੇ ਹੋਏ ਤੁਰੰਤ ਧੂਣੀ 'ਤੇ ਦਾਅਵਾ ਕਰਨਾ ਠੀਕ ਨਾ ਸਮਝਿਆ ਅਤੇ ਹੌਲੀ-ਹੌਲੀ ਆਲੇ-ਦੁਆਲੇ ਦੇ ਲੋਕਾਂ ਨੂੰ ਵਿਸ਼ਵਾਸ ਵਿਚ ਲੈ ਕੇ ਹੀ ਅਗਲਾ ਕਦਮ ਚੁੱਕਣ ਦਾ ਫੈਸਲਾ ਕੀਤਾ।

ਉਹ ਆਲੇ-ਦੁਆਲੇ ਦੀਆਂ ਧੂਣੀਆਂ ਦੇ ਚੱਕਰ ਕੱਟਦਾ ਰਿਹਾ ਅਤੇ ਲਛਮਣ ਝੂਲੇ ਕੋਲ ਕੱਚੀ ਰਿਹਾਇਸ਼ ਬਣਾ ਕੇ ਰਹਿੰਦਾ ਰਿਹਾ। ਉਹ ਸਾਲ ਭਰ ਇਸੇ ਤਰ੍ਹਾਂ ਰਿਹਾ। ਉਸ ਦੇ ਪੁਰਾਣੇ ਸ਼ਰਧਾਲੂ ਜੁੜਨ ਲੱਗੇ, ਵਿਦੇਸ਼ੀ ਸ਼ਰਧਾਲੂ ਵੀ ਆਉਣ ਲੱਗੇ ਪਰ ਉਸ ਦੇ ਮਨ ਵਿਚ ਵਿਸ਼ਨੂੰ ਘਾਟ ਵਾਲੀ ਧੂਣੀ ਲਈ ਤੜਫਾਹਟ ਉਸ ਨੂੰ ਬੇਚੈਨ ਕਰ ਰਹੀ ਸੀ। ਦੋ ਸਾਲਾਂ ਬਾਅਦ ਆਲੇ-ਦੁਆਲੇ ਦੇ ਦੁਕਾਨਦਾਰਾਂ ਅੰਦਰ ਵਿਸ਼ਵਾਸ ਪੈਦਾ ਕਰ ਕੇ ਅਤੇ ਭੂਰਾ ਬਾਬਾ ਨਾਲ ਡੀਲ ਤੈਅ ਕਰ ਕੇ ਉਹ ਵਿਸ਼ਨੂੰ ਘਾਟ ਵਾਲੀ ਧੂਣੀ 'ਤੇ ਹੌਲੀ-ਹੌਲੀ ਕਾਬਜ਼ ਹੋ ਗਿਆ। ਬੋਹੜ ਵਾਲੀ ਧੂਣੀ 'ਤੇ ਸ਼ੰਕਰਗਿਰੀ ਹੀ ਕਾਬਜ਼ ਸੀ।

ਸ਼ਿਵਰਾਜ ਗਿਰੀ ਦੇ ਧੂਣੀ 'ਤੇ ਕਾਬਜ਼ ਹੋਣ ਤੋਂ ਬਾਅਦ ਉਸ ਦੇ ਪੈਰੋਕਾਰ ਜੁੜਨ ਲੱਗੇ ਜੋ ਗਾਂਜੇ ਦਾ ਮੁਫਤ ਦਾ ਕਸ਼ ਲੈਣ ਲਈ ਆਉਂਦੇ ਸਨ। ਉਹਦਾ ਚਬੂਤਰਾ, ਤਰਪਾਲ ਦੀ ਛੱਤ 'ਤੇ ਕਾਲਾ ਕੱਪੜਾ, ਉਸ ਦੇ ਸਿਰ ਦੀਆਂ ਦੁਬਾਰਾ ਉੱਗੀਆਂ ਜਟਾਂ ਅਤੇ ਮੂੰਹ 'ਤੇ ਭਰਵੀਂ ਦਾੜ੍ਹੀ ਉਸ ਲਈ ਖੁਸ਼ੀ ਦਾ ਪ੍ਰਤੀਕ ਸਨ। ਨਵੇਂ ਆਉਣ ਵਾਲੇ ਹਰ ਸ਼ਰਧਾਲੂ ਨੂੰ ਉਹ ਲੰਮੀ ਦਾੜ੍ਹੀ ਅਤੇ ਪੈਰਾਂ ਤੱਕ ਡਿੰਗਦੀਆਂ ਜਟਾਂ ਦੀ ਫੋਟੋ ਦਿਖਾਉਂਦਾ। ਧਰਮ ਗਿਰੀ ਡਰਦਾ ਮਾਰਾ ਉੱਧਰ ਕਦੇ ਨਹੀਂ ਆਇਆ। ਗਿਆਨ ਗਿਰੀ ਦਾ ਕੁੱਟ ਕਾਰਨ ਮਾਨਸਿਕ ਸੰਤੁਲਨ ਵਿਗੜ ਗਿਆ। ਉਸ ਅਨੁਸਾਰ ਇਸ ਸੰਸਾਰ ਵਿਚ ਕੁਝ ਵੀ ਸਥਿਰ ਨਹੀਂ, ਇੱਥੋਂ ਤੱਕ ਕਿ ਚੇਲੇ ਵੀ ਬਦਲ ਜਾਂਦੇ ਹਨ।

**(ਚੱਲਦਾ)**

# ਮੌਰੀਆ ਵੰਸ਼ ਦਾ ਇਤਿਹਾਸਕ ਦਸਤਾਵੇਜ਼: ਟਰੈਜਰਜ਼ ਆਫਦਿ ਗੁਪਤਾ ਐਂਪਾਇਰ

ਡਾ. ਸੰਜੀਵ ਕੁਮਾਰ ਪ੍ਰਾਚੀਨ ਭਾਰਤ ਦਾ ਇਤਿਹਾਸ ਲਿਖਣ ਵਾਲਿਆਂ ਵਿਚ ਵਿਸ਼ੇਸ਼ ਥਾਂ ਰੱਖਦੇ ਹਨ; ਖਾਸ ਕਰਕੇ ਚੰਦਰ ਗੁਪਤ ਮੌਰੀਆ ਵੰਸ਼ ਦੇ ਸਾਮਰਾਜ ਵਿਚ ਉਨ੍ਹਾਂ ਦੀ ਖ਼ਾਸ ਦਿਲਚਸਪੀ ਰਹੀ ਹੈ। ਉਹ ਪੁਰਾਤਨ ਸਿੱਕੇ ਇਕੱਠੇ ਕਰਨ ਦਾ ਸ਼ੋਕ ਵੀ ਰੱਖਦੇ ਹਨ।

ਹਾਲ ਹੀ ਵਿਚ ਡਾ.ਨਿਰਮਲਦੀਪ ਸਿੰਘ ਬਰਾੜ ਦਾ ਫੋਨ-ਸੁਨੇਹਾ ਮਿਲਿਆ ਕਿ ਉੱਘੇ



ਇਤਿਹਾਸਕਾਰ ਸੰਜੀਵ ਕੁਮਾਰ ਸ਼ੈਰਿਰਵਿੱਲ (ਇੰਡਿਆਨਾ) ਵਿਖੇ ਡਾ. ਸੁਭਾਸ਼ ਚੰਦਰ ਦੇ ਦੁਰਲੱਭ ਸਿੱਕਿਆਂ ਬਾਰੇ ਗੱਲਬਾਤ ਕਰਨਗੇ।ਮੈਂ ਗੱਲਬਾਤ ਲਈ ਉਨ੍ਹਾਂ ਤੋਂਸਮਾਂ ਮੰਗਿਆ ਤਾਂ ਉਨ੍ਹਾਂ ਕਿਹਾ, "ਕੋਈ ਦਿੱਕਤ ਨਹੀਂ।"

ਸ਼ਨਿੱਚਰਵਾਰ ਅੱਠ ਅਪਰੈਲ ਦੀ ਸ਼ਾਮ ਨੂੰ ਡਾ. ਚੰਦਰ ਦੇ ਤਕਰੀਬਨ ਪੱਚੀ-ਤੀਹ ਹੋਰ ਸੱਜਣ ਵੀ ਉਨ੍ਹਾਂ ਦੀ ਗੱਲਬਾਤ (ਭਾਸ਼ਣ) ਸੁਣਨ ਆਏ ਹੋਏ ਸਨ।

ਇਸ ਦੌਰਾਨ ਛੋਟੀ ਜਿਹੀ ਮੁਲਾਕਾਤ ਵਿਚ ਡਾ. ਸੰਜੀਵ ਕੁਮਾਰ ਜਿਨ੍ਹਾਂ ਇਤਿਹਾਸ ਵਿਚ ਪੀ.ਐਚ.ਡੀ. ਕੀਤੀ ਹੋਈ ਹੈ, ਨੇ ਦੱਸਿਆ ਕਿ ਇਹ ਕਿਤਾਬ ਤਿਆਰ ਕਰਨ ਲਈ ਉਨ੍ਹਾਂ ਨੂੰ ਖੋਜ ਕਾਰਜ ਵਿਚ ਤੀਹ ਸਾਲ ਲੱਗੇ ਅਤੇ ਫਿਰ ਕਿਤਾਬ 2018 ਵਿਚ ਛਪਵਾਈ। ਆਕਸਫੋਰਡ ਵਾਲੇ ਇਹ ਕਿਤਾਬ ਛਾਪਣ ਲਈ ਰਜ਼ਾਮੰਦ ਸਨ ਪਰ ਉਨ੍ਹਾਂ ਦਾ ਇੰਤਜ਼ਾਰ ਸਮਾਂ ਪੰਜ ਸਾਲ ਦਾ ਸੀ। ਸੋ, ਉਨ੍ਹਾਂ ਫੈਸਲਾ ਕੀਤਾ ਕਿ ਉਹ ਖ਼ੁਦ ਹੀ ਇਹ ਕਿਤਾਬ ਕਿਉਂ ਨਾ ਛਪਵਾ ਲੈਣ। ਭਾਰਤ ਸਰਕਾਰ ਦੇ ਸੱਭਿਆਚਾਰਕ ਮੰਤਰੀਮਹੇਸ਼ਸ਼ਰਮਾ ਵੱਲੋਂ 2018 ਵਿਚ ਇਹ ਕਿਤਾਬ ਰਿਲੀਜ਼ਕੀਤੀ ਗਈ। ਅੰਗਰੇਜ਼ੀ ਵਿਚ ਲਿਖੀ ਇਹ ਕਿਤਾਬ ਪ੍ਰਾਚੀਨ ਭਾਰਤ ਦੇ ਇਤਿਹਾਸ ਦੀ ਪ੍ਰਮਾਣਿਕ ਦਸਤਾਵੇਜ਼ ਮੰਨੀ ਜਾਂਦੀ ਹੈ। ਇਸ ਵੱਡ-ਆਕਾਰੀ, ਸੋਹਣੀ ਦਿੱਖ ਵਾਲੀ ਕਿਤਾਬ ਦੀ ਕਨਸੋਅ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੰਨੀ ਪਈ ਤਾਂ ਉਨ੍ਹਾਂ 2019 ਵਿਚ ਲੇਖਕ ਨੂੰ ਆਪਣੇ ਘਰ ਬੁਲਾ ਕੇ ਦੁਬਾਰਾ ਰਿਲੀਜ਼ ਕੀਤੀ। ਸਾਦਾ ਰਹਿਣੀ-ਬਹਿਣੀ ਅਤੇ ਹੱਸਮੁੱਖ ਸੁਭਾਅਦੇ ਮਾਲਕ ਡਾ. ਸੰਜੀਵ ਕੁਮਾਰ ਦੱਸਦੇ ਹਨ ਕਿ ਇਸ ਕਿਤਾਬ ਦਾ ਉਹ ਬੜਾ ਫਖਰ ਮਹਿਸੂਸ ਕਰਦੇ ਹਨ। ਦੋ ਸੌ ਡਾਲਰ ਦੇ ਕਰੀਬ ਇਸ ਦੀ ਕੀਮਤ ਹੋਣ ਦੇ ਬਾਵਜੂਦ ਲੋਕੀ ਚਾਈਂ-ਚਾਈਂ ਇਸ ਨੂੰ ਖਰੀਦ ਰਹੇ ਹਨ। ਪੰਜ ਸੌ ਕਾਪੀਆਂ ਤਾਂ ਪਹਿਲੇ ਸਾਲ ਹੀ ਭਾਰਤ ਵਿਚ ਵਿਕ ਗਈਆਂ।

ਚੰਦਰਗੁਪਤ ਮੌਰੀਆ ਦਾ ਜਨਮ 340 ਈਸਾ ਪੂਰਬ ਵਿਚ ਹੋਇਆ। ਉਹ ਅਜਿਹਾ ਸਮਰਾਟ ਸੀ ਜਿਸ ਨੇ ਚਾਣਕਿਆ ਦੀ ਮਦਦ ਨਾਲ ਸਾਰੇ ਭਾਰਤ ਨੂੰ ਇਕ ਸਾਮਰਾਜ ਅਧੀਨ ਲਿਆਂਦਾ। ਪਾਟਲੀ ਪੁੱਤਰ (ਬਿਹਾਰ) ਵਿਚ ਜਨਮੇ ਇਸ ਸਮਰਾਟ ਦੇ ਰਾਜ ਕਾਲ ਨੂੰ 'ਸੁਨਹਿਰੀ ਯੁੱਗ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਰਾਜਾ ਮਹਾਂਨੰਦ ਨੂੰ ਜਿੱਤ ਕੇ ਨੰਦ ਵੰਸ਼ ਦਾ ਖਾਤਮਾ ਕੀਤਾ। ਇਸ ਦੀ ਫੌਜ ਵਿਚ ਛੇ ਲੱਖ ਸਿਪਾਹੀ ਦੱਸੇ ਜਾਂਦੇ ਹਨ। ਇਸ ਦਾ ਪੁੱਤਰ ਬਿੰਦੂਸਰ ਵੀ ਸਫਲ ਸ਼ਾਸਕ ਮੰਨਿਆ ਜਾਂਦਾ ਹੈ।

ਇਸ ਮੌਕੇ ਡਾ. ਸੰਜੀਵ ਕੁਮਾਰ ਨੇ ਇੱਕਤਰ ਕੀਤੇ ਦੁਰਲੱਭ ਸਿੱਕੇ ਵੀ ਦਰਸ਼ਕਾਂ ਨੂੰ ਦਿਖਾਏ। ਉਨ੍ਹਾਂ ਦੇ ਦੱਸਣ ਮੁਤਾਬਕ ਕਈਸਿੱਕੇ ਤਾਂ ਅਜਿਹੇ ਹਨ ਜੋ ਹੋਰ ਕਿਤੇ ਨਹੀਂ ਮਿਲਦੇ। ਉਨ੍ਹਾਂ ਦੀ ਕੀਮਤ ਵੀ ਲੱਖਾਂ ਵਿਚ ਹਨ। ਭਗਵਾਨ ਸ਼ਿਵ, ਭਗਵਾਨ ਬੁੱਧ, ਲਕਸ਼ਮੀ, ਸਰਸਵਤੀ ਆਦਿ ਕਿੰਨੇ ਹੀ ਦੇਵੀ ਦੇਵਤਿਆਂ ਦੇ ਸੋਨੇ, ਕਾਂਸੀ ਅਤੇ ਤਾਂਬੇ ਦੇ ਸਿੱਕੇ ਉਨ੍ਹਾਂ ਦਿਖਾਏ। ਉਹ ਦੱਸਦੇਹਨ ਕਿ ਇਨ੍ਹਾਂ ਸਿੱਕਿਆਂ (ਜੋ ਹਜ਼ਾਰਾਂ ਦੀ ਗਿਣਤੀ ਵਿਚ ਹਨ) ਨੂੰ ਲੱਭਣ ਅਤੇ ਇਕੱਠੇ ਕਰਨ ਲਈ ਉਨ੍ਹਾਂ ਭਾਰਤ ਦੇ ਅਨੇਕਾਂ ਸੂਬਿਆਂ, ਖਾਸ ਕਰਕੇ ਬਿਹਾਰ ਅਤੇ ਬੰਗਾਲ ਵਿਚ ਉਨ੍ਹਾਂ ਬੜੇ ਚੱਕਰ ਲਗਾਏ; ਇੱਥੋਂ ਤਕ ਕਿ ਵਿਦੇਸ਼ਾਂ ਵਿਚ ਵੀ ਜੇ ਦੱਸ ਪਈਤਾਂ ਉਹ ਉਥੋਂ ਵੀ ਸਿੱਕੇ ਖ਼ਰੀਦ ਕੇ ਲਿਆਏ।

ਪ੍ਰਾਚੀਨ ਸਮਿਆਂ ਵਿਚ ਵਪਾਰ ਸਿੱਕਿਆਂ ਨਾਲਕੀਤਾ ਜਾਂਦਾ ਸੀ। ਦੱਸਿਆ ਜਾਂਦਾ ਹੈ ਕਿ ਚੰਦਰ ਗੁਪਤ ਨੇ ਯੂਨਾਨ ਦੇ ਰਾਜਾ ਦੀ ਪੁੱਤਰੀ ਦੁਰਧਾਰਾ ਨਾਲ ਵਿਆਹ ਕਰਵਾਇਆ। ਇਸ ਤੋਂ ਸਿੱਧ ਹੁੰਦਾ ਹੈ ਕਿ ਉਸ ਦਾ ਵਪਾਰ ਭਾਰਤ ਤੋਂ ਬਾਹਰ ਵੀ ਹੁੰਦਾ ਸੀ।

ਡਾ. ਸੰਜੀਵ ਕੁਮਾਰ ਨੇ ਅਮਰੀਕਾ ਵਿਚ (ਸ਼ਿਕਾਗੋ ਆਧਾਰਿਤ) 'ਸ਼ਿਵਾਲੀ ਟਰੱਸਟ' ਵੀ ਬਣਾਇਆ ਹੋਇਆ ਹੈ। ਉਹ ਇਸ ਟਰੱਸਟ ਦੇ ਚੇਅਰਮੈਨ ਹੈ। ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਪੁਰਾਤਨ ਇਤਿਹਾਸ ਵਿਚ ਕੰਮ ਕਰਨ ਦੇ ਸ਼ੌਕੀਨ ਖੋਜਾਰਥੀਆਂ ਲਈ ਉਹ ਹਰ ਸਾਲ ਸਕਾਲਰਸ਼ਿਪ ਦਿੰਦੇ ਹਨ ਤਾਂ ਜੋ ਲੋੜਵੰਦ ਅਤੇ ਹੋਣਹਾਰ ਖੋਜਾਰਥੀਨਿੱਠ ਕੇ ਇਤਿਹਾਸ ਦੀ ਖੋਜ ਕਰ ਸਕਣ। ਤਕਰੀਬਨ ਡੇਢ ਘੰਟਾ ਉਨ੍ਹਾਂ ਪ੍ਰੋਜੈਕਟਰ ਰਾਹੀਂ ਵੱਡੀ ਸਕਰੀਨ ਉਪਰ ਬੜੇ ਵਿਸਥਾਰ ਨਾਲ ਇਸ ਸੁਨਹਿਰੀ ਯੁੱਗ ਦੀ ਭਰਪੂਰ ਜਾਣਕਾਰੀ ਦਿੱਤੀ। ਹਾਜ਼ਰ ਦਰਸ਼ਕਾਂ ਨੇ ਸੁਆਲ ਵੀ ਕੀਤੇ ਜਿਨ੍ਹਾਂ ਦੇ ਜੁਆਬ ਉਨ੍ਹਾਂ ਬੜੇ ਸਲੀਕੇ ਨਾਲ ਦਿੱਤੇ। ਇੰਨੇ ਪੁਰਾਣੇ ਸਿੱਕੇ ਦੇਖ ਕੇ ਸਭ ਹੈਰਾਨ ਵੀ ਹੋ ਰਹੇ ਸਨ ਤੇ ਖੁਸ਼ ਵੀ।

ਡਾ.ਚੰਦਰ ਨੇ ਹਾਜ਼ਰੀਨ ਵਾਸਤੇ ਹਲਕੇ-ਫੁਲਕੇ ਖਾਣੇ ਦਾ ਪ੍ਰਬੰਧ ਵੀ ਕੀਤਾ ਹੋਇਆਸੀ। ਉਨ੍ਹਾਂ ਦੀ ਮਹਿਮਾਨ ਨਿਵਾਜੀ ਵੀ ਸਲਾਹੁਣਯੋਗ ਸੀ। ਅਖੀਰ ਵਿਚ ਡਾ. ਸੰਜੀਵ ਕੁਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ ਕਿ ਸਭ ਨੇ ਉਤਸੁਕਤਾ ਨਾਲ ਉਨ੍ਹਾਂ ਦੀ ਗੱਲਬਾਤ ਸੁਣੀ।










# ਜੀ-20 ਅਤੇ ਉਭਰ ਰਹੀਆਂ ਆਰਥਿਕਤਾਵਾਂ

ਸੁੱਚਾ ਸਿੰਘ ਗਿੱਲ

2023 ਦੌਰਾਨ 20 ਦੇਸ਼ਾਂ ਦੇ ਗਰੁੱਪ (ਜੀ-20) ਦੀ ਕੌਮਾਂਤਰੀ ਸੰਸਥਾ ਦੀ ਪ੍ਰਧਾਨਗੀ ਭਾਰਤ ਨੂੰ ਸੌਂਪੀ ਗਈ ਹੈ। ਇਸ ਦਾ ਪ੍ਰਗਟਾਵਾ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਪਹਿਲੀ ਵਾਰ ਬਹੁਤ ਵੱਡਾ ਮਾਣ ਦੇਸ਼ ਨੂੰ ਮਿਲਿਆ ਹੋਵੇ। ਪਹਿਲੀ ਵਾਰ 2002 ਵਿਚ ਭਾਰਤ ਨੂੰ ਜੀ-20 ਦੀ ਪ੍ਰਧਾਨਗੀ ਕਰਨ ਦਾ ਮੌਕਾ ਮਿਲਿਆ ਸੀ ਅਤੇ ਉਸ ਸਮੇਂ ਦੇ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਇਸ ਗਰੁੱਪ ਦੀ ਪ੍ਰਧਾਨਗੀ ਕੀਤੀ ਸੀ। ਇਸ ਸਮੇਂ ਇਸ ਦੀ ਪ੍ਰਧਾਨਗੀ ਦਾ ਅਧਿਕਾਰ ਦੇਸ਼ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਨਹੀਂ। ਇਸ ਤੋਂ ਪਹਿਲਾਂ ਇਸ ਦੇ ਸੱਤ ਸਿਖਰ ਸੰਮੇਲਨ ਹੋ ਚੁੱਕੇ ਹਨ। ਅੱਠਵਾਂ ਸੰਮੇਲਨ ਹੁਣ ਭਾਰਤ ਵਿਚ ਹੋ ਰਿਹਾ ਹੈ। ਵੱਖ ਵੱਖ ਸ਼ਹਿਰਾਂ ਵਿਚ ਕਈ ਵਿਸ਼ਿਆਂ 'ਤੇ ਕਾਨਫਰੰਸਾਂ ਹੋ ਰਹੀਆਂ ਹਨ। ਅੰਮ੍ਰਿਤਸਰ ਵਿਖੇ ਕਿਰਤ ਕੋਡਾਂ ਤੇ ਵਿਦਿਆ ਅਤੇ ਚੰਡੀਗੜ੍ਹ ਵਿਚ ਟਿਕਾਊ ਖੇਤੀਬਾੜੀ ਵਿਕਾਸ ਅਤੇ ਖੁਰਾਕ ਸੁਰੱਖਿਆ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।


ਪੂਰਬੀ ਏਸ਼ੀਆ ਦੇ ਮੁਦਰਾ ਸੰਕਟ (1997-98) ਨੇ ਇਨ੍ਹਾਂ ਦੇਸ਼ਾਂ ਦੀਆਂ ਮੁਦਰਾਵਾਂ ਦੀ ਵਟਾਂਦਰਾ ਦਰ ਵਿਚ ਭਾਰੀ ਗਿਰਾਵਟ ਪੈਦਾ ਕੀਤੀ ਅਤੇ 100 ਬਿਲੀਅਨ ਅਮਰੀਕੀ ਡਾਲਰ ਇਨ੍ਹਾਂ ਦੇਸ਼ਾਂ ਵਿਚੋਂ ਵਿਦੇਸ਼ਾਂ ਵਿਚ ਚਲੇ ਗਏ ਸਨ। ਇਹ ਸੰਕਟ ਥਾਈਲੈਂਡ ਤੋਂ ਸ਼ੁਰੂ ਹੋਇਆ ਅਤੇ ਦੱਖਣੀ ਕੋਰੀਆ, ਮਲੇਸ਼ੀਆ ਤੇ ਇੰਡੋਨੇਸ਼ੀਆ ਵਿਚ ਫੈਲ ਗਿਆ ਸੀ। ਇਸ ਸੰਕਟ ਨੂੰ ਹੱਲ ਕਰਨ ਵਾਸਤੇ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਸਹਾਇਤਾ ਦੇਣ ਸਮੇਂ ਇਨ੍ਹਾਂ ਦੇਸ਼ਾਂ 'ਤੇ ਸਖ਼ਤ ਸ਼ਰਤਾਂ ਲਗਾਈਆਂ ਗਈਆਂ ਸਨ। ਇਨ੍ਹਾਂ ਸਖ਼ਤ ਸ਼ਰਤਾਂ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਿਲ ਆਈ ਸੀ। ਇਸ ਕਰਕੇ ਆਰਥਿਕ ਸੰਕਟ ਸਿਆਸੀ ਸੰਕਟ ਵਿਚ ਬਦਲ ਗਿਆ ਸੀ। ਇੰਡੋਨੇਸ਼ੀਆ ਦੇ ਪ੍ਰਧਾਨ ਸਹਾਰਤੋ ਦੀ 30 ਸਾਲ ਪੁਰਾਣੀ ਹਕੂਮਤ ਹੀ ਚਲੀ ਗਈ ਸੀ। ਇਨ੍ਹਾਂ ਦੇਸ਼ਾਂ ਵਿਚ ਉਹ ਆਰਥਿਕ ਸੁਧਾਰ ਲਾਗੂ ਕਰਵਾਏ ਗਏ ਸਨ ਜਿਹੜੇ ਪਹਿਲਾਂ ਦੱਖਣੀ ਅਮਰੀਕਾ ਦੇ ਕਈ ਦੇਸ਼ਾਂ ਵਿਚ ਪਹਿਲਾਂ ਲਾਗੂ ਕੀਤੇ ਗਏ ਸਨ ਪਰ ਨਾਕਾਮ ਹੋ ਗਏ ਸਨ। ਇਹ ਆਰਥਿਕ ਸੁਧਾਰ ਪੂਰਬੀ ਏਸ਼ੀਆ ਦੇ ਦੇਸ਼ਾਂ ਨੂੰ ਮੁਆਫ਼ਕ ਨਹੀਂ ਆਏ ਸਨ। ਇਸ ਕਰਕੇ ਕੌਮਾਂਤਰੀ ਮੁਦਰਾ ਕੋਸ਼ ਦੀ ਕਾਫ਼ੀ ਨੁਕਤਾਚੀਨੀ ਹੋਈ ਅਤੇ ਇਸ ਦੀ ਸਾਖ ਨੂੰ ਸੱਟ ਵੀ ਵੱਜੀ ਸੀ। ਇਸ ਨੁਕਤਾਚੀਨੀ ਦਾ ਆਧਾਰ ਇਹ ਸੀ ਕਿ ਛੋਟੇ ਅਤੇ ਗ਼ਰੀਬ ਦੇਸ਼ਾਂ ਦੀ ਜ਼ਮੀਨੀ ਹਕੀਕਤ ਦੀ ਪਰਵਾਹ ਕਰੇ ਬਗੈਰ ਨਵਉਦਾਰਵਾਦੀ ਨੀਤੀਆਂ ਲਾਗੂ ਕਰ ਦਿੱਤੀਆਂ ਜਾਂਦੀਆਂ ਹਨ। ਇਸ ਕਰਕੇ ਇਨ੍ਹਾਂ ਦੇਸ਼ਾਂ ਨੂੰ ਭਾਰੀ ਨੁਕਸਾਨ ਹੁੰਦਾ ਹੈ। ਕੌਮਾਂਤਰੀ ਪੱਧਰ 'ਤੇ ਦਬਾਅ ਪੈਣ ਲੱਗਿਆ ਸੀ ਕਿ ਕੌਮਾਂਤਰੀ ਮੁਦਰਾ ਪ੍ਰਬੰਧ ਵਿਚ ਸੁਧਾਰ ਲਿਆਂਦੇ ਜਾਣ। ਇਸ ਦੇ ਨਾਲ ਹੀ ਇਸ ਗੱਲ 'ਤੇ ਵੀ ਵਿਚਾਰ ਕੀਤਾ ਜਾਣ ਲੱਗ ਪਿਆ ਕਿ ਦੁਨੀਆਂ ਦੀ ਆਰਥਿਕਤਾ ਵਿਚ ਤਬਦੀਲੀਆਂ ਆ ਰਹੀਆਂ ਹਨ। ਖ਼ਾਸ ਕਰਕੇ ਏਸ਼ੀਆ ਵਿਚ ਚੀਨ ਅਤੇ ਭਾਰਤ ਵਿਚ ਆਰਥਿਕ ਉਭਾਰ ਨੂੰ ਵੇਖਦਿਆਂ ਕੌਮਾਂਤਰੀ ਮੁਦਰਾ ਸਿਸਟਮ ਨੂੰ ਉੱਭਰ ਰਹੀਆਂ ਆਰਥਿਕਤਾਵਾਂ ਦੀ ਆਵਾਜ਼ ਨੂੰ ਕੁਝ ਜ਼ਿਆਦਾ ਤਰਜੀਹ ਦੇਣੀ ਚਾਹੀਦੀ ਹੈ। ਇਸ ਕਰਕੇ ਕੌਮਾਂਤਰੀ ਮੁਦਰਾ ਕੋਸ਼ 'ਤੇ ਕਾਬਜ਼ ਸੱਤ ਦੇਸ਼ਾਂ (ਜੀ-7) ਨੇ ਇਸ ਪਹਿਲੂ 'ਤੇ 1997 ਵਿਚ ਹੀ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਸੀ ਤਾਂ ਕਿ ਕੌਮਾਂਤਰੀ ਮੁਦਰਾ ਪ੍ਰਣਾਲੀ ਵਿਚ ਗੱਲਬਾਤ ਅਤੇ ਸਲਾਹ ਮਸ਼ਵਰੇ ਦਾ ਘੇਰਾ ਵਧਾਇਆ ਜਾਵੇ। ਇਸ ਵਿਚਾਰ ਵਟਾਂਦਰੇ ਤੋਂ ਬਾਅਦ ਜੀ-20 ਦੇਸ਼ਾਂ ਦੇ ਸੰਗਠਨ ਦੀ ਸਥਾਪਨਾ ਦਾ ਫ਼ੈਸਲਾ ਕੀਤਾ ਗਿਆ ਸੀ ਅਤੇ ਇਸ ਦਾ ਐਲਾਨ 25 ਸਤੰਬਰ 1999 ਨੂੰ ਜਰਮਨੀ ਵਿਚ ਕੀਤਾ ਗਿਆ। ਇਸ ਸੰਸਥਾ ਦਾ ਐਲਾਨ ਕਰਦਿਆਂ ਇਹ ਕਿਹਾ ਗਿਆ ਸੀ ਕਿ ਆਰਥਿਕ ਅਤੇ ਵਿੱਤੀ ਨੀਤੀ ਮਾਮਲਿਆਂ ਵਾਸਤੇ ਮਹੱਤਵਪੂਰਨ ਆਰਥਿਕਤਾ ਵਾਲੇ ਦੇਸ਼ਾਂ ਵਿਚ ਗੈਰਰਸਮੀ ਗੱਲਬਾਤ ਦਾ ਘੇਰਾ ਵਧਾਇਆ ਜਾਵੇ ਤਾਂ ਕਿ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਟਿਕਾਊ ਆਰਥਿਕ ਵਿਕਾਸ ਕੀਤਾ ਜਾ ਸਕੇ। ਜੀ-7 ਦੇਸ਼ਾਂ ਅਤੇ ਵਿਸ਼ਵ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਨਾਲ ਕਾਫ਼ੀ ਵਿਚਾਰ ਚਰਚਾ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਕਿ ਨਵੀਂ ਸੰਸਥਾ ਦਾ ਨਾਮ ਜੀ-20 ਹੋਵੇਗਾ। ਇਸ ਵਿਚ 19 ਦੇਸ਼ ਸ਼ਾਮਲ ਹੋਣਗੇ ਅਤੇ ਯੂਰੋਪੀਅਨ ਯੂਨੀਅਨ ਨੂੰ ਇਸ ਵਿਚ ਸ਼ਾਮਲ ਕਰਕੇ ਇਹ ਗਿਣਤੀ 20 ਕਰ ਦਿੱਤੀ ਗਈ ਸੀ। ਇਸ ਤੋਂ ਇਲਾਵਾ ਵਿਸ਼ਵ ਬੈਂਕ ਦੇ ਮੁਖੀ ਅਤੇ ਕੌਮਾਂਤਰੀ ਮੁਦਰਾ ਕਮੇਟੀ ਅਤੇ ਵਿਕਾਸ ਕਮੇਟੀ ਦੇ ਚੇਅਰਪਰਸਨਜ਼ ਵੀ ਜੀ-20 ਦੀਆਂ ਮੀਟਿੰਗਾਂ ਵਿਚ ਹਿੱਸਾ ਲੈਣਗੇ। ਜੀ-20 ਵਿਚ ਸ਼ਾਮਲ ਮੈਂਬਰਾਂ ਦੇ ਨਾਮ ਹਨ: ਅਰਜਨਟੀਨਾ, ਆਸਟਰੇਲੀਆ, ਬ੍ਰਾਜ਼ੀਲ, ਕੈਨੇਡਾ, ਚੀਨ, ਫਰਾਂਸ, ਜਰਮਨੀ, ਭਾਰਤ, ਇੰਡੋਨੇਸ਼ੀਆ, ਇਟਲੀ, ਜਾਪਾਨ, ਦੱਖਣੀ ਕੋਰੀਆ, ਮੈਕਸਿਕੋ, ਰੂਸ, ਸਾਊਦੀ ਅਰਬ, ਦੱਖਣੀ ਅਫਰੀਕਾ, ਤੁਰਕੀ, ਯੂ.ਕੇ., ਯੂ.ਐੱਸ.ਏ. ਅਤੇ ਯੂਰਪੀਅਨ ਯੂਨੀਅਨ। ਇਹ ਅਨੁਮਾਨ ਹੈ ਕਿ ਇਸ ਵਿਚ ਸ਼ਾਮਲ ਦੇਸ਼ਾਂ ਕੋਲ ਕੁਲ ਦੁਨੀਆਂ ਦੀ ਸਾਲਾਨਾ ਆਮਦਨ ਦਾ 85 ਫ਼ੀਸਦੀ ਹੈ ਅਤੇ ਇਨ੍ਹਾਂ ਦੇਸ਼ਾਂ ਵਿਚ ਦੁਨੀਆਂ ਦੀ ਦੋ-ਤਿਹਾਈ ਵਸੋਂ ਰਹਿ ਰਹੀ ਹੈ। ਇਸ ਗਰੁੱਪ ਵਿਚ ਬਹੁਤ ਛੋਟੀਆਂ ਅਤੇ ਬਹੁਤ ਗ਼ਰੀਬ ਆਰਥਿਕਤਾਵਾਂ ਨੂੰ ਬਾਹਰ ਰੱਖਿਆ ਗਿਆ ਹੈ।



ਜੀ-20 ਦੀ ਸੰਸਥਾ ਸਿਰਫ਼ ਗੈਰਰਸਮੀ ਗੱਲਬਾਤ ਵਾਸਤੇ ਇਕ ਪਲੇਟਫਾਰਮ ਹੈ। ਇਸ ਨੂੰ ਫ਼ੈਸਲੇ ਲੈਣ ਦਾ ਅਧਿਕਾਰ ਨਹੀਂ ਹੈ। ਇਸ ਦਾ ਮੁੱਖ ਮੰਤਵ ਵਿਸ਼ਵ ਦੇ ਆਰਥਿਕ ਅਤੇ ਵਿੱਤੀ ਮਾਮਲਿਆਂ 'ਤੇ ਗੱਲਬਾਤ ਕਰਨਾ ਹੈ ਜਿਨ੍ਹਾਂ ਬਾਰੇ ਅਜੇ ਤੱਕ ਦੇਸ਼ਾਂ ਵਿਚ ਆਮ ਸਹਿਮਤੀ ਨਹੀਂ ਬਣ ਸਕੀ। ਸਹਿਮਤੀ ਬਣਾਉਣ ਵਾਸਤੇ ਏਜੰਡਾ ਤੈਅ ਕਰਨਾ ਅਤੇ ਅਜਿਹੇ ਤਰੀਕੇ ਨਾਲ ਚੱਲਣਾ ਹੈ ਕਿ ਕਾਮਯਾਬ ਮਿਸਾਲਾਂ ਪੇਸ਼ ਕਰਕੇ ਉਨ੍ਹਾਂ ਬਾਰੇ ਆਮ ਸਹਿਮਤੀ ਬਣਾਈ ਜਾ ਸਕੇ। ਇਨ੍ਹਾਂ ਮਾਮਲਿਆਂ ਵਿਚ ਆਰਥਿਕ ਸੰਕਟ ਦੇ ਹੱਲ ਲਈ ਨਿੱਜੀ ਸਰਮਾਏ ਦੀ ਭੂਮਿਕਾ ਨੂੰ ਉਤਸ਼ਾਹਿਤ ਕਰਨਾ ਅਤੇ ਵਿਸ਼ਵ ਵਿਚ ਟਿਕਾਊ ਆਰਥਿਕ ਵਿਕਾਸ ਨੂੰ ਪ੍ਰਾਪਤ ਕਰਨਾ ਸ਼ਾਮਲ ਹੈ। ਗੱਲਬਾਤ ਕਰਦਿਆਂ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਦਿਸ਼ਾ ਨਿਰਦੇਸ਼ਾਂ ਨੂੰ ਵਿਸ਼ੇਸ਼ ਧਿਆਨ ਵਿਚ ਰੱਖਿਆ ਜਾਣਾ ਸੁਨਿਸ਼ਚਿਤ ਕੀਤਾ ਗਿਆ ਹੈ। ਕਿਉਂਕਿ ਇਸ ਸੰਸਥਾ ਨੂੰ ਫੈਸਲੇ ਲੈਣ ਦਾ ਅਧਿਕਾਰ ਨਹੀਂ ਹੈ, ਇਸ ਕਰਕੇ ਇਸ ਦੇ ਵਿਚਾਰਾਂ ਨੂੰ ਲਾਗੂ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਜੀ-20 ਦਾ ਆਪਣਾ ਕੋਈ ਸਕੱਤਰੇਤ ਨਹੀਂ ਹੈ। ਇਹ ਗੈਰ-ਰਸਮੀ ਗੱਲਬਾਤ ਦਾ ਸਬੱਬ ਪੈਦਾ ਕਰਨ ਲਈ ਬਣਾਈ ਗਈ ਸੰਸਥਾ ਹੈ। ਇਹ ਵਿਸ਼ਵ ਆਰਥਿਕਤਾ ਅਤੇ ਵਿੱਤੀ ਮਾਮਲਿਆਂ ਬਾਰੇ ਸੈਮੀਨਾਰ, ਕਾਨਫਰੰਸ ਆਦਿ ਕਰ ਸਕਦੀ ਹੈ ਪਰ ਕੋਈ ਫ਼ੈਸਲਾ ਨਹੀਂ ਲੈ ਸਕਦੀ। ਇਸ ਦੀ ਪ੍ਰਮੁੱਖ ਮਿਸਾਲ ਭਾਰਤ ਵਿਚ ਜੀ-20 ਦੇ ਮਾਰਚ 2023 ਵਿਚ ਚੱਲ ਰਹੇ ਸੰਮੇਲਨ ਤੋਂ ਮਿਲਦੀ ਹੈ। ਇਸ ਸੰਮੇਲਨ ਵਿਚ ਪੱਛਮੀ ਦੇਸ਼ ਮੌਜੂਦਾ ਯੂਕਰੇਨ-ਰੂਸ ਯੁੱਧ ਬਾਰੇ ਮਤਾ ਪਾਸ ਕਰਵਾਉਣਾ ਚਾਹੁੰਦੇ ਸਨ ਪਰ ਰੂਸ-ਚੀਨ ਦੇ ਵਿਰੋਧ ਕਾਰਨ ਇਹ ਮਤਾ ਪਾਸ ਨਹੀਂ ਹੋ ਸਕਿਆ। ਇਹ ਸੰਸਥਾ ਕੇਵਲ ਗੈਰਰਸਮੀ ਗੱਲਬਾਤ ਕਰਨ ਤੱਕ ਹੀ ਸੀਮਿਤ ਰਹਿਣਾ ਦਾ ਅਧਿਕਾਰ ਰੱਖਦੀ ਹੈ।

ਚੀਨ, ਭਾਰਤ ਅਤੇ ਹੋਰ ਤੇਜ਼ੀ ਨਾਲ ਉੱਭਰ ਰਹੀਆਂ ਆਰਥਿਕਤਾਵਾਂ ਵਾਲੇ ਦੇਸ਼ਾਂ ਵੱਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਕੌਮਾਂਤਰੀ ਮੁਦਰਾ ਸਿਸਟਮ ਵਿਚ ਉਨ੍ਹਾਂ ਦੀ ਵੱਧ ਸੁਣਵਾਈ ਹੋਵੇ ਅਤੇ ਮੌਜੂਦਾ ਪ੍ਰਬੰਧ ਵਿਚ ਸੁਧਾਰ ਕੀਤਾ ਜਾਵੇ। ਇਨ੍ਹਾਂ ਸੁਧਾਰਾਂ ਨੂੰ ਜੀ-7 ਵੱਲੋਂ ਰੋਕਿਆ ਜਾ ਰਿਹਾ ਹੈ। ਮੌਜੂਦਾ ਸਿਸਟਮ ਵਿਚ ਦੋ ਵੱਡੀਆਂ ਖਾਮੀਆਂ ਹਨ। ਪਹਿਲੀ ਖਾਮੀ ਇਹ ਹੈ ਕਿ ਇਸ ਵਿਚ ਅਮਰੀਕੀ ਡਾਲਰ ਨੂੰ ਕੌਮਾਂਤਰੀ ਮੁਦਰਾ ਦਾ ਰੁਤਬਾ ਹਾਸਲ ਹੋਣ ਕਾਰਨ ਇਸ ਦੀ ਸਰਦਾਰੀ ਹੈ। ਬਾਕੀ ਦੇ ਦੇਸ਼ਾਂ ਨੂੰ ਬਾਹਰ ਮਾਲ ਵੇਚ ਕੇ ਡਾਲਰ ਕਮਾਉਣੇ ਪੈਂਦੇ ਹਨ ਜਦੋਂਕਿ ਅਮਰੀਕਾ ਡਾਲਰ ਛਾਪ ਕੇ ਕੌਮਾਂਤਰੀ ਮੰਡੀ ਤੋਂ ਸਾਮਾਨ ਖਰੀਦ ਸਕਦਾ ਹੈ। ਦੂਸਰੀ ਖਾਮੀ ਕੌਮਾਂਤਰੀ ਮੁਦਰਾ ਕੋਸ਼ ਦੇ ਵਿਧਾਨ ਨਾਲ ਸਬੰਧਿਤ ਹੈ। ਇਸ ਅਨੁਸਾਰ ਬਹੁਤ ਮਹੱਤਵਪੂਰਨ ਫ਼ੈਸਲੇ ਲੈਣ ਲਈ 85 ਫ਼ੀਸਦੀ ਵੋਟਾਂ ਦੇ ਬਹੁਮਤ ਦੀ ਲੋੜ ਹੈ। ਇਕੱਲੇ ਅਮਰੀਕਾ ਕੋਲ 17 ਫ਼ੀਸਦੀ ਤੋਂ ਵੱਧ ਵੋਟਾਂ ਹੋਣ ਕਾਰਨ ਇਹ ਵੀਟੋ ਦੀ ਤਾਕਤ ਰੱਖਦਾ ਹੈ ਅਤੇ ਆਪਣੇ ਸਹਿਯੋਗੀ ਜੀ-7 ਦੀ ਮਦਦ ਨਾਲ ਇਨ੍ਹਾਂ ਕੋਲ ਵੋਟਾਂ ਦਾ ਬਹੁਮਤ ਹੈ। ਇਹ ਦੇਸ਼ ਅਸਲ ਵਿਚ ਕੌਮਾਂਤਰੀ ਮੁਦਰਾ ਕੋਸ਼ ਨੂੰ ਕੰਟਰੋਲ ਕਰਦੇ ਹਨ। ਕਮਜ਼ੋਰ ਅਤੇ ਲੋੜਵੰਦ ਦੇਸ਼ਾਂ ਦੀ ਵਿੱਤੀ ਮਦਦ ਕਰਦੇ ਸਮੇਂ ਬਹੁਤ ਸਖ਼ਤ ਸ਼ਰਤਾਂ ਲਗਾਈਆਂ ਜਾਂਦੀਆਂ ਹਨ। ਇਸ ਦੀਆਂ ਤਾਜ਼ਾ ਮਿਸਾਲਾਂ ਸ੍ਰੀਲੰਕਾ ਅਤੇ ਪਾਕਿਸਤਾਨ ਨੂੰ ਕਰਜ਼ਾ ਦੇਣ ਸਮੇਂ ਲਗਾਈਆਂ ਸ਼ਰਤਾਂ ਤੋਂ ਮਿਲਦੀਆਂ ਹਨ। ਅਮਰੀਕੀ ਗੁੱਟ ਦੇ ਨਾਲ ਅਸਹਿਮਤ ਦੇਸ਼ਾਂ 'ਤੇ ਵਿੱਤੀ ਅਤੇ ਵਪਾਰਕ ਰੋਕਾਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਨਿਜਾਤ ਪਾਉਣ ਲਈ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਵੱਲੋਂ ਰਲ ਕੇ ਬਰਿਕਸ ਨਾਮ ਦੀ ਸੰਸਥਾ 2010 ਵਿਚ ਕਾਇਮ ਕੀਤੀ ਗਈ ਸੀ। ਇਸ ਤੋਂ ਇਲਾਵਾ ਚੀਨ ਦੀ ਅਗਵਾਈ ਵਿਚ ਸ਼ੰਘਾਈ ਕੋਆਪਰੇਸ਼ਨ ਆਰਗੇਨਾਈਜ਼ੇਸ਼ਨ2001 ਵਿਚ ਕਾਇਮ ਕੀਤਾ ਗਿਆ ਸੀ। ਇਸ ਸਾਲ ਕਈ ਦੇਸ਼ਾਂ ਨੇ ਮਿਲ ਕੇ ਆਪਸੀ ਵਪਾਰ ਡਾਲਰ ਤੋਂ ਇਲਾਵਾ ਲੋਕਲ ਕਰੰਸੀਆਂ ਜਿਵੇਂ ਰੂਬਲ, ਭਾਰਤੀ ਰੁਪਏ ਜਾਂ ਹੋਰ ਕਰੰਸੀਆਂ ਵਿਚ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਵਿਚ ਚੀਨ, ਰੂਸ, ਭਾਰਤ, ਇਰਾਨ, ਸਾਊਦੀ ਅਰਬ, ਤੁਰਕੀ ਅਤੇ ਕੁਝ ਹੋਰ ਦੇਸ਼ ਸ਼ਾਮਲ ਹਨ। ਸਾਫ਼ ਹੈ ਕਿ ਤੇਜ਼ੀ ਨਾਲ ਉੱਭਰ ਰਹੀਆਂ ਆਰਥਿਕਤਾਵਾਂ ਕੌਮਾਂਤਰੀ ਮੁਦਰਾ ਪ੍ਰਣਾਲੀ ਤੋਂ ਖ਼ੁਸ਼ ਨਹੀਂ ਹਨ। ਜੀ-20 ਦੀ ਸੰਸਥਾ ਇਨ੍ਹਾਂ ਦੀਆਂ ਲੋੜਾਂ ਅਤੇ ਖ਼ੁਆਹਿਸ਼ਾਂ ਅਨੁਸਾਰ ਕੰਮ ਕਰਨ ਤੋਂ ਅਸਮਰੱਥ ਹੈ। ਇਹ ਦਮਦਾਰ ਸੰਸਥਾ ਨਹੀਂ ਹੈ। ਇਸ ਦਾ ਅਧਿਕਾਰ ਖੇਤਰ ਸਿਰਫ਼ ਗੈਰਰਸਮੀ ਗੱਲਬਾਤ ਕਰਨ ਤੱਕ ਹੀ ਸੀਮਤ ਹੈ। ਇਹ ਮੌਜੂਦਾ ਕੌਮਾਂਤਰੀ ਮੁਦਰਾ ਕੋਸ਼ ਦੇ ਨਿਯਮਾਂ ਅਤੇ ਨਿਗਰਾਨੀ ਹੇਠ ਗੱਲਬਾਤ ਕਰਨ ਵਾਸਤੇ ਬੱਝੀ ਹੋਈ ਹੈ। ਇਸ ਕਰਕੇ ਉੱਭਰ ਰਹੀਆਂ ਆਰਥਿਕਤਾਵਾਂ ਨੂੰ ਇੱਕ ਪ੍ਰਭਾਵਸ਼ਾਲੀ ਸੰਸਥਾ ਦੀ ਜ਼ਰੂਰਤ ਹੈ ਅਤੇ ਉਹ ਇਸ ਦੀ ਤਲਾਸ਼ ਲਗਾਤਾਰ ਕਰ ਰਹੀਆਂ ਹਨ।

# ਸੂਖਮ ਅਤੇ ਸਮਝਣ ਵਾਲੀ ਦਾਸਤਾਨ: ਦਸਤਕ

*ਫਿਲਮ 'ਦਸਤਕ' ਉਘੇ ਸਾਹਿਤਕਾਰ ਰਾਜਿੰਦਰ ਸਿੰਘ ਬੇਦੀ ਦੀ ਪਹਿਲੀ ਫਿਲਮ ਸੀ। ਇਸ ਤੋਂ ਪਹਿਲਾਂ ਉਹ ਅਦਬ ਦੀ ਦੁਨੀਆ ਵਿਚ ਬੁਲੰਦੀਆਂ ਛੋਹ ਚੁੱਕੇ ਸਨ। ਇਸ ਫਿਲਮ ਲਈ ਸੰਜੀਵ ਕੁਮਾਰ ਅਤੇ ਰੇਹਾਨਾ ਸੁਲਤਾਨ ਨੂੰ ਸਾਲ 1971 ਲਈ ਕ੍ਰਮਵਾਰ ਸਰਵੋਤਮ ਅਦਾਕਾਰ ਅਤੇ ਅਦਾਕਾਰਾ ਦਾ ਕੌਮੀ ਇਨਾਮ ਮਿਲਿਆ ਸੀ। ਇਸ ਤੋਂ ਇਲਾਵਾ ਸੰਗੀਤਕਾਰ ਮਦਨ ਮੋਹਨ ਨੂੰ ਸੰਗੀਤ ਲਈ ਕੌਮੀ ਇਨਾਮ ਨਾਲ ਨਿਵਾਜਿਆ ਗਿਆ। ਇਹੀ ਨਹੀਂ, ਕਮਲ ਬੋਸ ਨੂੰ ਸਾਲ 1972 ਲਈ ਸਰਵੋਤਮ ਸਿਨੇਮਾਟੋਗ੍ਰਾਫਰ ਦਾ ਇਨਾਮ ਦਿੱਤਾ ਗਿਆ। ਇਸ ਪਹਿਲੀ ਹੀ ਫਿਲਮ ਨਾਲ ਫਿਲਮੀ ਦੁਨੀਆ ਵਿਚ ਵੀ ਰਾਜਿੰਦਰ ਸਿੰਘ ਬੇਦੀ ਦੀ ਧਾਂਕ ਬੈਠ ਗਈ।*




*ਫਿਲਮ 'ਦਸਤਕ' ਦੀ ਪਟਕਥਾ ਤੇ ਪੋਸਟਰ ਅਤੇ ਫਿਲਮ ਦੇ ਇਕ ਦ੍ਰਿਸ਼ ਵਿਚ ਅਦਾਕਾਰ ਸੰਜੀਵ ਕੁਮਾਰ ਤੇ ਅਦਾਕਾਰਾ ਰੇਹਾਨਾ ਸੁਲਤਾਨ; (ਐਨ ਸੱਜੇ) ਫਿਲਮ ਦਾ ਨਿਰਦੇਸ਼ਕ ਰਾਜਿੰਦਰ ਸਿੰਘ ਬੇਦੀ।*

ਆਦਮੀ ਦੇ ਅੰਦਰ ਬਹੁਤ ਕੁਝ ਚਲਦਾ ਰਹਿੰਦਾ ਹੈ, ਵਾਪਰਦਾ ਰਹਿੰਦਾ ਹੈ। ਐਨ ਅਦਿਖ ਦੁਨੀਆ। ਕੁਝ ਲੋਕ ਹੁੰਦੇ ਹਨ ਜੋ ਇਸ ਅਦਿਖ ਵਰਤਾਰੇ ਨੂੰ ਰੂਪ ਦੇ ਦਿੰਦੇ ਹਨ। ਕੁਝ ਇੱਕ ਹੀ ਹੁੰਦੇ ਹਨ ਜੋ ਦੂਜੇ ਅੰਦਰ ਵਾਪਰ ਰਹੇ ਵਰਤਾਰੇ ਨੂੰ ਤੱਕ ਸਕਣ ਦੇ ਹੁੰਦੇ ਹਨ; ਤੇ ਫਿਰ ਉਸ ਨੂੰ ਪੜ੍ਹਨ, ਦੇਖਣ ਅਤੇ ਸਮਝਣ ਯੋਗ ਵੀ ਬਣਾ ਦਿੰਦੇ ਹਨ।



**ਤਰਸੇਮ ਬਸ਼ਰ**

ਆਪਣੇ ਆਪ ਵਿਚ ਇਹ ਅਲੋਕਾਰੀ ਸਿਰਜਣਾ ਹੁੰਦੀ ਹੈ, ਬਿਲਕੁਲ ਕਿਸੇ ਚਮਤਕਾਰ ਵਾਂਗ। ਉਘੇ ਅਦੀਬ ਰਾਜਿੰਦਰ ਸਿੰਘ ਬੇਦੀ ਕੋਲ ਇਹ ਸਲਾਹੀਅਤ ਸੀ। ਸੂਖਮ, ਅਤਿ ਸੂਖਮ ਭਾਵਨਾਵਾਂ ਪ੍ਰਗਟ ਕਰਨ ਦੀ ਮੁਹਾਰਤ। ਅਦਿਖ ਨੂੰ ਪਰਦੇ 'ਤੇ ਦਿਖਾਉਣ ਦੀ ਕਲਾ। ਉਹਨਾਂ ਦੀਆਂ ਬਹੁਤੀਆਂ ਲਿਖਤਾਂ ਮਾਨਸਿਕਤਾ ਆਧਾਰਿਤ ਹੁੰਦੀਆਂ ਸਨ, ਮਨੁੱਖ ਦੇ ਅੰਦਰ ਚੱਲ ਰਹੀਆਂ ਸੂਖ਼ਮ ਸੋਚਾਂ ਅਤੇ ਵਰਤਾਰੇ ਦੀ ਟੁੱਟ-ਭਜ ਨੂੰ ਪ੍ਰਗਟਾਉਂਦੀਆਂ ਲਿਖਤਾਂ।

ਅਫਸੋਸ ਕਿ ਪੰਜਾਬ ਨੇ ਬੇਦੀ ਨੂੰ ਉਹ ਮਾਣ ਨਹੀਂ ਦਿੱਤਾ ਜਿਸ ਦੇ ਉਹ ਹੱਕਦਾਰ ਸਨ। ਉਹਨਾਂ ਦੀ ਕਦਰ ਮੁੰਬਈ ਫਿਲਮ ਉਦਯੋਗ ਨੇ ਪਾਈ, ਖਾਸ ਕਰ ਕੇ ਬੰਗਲਾ ਭਾਸ਼ਾ ਨਾਲ ਜੁੜੇ ਨਿਰਦੇਸ਼ਕਾਂ ਅਤੇ ਲੇਖਕਾਂ ਨੇ। ਰਜਿੰਦਰ ਸਿੰਘ ਬੇਦੀ ਨੂੰ ਬਿਹਤਰੀਨ ਸੰਵਾਦ ਲੇਖਕ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਬੇਦੀ ਨੂੰ ਥੋੜ੍ਹੇ ਲਫਜ਼ਾਂ ਵਿਚ ਵੱਡੀ ਗੱਲ ਕਰਨ ਦੀ ਜੁਗਤ ਆਉਂਦੀ ਸੀ।

ਉਹਨਾਂ ਦੀ ਫਿਲਮ 'ਦਸਤਕ' ਵਿਚ ਇੱਕ ਦ੍ਰਿਸ਼ ਦਾ ਸੰਵਾਦ ਸਮਝਣ ਵਾਲਾ ਹੈ। ਪਤੀ ਪਤਨੀ ਸ਼ਹਿਰ ਵਿਚ ਨਵੇਂ ਆਏ ਹਨ। ਪਤੀ ਇੱਕਲਤਾ ਵਿਚ ਪਤਨੀ ਦਾ ਮਨ ਬਹਿਲਾਉਣ ਲਈ ਮੈਨਾ ਲੈ ਆਇਆ ਹੈ। ਪਤਨੀ ਕਹਿੰਦੀ ਹੈ, "ਇਹ ਤਾਂ ਪੰਛੀ ਨਾਲ ਬੜੀ ਜ਼ਿਆਦਤੀ ਹੈ। ਕਿਸੇ ਨੂੰ ਕੈਦ ਕਰਨਾ ਤਾਂ ਪਾਪ ਹੈ।"

ਔਰਤ ਦੀ ਪੰਛੀ ਨਾਲ ਤੁਲਨਾ ਕਰਦਿਆਂ ਉਹਦੀਆਂ ਸੀਮਾਵਾਂ ਵੱਲ ਇਸ਼ਾਰਾ ਕਰਦਿਆਂ ਪਤੀ ਦਾ ਇਹ ਸੰਵਾਦ ਸਮਝਣ ਵਾਲਾ ਹੈ, "ਹੋ ਸਕਦਾ ਹੈ ਇਹ ਪੁੰਨ ਹੋਵੇ, ਬਾਹਰ ਕਿੰਨੇ ਖੂੰਖਾਰ ਜਾਨਵਰ ਪੰਛੀ ਹਨ, ਸ਼ਾਇਦ ਇਸ ਨੂੰ ਖਾ ਜਾਣ। ਇਥੇ ਇਹ ਜਿੰਦਾ ਤੇ ਹੈ।"

ਮੈਨਾ ਰਾਹੀਂ ਔਰਤ ਦੀ ਸਮਾਜਿਕ ਸੀਮਾ ਅਤੇ ਉਸ ਦੀਆਂ ਤਮੰਨਾਵਾਂ ਨੂੰ ਕਿਸ ਤਰ੍ਹਾਂ ਕੁੱਝ ਪਲਾਂ ਦੇ ਦ੍ਰਿਸ਼ ਵਿਚ ਬੇਦੀ ਸਾਹਬ ਨੇ ਕੈਦ ਕੀਤਾ ਹੈ, ਇਹ ਦੇਖ ਕੇ ਹੀ ਸਮਝਿਆ ਜਾ ਸਕਦਾ ਹੈ। ਇਕ ਹੋਰ ਦ੍ਰਿਸ਼ ਹੈ। ਫਿਲਮ ਦਾ ਨਾਇਕ ਭਾਵੇਂ ਮੁਸਲਮਾਨ ਹੈ ਪਰ ਉਹ ਧਾਰਮਿਕ ਹੋਣ 'ਚ ਬਹੁਤ ਵਿਸ਼ਵਾਸ ਨਹੀਂ ਕਰਦਾ। ਜਦੋਂ ਕਿਸੇ ਜਗ੍ਹਾ ਮਕਾਨ ਨਹੀਂ ਮਿਲਦਾ ਤਾਂ ਉਸ ਨੂੰ ਅਜਿਹੇ ਮੁਹੱਲੇ ਵਿਚ ਮਕਾਨ ਲੱਭਦਾ ਹੈ ਜਿੱਥੇ ਹਿੰਦੂਆਂ ਦੀ ਜ਼ਿਆਦਾ ਆਬਾਦੀ ਹੈ।

ਮਕਾਨ ਲੈਣ ਲਈ ਉਹ ਆਪਣਾ ਨਾਮ ਗਲਤ ਦੱਸਦਾ ਹੈ, ਹਿੰਦੂ ਨਾਮ। ਮਕਾਨ ਮਿਲਣ ਹੀ ਵਾਲਾ ਹੁੰਦਾ ਹੈ ਪਰ ਉਸ ਦਾ 'ਅੰਦਰ' ਆਪਣੇ ਆਪ ਬੋਲੇ ਝੂਠ ਕਾਰਨ ਬੇਹੱਦ ਬੇਚੈਨ ਹੈ। ਉਹ ਭਾਵੇਂ ਧਾਰਮਿਕ ਨਹੀਂ ਪਰ ਇਹ ਝੂਠ ਵੀ ਉਸ ਨੂੰ ਗਵਾਰਾ ਨਹੀਂ। ਝੂਠ ਬੋਲ ਕੇ ਲਏ ਮਕਾਨ ਵਿਚ ਇਤਮਿਨਾਨ ਨਾਲ ਕਿਵੇਂ ਰਹਿ ਸਕੇਗਾ!

ਉਹ ਆਪਣਾ ਇਹ ਇਰਾਦਾ ਮੁਲਤਵੀ ਕਰ ਦਿੰਦਾ ਹੈ। ਜੇ ਤੁਸੀਂ 'ਦਸਤਕ' ਨਹੀਂ ਦੇਖੀ ਜਾਂ ਜੇ ਦੇਖੀ ਹੈ ਤਾਂ ਉਸ ਦੇ ਮੂਲ ਭਾਵ ਨੂੰ ਨਹੀਂ ਸਮਝ ਸਕੇ ਤਾਂ ਬੇਸ਼ਕ ਤੁਸੀਂ ਸ਼ਾਨਦਾਰ ਕਹਾਣੀ ਤੋਂ ਵਾਂਝੇ ਰਹਿ ਗਏ ਹੋ, ਫਿਲਮ ਦੇ ਹਕੀਕਤਾਂ ਦੇ ਰੂਬਰੂ ਜ਼ਾਇਕੇ ਤੋਂ ਮਹਿਰੂਮ ਰਹਿ ਗਏ ਹੋ, ਭਾਰਤੀ ਸਿਨੇਮਾ ਦੀ ਸ਼ਾਨਦਾਰ ਫਿਲਮ ਨਹੀਂ ਦੇਖ ਸਕੇ। ਕਹਾਣੀ ਸੂਖਮ ਹੈ, ਸਮਝਣ ਵਾਲੀ ਹੈ ਪਰ ਹੈ ਬਹੁਤ ਸ਼ਾਨਦਾਰ।

ਹਾਮਿਦ (ਸੰਜੀਵ ਕੁਮਾਰ) ਨੂੰ ਮੁੰਬਈ ਵਿਚ ਸਰਕਾਰੀ ਨੌਕਰੀ ਮਿਲ ਗਈ ਹੈ ਜਿੱਥੇ ਮਕਾਨ ਮਿਲਣਾ ਬਹੁਤ ਮੁਸ਼ਕਿਲ ਹੈ। ਉਸ ਦੀ ਸ਼ਾਦੀ ਵੀ ਨਵੀਂ-ਨਵੀਂ ਹੋਈ ਹੈ। ਉਸ ਦੀ ਬੀਵੀ ਸਲਮਾ (ਰੇਹਾਨਾ ਸੁਲਤਾਨ) ਅਜਿਹੇ ਪਰਿਵਾਰ ਵਿਚੋਂ ਹੈ ਜੋ ਕਲਾਸੀਕਲ ਸੰਗੀਤ ਨਾਲ ਜੁੜਿਆ ਹੈ ਅਤੇ ਬੱਚਿਆਂ ਦੀ ਪਰਵਰਿਸ਼ ਵਿਚ ਸੰਗੀਤ ਵੀ ਸ਼ਾਮਲ ਹੈ। ਸਲਮਾ ਖੁਦ ਬਹੁਤ ਅੱਛਾ ਗਾ ਲੈਂਦੀ ਹੈ। ਉਸ ਨੂੰ ਗਾਉਣ ਦਾ ਸ਼ੌਕ ਵੀ ਹੈ।

ਬੇਹੱਦ ਕੋਸ਼ਿਸ਼ ਕਰਨ ਦੇ ਬਾਵਜੂਦ ਜਦੋਂ ਕਿਤੇ ਮਕਾਨ ਨਹੀਂ ਮਿਲਦਾ, ਹਾਮਿਦ ਉਸ ਮਕਾਨ ਨੂੰ 'ਹਾਂ' ਕਰ ਦਿੰਦਾ ਹੈ ਜੋ ਉਸ ਮੁਹੱਲੇ ਵਿਚ ਸਥਿਤ ਹੈ ਜਿਸ ਨੂੰ ਤਾਵਾਇਫਾਂ ਦਾ ਮੁਹੱਲਾ ਕਿਹਾ ਜਾਂਦਾ ਹੈ, ਤੇ ਜੋ ਮਕਾਨ ਹਾਮਿਦ ਨੂੰ ਮਿਲਦਾ ਹੈ, ਉਸ ਵਿਚ ਪਹਿਲਾਂ ਮਸ਼ਹੂਰ ਤਵਾਇਫ਼ ਸ਼ਮਸ਼ਾਦ ਬੇਗ਼ਮ ਰਹਿੰਦੀ ਸੀ ਜੋ ਹੁਣ ਨਾਲ ਦੇ ਮੁਹੱਲੇ 'ਚ ਚਲੀ ਗਈ ਹੈ।

ਇਸ ਮੁਹੱਲੇ ਦੇ ਰੰਗੀਨ ਮਿਜ਼ਾਜ ਲੋਕਾਂ ਦੀ ਆਮਦ-ਓ-ਰਫ਼ਤ ਆਮ ਹੈ। ਬਹੁਤ ਸਾਰੇ ਸਫ਼ੇਦਪੋਸ਼ ਲੋਕ ਵੀ ਚੋਰੀ-ਛੁਪੇ ਆਉਂਦੇ ਰਹਿੰਦੇ ਹਨ ਜਿਨ੍ਹਾਂ ਨੇ ਸ਼ਰਾਫਤ ਦਾ ਨਕਾਬ ਪਾਇਆ ਹੋਇਆ ਹੈ ਪਰ ਹਨ ਉਹ ਹੁਸਨ ਦੇ ਰਸੀਏ। ਵੈਸੇ ਉਹ ਆਪਣੇ ਆਪ ਨੂੰ ਸੰਗੀਤ ਦੇ ਰਸੀਏ ਕਹਾਉਣਾ ਪਸੰਦ ਕਰਦੇ ਹਨ। ਮੁਹੱਲੇ ਵਿਚ ਪਾਨ ਦੀ ਦੁਕਾਨ ਵਾਲਾ ਸ਼ਰਾਰਤੀ ਕਿਸਮ ਦਾ ਇਨਸਾਨ ਹੈ, ਤਵਾਇਫ਼ ਰਾਹੀਂ ਪੈਸੇ ਕਮਾਉਣ ਵਾਲਾ ਘਟੀਆ ਬਿਰਤੀ ਦਾ ਅਹਿਮਕ ਇਨਸਾਨ। ਉਹ ਅਕਸਰ ਉਨ੍ਹਾਂ ਲੋਕਾਂ ਨੂੰ ਉਸ ਕਮਰੇ ਤੱਕ ਭੇਜ ਦਿੰਦਾ ਹੈ ਜੋ ਸ਼ਮਸ਼ਾਦ ਬੇਗ਼ਮ ਨੂੰ ਮਿਲਣ ਆਉਂਦੇ ਹਨ ਜਿਨ੍ਹਾਂ ਨੂੰ ਨਹੀਂ ਪਤਾ ਕਿ ਉਹ ਚਲੀ ਗਈ ਹੈ ਅਤੇ ਹੁਣ ਉੱਥੇ ਕੋਈ ਨਵ-ਵਿਆਹੁਤਾ ਜੋੜਾ ਰਹਿਣ ਲਈ ਆ ਗਿਆ ਹੈ। ਹਾਮਿਦ ਤੇ ਸਲਮਾ।

ਹਾਮਿਦ ਦਫਤਰ ਚਲਾ ਜਾਂਦਾ ਹੈ ਤਾਂ ਦਿਨ ਸਮੇਂ ਸਲਮਾ ਜਦੋਂ ਘਰੇ ਇੱਕਲੀ ਹੁੰਦੀ ਹੈ ਤਾਂ ਅਕਸਰ ਦਰਵਾਜ਼ੇ 'ਤੇ ਦਸਤਕ ਹੁੰਦੀ ਰਹਿੰਦੀ ਹੈ। ਇਹ ਦਸਤਕ ਭਾਵੇਂ ਸ਼ਮਸ਼ਾਦ ਬੇਗ਼ਮ ਲਈ ਹੁੰਦੀ ਹੈ ਪਰ ਇਹ ਸਲਮਾ ਲਈ ਜੀਅ ਦਾ ਜੰਜਾਲ ਬਣ ਜਾਂਦੀ ਹੈ। ਲੋਕ ਗਲਤ ਨੀਅਤ ਨਾਲ ਆਉਂਦੇ ਹਨ। ਇਸੇ ਆਮਦ-ਓ-ਰਫਤ ਕਰ ਕੇ ਮੁਹੱਲੇ ਦੇ ਸ਼ਰਾਰਤੀ ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਬਣਾ ਕੇ ਅਕਸਰ ਸਲਮਾ ਨੂੰ ਤੰਗ ਕਰਨ ਦਾ ਯਤਨ ਕਰਦੇ ਹਨ, ਇਸ਼ਾਰੇ ਕਰਦੇ ਹਨ। ਕੁਝ ਤਾਂ ਬੱਟੇ ਤੱਕ ਮਾਰਦੇ ਹਨ। ਇਸ ਮਾਹੌਲ 'ਚ ਸਲਮਾ ਦਾ ਦਮ ਘੁਟਣ ਲੱਗ ਪੈਂਦਾ ਹੈ। ਉਹ ਪੂਰੇ ਹਾਲਾਤ ਹਾਮਿਦ ਕੋਲ ਜ਼ਾਹਿਰ ਕਰ ਦਿੰਦੀ ਹੈ। ਹੁਣ ਉਹ ਵੀ ਪ੍ਰੇਸ਼ਾਨ ਹੋ ਜਾਂਦਾ ਹੈ। ਹੋਰ ਕਿਤੇ ਮਕਾਨ ਲੈਣ ਲਈ ਬਹੁਤ ਜੱਦੋ-ਜਹਿਦ ਕਰਦਾ ਹੈ ਪਰ ਸਫਲ ਨਹੀਂ ਹੁੰਦਾ। ਇੱਕ ਸਮਾਂ ਅਜਿਹਾ ਵੀ ਆਉਂਦਾ ਹੈ ਜਦੋਂ ਉਹ ਦੋਵੇਂ ਆਪਣਾ ਖਾਲੀ ਸਮਾਂ ਘਰ ਤੋਂ ਬਾਹਰ ਬਿਤਾਉਂਦੇ ਹਨ ਅਤੇ ਰਾਤ ਨੂੰ ਹੀ ਵਾਪਸ ਆਉਂਦੇ ਹਨ ਜਦੋਂ ਸਾਰੇ ਸੌਂ ਜਾਂਦੇ ਹਨ। ਉੱਪਰ ਦੇ ਮਕਾਨ ਵਿਚ ਕੁੱਝ ਤਵਾਇਫ਼ਾਂ ਰਹਿੰਦੀਆਂ ਹਨ ਜਿਥੋਂ ਅਕਸਰ ਹਰਮੋਨੀਅਮ, ਤਬਲੇ, ਠੁਮਰੀ ਆਦਿ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ; ਕਿਉਂਕਿ ਸੰਗੀਤ ਸਲਮਾ ਦੀ ਰੂਹ 'ਚ ਹੈ, ਇੱਕ ਦਿਨ ਉਹ ਸਿਤਾਰ 'ਤੇ ਠੁਮਰੀ ਗਾਉਣ ਲੱਗਦੀ ਹੈ। ਉਸ ਦੀ ਆਵਾਜ਼ ਵਿਚ ਜਾਦੂ ਹੈ, ਮਿਕਨਾਤੀਸੀ ਖਿੱਚ। ਉਸ ਨੂੰ ਨਹੀਂ ਇਲਮ ਕਿ ਉਸ ਮੁਹੱਲੇ 'ਚ ਗਾਉਣ ਦੇ ਕੀ ਅਰਥ ਹਨ।

ਮੁਹੱਲੇ ਵਿਚ ਉਸ ਦੀ ਗਾਇਕੀ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਚੱਲ ਪੈਂਦੀਆਂ ਹਨ। ਮੁਹੱਲਾ ਕਿਉਂਕਿ ਹੈ ਹੀ ਤਵੈਫਾਂ ਦਾ, ਲੋਕ ਉਸ ਵਿਚ ਤਵਾਇਫ਼ ਦੇਖਣ ਲੱਗਦੇ ਹਨ; ਸੁੰਦਰ ਤਵਾਇਫ਼ ਜੋ ਕਮਾਲ ਦੀ ਗਾਇਕਾ ਹੈ।

ਇਸ ਤੋਂ ਬਾਅਦ ਦਰਵਾਜ਼ੇ 'ਤੇ ਦਸਤਕ ਦੇਣ ਵਾਲਿਆਂ ਦੀ ਗਿਣਤੀ ਵਧ ਜਾਂਦੀ ਹੈ। ਲੋਕ ਬਹਾਨੇ ਬਣਾ-ਬਣਾ ਕੇ ਉਨ੍ਹਾਂ ਦੇ ਘਰ ਆਉਂਦੇ ਹਨ। ਹੁਣ ਤੱਕ ਹਾਮਿਦ ਵੀ ਸਾਰਾ ਮਾਜਰਾ ਸਮਝ ਚੁੱਕਿਆ ਹੈ। ਉਨ੍ਹਾਂ ਦਾ ਇੱਕ-ਇੱਕ ਪਲ ਜਿਵੇਂ ਨਰਕ ਵਿਚ ਗੁਜ਼ਰ ਰਿਹਾ ਹੈ। ਉਹਨਾਂ ਦੀ ਇਕੱਲਤਾ ਦੀ ਸਾਥੀ ਮੈਨਾ ਵੀ ਇਸ ਤੋਂ ਪ੍ਰਭਾਵਿਤ ਹੁੰਦੀ ਹੈ।

'ਦਸਤਕ' ਦੇਖਣ ਨਾਲੋਂ ਸਮਝਣ ਵਾਲੀ ਫਿਲਮ ਜ਼ਿਆਦਾ ਹੈ ਅਤੇ ਬਦਨਾਮ ਮੁਹੱਲੇ ਵਿਚ ਜਦੋਂ ਤਣਾਓ ਬਹੁਤ ਵਧ ਜਾਂਦਾ ਹੈ ਤਾਂ ਹਾਮਿਦ ਸਲਮਾ ਨੂੰ ਲੈ ਕੇ ਉਸ ਦੇ ਪੇਕਿਆਂ ਵੱਲ ਜਾਣ ਦਾ ਫ਼ੈਸਲਾ ਕਰਦਾ ਹੈ। ਇਹ ਫੈਸਲਾ ਉਨ੍ਹਾਂ ਲਈ ਉਸੇ ਤਰ੍ਹਾਂ ਹੈ, ਜਿਵੇਂ ਕੋਈ ਕੈਦੀ ਕਿਸੇ ਭਿਆਨਕ ਜੇਲ੍ਹ ਤੋਂ ਬਾਹਰ ਜਾ ਕੇ ਕੁਝ ਦਿਨ ਸੌਖੇ ਜੀ ਲਵੇ। ਸਲਮਾ ਬਹੁਤ ਖੁਸ਼ ਹੈ। ਉਹ ਜਾਂਦੀ ਹੋਈ ਮੈਨਾ ਨੂੰ ਆਜ਼ਾਦ ਕਰ ਦਿੰਦੀ ਹੈ ਜੋ ਉਹਨਾਂ ਦੇ ਘਰ ਪਿੰਜਰੇ ਵਿਚ ਕੈਦ ਸੀ।

ਰਾਜਿੰਦਰ ਸਿੰਘ ਬੇਦੀ ਦਾ ਆਪਣਾ ਕਥਨ ਹੈ ਕਿ ਸਾਹਿਤ ਵਿਚ ਸੰਕੇਤਕ ਰੂਪ 'ਚ ਕਿਹਾ ਗਿਆ, ਸਪਸ਼ਟ ਰੂਪ ਕਹੇ ਗਏ ਤੋਂ ਵੀ ਵੱਧ ਮਹੱਤਵਪੂਰਨ ਹੁੰਦਾ ਹੈ। ਕਹਾਣੀ ਦੇ ਇਸ ਮੋੜ 'ਤੇ ਨਿਰਦੇਸ਼ਕ ਫਿਰ ਸੰਕੇਤਕ ਰੂਪ ਵਿਚ ਵੱਡੀ ਗੱਲ ਕਰਦਾ ਹੈ। ਸਲਮਾ ਨੇ ਮੈਨਾ ਨੂੰ ਆਜ਼ਾਦ ਕਰ ਦਿੱਤਾ ਹੈ। ਉਹ ਆਪ ਖੁਸ਼ੀ-ਖੁਸ਼ੀ ਪਿੰਡ ਰਹਿ ਰਹੇ ਹਨ ਪਰ ਇਸ ਦਰਮਿਆਨ ਆਜ਼ਾਦ ਹੋਣ ਦੇ ਬਾਵਜੂਦ ਮੈਨਾ ਵਾਪਸ ਉਸੇ ਕਮਰੇ ਵਿਚ ਆ ਜਾਂਦੀ ਹੈ ਅਤੇ ਕੁਝ ਦਿਨਾਂ ਬਾਅਦ ਹੀ ਦਮ ਤੋੜ ਦਿੰਦੀ ਹੈ। ਇਸ ਸੰਕੇਤਕ ਘਟਨਾ ਦੇ ਮਾਇਨੇ ਬਹੁਤ ਮਹੱਤਵਪੂਰਨ ਹਨ। ਔਰਤ ਵੀ ਇਸੇ ਤਰ੍ਹਾਂ ਹੈ; ਆਜ਼ਾਦ ਹੋ ਸਕਦੀ ਹੈ ਪਰ ਉਹ ਹੁੰਦੀ ਨਹੀਂ, ਭਾਵੇਂ ਦਮ ਹੀ ਕਿਉਂ ਨਾ ਤੋੜ ਦੇਵੇ!

ਸਲਮਾ 'ਤੇ ਬਹੁਤ ਲੋਕਾਂ ਦੀ ਬੁਰੀ ਅੱਖ ਹੈ, ਸ਼ਮਸ਼ਾਦ ਬੇਗਮ ਦੀ ਵੀ। ਉਹ ਉਸ ਨੂੰ ਤਵਾਇਫ਼ ਬਣਾਉਣਾ ਚਾਹੁੰਦੀ ਹੈ। ਕਹਾਣੀ ਵਿਚ ਕਈ ਮੋੜ ਆਉਂਦੇ ਹਨ। ਇਕ ਮੋੜ ਉਹ ਵੀ ਜਦੋਂ ਹਾਮਿਦ ਵੀ ਸਲਮਾ 'ਤੇ ਸ਼ੱਕ ਕਰਨ ਲੱਗ ਪੈਂਦਾ ਹੈ। ਇਕ ਮੋੜ ਉਹ ਵੀ ਹੈ ਜਦੋਂ ਉਹ ਇਸੇ ਤਰ੍ਹਾਂ ਦਸਤਕ ਦੇਣ ਆਏ ਇੱਕ ਸੇਠ ਦੇ ਸਾਹਮਣੇ ਗੀਤ ਗਾਉਂਦੀ ਹੈ। ਉਹ ਇਸ ਲਈ ਤਿਆਰ ਹੋ ਜਾਂਦੀ ਹੈ ਕਿਉਂਕਿ ਉਸ ਨੂੰ ਲਗਦਾ ਹੈ ਕਿ ਸੇਠ ਸੰਗੀਤ ਨੂੰ ਪਸੰਦ ਕਰਨ ਵਾਲਾ, ਸੰਜੀਦਾ ਇਨਸਾਨ ਹੈ ਪਰ ਉਸ ਦਾ ਅੰਦਾਜ਼ਾ ਗਲਤ ਨਿੱਕਲਦਾ ਹੈ। ਫਿਲਮ ਦੇ ਇਹ ਅਖੀਰਲੇ ਪਲ ਹਨ। ਸਲਮਾ ਸੇਠ ਸਾਹਮਣੇ ਗੀਤ ਗਾ ਰਹੀ ਹੈ, ਉਸ ਦਾ ਖਾਵੰਦ ਹਾਮਿਦ ਨਿਰਾਸ਼ ਤੇ ਉਦਾਸ ਖੜ੍ਹਾ ਹੈ। ਉਸ ਨੂੰ ਲੱਗਦਾ ਹੈ ਕਿ ਸਲਮਾ ਵੀ ਉਸੇ ਰੰਗ ਵਿਚ ਰੰਗੀ ਗਈ ਹੈ ਪਰ ਜਦੋਂ ਪਾਨ ਵਾਲਾ ਆ ਕੇ ਸੇਠ ਨੂੰ ਗਲਤ ਇਸ਼ਾਰਾ ਕਰਦਾ ਹੈ ਤਾਂ ਸਲਮਾ ਨੂੰ ਸਾਰਾ ਮਾਜਰਾ ਸਮਝ ਆ ਜਾਂਦਾ ਹੈ। ਉਸ ਦੀ ਚੇਤਨਾ ਵਾਪਸ ਆ ਜਾਂਦੀ ਹੈ। ਆਸਾ-ਪਾਸਾ ਅਤੇ ਮਾਹੌਲ ਬੰਦੇ 'ਤੇ ਅਸਰ ਕਰਦਾ ਹੈ। ਸਲਮਾ ਤਿਲਕਣ ਕੰਢੇ ਖੜ੍ਹੀ ਹੈ। ਪਾਨ ਵਾਲਾ ਜਦੋਂ ਇਹ ਕਹਿੰਦਾ ਹੈ ਕਿ ਕਿੰਨੇ ਪਾਨ ਲਾਵਾਂ ਤਾਂ ਉਸ ਦੇ ਬੁੱਲ੍ਹਾਂ 'ਤੇ ਕਮੀਨੀ ਮਸ਼ਕਰੀ ਸਾਫ ਝਲਕਦੀ ਹੈ। ਉਹ ਖੁਸ਼ ਹੈ ਕਿ ਸਲਮਾ ਹੁਣ ਤਵਾਇਫ਼ ਬਣ ਜਾਵੇਗੀ ਪਰ ਪਾਨ ਵਾਲੇ ਦੀ ਕਮੀਨੀ ਮੁਸਕਰਾਹਟ ਦੇਖ ਕੇ ਉਹ ਅਚਾਨਕ ਜਾਗ ਜਾਂਦੀ ਹੈ ਅਤੇ ਆਪਣੀ ਸਿਤਾਰ ਸੇਠ ਅਤੇ ਪਾਨ ਵਾਲੇ ਦੇ ਮੂੰਹ 'ਤੇ ਮਾਰਦੀ ਹੈ। ਸਿਤਾਰ ਟੁੱਟ ਜਾਂਦੀ ਹੈ। ਸੇਠ ਅਤੇ ਪਾਨ ਵਾਲਾ ਦੌੜ ਜਾਂਦੇ ਹਨ।

ਸਲਮਾ ਦੀ ਹਾਲਤ ਉਸੇ ਤਰ੍ਹਾਂ ਹੈ, ਜਿਵੇਂ ਕੋਈ ਮਦਹੋਸ਼ੀ ਚੋਂ ਹੋਸ਼ ਵਿਚ ਆ ਜਾਵੇ; ਜਿਸ ਤਰ੍ਹਾਂ ਖਾਈ ਵੱਲ ਵਧਦੇ ਇਨਸਾਨ ਨੂੰ ਉਦੋਂ ਹੋਸ਼ ਆ ਜਾਵੇ ਜਦੋਂ ਉਹ ਖਾਈ ਵਿਚ ਡਿੱਗਣ ਵਾਲਾ ਹੋਵੇ। ਸਲਮਾ ਹਾਮਿਦ ਤੋਂ ਮੁਆਫ਼ੀ ਮੰਗਦੀ ਹੈ, ਹਾਮਿਦ ਉਸ ਨੂੰ ਮੁਆਫ ਕਰ ਦਿੰਦਾ ਹੈ।

ਹੁਣ ਉਹਨਾਂ ਦੇ ਘਰ ਬੱਚਾ ਹੋਣ ਵਾਲਾ ਹੈ। ਉਹ ਉਦੋਂ ਫੈਸਲਾ ਕਰਦੇ ਹਨ, ਅਹਿਦ ਕਰਦੇ ਹਨ ਕਿ ਉਹ ਉਸੇ ਮੁਹੱਲੇ 'ਚ ਰਹਿਣਗੇ, ਆਪਣੀ ਅੱਛਾਈ ਨਾਲ ਬੁਰਾਈ ਨੂੰ ਮਾਤ ਦੇ ਕੇ ਰਹਿਣਗੇ। ਫਿਲਮ ਦਰਸ਼ਕਾਂ ਨੂੰ ਕੁਝ ਸੋਚਣ ਲਈ ਮਜਬੂਰ ਕਰਦੀ ਹੋਈ ਖਤਮ ਹੋ ਜਾ ਜਾਂਦੀ ਹੈ।

ਜੇ ਤੁਸੀਂ ਕੋਈ ਗਹਿਰੀ ਸਾਹਤਿਕ ਰਚਨਾ ਪੜ੍ਹਨ, ਦੇਖਣ ਲਈ ਕੁਝ ਲੱਭ ਰਹੇ ਹੋ ਤਾਂ 'ਦਸਤਕ' ਬੇਸ਼ਕ ਇਸ ਪੈਮਾਨੇ 'ਤੇ ਖਰੀ ਉਤਰੇਗੀ। 'ਦਸਤਕ' ਵਿਚ ਮਦਨ ਮੋਹਨ ਦਾ ਸੰਗੀਤ ਸੀ ਅਤੇ ਸਾਰੇ ਗੀਤ ਯਾਦਗਾਰੀ ਹਨ। ਗੀਤਕਾਰ ਸਨ ਮਜਰੂਹ ਸੁਲਤਾਨਪੁਰੀ। ਉਸ ਸਾਲ ਦੀ ਇਹ 4 ਕੌਮੀ ਨਿਮ ਜੇਤੂ ਫਿਲਮ ਸੀ। ਮਦਨ ਮੋਹਨ ਨੂੰ ਵੀ ਇਹ ਪੁਰਸਕਾਰ ਮਿਲਿਆ ਸੀ। ਇਹ ਫਿਲਮ ਰਾਜਿੰਦਰ ਸਿੰਘ ਬੇਦੀ ਦੇ ਉਰਦੂ ਨਾਟਕ 'ਨਕਲ-ਏ-ਮਕਾਨੀ' ਦਾ ਰੂਪਾਂਤਰਨ ਸੀ ਜੋ ਕਿਸੇ ਸਮੇਂ ਰੇਡੀਓ ਲਾਹੌਰ ਲਈ ਰਿਕਾਰਡ ਹੋਇਆ ਸੀ ਅਤੇ ਵਾਹਵਾ ਚਰਚਿਤ ਰਿਹਾ ਸੀ। ਕੈਮਰਾਮੈਨ ਕਮਲ ਬੋਸ ਸਨ ਅਤੇ ਸੰਪਾਦਕ ਸਨ ਰਿਸ਼ੀਕੇਸ਼ ਮੁਖਰਜੀ।

*ਜੇ ਤੁਸੀਂ ਕੋਈ ਗਹਿਰੀ ਸਾਹਤਿਕ ਰਚਨਾ ਪੜ੍ਹਨ, ਦੇਖਣ ਲਈ ਕੁਝ ਲੱਭ ਰਹੇ ਹੋ ਤਾਂ 'ਦਸਤਕ' ਬੇਸ਼ਕ ਇਸ ਪੈਮਾਨੇ 'ਤੇ ਖਰੀ ਉਤਰੇਗੀ। ਇਹ ਫਿਲਮ ਰਾਜਿੰਦਰ ਸਿੰਘ ਬੇਦੀ ਦੇ ਉਰਦੂ ਨਾਟਕ 'ਨਕਲ-ਏ-ਮਕਾਨੀ' ਦਾ ਰੂਪਾਂਤਰਨ ਸੀ ਜੋ ਕਿਸੇ ਸਮੇਂ ਰੇਡੀਓ ਲਾਹੌਰ ਲਈ ਰਿਕਾਰਡ ਹੋਇਆ ਸੀ ਅਤੇ ਵਾਹਵਾ ਚਰਚਿਤ ਰਿਹਾ ਸੀ।... 'ਦਸਤਕ' ਦੇਖਣ ਨਾਲੋਂ ਸਮਝਣ ਵਾਲੀ ਫਿਲਮ ਜ਼ਿਆਦਾ ਹੈ। ਬਦਨਾਮ ਮੁਹੱਲੇ ਵਿਚ ਜਦੋਂ ਤਣਾਓ ਬਹੁਤ ਵਧ ਜਾਂਦਾ ਹੈ ਤਾਂ ਹਾਮਿਦ ਸਲਮਾ ਨੂੰ ਲੈ ਕੇ ਉਸ ਦੇ ਪੇਕਿਆਂ ਵੱਲ ਜਾਣ ਦਾ ਫ਼ੈਸਲਾ ਕਰਦਾ ਹੈ। ਇਹ ਫੈਸਲਾ ਉਨ੍ਹਾਂ ਲਈ ਉਸੇ ਤਰ੍ਹਾਂ ਹੈ, ਜਿਵੇਂ ਕੋਈ ਕੈਦੀ ਕਿਸੇ ਭਿਆਨਕ ਜੇਲ੍ਹ ਤੋਂ ਬਾਹਰ ਜਾ ਕੇ ਕੁਝ ਦਿਨ ਸੌਖੇ ਜੀ ਲਵੇ। ਸਲਮਾ ਜਾਂਦੀ ਹੋਈ ਮੈਨਾ ਨੂੰ ਆਜ਼ਾਦ ਕਰ ਦਿੰਦੀ ਹੈ ਜੋ ਉਹਨਾਂ ਦੇ ਘਰ ਪਿੰਜਰੇ ਵਿਚ ਕੈਦ ਸੀ।*

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

3636 Gurdwara Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"



# ਹੋਲਾ ਮਹੱਲਾ

## ਖੇਡ ਮੇਲਾ ਐਤਵਾਰ 30 ਅਪ੍ਰੈਲ 2023

*ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ*

ਖਾਲਸਾ ਜੀ ਕੇ ਬੋਲਬਾਲੇ ਦਾ ਪ੍ਰਤੀਕ ਹੋਲਾ ਮਹੱਲਾ ਗੁਰਦੁਆਰਾ ਸੈਨ ਹੋਜ਼ੇ ਵਿਖੇ ਖਾਲਸਾਈ ਰਵਾਇਤ ਅਨੁਸਾਰ ਐਤਵਾਰ 30 ਅਪ੍ਰੈਲ 2023 ਨੂੰ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਜਾ ਰਿਹਾ ਹੈ। ਕੀਰਤਨ ਦੀਵਾਨ ਦੌਰਾਨ ਪੰਥ ਪ੍ਰਸਿਧ ਕੀਰਤਨੀ ਤੇ ਢਾਡੀ ਜਥੇ, ਵਿਆਖਿਆਕਾਰ ਅਤੇ ਕਵੀਸ਼ਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਤੇ ਸਿੱਖੀ ਇਤਿਹਾਸ ਸਰਵਣ ਕਰਵਾਉਣਗੇ। ਗੁਰਦੁਆਰਾ ਪ੍ਰਬੰਧਕਾਂ ਵਲੋਂ ਖੇਡਾਂ ਪ੍ਰਤੀ ਲਗਾਓ ਪੈਦਾ ਕਰਨ ਦੇ ਮਨੋਰਥ ਨਾਲ ਵਾਲੀਬਾਲ, ਰੱਸਾਕਸ਼ੀ, ਬਾਸਕਿਟਬਾਲ, ਗਤਕਾ, ਘੋੜ ਸਵਾਰੀ ਤੋਂ ਇਲਾਵਾ ਬੱਚਿਆਂ ਅਤੇ ਬਜ਼ੁਰਗਾਂ ਦੀਆਂ ਦੌੜਾਂ ਅਤੇ ਹੋਰ ਖੇਡਾਂ ਕਰਵਾਈਆਂ ਜਾਣਗੀਆਂ। ਅਨੰਦਪੁਰ ਸਾਹਿਬ ਵਰਗਾ ਮਾਹੌਲ ਸਿਰਜਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਸਮੂਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਦੌਰਾਨ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

ਫਤਿਹਗੜ੍ਹ ਸਾਹਿਬ ਸਾਧ ਸੰਗਤ— ਚਾਹ, ਬਰੈਡ ਪਕੌੜੇ, ਨੂਡਲਜ਼, ਜਲੇਬੀ ਫਰਾਈਜ਼
ਕਰਨੈਲ, ਜਸਵੀਰ ਅਤੇ ਹਰਜਿੰਦਰ ਸਿੰਘ ਪਰਿਵਾਰ—ਗਾਰਲਿਕ ਨਾਨ੍ਹ,ਦਾਲ ਸਬਜੀ
ਰਾਜਾ ਨੂਰਪੁਰੀਆ ————————— ਚਾਹ, ਵੈਜੀਟੇਬਲ ਪਕੌੜੇ, ਫਰਾਈਜ਼
ਮਹਿਰਾ ਜਿਊਲਰਜ਼, ਸੰਨੀਵੇਲ ———————————————ਛੋਲੇ ਭਠੂਰੇ
ਹਰਵਿੰਦਰ ਸਿੰਘ ਬਾਜਵਾ ਅਤੇ ਸੰਗਤ —————————————ਛੋਲੇ ਕੁਲਚੇ
ਲੇਟ ਸਿੰਗਾਰਾ ਸਿੰਘ ਓਟਾਲ ਅਤੇ ਪਰਿਵਾਰ ————————— ਪਾਪੜੀ ਚਾਟ
ਨਿਰਵੈਰ ਸੇਵਾ ਗਰੁਪ ————————————ਗੋਲ-ਗੱਪੇ ਅਤੇ ਗੁਲਾਬ ਜਾਮੁਨ
ਲਿਵਿੰਗਸਟਨ ਸੰਗਤ ————————————————— ਕੜੀ ਚਾਵਲ
ਮੰਗਲ ਸਿੰਘ ਭੰਡਾਲ ਟਰੱਕਿੰਗ ————————————— ਭੁੰਨੀਆਂ ਛੱਲੀਆਂ
ਗੁਰਦੁਆਰਾ ਸੈਨ ਹੋਜੇ ਦੇ ਸੇਵਾਦਾਰ ————————————— ਗੰਨੇ ਦਾ ਜੂਸ
ਦਵਿੰਦਰ ਨਾਗਰਾ ਅਤੇ ਪਰਿਵਾਰ —————— ਆਈਸ ਕਰੀਮ ਅਤੇ ਫੂਡ ਪੈਕਟ
ਰਾਜਸਥਾਨ ਸੰਗਤ ————————————————— ਆਲੂ ਟਿੱਕੀ
ਗੁਰਵਿੰਦਰ ਸਿੰਘ ਮਾਵੀ ਫੈਮਿਲੀ ——————————————— ਬੇਲ ਪੂਰੀ
ਡਾਇਮੰਡ ਕਲੱਬ ———————————— ਸਪੈਸ਼ਲ ਫੂਡ ਕੋਲਡ ਡਰਿੰਕਸ
ਅਮੋਲਕ ਸਿੰਘ ਗਾਖਲ ਬ੍ਰਦਰਜ਼ —————————— ਖਿਡਾਰੀ ਸੇਵਾ ਲਈ ਇਨਾਮ

*ਸੰਗਤ ਨੂੰ ਬੇਨਤੀ ਹੈ ਕਿ ਕੇਸਰੀ ਜਾਂ ਨੀਲੀਆਂ ਦਸਤਾਰਾਂ ਸਜਾ ਕੇ ਪਹੁੰਚੋ ਜੀ।*




**Call For Registration:**
(Volleyball) Charan Singh Bhandal 408-482-1372
(Basketball) Jaswinder Singh Sohal 408-391-7013
Harjinder Singh Purewal 408-824-8762
Harpinder Singh 408-771-7188

**General Info:** Sukhdev Singh Bainiwal 408-421-9463
Arun Singh 408-439-8903
**Langer Seva:** Harjinder Singh Ladhar 408-904-9158
Kuldip Singh Shergill 408-230-8319
**Stall Reservations:** Khushvinder P. Singh 408-507-1290

Parking available at Evergreen Valley High School, Carolyn Clark Elementary School. See Map for details. Shuttle will be available for rides.

